
ISSN:2231-6930

# ਪ੍ਰਵਚਨ 86



ਡਾ. ਰਜਨੀਸ਼ ਬਹਾਦਰ ਸਿੰਘ ਹਥਲਾ ਅੰਕ ਤਿਆਰ ਕਰ ਕੇ ਰੁਖ਼ਸਤ ਹੋ ਗਏ
(6 ਸਤੰਬਰ 1957-15 ਫਰਵਰੀ 2022)

ਜਨਵਰੀ-ਮਾਰਚ, 2022 ਮੁੱਲ 75 ਰੁਪਏ, 5 ਪੌਂਡ

## ਕਹਾਣੀ-ਗੋਸ਼ਟੀ ਵਿਸ਼ੇਸ਼ ਅੰਕ

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 22 ਪੁਸਤਕ ਲੜੀ : 86 ਜਨਵਰੀ-ਮਾਰਚ, 2022

ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan. org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਸਲਾਹਕਾਰ ਬੋਰਡ
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਰਮਿੰਦਰ ਕੌਰ (ਅੰਮ੍ਰਿਤਸਰ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਕੁਲਵੰਤ ਸਿੰਘ ਸੰਧੂ
ਬਲਬੀਰ ਪਰਵਾਨਾ
ਵਰਿੰਦਰ ਪਰਿਹਾਰ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਵਿਤੀ ਸਲਾਹਕਾਰ: ਸੁਕੀਰਤ
ਕਾਨੂੰਨੀ ਸਲਾਹਕਾਰ:
ਐਡਵੋਕੇਟ ਵਿਸ਼ਵਦੀਪ ਸਿੰਘ ਰਾਣਾ

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs.1500 Per 5 Years |
| U.K. | £5 Per issue |
| | £20 Per Year |
| | £100 Per 5 Years |
| U.S.A./ | $40 Per Year |
| | $150 Per 5 Years. |
| Canada | $40 Per Year |
| | $200 Per 5 Years. |


### ਅੰਦਰ ਪੜ੍ਹੋ


- ਗੋਸ਼ਟੀ ਪਰੰਪਰਾ ਦੀ ਨਵੀਂ ਪੈੜ
  **-ਬਲਬੀਰ ਪਰਵਾਨਾ** .................... 2
- ਸੰਪਾਦਕੀ:
  ਪੰਜਾਬੀ ਕਹਾਣੀ ਦੀ ਚੌਥੀ ਪੀੜ੍ਹੀ ਨਾਲ ਤੁਰਦਿਆਂ .............................. 3
- ਪੰਜਾਬੀ ਕਹਾਣੀ ਚੌਥੇ ਪੜਾਅ ਤੋਂ ਪੰਜਵੇਂ ਪੜਾਅ ਵੱਲ: ਇਕ ਨਜ਼ਰ/ **ਡਾ. ਰਮਿੰਦਰ ਕੌਰ,**
  **-ਡਾ. ਸ਼ਰਨਜੀਤ ਕੌਰ** ................15
- ਕਹਾਣੀ-ਬਲੌਰੀ ਅੱਖ ਵਾਲ਼ਾ ਮੁੰਡਾ
  **-ਪਰਵੇਜ਼ ਸੰਧੂ** .......................... 27
- ਕਹਾਣੀ-ਮਸਾਣ
  **-ਬਲਵਿੰਦਰ ਸਿੰਘ ਗਰੇਵਾਲ** ...........45
- ਕਹਾਣੀ-ਕੜਿੱਕੀ
  **-ਜਿੰਦਰ** ...............................67
- ਕਹਾਣੀ-ਸਫੈਦ ਦਾੜ੍ਹੀ 'ਤੇ ਬੈਠੀ ਤਿਤਲੀ
  **-ਜਸਵੀਰ ਰਾਣਾ** .......................80
- ਕਹਾਣੀ-ਕੋਈ ਹੋਰ ਨਹੀਂ
  **-ਬਿੰਦਰ ਬਸਰਾ** .........................98
- ਗੋਸ਼ਟੀ ਦੀਆਂ ਸਥਾਪਨਾਵਾਂ ......... 111
- ਸਮਕਾਲੀ ਸਾਹਿਤ ਨੂੰ ਵਾਚਦਿਆਂ
  **-ਕੁਲਵੰਤ ਸਿੰਘ ਸੰਧੂ** ................. 112
- ਪਾਠਕ ਪ੍ਰਤੀਕਿਰਿਆ ............... 115


ਟਾਈਟਲ ਫੋਟੋ: ਜਸ ਮੰਡ

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।
☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਡਾ. ਰਜਨੀਸ਼ ਬਹਾਦਰ ਸਿੰਘ ਨੂੰ ਯਾਦ ਕਰਦਿਆਂ

*-ਕੁਲਵੰਤ ਸਿੰਘ ਸੰਧੂ*

ਰਜਨੀਸ਼ ਸਾਨੂੰ ਸਦਾ ਲਈ ਛੱਡ ਗਿਆ ਹੈ, ਪਰ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਸਾਰਾ ਕੁਝ ਸੁਪਨੇ 'ਚ ਹੀ ਵਾਪਰਿਆ ਹੈ, ਹਕੀਕਤ ਵਿਚ ਨਹੀਂ; ਹੁਣੇ ਉਸਦਾ ਫੋਨ ਆਵੇਗਾ, "ਮੈਗਜ਼ੀਨ ਤਿਆਰ ਹੈ ਸਿਰਫ਼ ਤੇਰੇ ਕਰਕੇ ਲੇਟ ਹੋ ਰਿਹਾ ਹੈ।ਜਲਦੀ ਲਿਖ ਕੇ ਆਪਣਾ ਕਾਲਮ ਭੇਜ", ਪਰ ਨਹੀਂ ਹੁਣ ਅਜੇਹਾ ਕੋਈ ਫੋਨ ਨਹੀਂ ਆਉਣਾ।

ਰਜਨੀਸ਼ ਨਾਲ ਦੋਸਤੀ ਨੂੰ 42 ਸਾਲ ਤੋਂ ਵਧੇਰੇ ਸਮਾਂ ਹੋ ਗਿਆ ਹੈ।ਪਹਿਲੀ ਵਾਰ ਕਦੋਂ ਮਿਲੇ ਸੀ, ਇਹ ਤਾਂ ਹੁਣ ਯਾਦ ਨਹੀਂ; ਪਰ ਇਹ ਅੱਜ ਵੀ ਯਾਦ ਹੈ ਜਦੋਂ ਐਮ.ਏ. ਪੰਜਾਬੀ ਦੀ ਵੈਲਕਮ ਪਾਰਟੀ ਹੋਈ ਸੀ ਤੇ ਪਹਿਲੇ ਸਾਲ ਦੇ ਸਾਰੇ ਵਿਦਿਆਰਥੀਆਂ ਨੂੰ ਵਾਰੀ-ਵਾਰੀ ਸਟੇਜ 'ਤੇ ਸੱਦ ਕੇ ਕੁਝ ਨਾ ਕੁਝ ਕਰਨ ਲਈ ਕਿਹਾ ਗਿਆ ਸੀ।ਇਕ ਵਿਦਿਆਰਥੀ ਨੇ ਉੱਥੇ 'ਸ਼ੋਅਲੇ' ਫਿਲਮ ਦੇ ਗੱਬਰ ਸਿੰਘ ਦਾ ਡਾਇਲਾਗ ਬੋਲਿਆ ਸੀ। ਇਹ ਵਿਦਿਆਰਥੀ ਰਜਨੀਸ਼ ਸੀ।ਇਸ ਦਾ ਸਟੇਜ 'ਤੇ ਡਾਇਲਾਗ ਬੋਲਣ ਦਾ ਅੰਦਾਜ਼ ਅੱਜ ਵੀ ਮੇਰੇ ਚੇਤਿਆਂ ਵਿਚ ਉਦੋਂ ਵਾਂਗ ਹੀ ਸੱਜਰਾ ਹੈ।ਪਿਛਲੇ ਏਨੇ ਲੰਮੇ ਸਮੇਂ ਵਿਚ ਮੈਂ ਉਸ ਨੂੰ ਫ਼ਿਲਮਾਂ ਦੇ ਸ਼ੌਕੀਨ ਮੁੰਡੇ ਤੋਂ ਇਕ ਗੰਭੀਰ ਚਿੰਤਕ ਦੇ ਰੂਪ ਵਿਚ ਪੋਟਾ-ਪੋਟਾ ਉਸਰਦੇ ਨੇੜਿਉਂ ਵੇਖਿਆ ਹੈ।ਐਮ.ਏ ਦੌਰਾਨ ਡਾ. ਰਵੀ ਵਰਗੇ ਸੁਹਿਰਦ ਤੇ ਚਿੰਤਕ ਅਧਿਆਪਕ ਦੀ ਰਹਿਨੁਮਾਈ ਹੇਠ ਉਹ ਮਾਰਕਸਵਾਦੀ ਫਲਸਫ਼ੇ ਨਾਲ ਜੁੜਿਆ।ਡਾ. ਰਵੀ ਇਕ ਸੁਹਿਰਦ ਤੇ ਸੁਯੋਗ ਅਧਿਆਪਕ, ਚਿੰਤਕ, ਜਥੇਬੰਦਕ ਆਗੂ ਤੇ ਸਭ ਤੋਂ ਵੱਧ ਇਕ ਬਹੁਤ ਹੀ ਨਿੱਘਾ ਇਨਸਾਨ ਸੀ।ਰਜਨੀਸ਼ ਨੇ ਉਸਦੀ ਸ਼ਖ਼ਸੀਅਤ ਦਾ ਪੂਰਾ ਅਸਰ ਕਬੂਲਿਆ ਤੇ ਸਾਰੀ ਉਮਰ ਉਹ ਡਾ. ਰਵੀ ਨੂੰ ਆਪਣਾ ਆਦਰਸ਼ ਮੰਨਦਾ ਰਿਹਾ।

ਜੰਮੂ ਯੂਨੀਵਰਸਿਟੀ ਤੋਂ ਪੀ.ਐਚ.ਡੀ. ਕਰਨ ਤੋਂ ਬਾਅਦ ਰਜਨੀਸ਼ ਨੇ ਇਕ-ਦੋ ਕਾਲਜਾਂ ਵਿਚ ਐਡਹਾਕ ਤੌਰ 'ਤੇ ਅਧਿਆਪਨ ਕਰਨ ਤੋਂ ਬਾਅਦ ਡੀ.ਏ.ਵੀ. ਕਾਲਜ ਜਲੰਧਰ ਤੋਂ ਪੱਕੇ ਤੌਰ 'ਤੇ ਆਪਣਾ ਅਧਿਆਪਨ ਕਾਰਜ ਸ਼ੁਰੂ ਕੀਤਾ ਤੇ ਇੱਥੋਂ ਹੀ ਸਤੰਬਰ 2017 ਵਿਚ, ਵਿਭਾਗ ਦੇ ਮੁਖੀ ਦੇ ਤੌਰ 'ਤੇ ਸੇਵਾ-ਮੁਕਤ ਹੋਇਆ। ਜਲੰਧਰ ਆ ਜਾਣ ਕਰਕੇ ਸਾਡੀ ਵਿਦਿਆਰਥੀ ਜੀਵਨ ਵਾਲੀ ਸਾਂਝ ਹੋਰ ਗੂੜ੍ਹੀ ਹੋ ਕੇ ਪਰਿਵਾਰਕ ਸਾਂਝ ਵਿਚ ਬਦਲ ਗਈ। ਇੱਥੇ ਹੀ ਰਜਨੀਸ਼ ਨੂੰ ਪ੍ਰੋ. ਵੀ.ਕੇ. ਤਿਵਾੜੀ ਦਾ ਸਾਥ ਮਿਲਿਆ ਤੇ ਕਈ ਸਾਲ ਅਸੀਂ ਇਕੱਠੇ ਕਾਲਜ ਟੀਚਰਜ਼ ਯੂਨੀਅਨ ਵਿਚ ਵੀ ਸਰਗਰਮ ਰਹੇ।

1999 ਵਿਚ ਰਜਨੀਸ਼ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਇੰਗਲੈਂਡ ਗਿਆ।ਵਾਪਸ ਆ ਕੇ ਡਾ. ਸਵਰਨ ਚੰਦਨ ਨਾਲ ਰਲ ਕੇ 'ਪ੍ਰਵਚਨ' ਮੈਗਜ਼ੀਨ ਕੱਢਣਾ ਸ਼ੁਰੂ ਕੀਤਾ।ਇਹ ਸਾਂਝ ਜ਼ਿਆਦਾ ਸਮਾਂ ਨਾ ਚੱਲੀ, ਪਰ ਰਜਨੀਸ਼ ਨੂੰ 'ਪ੍ਰਵਚਨ' ਦੇ ਰੂਪ ਵਿਚ ਇਕ ਪਲੈਟਫ਼ਾਰਮ ਜ਼ਰੂਰ ਮਿਲ ਗਿਆ।ਜਿਸ ਨੇ ਉਸ ਨੂੰ ਪੰਜਾਬੀ ਸਾਹਿਤ ਤੇ ਚਿੰਤਨ ਦੇ ਜਗਤ ਵਿਚ ਉੱਡਣ ਲਈ ਇਕ ਖੁਲ੍ਹਾ ਅਸਮਾਨ ਮੁਹੱਈਆ ਕਰਵਾਇਆ।ਜਲੰਧਰ ਆ ਕੇ ਹੀ 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਜੁੜਿਆ।'ਨਵਾਂ ਜ਼ਮਾਨਾ' ਤੇ 'ਪ੍ਰਵਚਨ' ਨੇ ਉਸ ਨੂੰ ਸਾਹਿਤ ਵਿਚ ਨਿੱਠ ਕੇ ਕੰਮ ਕਰਨ ਲਈ ਪ੍ਰੇਰਿਆ।ਇੱਥੇ ਹੀ ਬਲਬੀਰ ਪਰਵਾਨਾ, ਜਸ ਮੰਡ ਤੇ ਸੁਕੀਰਤ ਨਾਲ ਰਲ ਕੇ ਸਾਹਿਤ ਦੇ ਖੇਤਰ ਵਿਚ ਕਈ ਨਵੇਂ ਕੰਮ ਆਰੰਭੇ। ਪੰਜਾਬੀ ਵਿਚ ਪਹਿਲੀ ਵਾਰ ਲੋਕ-ਰਾਏ ਦੇ ਆਧਾਰ 'ਤੇ, ਵਧੀਆ ਪੰਜਾਬੀ ਕਹਾਣੀਆਂ ਚੁਣ ਕੇ ਬੀਬੀ ਸਵਰਨ ਕੌਰ ਯਾਦਗਾਰੀ ਪੁਰਸਕਾਰ ਸ਼ੁਰੂ ਕੀਤਾ, ਜੋ ਕਈ ਸਾਲ ਬਹੁਤ ਹੀ ਵਧੀਆਂ ਢੰਗ ਨਾਲ ਚੱਲਿਆ ਤੇ ਪੰਜਾਬੀ ਕਹਾਣੀਕਾਰਾਂ ਦਾ ਪਸੰਦੀਦਾ ਪੁਰਸਕਾਰ ਬਣਿਆ।ਇਸੇ ਵਿਚੋਂ ਹੀ ਹਰ ਸਾਲ ਦੀਆਂ ਬੇਹਤਰੀਨ ਕਹਾਣੀਆਂ ਦੀਆਂ ਗਿਆਰਾਂ ਦੇ ਕਰੀਬ ਪੁਸਤਕਾਂ ਰਜਨੀਸ਼ ਨੇ ਸੰਪਾਦਿਤ ਕੀਤੀਆਂ।

ਸਭ ਤੋਂ ਵੱਧ ਚਰਚਿਤ 'ਪ੍ਰਵਚਨ' ਦੁਆਰਾ ਕਹਾਣੀ ਗੋਸ਼ਟੀ ਦੀ ਨਿਵੇਕਲੀ ਪਰੰਪਰਾ ਸ਼ੁਰੂ ਕੀਤੀ ਜੋ ਪਿਛਲੇ 18 ਸਾਲ ਤੋਂ ਨਿਰੰਤਰ ਜਾਰੀ ਹੈ। ਰਜਨੀਸ਼ ਇਸ ਗੋਸ਼ਟੀ ਦਾ ਰੂਹੇ-ਰਵਾਂ ਸੀ। ਇਸ ਗੋਸ਼ਟੀ ਦਾ ਉਸ ਨੂੰ ਵਿਆਹ ਜਿੰਨਾ ਚਾਅ ਹੁੰਦਾ ਸੀ। ਗੋਸ਼ਟੀ ਤੋਂ ਬਾਅਦ ਗੋਸ਼ਟੀ ਦੀ ਰਿਕਾਰਡਿੰਗ ਦੀ ਟੈਕਸਟ ਬਣਾਉਣੀ, ਇਹ ਸਿਰੜ ਸਿਰਫ਼ ਰਜਨੀਸ਼ ਦੇ ਹਿੱਸੇ ਹੀ ਆਇਆ ਸੀ।

ਹਾਲਾਂਕਿ ਉਸ ਦੇ ਪਰਿਵਾਰਕ ਹਾਲਾਤ ਬਹੁਤੇ ਸਾਜ਼ਗਾਰ ਨਹੀਂ ਸਨ।12-13 ਸਾਲ ਪਹਿਲਾ ਅਚਾਨਕ ਉਸਦੀ ਜੀਵਨ-ਸਾਥਣ ਦਾ ਵਿਛੋੜਾ ਤੇ ਬੱਚਿਆਂ ਦੇ ਛੋਟੇ ਹੋਣ ਦੇ ਬਾਵਜੂਦ, ਘਰ ਤੇ ਬੱਚਿਆਂ ਨੂੰ ਸੰਭਾਲਣ ਦੇ ਨਾਲ-ਨਾਲ 'ਪ੍ਰਵਚਨ' ਚਲਾਉਣਾ ਆਸਾਨ ਨਹੀਂ ਸੀ, ਪਰ ਉਸਨੇ ਇਹ ਸਾਰੇ ਫ਼ਰਜ਼ ਬਾ-ਖ਼ੂਬੀ ਨਿਭਾਏ ਤੇ ਆਪਣੀ ਇਕੱਲਤਾ ਨੂੰ ਆਪਣੇ 'ਤੇ ਹਾਵੀ ਨਹੀਂ ਹੋਣ ਦਿੱਤਾ, ਸਗੋਂ ਆਪਣੀ ਤਾਕਤ ਬਣਾ ਲਿਆ। ਮਿਹਨਤ ਦੇ ਸਿਰ 'ਤੇ ਪੰਜਾਬੀ ਸਾਹਿਤਕ ਜਗਤ ਵਿਚ ਆਪਣਾ ਨਾਂ ਬਣਾਇਆ। 'ਪ੍ਰਵਚਨ' ਵਿਚਲੀਆਂ ਉਸ ਦੀਆਂ ਸੰਪਾਦਕੀਆਂ ਹਮੇਸ਼ਾ ਹੀ ਪੜ੍ਹਨਯੋਗ ਤੇ ਸਾਂਭਣਯੋਗ ਰਹੀਆਂ ਤੇ ਫਿਰ ਕਿਤਾਬੀ ਰੂਪ ਵਿਚ ਉਨ੍ਹਾਂ ਨੇ ਸਧਾਰਣ ਪਾਠਕ ਤੋਂ ਲੈ ਕੇ ਵਿਦਵਾਨਾਂ ਤੱਕ ਨੂੰ ਪ੍ਰਭਾਵਿਤ ਕੀਤਾ।

ਇਨ੍ਹਾਂ ਸਾਰੇ ਸਮਿਆਂ ਦੌਰਾਨ ਮੈਂ ਰਜਨੀਸ਼ ਦੀ ਨੇੜਤਾ ਮਾਣੀ ਹੈ। ਸਾਹਿਤਕ ਜਗਤ ਵਿਚ ਉਸਦਾ ਬਿੰਬ ਸਪੱਸ਼ਟਵਾਦੀ, ਬਿਨਾਂ ਕਿਸੇ ਲਿਹਾਜ਼ ਦੇ ਸੱਚੀ ਗੱਲ ਮੂੰਹ 'ਤੇ ਕਹਿਣ ਵਾਲੇ ਵਿਦਵਾਨ ਦਾ ਬਣਿਆ, ਜੋ ਕਈ ਦੋਸਤਾਂ ਨੂੰ ਚੁੱਭਦਾ ਵੀ ਸੀ। ਪਰ, ਕਿਉਂਕਿ ਰਜਨੀਸ਼ ਅੰਦਰੋਂ-ਬਾਹਰੋਂ ਇਕੋ-ਜਿਹਾ ਸੀ, ਇਸ ਕਰਕੇ ਸਾਰੇ ਉਸਦੀ ਇਕ ਸਪੱਸ਼ਟਤਾ ਦੀ ਕਦਰ ਵੀ ਕਰਦੇ ਸਨ। ਵਿਦਵਾਨ ਹੋਣ ਦੇ ਨਾਲ-ਨਾਲ ਉਹ ਬਹੁਤ ਹੀ ਨਫ਼ੀਸ ਤੇ ਪਿਆਰ ਕਰਨ ਵਾਲਾ ਇਨਸਾਨ ਸੀ। ਆਪਣੇ ਬੱਚਿਆਂ ਬਾਰੇ ਗੱਲ ਕਰਦਿਆਂ ਉਸਦੀ ਖੁਸ਼ੀ ਵੇਖਣ ਵਾਲੀ ਹੁੰਦੀ। ਉਹ ਬੱਚਿਆਂ ਦੀਆਂ ਛੋਟੀਆਂ-ਵੱਡੀਆਂ ਪ੍ਰਾਪਤੀਆਂ ਸਾਡੇ ਨਾਲ ਸਾਂਝੀਆਂ ਕਰਦਾ। ਆਪਣੇ ਬੇਟੇ ਦੀਆਂ ਅੰਗਰੇਜ਼ੀ ਵਿਚ ਲਿਖੀਆਂ ਕਵਿਤਾਵਾਂ ਪੜ੍ਹਾਉਂਦਿਆਂ ਉਸ ਦੇ ਚਿਹਰੇ ਦਾ ਮਮਤਾਮਈ ਜਲੌਅ ਆਪਣੇ ਸਿਖਰ 'ਤੇ ਹੁੰਦਾ ਸੀ।

ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਉਹ ਕਈ ਪ੍ਰਕਾਰ ਦੀਆਂ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨ ਦੇ ਬਾਵਜੂਦ, ਉਸੇ ਤਰ੍ਹਾਂ ਚੜ੍ਹਦੀ ਕਲਾ ਵਿਚ ਰਹਿੰਦਾ ਸੀ।ਉਸ ਵਿਚਲੀ ਇਹ ਊਰਜਾ ਨਿਸਚੈ ਹੀ ਹੈਰਾਨ ਕਰਨ ਵਾਲੀ ਸੀ।ਇਸ ਵਾਰ ਕਹਾਣੀ ਗੋਸ਼ਟੀ ਪਹਿਲਾਂ ਨਵੰਬਰ ਵਿਚ ਸੀ, ਪਰ ਉਸਦੀ ਸਿਹਤ ਕਰਕੇ ਇਹ ਅੱਗੇ ਪਾਉਣੀ ਪਈ। ਅਸੀਂ ਸਾਰੇ ਦੋਸਤ ਇਸ ਵਾਰ ਗੋਸ਼ਟੀ ਕਰਨ ਦੇ ਹੱਕ ਵਿਚ ਨਹੀਂ ਸੀ ਪਰ ਉਸਦੇ ਹੱਠ ਅੱਗੇ ਝੁਕਣਾ ਪਿਆ ਤੇ ਪ੍ਰਿੰਸੀਪਲ ਮਹਿਲ ਸਿੰਘ ਦੇ ਸਹਿਯੋਗ ਨਾਲ ਗੋਸ਼ਟੀ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਬਹੁਤ ਵਧੀਆ ਤਰੀਕੇ ਨਾਲ ਹੋਈ ਤੇ ਰਜਨੀਸ਼ ਨੇ ਹਰ ਵਾਰ ਦੀ ਤਰ੍ਹਾਂ ਆਪਣੀ ਭੂਮਿਕਾ ਵਧੀਆ ਤਰੀਕੇ ਨਾਲ ਨਿਭਾਈ। ਗੋਸ਼ਟੀ ਤੋਂ ਬਾਅਦ ਸਾਰੀ ਰਿਕਾਰਡਿੰਗ ਨੂੰ ਟੈਕਸਟ ਵਿਚ ਤਬਦੀਲ ਕਰਦਾ ਉਹ ਤਕਰੀਬਨ ਰੋਜ਼ਾਨਾ ਫੋਨ 'ਤੇ ਗੱਲਾਂ ਕਰਦਾ, ਕਿਸੇ ਨਾ ਕਿਸੇ ਬਹਾਨੇ ਆਪਣੇ ਬੇਟੇ ਸ਼ੈਂਕੀ ਦੇ ਵਿਆਹ ਬਾਰੇ ਗੱਲਾਂ ਜ਼ਰੂਰ ਕਰਦਾ।ਪਿਛਲੇ ਇਕ ਡੇਢ ਸਾਲ ਤੋਂ ਬੇਟਾ ਵੀ ਘਰੋਂ ਬੈਠ ਕੇ ਕੰਮ ਕਰ ਰਿਹਾ ਸੀ। ਬੜੇ ਸਾਲਾਂ ਬਾਅਦ ਰਜਨੀਸ਼ ਨੂੰ ਆਪਣੇ ਬੱਚਿਆਂ ਨਾਲ ਰਹਿਣ ਦਾ ਮੌਕਾ ਮਿਲਿਆ।ਇਸ ਕਰਕੇ ਉਹ ਬਹੁਤ ਖੁਸ਼ ਸੀ।ਇਹ ਖੁਸ਼ੀ ਉਸ ਦੀਆਂ ਗੱਲਾਂ ਵਿਚੋਂ ਡੁੱਲ੍ਹ-ਡੁੱਲ੍ਹ ਪੈਂਦੀ।ਸਾਨੂੰ ਲੱਗਦਾ ਸੀ ਕਿ ਰਜਨੀਸ਼ ਹੁਣ ਠੀਕ ਹੋ ਰਿਹਾ ਹੈ, ਪਰ ਉਹ ਅੰਦਰੋਂ ਸ਼ਾਇਦ ਜਾਣ ਗਿਆ ਸੀ ਕਿ ਕੁਦਰਤ ਨੇ ਉਸ ਨੂੰ ਬਹੁਤਾ ਸਮਾਂ ਨਹੀਂ ਦੇਣਾ।ਇਸ ਕਰਕੇ ਉਹ 9 ਫਰਵਰੀ ਨੂੰ 'ਪ੍ਰਵਚਨ' ਦਾ ਸਾਰਾ ਕੰਮ ਮੁਕੰਮਲ ਕਰਕੇ, 11 ਫਰਵਰੀ ਨੂੰ ਬੇਟੇ ਦੀ ਮੰਗਣੀ ਲਈ ਪਹਿਲਾਂ ਪਿੰਡ ਤੇ ਫਿਰ ਦਿੱਲੀ ਚਲੇ ਗਿਆ ਤੇ ਉੱਥੇ ਹੀ ਬੀਮਾਰ ਹੋ ਕੇ ਅਗਲੇਰੇ ਸਫਰ ਲਈ ਰਵਾਨਾ ਹੋ ਗਿਆ।

ਕਦੇ ਨਹੀਂ ਸੀ ਸੋਚਿਆ ਕਿ ਉਸ ਦੁਆਰਾ ਹੀ ਤਿਆਰ ਕੀਤੇ 'ਪ੍ਰਵਚਨ' ਦੇ ਅੰਕ ਵਿਚ, ਉਸ ਬਾਰੇ ਅਜੇਹੇ ਸ਼ਬਦ ਮੈਨੂੰ ਲਿਖਣੇ ਪੈਣਗੇ। ਬੜੀ ਕੋਸ਼ਿਸ਼ ਦੇ ਬਾਵਜੂਦ ਨਾ ਮੈਂ ਆਪਣੇ ਦੋਸਤ ਦੇ ਵਿਛੋੜੇ ਦੇ ਦਰਦ ਨੂੰ ਜ਼ੁਬਾਨ ਦੇ ਸਕਿਆ ਹਾਂ ਤੇ ਨਾਂ ਹੀ ਰਜਨੀਸ਼ ਦੀ ਸ਼ਖ਼ਸੀਅਤ ਨੂੰ ਬਿਆਨ ਕਰ ਸਕਿਆ ਹਾਂ। ਕੋਸ਼ਿਸ਼ ਦੇ ਬਾਵਜੂਦ ਉਹ ਵਿੱਥ ਨਹੀਂ ਸਿਰਜ ਸਕਿਆ, ਜੋ ਕਿਸੇ ਨੂੰ ਵੇਖਣ ਲਈ ਦਰਕਾਰ ਹੁੰਦੀ ਹੈ।ਅਜੋਕੇ ਸਮਿਆਂ ਵਿਚ ਰਜਨੀਸ਼ ਵਰਗੇ ਹਸਾਸ ਮਨੁੱਖ ਤੇ ਵਿਦਵਾਨ ਲਗਾਤਾਰ ਗਿਣਤੀ ਵਿਚ ਘਟਦੇ ਜਾ ਰਹੇ ਹਨ।ਉਸ ਦੇ ਵਿਛੜਨ 'ਤੇ ਮਨ ਬਹੁਤ ਉਦਾਸ ਹੈ ਤੇ ਇਹ ਉਦਾਸੀ ਲੰਮਾ ਸਮਾਂ ਬਣੀ ਹੀ ਰਹੇਗੀ:-

*ਲਾ ਕੇ ਇਸ 'ਚੋਂ ਡੁਬਕਣੀ, ਪੰਛੀ ਕਦੋਂ ਦਾ ਉੱਡ ਗਿਆ,*
*ਝੀਲ ਦਾ ਪਾਣੀ ਤਾਂ ਪਰ, ਕੰਬਦਾ ਰਹੇਗਾ ਦੇਰ ਤੱਕ।*

# ਗੋਸ਼ਟੀ ਪਰੰਪਰਾ ਦੀ ਨਵੀਂ ਪੈੜ

'ਪ੍ਰਵਚਨ ਸੰਵਾਦ ਗੋਸ਼ਟੀ' ਦੇ ਸੁਪਨੇ ਨੇ ਇਸ ਸੋਚ 'ਚੋਂ ਜਨਮ ਲਿਆ ਸੀ ਕਿ ਬਹੁਤੀਆਂ ਸਾਹਿਤ-ਸਭਾਈ ਗੋਸ਼ਟੀਆਂ 'ਪ੍ਰਸੰਸਾਮਈ ਕਲਾਣਾਂ' ਤੱਕ ਸੀਮਤ ਹੋ ਕੇ ਰਹਿ ਗਈਆਂ ਹਨ। ਨਾ ਵਿਚਾਰੀ ਜਾਣ ਵਾਲੀ ਕਿਤਾਬ ਦੀ ਚੋਣ ਕਿਸੇ ਮੈਰਿਟ ਦੇ ਆਧਾਰ 'ਤੇ ਕੀਤੀ ਜਾਂਦੀ ਹੈ ਤੇ ਨਾ ਹੀ ਉਸਤੇ ਬੋਲਣ ਵਾਲੇ ਨਿਰਪੱਖ ਢੰਗ ਨਾਲ ਆਪਣੀ ਗੱਲ ਕਹਿੰਦੇ ਹਨ। ਮੂੰਹ-ਮੁਲਾਹਜੇ ਦੀ ਪੱਧਰ 'ਤੇ ਪਹੁੰਚ ਚੁੱਕੀਆਂ ਇਹ ਗੋਸ਼ਟੀਆਂ ਅਸਲ ਵਿਚ ਪਾਠਕਾਂ ਲਈ ਵਧੇਰੇ ਭੰਬਲਭੂਸਾ ਪੈਦਾ ਕਰਦੀਆਂ ਹਨ। ਫਿਰ ਇਨ੍ਹਾਂ ਗੋਸ਼ਟੀਆਂ ਦਾ ਬਦਲ ਕੀ ਹੋਵੇ ? ਇਸ ਬਾਰੇ ਵਿਚਾਰ-ਚਰਚਾ 'ਚੋਂ ਇਸ ਗੋਸ਼ਟੀ ਦਾ ਮੁਹਾਂਦਰਾ ਨਿਖਰਿਆ। ਚੰਗਾ ਲਿਖਣ ਵਾਲੇ ਕਹਾਣੀਕਾਰਾਂ ਤੋਂ ਨਵੀਆਂ ਕਹਾਣੀਆਂ ਮੰਗਵਾਈਆਂ ਜਾਣ, ਉਨ੍ਹਾਂ ਨੂੰ ਕੰਪੋਜ ਕਰਵਾ ਕੇ ਚਰਚਾ 'ਚ ਸ਼ਾਮਲ ਹੋਣ ਵਾਲੇ ਲੇਖਕਾਂ/ਵਿਦਵਾਨਾਂ ਨੂੰ ਭੇਜਿਆ ਜਾਵੇ ਤੇ ਤਿੰਨ ਦਿਨ ਇਨ੍ਹਾਂ ਬਾਰੇ ਨਿੱਠ ਕੇ ਚਰਚਾ ਚੱਲੇ। ਹਰ ਕਹਾਣੀ ਬਾਰੇ ਇਕ ਪੂਰਾ ਸ਼ੈਸ਼ਨ। ਇਹ ਵੀ ਫੈਸਲਾ ਹੋਇਆ ਕਿ ਇਨ੍ਹਾਂ ਗੋਸ਼ਟੀਆਂ 'ਚ ਕੋਈ ਸਰੋਤਾ ਨਹੀਂ ਸੱਦਿਆ ਜਾਵੇਗਾ ਅਤੇ ਨਾ ਹੀ ਅਜਿਹਾ ਵਿਦਵਾਨ, ਜਿਸਨੇ ਕਹਾਣੀਆਂ ਪਹਿਲਾਂ ਨਾ ਪੜ੍ਹੀਆਂ ਹੋਣ।

ਇਸ ਤੋਂ ਪਹਿਲਾਂ 'ਦੀਵਾ ਬਲੇ ਸਾਰੀ ਰਾਤ' ਦੀ ਇਕ ਸੰਜੀਦਾ ਪ੍ਰੰਪਰਾ ਸੀ, ਜਿਸ ਵਿਚ ਨਵੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ 'ਤੇ ਚਰਚਾ ਹੁੰਦੀ। ਪ੍ਰਵਚਨ ਸੰਵਾਦ ਗੋਸ਼ਟੀ ਨੇ ਇਸ ਵਿਚ ਨਵਾਂ ਵਾਧਾ ਕੀਤਾ ਕਿ ਵਿਚਾਰੀਆਂ ਜਾਣ ਵਾਲੀਆਂ ਕਹਾਣੀਆਂ ਨੂੰ ਸਮੇਤ ਚਰਚਾ ਦੇ 'ਪ੍ਰਵਚਨ' ਵਿਚ ਛਾਪਿਆ ਜਾਣਾ ਤੇ ਇਉਂ ਇਹ ਅਠਾਰਾਂ ਵੀਹ ਜਣਿਆ ਦੀ ਤਿੰਨ ਦਿਨ ਨਿੱਠ ਕੇ ਕੀਤੀ ਚਰਚਾ ਪੰਜਾਬੀ ਪਾਠਕਾਂ ਦੀ ਸੱਥ ਵਿਚ ਜਾ ਪੁੱਜਦੀ ਹੈ, ਜਿੱਥੇ ਵਿਦਵਾਨਾਂ/ਲੇਖਕਾਂ ਦੇ ਕਹੇ ਦੀ ਮੁੜ ਪੁਣਛਾਣ ਕੀਤੀ ਜਾਂਦੀ ਹੈ।

ਇਹ ਭਾਵੇਂ ਕੁਝ ਦੋਸਤਾਂ ਦਾ ਸਾਂਝਾ ਸੁਪਨਾ ਸੀ, ਪਰ ਇਸਨੂੰ ਅਮਲੀ ਰੂਪ 'ਚ ਪ੍ਰਵਾਨ ਚੜ੍ਹਾਉਣ 'ਚ ਡਾ. ਰਜਨੀਸ਼ ਬਹਾਦਰ ਸਿੰਘ ਦਾ ਸਿਰੜ ਤੇ ਸਿਆਣਪ ਦੀ ਹੀ ਮੁੱਖ ਭੂਮਿਕਾ ਰਹੀ ਹੈ। ਦੋ ਵਾਰ ਅਜਿਹਾ ਹੋਇਆ ਕਿ ਗੋਸ਼ਟੀ ਤੋਂ ਐਨ ਪਹਿਲਾਂ ਗੰਭੀਰ ਬਿਮਾਰੀਆਂ 'ਚ ਘਿਰ ਕੇ ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਹੋਣਾ ਪਿਆ, ਪਰ ਠੀਕ ਹੁੰਦਿਆਂ ਹੀ ਉਨ੍ਹਾਂ ਨੇ ਗੋਸ਼ਟੀ ਨੂੰ ਸਿਰੇ ਚਾੜ੍ਹਿਆ ਤੇ ਪਿਛਲੇ ਅਠਾਰਾਂ ਸਾਲਾਂ 'ਚ ਇਸਦੀ ਨਿਰੰਤਰਤਾ ਨੂੰ ਟੁੱਟਣ ਨਹੀਂ ਦਿੱਤਾ, ਨਾ ਹੀ ਕਿਤੇ ਝੋਲ ਆਉਣ ਦਿੱਤੀ ਹੈ। ਉਨ੍ਹਾਂ ਦੀ ਇਹ ਪ੍ਰਤੀਬੱਧਤਾ ਹੀ ਹੈ ਕਿ ਅਠਾਰਾਂ ਸਾਲ ਪਹਿਲਾਂ ਸ਼ੁਰੂ ਹੋਇਆ ਇਹ ਯਤਨ, ਇਕ ਪਰੰਪਰਾ 'ਚ ਬਦਲਦਾ ਹੋਇਆ ਦਿਸ ਰਿਹਾ ਹੈ ਤੇ ਇਸ ਤਰ੍ਹਾਂ ਦੇ ਕੁਝ ਹੋਰ ਯਤਨ ਵੀ ਸ਼ੁਰੂ ਹੋਏ ਹਨ ਜਿਹੜੇ ਪੰਜਾਬੀ ਚਿੰਤਨੀ ਸੰਵਾਦ ਲਈ ਸ਼ੁਭ ਸ਼ਗਨ ਆਖੇ ਜਾ ਸਕਦੇ ਹਨ।

ਇਕ ਸੁਪਨਾ ਫੈਲ ਕੇ ਰੁੱਖ ਬਣ ਰਿਹਾ ਹੈ! ਇਸ ਲਈ ਪੰਜਾਬੀ ਲੇਖਕਾਂ, ਪਾਠਕਾਂ ਨੂੰ ਮੁਬਾਰਕਵਾਦ, ਖਾਸ ਕਰਕੇ ਇਸਦੇ ਪਾਲਣਹਾਰ ਡਾ. ਰਜਨੀਸ਼ ਬਹਾਦਰ ਸਿੰਘ ਨੂੰ।

**-ਬਲਬੀਰ ਪਰਵਾਨਾ**



**ਸੰਪਾਦਕੀ**

# ਪੰਜਾਬੀ ਕਹਾਣੀ ਦੀ ਚੌਥੀ ਪੀੜ੍ਹੀ ਨਾਲ ਤੁਰਦਿਆਂ

1990 ਦੇ ਆਸ-ਪਾਸ ਦੀ ਗੱਲ ਹੈ। ਮੈਂ ਡੀ.ਏ.ਵੀ. ਕਾਲਜ ਜਲੰਧਰ ਵਿਚ ਬਤੌਰ ਪ੍ਰਾਧਿਆਪਕ ਸ਼ਾਮਲ ਹੋ ਗਿਆ ਸੀ। ਮੇਰਾ ਅਕਾਦਮਿਕ ਖੋਜ ਦਾ ਕੰਮ ਤਾਂ ਨਾਵਲ ਉੱਤੇ ਸੀ, ਪ੍ਰੰਤੂ ਨਿੱਕੀ ਕਹਾਣੀ ਮੈਨੂੰ ਟੁੰਬਦੀ ਸੀ। ਬਹੁਤ ਪਹਿਲਾਂ ਮੈਂ 'ਪ੍ਰੀਤਲੜੀ' ਵਿਚ ਕਹਾਣੀ 'ਚੰਡੀਦਾਸ' ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਲਿਖੀ-ਪੜ੍ਹੀ ਸੀ। ਕੁਝ ਸਮੇਂ ਬਾਅਦ ਚੇਤੇ ਵਿਚੋਂ ਨਾਂ ਵਿਸਰ ਗਿਆ। ਮਹਿੰਦਰਾ ਕਾਲਜ ਵਿਚ ਪ੍ਰੋ. ਅਮਰੀਕ ਸਿੰਘ ਅਤੇ ਡਾ. ਪਰਮਿੰਦਰ ਸਿੰਘ ਦੇ ਪ੍ਰਭਾਵ ਅਧੀਨ ਬੀ.ਏ. ਆਨਰਜ਼ ਪੰਜਾਬੀ ਕਰਦੇ ਹੋਏ, ਪੰਜਾਬੀ ਕਹਾਣੀ ਵਿਚ ਦਿਲਚਸਪੀ ਪੈਦਾ ਹੋ ਗਈ। ਬਾਅਦ ਵਿਚ ਜਲੰਧਰ ਆ ਕੇ ਸਿਰਜਕਾਂ ਨਾਲ ਮੇਲ ਮਿਲਾਪ ਵੱਧ ਗਿਆ। ਮੇਰਾ ਸਭ ਤੋਂ ਨੇੜਲਾ ਅਤੇ ਪਿਆਰਾ ਮਿੱਤਰ ਡਾ. ਕੁਲਵੰਤ ਸੰਧੂ ਖਾਲਸਾ ਕਾਲਜ ਵਿਚ ਵੀ ਆ ਗਿਆ। 'ਨਵਾਂ ਜ਼ਮਾਨਾ' ਵਿਚ ਆਉਣ-ਜਾਣ ਵਧ ਗਿਆ। ਸਾਹਿਤਕ ਖੇਤਰ ਵਿਚ ਵੀ ਮੇਰਾ ਪਹਿਲਾ ਵਾਹ ਪ੍ਰੇਮ ਪ੍ਰਕਾਸ਼ ਨਾਲ ਪਿਆ। ਮੈਂ 'ਲਕੀਰ' ਨਾਲ ਜੁੜ ਗਿਆ। ਸਾਹਿਤਕ ਖੇਤਰ ਵਿਚ ਪ੍ਰੇਮ ਪ੍ਰਕਾਸ਼ ਨੇ ਮੇਰੀ ਜਾਣ-ਪਛਾਣ ਕਰਾਉਣ ਦੇ ਨਾਲ-ਨਾਲ, ਦ੍ਰਿਸ਼ਟੀ ਦੇ ਖੇਤਰ ਵਿਚ ਮੇਰੇ ਲਈ ਸਾਹਿਤ ਚਿੰਤਨ ਵਿਚ ਨਵੇਂ ਪਾਸਾਰ ਖੋਲ੍ਹ ਦਿੱਤੇ। 'ਲਕੀਰ, ਲਈ ਪ੍ਰੇਮ ਪ੍ਰਕਾਸ਼ ਬਹਿਸ ਕਰਾਉਂਦਾ, ਲਿਖਣ ਲਈ ਪ੍ਰੇਰਿਤ ਕਰਦਾ ਅਰਥਾਤ ਹੁਣ ਤੱਕ ਦੇ ਸਫ਼ਰ ਵਿਚ ਉਸ ਦੀ ਹੀ ਪ੍ਰਮੁੱਖ ਭੂਮਿਕਾ ਹੈ। ਉਸ ਸਮੇਂ ਉਸ ਨੇ 'ਚੌਥੀ ਕੂਟ' ਕਹਾਣੀ ਸੰਗ੍ਰਹਿ ਸੰਪਾਦਿਤ ਕੀਤਾ। ਇਸ ਵਿਚ ਉਸ ਨੇ ਨਵੇਂ ਕਹਾਣੀਕਾਰ ਸ਼ਾਮਲ ਕੀਤੇ। ਪੰਜਾਬੀ ਕਹਾਣੀ ਦੇ ਖੇਤਰ ਵਿਚ ਉਸ ਦੇ ਇਸ ਯਤਨ ਦਾ ਵਿਰੋਧ ਵੀ ਹੋਇਆ। ਉਸ ਸਮੇਂ ਵਰਿਆਮ ਸਿੰਘ ਸੰਧੂ ਨੇ ਜਲੰਧਰ ਵਿਚ ਕਹਾਣੀ ਉਤਸਵ ਕਰਾਏ। ਉਨ੍ਹਾਂ ਦੀ ਬਹੁਤ ਚਰਚਾ ਸੀ। ਇਕ ਕਹਾਣੀ ਉਤਸਵ ਵਿਚ ਵਰਿਆਮ ਸਿੰਘ ਸੰਧੂ ਨੇ ਮੈਨੂੰ ਚੌਥੀ ਪੀੜ੍ਹੀ ਉੱਤੇ ਪੇਪਰ ਲਿਖਣ ਲਈ ਕਿਹਾ। ਅਰਥਾਤ ਪੰਜਾਬੀ ਕਥਾ-ਜਗਤ ਦੇ ਦੋਵੇਂ ਮਹਾਂਰਥੀਆਂ ਨੇ ਮੈਨੂੰ ਭਰਪੂਰ ਥਾਪੜਾ ਦਿੱਤਾ, ਮੈਨੂੰ ਇਸ ਗੱਲ ਦਾ ਮਾਣ ਹੈ।

ਅਸਲ ਗੱਲ ਇਹ ਨੋਟ ਕਰਨ ਵਾਲੀ ਹੈ ਕਿ ਵੀਹਵੀਂ ਸਦੀ ਦਾ ਇਹ ਅੰਤਿਮ ਦਹਾਕਾ ਜਿਹੜੀਆਂ ਸਮਾਜਿਕ, ਸਿਰਜਣੀ ਅਤੇ ਚਿੰਤਨੀ ਦੌਰ ਵਿਚ ਪਹੁੰਚਿਆ ਸੀ, ਉਹ ਨਵੀਂ ਸਿਰਜਣਕਾਰੀ ਅਤੇ ਚਿੰਤਨ ਲਈ ਜਰਖ਼ੇਜ ਸੀ। ਕੌਮਾਂਤਰੀ ਪੱਧਰ ਉਤੇ ਤਾਕਤਾਂ ਦਾ ਸਮਤੋਲ ਇਕ ਧਰੁਵੀ ਹੋ ਰਿਹਾ ਸੀ। ਯੋਜਨਾਬੱਧ ਆਰਥਿਕਤਾ ਦੀ ਥਾਂ ਮੰਡੀ ਆਰਥਿਕਤਾ ਫੈਲ ਰਹੀ ਸੀ। ਖੁੱਲ੍ਹੀ ਮੰਡੀ ਦੇ ਅਧੀਨ ਨਿੱਜੀ ਖੇਤਰ ਫੈਲ ਰਿਹਾ ਸੀ। ਵਿਸ਼ਵੀਕਰਨ ਸਥਾਨਕਤਾਵਾਂ ਨੂੰ ਦਰੜ ਰਿਹਾ ਸੀ। ਚਿੰਤਨੀ ਖੇਤਰ ਵਿਚ ਇਸ ਨੂੰ ਉੱਤਰ-ਅਧੁਨਿਕਤਾ ਦੇ ਨਾਂ ਨਾਲ ਪ੍ਰਚਾਰਿਆ ਜਾ ਰਿਹਾ ਸੀ। ਪੰਜਾਬੀ ਚਿੰਤਨ, ਦਾ ਅਖੌਤੀ ਬੁੱਧੀਜੀਵੀ ਪੱਛਮੀ ਪੁਸਤਕਾਂ ਦੇ ਰੀਵਿਊ ਪੜ੍ਹ ਕੇ ਕੱਚ ਘਰੜ ਚਿੰਤਨ ਪੰਜਾਬੀ ਪਾਠਕ ਅੱਗੇ ਪਰੋਸ ਰਿਹਾ ਸੀ। ਜਿਹੜਾ ਟੋਲਾ ਪ੍ਰਚਾਰ ਰਿਹਾ ਸੀ ਉਸ ਦੇ ਹੱਥ ਵਿਚ ਇਨਾਮ ਦੇਣ ਵਾਲੀਆਂ ਸੰਸਥਾਵਾਂ ਦੀ ਚਾਬੀ ਸੀ। ਮਾੜੇ ਲੇਖਕਾਂ ਦੀ ਇਕ ਟੋਲੀ ਪੰਜਾਬ ਵਿਚ ਉਨ੍ਹਾਂ ਦੇ ਸਵਾਗਤ ਲਈ ਹਮੇਸ਼ਾ ਤਿਆਰ ਹੁੰਦੀ ਸੀ। ਉਨ੍ਹਾਂ ਵਿਚੋਂ

ਇਕ ਕਵਿਤਾਵਾਂ ਦੀ ਭੂਮਿਕਾਵਾਂ ਉਤੇ ਸਾਹਿਤ ਅਕਾਦਮੀ ਦੀ ਕਮੇਟੀ ਦਾ ਮੈਂਬਰ ਹੁੰਦੇ ਹੋਏ ਵੀ ਸਨਮਾਨ ਲੈ ਗਿਆ ਅਤੇ ਇਕ ਚੇਲਾ ਰੇਡੀਓ ਤੋਂ ਹੁੰਦਾ ਹੋਇਆ ਯੂਨੀਵਰਸਿਟੀ ਦਾ ਪ੍ਰੋਫੈਸਰ ਬਣ ਗਿਆ। ਪ੍ਰੰਤੂ ਇਸ ਸਥਿਤੀ ਵਿਚੋਂ ਕਹਾਣੀ ਦੇ ਖੇਤਰ ਵਿਚ ਇਕ ਪੀੜ੍ਹੀ ਵੀ ਉੱਭਰੀ ਜਿਸ ਨੇ ਵਸਤੂ, ਬਿਰਤਾਂਤ ਵਿਧੀ ਅਤੇ ਦ੍ਰਿਸ਼ਟੀ ਪੱਖੋਂ ਪੰਜਾਬੀ ਕਹਾਣੀ ਦੇ ਘੇਰੇ ਨੂੰ ਵਿਸ਼ਾਲ ਕੀਤਾ ਅਤੇ ਚੌਥੀ ਪੀੜ੍ਹੀ ਵਜੋਂ ਆਪਣੀ ਪਛਾਣ ਬਣਾ ਲਈ। ਇਸ ਵਿਚ ਕਈ ਕਹਾਣੀਕਾਰਾਂ ਨੇ ਕਮਾਲ ਕਰ ਦਿੱਤੀ। ਉਨ੍ਹਾਂ ਦੀ ਆਪਣੀ ਪਹਿਲੀ ਕਹਾਣੀ ਜਾਂ ਦੋ ਚਾਰ ਕਹਾਣੀਆਂ ਨਾਲ ਹੀ ਕਹਾਣੀ ਦੇ ਚਿੰਤਨੀ ਜਗਤ ਨੂੰ ਹੈਰਾਨ ਕਰ ਦਿੱਤਾ। ਇਸ ਨਵੀਂ ਪੀੜ੍ਹੀ ਦਾ ਇੰਨਾ ਪ੍ਰਭਾਵ ਪਿਆ ਕਿ ਪੁਰਾਣੀ ਅਰਥਾਤ ਤੀਜੀ ਪੀੜ੍ਹੀ ਦੇ ਕਥਾਕਾਰਾਂ ਦੀ ਤੋਰ ਵੀ ਬਦਲ ਗਈ। ਇਸ ਸਮੇਂ ਪੰਜਾਬੀ ਕਹਾਣੀ ਸਿਰਜਣਕਾਰੀ ਵਿਚ ਸਵੈ-ਸਿਰਜਤ ਨੈਤਿਕ ਮੁੱਲਾਂ ਦੇ ਆਦਰਸ਼ੀਕਰਨ ਤੋਂ ਮੁਕਤ ਹੋਈ। ਕਹਾਣੀ ਸਿਰਜਣਕਾਰੀ ਵਿਵਰਜਤ ਖੇਤਰ ਵੱਲ ਫੈਲੀ। ਸਥਾਨਕਤਾਵਾਂ ਦੀ ਪਛਾਣ ਦੇ ਨਾਲ ਸਮਾਜਿਕ ਹਾਸ਼ੀਆਤਗਤ ਧਿਰਾਂ ਕੇਂਦਰ ਵਿਚ ਆਉਣ ਲੱਗ ਪਈਆਂ। ਇਹ ਧਿਰਾਂ ਕੇਂਦਰ ਵਿਚ ਹੀ ਨਹੀਂ ਆਈਆਂ, ਸਗੋਂ ਇਨ੍ਹਾਂ ਦੇ ਵਿਹਾਰ ਵੀ ਬਦਲ ਗਏ। ਪੰਜਾਬੀ ਚਿੰਤਨ ਅਤੇ ਸਿਰਜਣਕਾਰੀ ਦੇ ਅਧਾਰ ਮੱਧਕਾਲ ਤੋਂ ਪਾਰ ਵੈਦਿਕ ਕਾਲ ਤੋਂ ਵੀ ਪਿਛਾਂਹ ਤੱਕ ਫੈਲ ਗਏ। ਪੰਜਾਬੀ ਕਹਾਣੀ ਸਿਰਜਣਕਾਰੀ ਇਤਿਹਾਸਕ ਚੇਤਨਾ ਵੱਲ ਪਰਤਣੀ ਸ਼ੁਰੂ ਹੋਈ। ਇਸ ਸਥਿਤੀ ਨੇ ਬਿਰਤਾਂਤਕ ਪੈਟਰਨ ਨੂੰ ਵੀ ਪ੍ਰਭਾਵਿਤ ਕੀਤਾ। ਕਹਾਣੀ ਦੀ ਸਿਰਜੀ ਬਿਰਤਾਂਤਕਾਰੀ ਅਜਿਹਾ ਜਟਿਲ ਮਸਲਾ ਹੈ ਕਿ ਇਸ ਵਿਚ ਪਰਿਵਰਤਨ ਦੀ ਗਤੀ ਬਹੁਤ ਹੌਲੀ ਹੁੰਦੀ ਹੈ। ਇਸ ਕਹਾਣੀ ਵਿਚ ਅੰਤਰਮੁਖਤਾ ਅਤੇ ਬਾਹਰਮੁਖਤਾ ਇਕ ਦੂਜੇ ਦੇ ਪੂਰਕ ਬਣ ਕੇ ਉੱਭਰੇ। ਇਸ ਲਈ ਕਹਾਣੀ ਚਿਤਰਨ ਦੀ ਪ੍ਰਵਿਰਤੀ ਕਰਕੇ ਬਿਰਤਾਂਤ ਦੀ ਗਤੀ ਧੀਮੀ ਹੋ ਗਈ। ਇਸ ਦੇ ਸਿੱਟੇ ਵਜੋਂ ਕਈ ਦ੍ਰਿਸ਼-ਅਦ੍ਰਿਸ਼ ਤਬਦੀਲੀਆਂ ਕਹਾਣੀ ਦੇ ਬਿਰਤਾਂਤਕ ਪੈਟਰਨ ਵਿਚ ਆਉਣ ਲੱਗ ਪਈਆਂ।

ਇਨ੍ਹਾਂ ਤਬਦੀਲੀਆਂ ਦੇ ਆਧਾਰ ਬਾਹਰਮੁਖੀ ਪ੍ਰਸਥਿਤੀਆਂ ਦੇ ਅੰਦਰਮੁਖੀ ਮਨੋਸਥਿਤੀਆਂ ਦੇ ਪ੍ਰਭਾਵ ਵਿਚ ਮੌਜੂਦ ਸਨ। ਇਸ ਲਈ ਬਿਰਤਾਂਤਕ ਚੱਕਰ ਵਿਚ ਤਬਦੀਲੀ ਆਈ। ਹੁਣ ਕਹਾਣੀ ਘਟਨਾਵਾਂ ਦੀ ਗਤੀਸ਼ੀਲਤਾ ਵਿਚ ਆਦਿ, ਮੱਧ ਅਤੇ ਅੰਤ ਦੀ ਮਕੈਨਿਕ ਭੰਗ ਹੋਣ ਲੱਗੀ। ਕਹਾਣੀ ਦੀਆਂ ਘਟਨਾਵਾਂ ਸਿਮਰਤੀਆਂ ਵਿਚੋਂ ਉਭਰਨ ਲੱਗੀਆਂ। ਇਸ ਨਾਲ ਕਹਾਣੀਆਂ ਚਿਤਰਨ ਦੀ ਵਿਧੀ ਵਲ ਵਧੀ। ਕਹਾਣੀ ਇਕੋ ਸਮੇਂ ਤਿੰਨ ਕਾਲਾਂ ਵਿਚ ਫੈਲਣ ਲੱਗੀ। ਵਰਤਮਾਨ ਦੇ ਸੰਕਟ ਦੀਆਂ ਜੜ੍ਹਾਂ ਭੂਤਕਾਲ ਤੋਂ ਪ੍ਰੇਰਿਤ ਅਤੇ ਭਵਿੱਖੀ ਸੰਕਟ ਵੱਲ ਇਸ਼ਾਰਾ ਕਰਨ ਲੱਗੀਆਂ। ਕਹਾਣੀ ਵਿਚ ਉਤਮ-ਪੁਰਖੀ ਵਿਧੀ ਲਈ ਸਪੇਸ ਫੈਲਣ ਲੱਗ ਪਈ। ਚੌਥੀ ਪੀੜ੍ਹੀ ਨੇ ਇਸ ਵਿਧੀ ਦੀ ਵਰਤੋਂ ਬਹੁਤ ਸ਼ੱਸ਼ਕਤ ਰੂਪ ਵਿਚ ਕੀਤੀ। ਅਨਯ-ਪੁਰਖੀ ਬਿਰਤਾਂਤ ਵਿਧੀ ਵਿਚ ਘਟਨਾਵਾਂ ਦੀ ਜੜਤ, ਪਾਤਰ ਦੇ ਸੰਕਟ ਨੂੰ ਵਧਾਉਣ ਵੱਲ ਰੁਚਿਤ ਹੋਈ। ਇਸ ਨਾਲ ਕਹਾਣੀ ਦੁਖਾਂਤਕ ਪੈਟਰਨ ਉਤੇ ਢਲਣ ਲੱਗ ਪਈ। ਕਹਾਣੀਕਾਰ ਸਰਬਗਿਆਤਾ ਦੀ ਕੋਟੀ ਤੋਂ ਬਾਹਰ ਆਉਣ ਲੱਗ ਪਿਆ। ਇਸ ਬਿਰਤਾਂਤ ਵਿਧੀ ਨੇ ਕਹਾਣੀ ਨੂੰ ਖੁੱਲ੍ਹੇ ਅੰਤ ਵੱਲ ਮੋੜ ਦਿੱਤਾ। ਇਸ ਦੌਰ ਦੀ ਕਹਾਣੀ ਤੀਜੀ ਪੀੜ੍ਹੀ ਵਾਂਗ ਗਲਪੀ ਭਾਸ਼ਾ ਪ੍ਰਤੀ ਸੁਚੇਤ ਸੀ। ਪਾਤਰਾਂ ਅਤੇ ਬਿਰਤਾਂਤ ਦੀ ਭਾਸ਼ਾ ਵਿਚ ਅੰਤਰ ਸਪਸ਼ਟ ਹੋਣ ਲੱਗ ਪਿਆ। ਇਸ ਦੌਰ ਦੀ ਕਹਾਣੀ ਭਾਰੂ ਰੂਪ ਵਿਚ ਪਾਤਰ ਦੀ ਖ਼ੁਦਮੁਖਤਾਰੀ



ਵੱਲ ਅਗਰਸਰ ਹੋਈ। ਪਾਤਰ ਕੁਝ ਹੱਦ ਤਕ ਕਹਾਣੀ ਤੋਂ ਅਜ਼ਾਦ ਹੋ ਕੇ ਘਟਨਾਵਾਂ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਨ ਲੱਗ ਪਏ ਜਾਂ ਪਾਠਕ ਵਿਚ ਉਨ੍ਹਾਂ ਦਾ ਭਰੋਸਾ ਵਧ ਗਿਆ। ਕਹਾਣੀ ਆਪਣੀ ਵਸਤ ਅਨੁਸਾਰ ਰੂਪ ਅਰਥਾਤ ਵਿਧਾ ਨਾਲ ਟਕਰਾਉਣ ਲੱਗ ਪਈ। ਇਸ ਤਰ੍ਹਾਂ ਕਹਾਣੀ ਪੱਛਮ ਦੀ ਵਿਧਾਗਤ ਜਕੜ ਤੋਂ ਮੁਕਤ ਹੋਣ ਲੱਗ ਪਈ, ਜਿਸ ਵਿਚੋਂ ਪੰਜਾਬੀ ਕਹਾਣੀ ਦਾ ਨਿਰੋਲ ਸੁਹਜ-ਸ਼ਾਸਤਰ ਵਿਕਸਤ ਹੋਣ ਲੱਗ ਪਿਆ। ਇਸ ਕਾਰਨ ਕਹਾਣੀ ਲੋਕਯਾਨ ਦੇ ਨੇੜੇ ਹੋਣ ਲਗ ਪਈ ਅਤੇ ਉਸ ਦਾ ਆਕਾਰ ਫੈਲਣ ਲੱਗ ਪਿਆ। ਇਸ ਨਾਲ ਲੰਮੀ ਕਹਾਣੀ ਦੀ ਇਕ ਨਿੱਗਰ ਪਰੰਪਰਾ ਬਣਨ ਲੱਗ ਪਈ। ਕੇਂਦਰੀ ਬਿਰਤਾਂਤ ਨਾਲ ਜੁੜੇ ਉਪ-ਬਿਰਤਾਂਤ ਕਹਾਣੀ ਨੂੰ ਬਹੁ-ਪਰਤੀ ਅਤੇ ਬਹੁ-ਪਾਸਾਰੀ ਬਣਾਉਣ ਲੱਗ ਪਏ। ਪ੍ਰਗਤੀਵਾਦੀ ਕਹਾਣੀ ਦਾ ਬਿਨਾਂ ਆਧਾਰਾਂ ਤੋਂ ਵਿਰੋਧ ਕਰਨ ਲਈ ਮਨੁੱਖੀ ਵਿਹਾਰ ਨੂੰ ਸਮਾਜਿਕ ਸਰੋਕਾਰਾਂ ਨਾਲੋਂ ਤੋੜਨ ਦਾ ਸੁਚੇਤ ਯਤਨ ਵੀ ਹੋਇਆ। ਅਸ਼ਲੀਲ ਸ਼ਬਦਾਵਲੀ ਨੂੰ ਸੁਚੇਤ ਰੂਪ ਵਿਚ ਸਲਾਹਿਆ ਜਾਣ ਲੱਗ ਪਿਆ, ਵਿਸ਼ੇਸ਼ ਤੌਰ 'ਤੇ ਅਜਿਹੇ ਕਹਾਣੀ ਸਿਰਜਕਾਂ ਨੂੰ ਬੋਲਡ ਹੋਣ ਦਾ ਖਿਤਾਬ ਦਿੱਤਾ ਜਾਣ ਲਗ ਪਿਆ। ਵਿਸ਼ੇਸ਼ ਤੌਰ 'ਤੇ ਨਾਰੀ ਕਥਾਕਾਰਾਂ ਦੀਆਂ ਅਜਿਹੀਆਂ ਕਹਾਣੀਆਂ ਨੂੰ ਉਤਸ਼ਾਹਿਤ ਕੀਤਾ ਗਿਆ। ਕਾਮੁਕਤਾ ਨੂੰ ਸੁਚੇਤ ਰੂਪ ਵਿਚ ਕਹਾਣੀ ਦੇ ਬਿਰਤਾਂਤ ਵਿਚ ਸ਼ਾਮਲ ਕਰਕੇ, ਇਕ ਵਿਸ਼ੇਸ਼ ਬਿਰਤਾਂਤਕ ਪੈਟਰਨ ਉਸਾਰਿਆ ਜਾਣ ਲੱਗ ਪਿਆ। ਚੌਥੀ ਪੀੜ੍ਹੀ ਦਾ ਨਵਾਂ ਪੂਰ ਸ਼ੋਹਰਤ ਅਤੇ ਛੇਤੀ ਸਥਾਪਤ ਹੋਣ ਦੀ ਹੋੜ ਵਿਚ ਲੱਗ ਗਿਆ। ਪਰ ਸੁਚੇਤ ਚੌਥੀ ਪੀੜ੍ਹੀ ਇਸ ਵਿਧਾ ਤੋਂ ਜਲਦੀ ਬਚ ਗਈ। ਚੌਥੀ ਪੀੜ੍ਹੀ ਉਤੇ ਇਸ ਗੱਲੋਂ ਮਾਣ ਕੀਤਾ ਜਾ ਸਕਦਾ ਹੈ ਕਿ ਉਹ ਤਿੰਨ ਦਹਾਕਿਆਂ ਤੋਂ ਗਤੀਸ਼ੀਲ ਰੂਪ ਵਿਚ ਸਿਰਜਣਕਾਰੀ ਨਾਲ ਜੁੜੀ ਹੋਈ ਹੈ।

ਇਸ ਸਾਰੀ ਸਥਿਤੀ ਵਿਚੋਂ ਇਕ ਵਿਸ਼ੇਸ਼ ਵਿਸ਼ਾ-ਵਸਤੂ ਵਾਲੀ ਕਹਾਣੀ ਸਾਹਮਣੇ ਆ ਰਹੀ ਸੀ। ਇਹ ਵਿਸ਼ਾ-ਵਸਤੂ ਆਪਣੇ ਬਿਰਤਾਂਤਕ ਪੈਟਰਨ ਅਤੇ ਰਚਨਾ ਦ੍ਰਿਸ਼ਟੀ ਕਰਕੇ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਇਕ ਵੱਢ ਪਾ ਰਿਹਾ ਸੀ। ਇਹ ਕਹਾਣੀ ਉਸ ਸਮੇਂ ਦੀ ਨਵੀਂ ਪੀੜ੍ਹੀ ਵੱਲੋਂ ਲਿਖੀ ਜਾ ਰਹੀ ਸੀ। ਦੂਜੇ ਪਾਸੇ ਉਮਰ ਅਤੇ ਸਿਰਜਣੀ ਪੜਾਅ ਦੇ ਹਿਸਾਬ ਨਾਲ ਤੀਜੀ ਪੀੜ੍ਹੀ ਦੇ ਕਥਾਕਾਰ ਵੀ ਨਵੀਂ ਸਥਿਤੀ ਅਨੁਸਾਰ ਨਵਾਂ ਸਿਰਜ ਰਹੇ ਸਨ। ਇਨ੍ਹਾਂ ਵਿਚ ਮਨਮੋਹਨ ਬਾਵਾ, ਵਰਿਆਮ ਸਿੰਘ ਸੰਧੂ ਅਤੇ ਅਤਰਜੀਤ ਤਿੰਨ ਪ੍ਰਮੁੱਖ ਨਾਂ ਹਨ। ਇਹ ਤਿੰਨੇ ਸਮਕਾਲ ਵਿਚ ਲਿਖ ਹੀ ਨਹੀਂ ਰਹੇ, ਸਗੋਂ ਕਹਾਣੀ ਸਿਰਜਣਾ ਵਿਚ ਪੰਜਾਬੀ ਕਹਾਣੀ ਨੂੰ ਗਤੀਸ਼ੀਲ ਵੀ ਕਰ ਰਹੇ ਹਨ। ਮਨਮੋਹਨ ਬਾਵਾ ਨੇ ਪੰਜਾਬੀ ਕਹਾਣੀ ਦੇ ਦੁਮੇਲ ਨੂੰ ਵਿਸ਼ਾਲ ਕੀਤਾ ਹੈ। ਉਹ ਵਰਤਮਾਨ ਵਰਤਾਰਿਆ ਦੀਆਂ ਜੜ੍ਹਾਂ ਵੈਦਿਕ ਕਾਲ ਤੱਕ ਫੈਲਾਅ ਦਿੰਦਾ ਹੈ। ਇਸ ਵਰਤਾਰੇ ਦਾ ਮੁੱਢ ਉਸ ਦੀ ਕਹਾਣੀ 'ਅਜਾਤ ਸੁੰਦਰੀ' ਤੋਂ ਬੱਝਦਾ ਹੈ ਫਿਰ 'ਰਿਕਵ', ਤੋਂ ਹੁੰਦਾ ਹੋਇਆ 'ਕਾਲਾ ਕਬੂਤਰ', ਤਕ ਫੈਲਦਾ ਹੈ। ਉਸ ਕੋਲ ਭਾਰਤ ਦੇ ਨਗਰਾਂ ਤੋਂ ਲੈ ਕੇ ਕਬੀਲਿਆਂ ਤਕ ਦੇ ਲੋਕ ਜੀਵਨ ਅਤੇ ਸਭਿਆਚਾਰ ਨੂੰ ਵੇਖਣ/ਜਾਣਨ ਦਾ ਅਨੁਭਵ ਹੈ। ਇਸ ਤਰ੍ਹਾਂ ਮਨਮੋਹਨ ਬਾਵਾ ਦੀਆਂ ਕਹਾਣੀਆਂ ਰਾਹੀਂ ਭਾਰਤੀ ਮਿਥਿਹਾਸ/ਇਤਿਹਾਸ ਅਤੇ ਲੋਕ ਜੀਵਨ ਨੂੰ ਸਮਝਣ ਦਾ ਮੌਕਾ ਹੀ ਨਹੀਂ ਮਿਲਦਾ ਸਗੋਂ ਕਹਾਣੀ ਦੇ ਦ੍ਰਿਸ਼ਟੀਗਤ ਪਾਸਾਰਾਂ ਅਤੇ ਲੋਕ ਜੀਵਨ ਤੇ ਅਧਾਰਿਤ ਬਿਰਤਾਂਤ ਨੂੰ ਜਾਣਨ ਦਾ ਸਬੱਬ ਵੀ ਬਣਦਾ ਹੈ। ਵਰਿਆਮ ਸੰਧੂ ਦੇ ਕਥਾ-ਸੰਸਾਰ ਦੇ ਬਦਲਦੇ ਅਤੇ ਫੈਲਦੇ ਫਲਕ ਨੂੰ ਮੈਂ ਵੀਹਵੀਂ ਸਦੀ ਦੇ ਆਖਰੀ

ਦਹਾਕੇ ਤੋਂ ਵਾਚਦਾ ਆ ਰਿਹਾ ਹਾਂ। ਪੰਜਾਬ ਦੇ ਧਾਰਮਿਕ ਅਵਚੇਤਨ ਤੋਂ ਲੈ ਕੇ ਰਾਜਸੀ, ਸਮਾਜਿਕ ਅਤੇ ਸਾਂਸਕ੍ਰਿਤ ਵਰਤਾਰੇ ਨੂੰ ਅੰਦਰੂਨੀ ਵਿਰੋਧਤਾਈਆਂ ਸਮੇਤ ਸਮਝਣ ਲਈ ਉਸ ਦੀਆਂ ਕਹਾਣੀਆਂ ਪ੍ਰਮਾਣਕ ਦਸਤਾਵੇਜ਼ ਹਨ। ਇਸੇ ਲਈ ਉਹ ਬਿਰਤਾਂਤਕ ਪੈਟਰਨ ਦੇ ਪੱਖੋਂ ਵੀ ਪੰਜਾਬੀ ਕਹਾਣੀ ਦਾ ਮਾਡਲ ਸਿਰਜਕ ਕਥਾਕਾਰ ਬਣ ਗਿਆ। ਪੰਜਾਬੀ ਕਹਾਣੀ ਵਿਚ ਲੰਮੀ ਕਹਾਣੀ ਲਿਖਣ ਦੀ ਪਰੰਪਰਾ ਨੂੰ ਉਸ ਨੇ ਸਥਾਪਿਤ ਹੀ ਨਹੀਂ ਕੀਤਾ। ਉਸ ਲਈ ਕਲਾਤਮਕ ਅਧਾਰ ਦੀ ਤਿਆਰ ਕੀਤਾ। ਉਸ ਦੀਆਂ ਕਹਾਣੀਆਂ 'ਵਾਪਸੀ', 'ਚੌਥੀ ਕੂਟ' ਅਤੇ 'ਜਮਰੌਦ' ਪੰਜਾਬੀ ਕਹਾਣੀ ਜਗਤ ਦੀਆਂ ਮਾਣ ਕਰਨਯੋਗ ਕਿਰਤਾਂ ਹਨ। ਹੁਣ ਉਸ ਦੀ ਕਹਾਣੀ ਇਤਿਹਾਸਕ ਚੇਤਨ ਦੇ ਗਤੀਸ਼ੀਲ ਵਰਤਾਰੇ ਨਾਲ ਜੁੜ ਰਹੀ ਹੈ। ਉਸ ਦੀਆਂ ਕਹਾਣੀਆਂ ਸਮਕਾਲ, ਇਤਿਹਾਸ, ਲੋਕਧਾਰਾ ਦਾ ਪ੍ਰਮਾਣਿਕ ਦਸਤਾਵੇਜ਼ ਹਨ। ਇਸੇ ਤਰ੍ਹਾਂ ਅਤਰਜੀਤ ਹਾਸਿਆਗਤ ਧਿਰਾਂ ਦੇ ਜੀਵਨ ਦੀ ਪੇਸ਼ਕਾਰੀ ਸਮੇਂ ਦ੍ਰਿਸ਼ਟੀਗਤ ਸਥਿਤੀ ਦੇ ਬਦਲਾਅ ਦਾ ਬਾਇਸ ਬਣਦਾ ਹੈ। ਇਸ ਤੋਂ ਪਹਿਲਾਂ ਦਲਿਤ ਜੀਵਨ ਦੀ ਪੇਸ਼ਕਾਰੀ ਦੇ ਕੇਂਦਰ ਵਿਚ ਆਰਥਿਕਤਾ ਸੀ। ਇਸ ਨੂੰ ਅਸੀਂ ਜਮਾਤੀ ਸੰਘਰਸ਼ ਦੇ ਪ੍ਰਸੰਗ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਸੀ। ਅਤਰਜੀਤ ਇਸ ਚਿੰਤਨੀ ਸੰਵਾਦ ਵਿਚ ਵੱਢ ਮਾਰਦਾ ਹੈ। ਉਹ ਆਰਥਿਕਤਾ ਅਤੇ ਸਾਂਸਕ੍ਰਿਤੀ ਦੇ ਭੇੜ ਵਿਚੋਂ ਜਾਤੀ ਅਧਾਰਤ ਸਾਂਸਕ੍ਰਿਤੀ ਨੂੰ ਕੇਂਦਰ ਵਿਚ ਲੈ ਕੇ ਆਉਂਦਾ ਹੈ। ਇਸ ਬਦਲਾਅ ਦਾ ਅਸਾਰ ਕਹਾਣੀ 'ਠੂੰਹਾਂ ਬਣਦੀ ਹੈ। ਇਸ ਵਿਚ ਦੋ ਵਰਤਾਰੇ ਇਕੱਠੇ ਚੱਲਦੇ ਹਨ। ਇਕ ਪਾਤਰ ਕਿਸਾਨ ਮਾਲਕੀ ਤੋਂ ਮਜ਼ਦੂਰ ਬਣਨ ਦੀ ਪ੍ਰਕਿਰਆ ਵਿਚ ਪੈਂਦਾ ਹੈ, ਦੂਜਾ ਹੇਠਾਂ ਤੋਂ ਉੱਠ ਕੇ ਮੱਧ-ਸ਼੍ਰੇਣੀ ਵਿਚ ਪ੍ਰਵੇਸ਼ ਕਰਦਾ ਹੈ। ਕਿਸਾਨੀ ਸਮਾਜ ਨਾਲ ਜੁੜਿਆ ਪਾਤਰ ਜਾਤੀਗਤ ਸਾਂਸਕ੍ਰਿਤੀ ਅਧੀਨ ਦਲਿਤ ਦੇ ਆਰਥਿਕ ਪੱਖੋਂ ਉੱਚਾ ਉੱਠ ਕੇ ਉਸ ਦੇ ਬੇਜਮਾਤ ਹੋਣ ਦੀ ਸਥਿਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ। ਇਹ ਦ੍ਰਿਸ਼ਟੀ ਅੱਗੇ ਚਲ ਕੇ ਚੌਥੀ ਪੀੜ੍ਹੀ ਦੀ ਦਲਿਤ ਕਹਾਣੀ ਦਾ ਆਧਾਰ ਬਣਦੀ ਹੈ। ਉਹ 'ਰੱਬ ਦਾ ਕਤਲ' ਕਹਾਣੀ ਤਕ ਸਿਰਜਣਕਾਰੀ ਦੇ ਗਤੀਸ਼ੀਲ ਵਰਤਾਰੇ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਉਹ ਪੰਜਾਬੀ ਕਹਾਣੀ ਦੇ ਦਲਿਤ ਜੀਵਨ ਦੀਆਂ ਨਵੀਆਂ ਪਰਤਾਂ ਦਾ ਬਾਇਸ ਬਣਦਾ ਹੈ।

ਪੰਜਾਬ ਕਹਾਣੀ ਦੀਆਂ ਨਵੀਆਂ ਪਰਤਾਂ ਨਵੀਂ ਪੀੜ੍ਹੀ ਦੀਆਂ ਕਹਾਣੀਆਂ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀਆਂ ਹਨ। ਚੌਥੀ ਪੀੜ੍ਹੀ ਦੇ ਕਥਾਕਾਰਾਂ ਵਿਚ ਪ੍ਰਮੁੱਖ ਨਾਂ ਸੁਖਜੀਤ ਦਾ ਆਉਂਦਾ ਹੈ। ਉਸ ਕਹਾਣੀ 'ਅੰਤਰਾ' ਵਿਚ ਮੌਤ ਦੇ ਦਰਸ਼ਨ ਨਾਲ ਜੁੜੇ ਸੁਆਲਾਂ ਨੂੰ ਚੁੱਕਦਾ ਹੈ। 'ਬਰਫ਼' ਕਹਾਣੀ ਨਾਲ ਉਸ ਦੀ ਕਹਾਣੀ ਸਵੈ-ਸਿਰਜਤ ਪ੍ਰਤਿਮਾਨਾਂ ਨੂੰ ਭੰਗ ਕਰਕੇ ਨਵੇਂ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਉਹ ਮਨੁੱਖੀ ਮਾਨਸਿਕਤਾ ਅਤੇ ਸਮਾਜਿਕ ਸਬੰਧਾਂ ਦੇ ਟਕਰਾਵਾਂ ਨੂੰ ਕਹਾਣੀ ਦੀ ਵਸਤ ਬਣਾ ਕੇ ਪੇਸ਼ ਕਰਦਾ ਹੈ। ਨੈਤਿਕਤਾ ਦੇ ਮਿਆਰਾਂ ਨੂੰ ਕਹਾਣੀ ਸਿਰਜਣ ਲਈ ਸੁਖਜੀਤ ਨੇ ਨਵਾਂ ਰਾਹ ਖੋਲ੍ਹ ਦਿੱਤਾ। ਇਸ ਖੇਤਰ ਵਿਚ ਉਸ ਦੀ ਕਹਾਣੀ ਨਿਰੰਤਰ ਵਿਕਾਸ ਕਰਦੀ ਚਲੀ ਗਈ। 'ਮੈਂ ਇੰਨਜੁਆਏ ਕਰਦੀ ਹਾਂ' ਨਾਲ ਉਹ ਸੱਤਾ ਦੇ ਚਰਿੱਤਰ ਦੇ ਵਿਲੱਖਣ ਰੂਪ ਨੂੰ ਪੇਸ਼ ਕਰਦਾ ਹੈ ਅਤੇ ਵਿਲੱਖਣ ਸਮਾਜਿਕ ਮੁੱਲਾਂ ਦੇ ਪ੍ਰਸੰਗ ਵਿਚ ਉਠਾਉਂਦਾ ਹੈ। ਇਸ ਤੋਂ ਬਾਅਦ ਬਲਵਿੰਦਰ ਗਰੇਵਾਲ ਦੀਆਂ ਕਹਾਣੀਆਂ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਅਤੇ 'ਯੁੱਧ-ਖੇਤਰ' ਨਾਲ ਕਹਾਣੀ ਅਜਿਹੀ ਸਥਿਤੀ ਨੂੰ ਵਿਸਥਾਰਦੀ ਹੈ। 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਕਹਾਣੀ ਪ੍ਰਵਾਸ ਧਾਰਨ ਕਰਨ ਲਈ



ਸਮਾਜਿਕ ਮੁੱਲਾਂ ਨੂੰ ਤਾਕ ਤੇ ਰੱਖਣ ਦੇ ਵਰਤਾਰੇ ਨਾਲ ਜੁੜੀ ਹੋਈ ਹੈ। ਅਜਿਹਾ ਰਿਸ਼ਤਾ ਇਕ ਪਾਸੇ ਕਾਗਜ਼ਾਂ ਵਿਚ ਹੈ ਦੂਜੇ ਪਾਸੇ ਮਨ ਵਿਚ ਚਲ ਰਹੇ ਭਾਵ ਹਨ। ਇਨ੍ਹਾਂ ਵਿਚਲਾ ਸੰਘਰਸ਼ ਪਰਿਵਾਰਕ ਸੰਸਥਾ ਉੱਤੇ ਉਸਰੇ ਮੁੱਲਾਂ ਦੇ ਆਰਦਸ਼ ਅਤੇ ਜੈਵਿਕਤਾ ਦੇ ਸਵਾਲਾਂ ਦੁਆਲੇ ਘੁੰਮਦਾ ਹੈ। ਇਹ ਕਹਾਣੀ ਮਨੋਗੁੰਝਲਾਂ ਨੂੰ ਲੈ ਕੇ ਉਸ ਦੇ ਅਧਾਰ ਨੂੰ ਸਮਾਜਿਕ ਮੁੱਲਾਂ ਵਿਚੋਂ ਤਲਾਸ਼ਦੀ ਹੈ। ਇਥੇ ਸਮਾਜਿਕ ਮੁੱਲ ਅਤੇ ਮਰਿਆਦਾ ਪਹਿਲੇ ਨੰਬਰ ਉਤੇ ਹਨ। ਅਜਿਹੇ ਸਬੰਧਾਂ ਦਾ ਦੁਖਾਂਤਕ ਪਾਸਾਰ 'ਯੁੱਧ-ਖੇਤਰ' ਕਹਾਣੀ ਵਿਚ ਸਾਹਮਣੇ ਆਉਂਦਾ ਹੈ। ਪਹਿਲੀ ਕਹਾਣੀ ਦੀਆਂ ਧਿਰਾਂ ਮਾਮਾ ਭਾਣਜੀ ਹਨ ਅਤੇ ਦੂਜੀ ਵਿਚ ਚਾਚਾ ਭਤੀਜੀ। 'ਯੁੱਧ-ਖੇਤਰ' ਕਹਾਣੀ ਵਿਚ ਮਾਨਸਿਕ ਸੰਘਰਸ਼ ਦੇ ਵੇਰਵੇ ਬਹੁਤ ਸੂਖ਼ਮ ਅਤੇ ਜਟਿਲ ਹਨ। ਇਹ ਪੰਜਾਬੀ ਕਹਾਣੀ ਦਾ ਨਵਾਂ ਪਾਸਾਰ ਹੈ, ਜਿਸ ਨੂੰ ਚੌਥੀ ਪੀੜ੍ਹੀ ਦੀ ਕਹਾਣੀ ਸ਼ਿੱਦਤ ਨਾਲ ਪੇਸ਼ ਕਰਦੀ ਹੈ।

ਕਹਾਣੀ ਵਿਚੋਂ ਮਨੋ-ਵਿਗਿਆਨਕ ਅਧਾਰਾਂ ਅਤੇ ਮਾਨਸਿਕ ਗੁੰਝਲਾਂ ਦੇ ਸਮਾਜਿਕ ਅਧਾਰਾਂ ਨੂੰ ਬਲਬੀਰ ਪਰਵਾਨਾ ਬਹੁਤ ਬਾਰੀਕੀ ਨਾਲ ਪੇਸ਼ ਕਰਦਾ ਹੈ। ਉਹ ਪੰਜਾਬੀ ਜਨ-ਜੀਵਨ ਦਾ ਇਕ ਕਰਟੀਕ ਪੇਸ਼ ਕਰਦਾ ਹੈ। ਉਸ ਦੀ ਬਿਰਤਾਂਤਕਾਰੀ ਇਕ ਗਤੀਸ਼ੀਲ ਵਰਤਾਰੇ ਵਾਂਗ ਅੱਗੇ ਵਧਦੀ ਹੈ। ਉਸ ਦੀ ਕਹਾਣੀ ਵਾਸਤਵਿਕਤਾ, ਸਮਾਜਿਕ ਪ੍ਰਸੰਗਾਂ ਦੇ ਮੇਲ ਅਤੇ ਵਿਰੋਧ ਨੂੰ ਕਹਾਣੀ ਦੇ ਖੰਡਾਂ ਵਿਚੋਂ ਉਭਾਰਦੀ ਹੈ। ਉਸ ਦੇ ਸਾਹਮਣੇ ਦੂਹਰੇ ਚਰਿੱਤਰ, ਦੰਭ ਅਤੇ ਬਦਲਦੇ ਜੀਵਨ ਮੁੱਲਾਂ ਅਤੇ ਸਥਿਤੀਆਂ ਨਾਲ ਮਾਨਸਿਕ ਸੰਘਰਸ਼ ਵਿਚ ਖੁੱਭੇ ਪਾਤਰ ਵਿਡੰਬਨਾ ਦੀ ਸਥਿਤੀ ਹੰਢਾਉਂਦੇ ਹਨ। ਇਹ ਵਿਡੰਬਨਾ ਹੀ ਉਸ ਦੀ ਕਹਾਣੀ ਦੀ ਸ਼ਕਤੀ ਹੈ। ਉਸ ਦੀਆਂ ਕਹਾਣੀਆਂ 'ਧੂੰਆਂ', 'ਦੀਨ ਕੇ ਹੇਤ', 'ਪਿਤਾ' ਅਤੇ ਥੈਂਕ ਯੂ ਬਾਪੂ' ਵਿਚੋਂ ਉਸ ਦੀ ਕਥਾਕਾਰੀ ਦੇ ਗਤੀਸ਼ੀਲ ਵਰਤਾਰੇ ਨੂੰ ਸਮਝਿਆ ਜਾ ਸਕਦਾ ਹੈ। 'ਧੂੰਆਂ' ਕਹਾਣੀ ਵਿਚ ਉਹ ਨੌਕਰੀ-ਸ਼ੁਦਾ ਮੱਧ-ਵਰਗੀ ਪਰਿਵਾਰ ਵਿਚ ਔਰਤ-ਮਰਦ ਸਬੰਧਾਂ ਵਿਚਲੇ ਸੰਕਟ ਨੂੰ ਚਿਤਰਦਾ ਹੈ। ਦੋਵੇਂ ਪਤੀ-ਪਤਨੀ ਉਪ-ਸਭਿਆਚਾਰਾਂ ਦੇ ਵੱਖੋ-ਵੱਖਰੇ ਸਿਰਿਆਂ ਉੱਤੇ ਖੜ੍ਹੇ ਹਨ। ਇਸ ਪਤੀ-ਪਤਨੀ ਦੇ ਰਿਸ਼ਤੇ ਨੂੰ ਕਾਇਮ ਰੱਖਣ ਦਾ ਸੂਤਰ ਉਨ੍ਹਾਂ ਦਾ ਪੁੱਤਰ ਬਣਦਾ ਹੈ। ਪੁੱਤਰ ਪਰਿਵਾਰਕ ਇਕਾਈ ਦਾ ਮਜ਼ਬੂਤ ਸੂਤਰ ਹੈ। ਇਹੀ ਔਲਾਦ ਦਾ ਸੂਤਰ 'ਪਿਤਾ', ਕਹਾਣੀ ਵਿਚ ਸੰਕਟ ਦਾ ਬਾਇਸ ਬਣਦਾ ਹੈ ਜਿਹੜਾ ਪਿਤਾ, ਵਰਗੀ ਸੰਸਥਾ ਲਈ ਚੁਣੌਤੀ ਬਣਦਾ ਹੈ। ਇਸੇ ਚੁਣੌਤੀ ਦਾ ਵਾਹਕ ਧੀ ਹੈ। ਉਹ ਆਪਣੇ ਦੋਸਤ ਨਾਲ ਬਿਨਾਂ ਵਿਆਹ ਤੋਂ ਇਕੱਠੀ ਰਹਿ ਰਹੀ ਹੈ। ਜਿਹੜਾ ਮਨੁੱਖ ਆਪਣੀ ਭੈਣ ਦੇ ਅੰਤਰਜਾਤੀ ਵਿਆਹ ਕਰਾਉਣ ਉਤੇ ਆਪਣੇ ਪਰਿਵਾਰ ਨਾਲ ਭਿੜ ਜਾਂਦਾ ਹੈ, ਉਹ ਆਪਣੀ ਧੀ ਨੂੰ ਲਿਵ-ਇੰਨ-ਰਿਲੇਸ਼ਨਸ਼ਿਪ ਵਿਚ ਰਹਿਣ ਉੱਤੇ ਸਖ਼ਤ ਇਤਰਾਜ਼ ਕਰਦਾ ਹੈ। ਇਸ ਸੰਕਟ ਦੇ ਕੇਂਦਰ ਵਿਚ ਵੀ ਪਰੰਪਰਾਗਤ ਸਮਾਜਿਕ ਮੁੱਲ ਆਉਂਦੇ ਹਨ। ਪਰਵਾਨਾ ਸਮਾਜ ਦੀ ਹਰ ਚੁਣੌਤੀ ਨੂੰ ਸੂਖ਼ਮਤਾ ਨਾਲ ਫੜ੍ਹਦਾ ਹੈ। 'ਦੀਨ ਕੇ ਹੇਤੁ' ਕਹਾਣੀ ਵਿਚ ਉਹ ਖੱਬੀ ਰਾਜਸੀ ਲਹਿਰ ਅਤੇ ਚਿੰਤਨ ਦਾ ਆਲੋਚਨਾਤਮਕ ਰੂਪ ਪੇਸ਼ ਕਰਦਾ ਹੈ, ਰਾਜਸੀ ਨਿਘਾਰ ਦੇ ਕੇਂਦਰ ਵਿਚ ਉਹ ਖੱਬੇ-ਪੱਖੀ ਪਾਰਟੀ ਅਤੇ ਉਸਦੇ ਰਾਜਸੀ ਪ੍ਰਸੰਗਾਂ ਨੂੰ ਰੱਖਦਾ ਹੈ। ਇਹ ਚੌਥੀ ਪੀੜ੍ਹੀ ਦੀ ਕਹਾਣੀ ਦਾ ਵਿਲੱਖਣ ਪਾਸਾਰ ਹੈ। ਉਸ ਦੀ ਕਹਾਣੀ 'ਥੈਂਕ ਯੂ ਬਾਪ' ਪਰਿਵਾਰ ਦੇ ਇਕ ਸੂਖਮ ਸੰਕਟ ਨੂੰ ਪੰਕਚਰ ਕਰਨ 'ਤੇ ਮੁੱਕਦੀ ਹੈ। ਇਸ ਤਰ੍ਹਾਂ ਪਰਵਾਨਾ ਚੌਥੀ ਪੀੜ੍ਹੀ ਦਾ ਵਿਲੱਖਣ ਕਥਾਕਾਰ ਹੋ

ਨਿਬੜਦਾ ਹੈ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿਚ ਇਕ ਪ੍ਰਮੁੱਖ ਨਾਂ ਸੁਕੀਰਤ ਦਾ ਹੈ। ਉਸ ਨੇ ਗਿਣਤੀ ਦੀਆਂ ਕਹਾਣੀਆਂ ਲਿਖੀਆਂ ਹਨ। ਉਨ੍ਹਾਂ ਨਾਲ ਹੀ ਉਸ ਦੀ ਪਛਾਣ ਗੂੜੀ ਹੋ ਗਈ। ਉਹ ਇਸ ਪੀੜੀ ਦਾ ਅਜਿਹਾ ਕਥਾਕਾਰ ਹੈ ਜਿਸਨੇ ਕਹਾਣੀ ਦੀ ਵਸਤ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀ ਦੇ ਪੱਖ ਤੋਂ ਕਹਾਣੀ ਵਿਚ ਨਵਾਂਪਣ ਲਿਆਂਦਾ ਹੀ ਹੈ, ਭਾਸ਼ਾ ਦੇ ਪੱਖ ਉਹ ਨਵਾਂ ਗਲਪੀ ਭਾਸ਼ਾਈ ਪੈਟਰਨ ਵੀ ਲੈ ਕੇ ਆਇਆ ਹੈ। ਉਸ ਦੀਆਂ ਕੁਲ ਕਹਾਣੀਆਂ ਦੀ ਗਿਣਤੀ ਇਕ ਦਰਜਨ ਦੇ ਆਸ-ਪਾਸ ਹੈ ਉਨ੍ਹਾਂ ਵਿਚੋਂ ਜਲਾਵਤਨ, ਮੈਨਾ ਭਾਬੀ ਅਤੇ ਘਰ, ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਦੇ ਹਰ ਅੰਗ ਅਤੇ ਵਸਤੂਪਾਸਾਰ ਵਿਚ ਨਵਾਂਪਣ ਹੈ। 'ਜਲਾਵਤਨ' ਅਤੇ 'ਘਰ', ਕਹਾਣੀਆਂ ਹਮ-ਜਿਣਸੀ ਸਬੰਧਾਂ ਨਾਲ ਸਬੰਧਿਤ ਹਨ। 'ਜਲਾਵਤਨ' ਦੋ ਔਰਤਾਂ ਦੇ ਸਬੰਧਾਂ ਵਿਚੋਂ ਪੈਦਾ ਹੋਏ ਵਾਤਾਵਰਨ ਨੂੰ ਚਿਤਰਦੀ ਹੈ। ਕਹਾਣੀ ਦੀ ਕਿਸੇ ਪਰਤ ਵਿਚ ਦ੍ਰਿਸ਼ਾਂ ਤੋਂ ਲੈ ਕੇ ਭਾਸ਼ਾ ਤਕ ਅਸ਼ਲੀਲਤਾ ਨਜ਼ਰ ਨਹੀਂ ਆਉਂਦੀ। ਉਹ ਦੋ ਸਹੇਲੀਆਂ ਦੇ ਸਬੰਧਾਂ ਦੀ ਸਰੀਰਕ ਖਿੱਚ ਨੂੰ ਸਹਿਜ ਰੂਪ ਵਿਚ ਚਿਤਰਦਾ ਹੈ। 'ਘਰ' ਕਹਾਣੀ ਵਿਚਲੀ ਜਟਿਲਤਾ ਹੋਰ ਵੀ ਕਮਾਲ ਹੈ। ਪੰਜਾਬੀ ਅਤੇ ਮਰਾਠੀ ਪਿਛੋਕੜ ਦੇ ਹਮਜਿਣਸੀ ਪਾਤਰ ਇਹ ਸਹਿਜ ਜੀਵਨ ਜਿਊਣ ਦੇ ਵਾਹਕ ਬਣਦੇ ਹਨ। ਉਹ ਮਰਦ ਔਰਤ ਦੇ ਆਮ ਘਰ ਵਾਂਗ ਰਹਿੰਦੇ ਹਨ। ਸਾਰੀ ਕਹਾਣੀ ਦਾ ਮਹੱਤਵ ਹੀ ਉਸ ਦੀ ਸਹਿਜਤਾ ਵਿਚ ਮੌਜੂਦ ਹੈ। 'ਮੈਨਾ ਭਾਬੀ' ਕਹਾਣੀ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ ਭਾਬੀ ਮੈਨਾ ਦਾ ਇਕ ਸੰਵਾਦੀ ਰੂਪ ਹੈ। ਇਕ ਪੰਜਾਬੀ ਦੇ ਵੱਡੇ ਲੇਖਕ ਦੀ ਕਹਾਣੀ ਨੂੰ ਅਧਾਰ ਬਣ ਕੇ ਉਸ ਨਾਲ ਸੰਵਾਦ ਦੀ ਸਥਿਤੀ ਪੈਦਾ ਕਰਨਾ ਵਿਲੱਖਣਤਾ ਹੈ। ਸੁਕੀਰਤ ਇਨ੍ਹਾਂ ਕਹਾਣੀਆਂ ਨਾਲ ਪੰਜਾਬੀ ਵਿਚ ਅਪਵਾਦ ਬਣ ਗਿਆ। ਥੋੜ੍ਹੀਆਂ ਕਹਾਣੀਆਂ ਲਿਖ ਕੇ ਸਥਾਪਤ ਹੋਣਾ ਔਖਾ ਕੰਮ ਹੈ। ਚੌਥੀ ਪੀੜ੍ਹੀ ਦੀਆਂ ਕਹਾਣੀਆਂ ਦੀ ਇਹ ਸੱਸ਼ਕਤ ਧਾਰਾ ਹੈ। ਬਾਅਦ ਵਿਚ ਪੰਜਾਬੀ ਵਿਚ ਕਈ ਕਹਾਣੀਆਂ ਇਸ ਵਿਸ਼ੇ ਨਾਲ ਸਬੰਧਿਤ ਆਈਆਂ। ਇਸੇ ਦੌਰ ਵਿਚ ਇਸ ਪੀੜੀ ਦੇ ਇਕ ਹਿੱਸੇ ਦੁਆਰਾ, ਕਹਾਣੀ ਵਿਚਲੀਆਂ ਸਮੱਸਿਆਵਾਂ ਨੂੰ ਸਮਾਜਿਕ ਸਰੋਕਾਰਾਂ ਨਾਲੋਂ ਤੋੜ ਕੇ ਵਿਅਕਤੀਗਤ ਚਰਚਾ ਵਿਚੋਂ ਇਸ ਸਿਧਾਂਤ ਦੀ ਪੈਰਵੀ ਲਈ ਕੁਝ ਕਹਾਣੀਕਾਰਾਂ ਦੁਆਰਾ ਕੁਝ ਕਹਾਣੀਆਂ ਸਾਹਮਣੇ ਆਈਆਂ। ਉਨ੍ਹਾਂ ਵਿਚੋਂ ਕਈ ਅਲੋਪ ਹੋ ਗਏ ਅਤੇ ਕਈ ਰਸਤਾ ਬਦਲ ਗਏ। ਉਨ੍ਹਾਂ ਵਿਚ ਸਰਗਰਮ ਜਿੰਦਰ ਹੈ। ਉਸਨੇ ਸ਼ੁਰੂਆਤੀ ਸਮੇਂ ਵਿਚ 'ਦੋ ਮਿੰਟ ਹੋਰ ਰੁਕ ਜਾ', ਵਰਗੀਆਂ ਸ਼ਕਤੀਸ਼ਾਲੀ ਕਹਾਣੀਆਂ ਲਿਖੀਆਂ। 'ਕਤਲ' ਕਹਾਣੀ, ਕਹਾਣੀ ਦੇ ਤੌਰ ਤੇ ਕਮਾਲ ਹੈ ਪਰ ਦ੍ਰਿਸ਼ਟੀ ਪੱਖ ਤੋਂ ਗਲਪੀਕਰਨ ਦੀ ਅਣਹੋਂਦ ਕਰਕੇ ਵੀ ਸਵਾਲ ਪੈਦਾ ਹੁੰਦੇ ਹਨ। 'ਸੌਰੀ' ਕਹਾਣੀ ਵਿਚ ਵੀ ਅਜਿਹੀ ਸਥਿਤੀ ਸਾਹਮਣੇ ਆਉਂਦੀ ਹੈ। ਜਿੰਦਰ ਨੇ ਚੌਥੀ ਪੀੜ੍ਹੀ ਵਿਚ ਇਕ ਮੁਕਾਮ ਹਾਸਲ ਕੀਤਾ ਪ੍ਰੰਤੂ ਸੋਚਵਾਨ ਦੀਦੇ ਲਈ ਉਸ ਦੀਆਂ ਕਹਾਣੀਆਂ ਨੂੰ ਸਵੀਕਾਰ ਕਰਨ ਵਿਚ ਔਖਾਈ ਹੁੰਦੀ ਹੈ।

ਚੌਥੀ ਪੀੜ੍ਹੀ ਅਰਥਾਤ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਕਿਸਾਨੀ ਸਮਾਜ ਪੰਜਾਬੀ ਕਹਾਣੀ ਦੀ ਵਸਤ ਬਣਦੇ ਸਮੇਂ ਦੁਖਾਂਤਕ ਸੰਕਟ ਦੇ ਦੁਆਲੇ ਘੁੰਮਣੀ ਸ਼ੁਰੂ ਹੋਈ। ਇਸ ਸੰਕਟ ਦੇ ਕਾਰਨ ਵਿਸ਼ਵੀਕਰਨ ਦੀ ਸਥਿਤੀ ਨੇ ਖੇਤੀ ਸੈਕਟਰ ਵਿਚ ਕਾਰਪੋਰੇਟ ਲਈ ਸਪੇਸ ਪੈਦਾ ਕਰ ਦਿੱਤੀ। ਇਸ ਵਰਤਾਰੇ ਵਿਚੋਂ ਖਪਤ ਸਭਿਆਚਾਰ ਉਭਰਨਾ ਸ਼ੁਰੂ ਹੋਇਆ। ਇਸ ਦੌਰ ਦੀ ਕਹਾਣੀ ਨੇ ਕਿਸਾਨੀ ਦੇ ਵਡਿਆਈ ਵਾਲੇ ਬਿੰਬ ਨੂੰ ਭੰਗ ਕਰ ਦਿੱਤਾ। ਕਿਸਾਨੀ



ਕਰਜ਼ਾ, ਆਤਮ-ਹੱਤਿਆਵਾਂ ਨਵੇਂ ਪ੍ਰਬੰਧ ਵਿਚ ਢਲਣ ਦੀ ਸਮੱਸਿਆ ਹਰੇ ਇਨਕਲਾਬ ਤੋਂ ਬਾਅਦ ਮੰਡੀ ਦੀਆਂ ਸਮੱਸਿਆਵਾਂ ਅਤੇ ਕਿਸਾਨੀ ਦੀ ਨਵੀਂ ਪੀੜ੍ਹੀ ਦੇ ਸੰਕਟ, ਆਮਦਨ ਅਤੇ ਖਰਚੇ ਵਿਚ ਅਸਤੁੰਲਨ ਇਸ ਪੀੜ੍ਹੀ ਦੀ ਕਹਾਣੀ ਵੀ ਵਸਤ ਬਣਨ ਲੱਗ ਪਏ। ਇਸ ਦੌਰ ਦੀ ਕਹਾਣੀ ਤੇ ਕਿਸਾਨੀ ਜੀਵਨ ਦੇ ਨੈਰੇਟਿਵ ਨੂੰ ਨਵਾਂ ਰੂਪ ਦਿੱਤਾ। ਇਸ ਸਥਿਤੀ ਨੂੰ ਪੂਰੀ ਸ਼ਿੱਦਤ ਨਾਲ ਪੇਸ਼ ਕਰਨ ਵਾਲਾ ਕਹਾਣੀਕਾਰ ਬਲਦੇਵ ਸਿੰਘ ਧਾਲੀਵਾਲ ਹੈ। ਉਹ ਸਿਰਜਕ ਦੇ ਨਾਲ-ਨਾਲ ਅਕਾਦਮਿਕ ਖੇਤਰ ਦਾ ਭਰੋਸੇਯੋਗ ਕਹਾਣੀ ਆਲੋਚਕ ਹੈ। ਇਕ ਖਾਸ ਪਾਠਕ ਵਰਗ ਅਤੇ ਕਹਾਣੀਕਾਰਾਂ ਵਿਚ ਉਸ ਦੀ ਪੈਂਠ ਹੈ। ਉਸ ਦੀ ਆਲੋਚਨਾ ਜਾਣਕਾਰੀ ਭਰਪੂਰ ਹੈ। ਉਹ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਪੰਜਾਬੀ ਕਹਾਣੀ ਦੇ ਸਿਰਜਣੀ ਖੇਤਰ ਵਿਚ 'ਓਪਰੀ ਹਵਾ' ਕਹਾਣੀ ਸੰਗ੍ਰਹਿ ਨਾਲ ਪ੍ਰਵੇਸ਼ ਕਰਦਾ ਹੈ। ਉਸ ਦੀ ਕਹਾਣੀ ਕਲਾ "ਆਪਣੇ ਆਪਣੇ ਕਾਰਗਲ' ਕਹਾਣੀ ਨਾਲ ਸਿਖ਼ਰ ਉਤੇ ਪਹੁੰਚਦੀ ਹੈ। ਇਹ ਦੋਵੇਂ ਕਹਾਣੀਆਂ ਕਿਸਾਨੀ ਸੰਕਟ ਨਾਲ ਜੁੜੀਆਂ ਹੋਈਆਂ ਹਨ। ਇਹ ਯਥਾਰਥ ਚਿਤਰਣ ਦੇ ਪੱਖ ਤੋਂ ਸਫ਼ਲ ਕਹਾਣੀ ਹੈ। ਬਿਰਤਾਂਤਕ ਪੈਟਰਨ ਅਤੇ ਕਹਾਣੀ ਦੀ ਬਣਤਰ ਅਤੇ ਬਣਤਰ ਦੀ ਉਹਨੂੰ ਡੂੰਘੀ ਸਮਝ ਹੈ। ਪ੍ਰੰਤੂ ਦ੍ਰਿਸ਼ਟੀ ਪੱਖੋਂ ਇਹ ਕਹਾਣੀਆਂ ਸੰਵਾਦ ਲਈ ਸਪੇਸ ਪੈਦਾ ਕਰਦੀਆਂ ਹਨ। ਇਹ ਸਮੱਸਿਆ ਉਸ ਦੀ ਆਲੋਚਨਾ ਵਿਚ ਵੀ ਭਾਰੂ ਹੈ। ਇਸ ਦੌਰਾਨ ਡਾ.ਜਸਵਿੰਦਰ ਸਿੰਘ ਕਾਵਿ-ਆਲੋਚਨਾ ਅਤੇ ਸਭਿਆਚਾਰ ਦੇ ਚਿੰਤਨ ਦੇ ਨਾਲ, 'ਖੂਹ-ਖਾਤੇ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਫਿਰ 'ਘਰ ਦਾ ਜੀਅ' ਕਹਾਣੀ ਸੰਗ੍ਰਹਿ ਨਾਲ ਉਸ ਦੀ ਕਹਾਣੀ ਨਵੇਂ ਪੜਾਅ ਵਿਚ ਪ੍ਰਵੇਸ਼ ਕਰਦੀ ਹੈ। ਉਸ ਦੇ ਇਸ ਵਿਕਾਸ ਨੂੰ 'ਖੂਹਖਾਤੇ' 'ਘਰ ਦਾ ਜੀਅ' ਅਤੇ ਬਾਅਦ ਛਪੀ ਕਹਾਣੀ 'ਜੈਲਦਾਰ ਦਾ ਪੋਤਾ' ਵਿਚੋਂ ਪਛਾਣਿਆ ਜਾ ਸਕਦਾ ਹੈ। ਉਸ ਦੀਆਂ ਕਹਾਣੀਆਂ ਸਮਾਜਕ ਪ੍ਰਸਥਿਤੀਆਂ ਵਿਚੋਂ ਪੈਦਾ ਹੋਈ ਮਨੋ-ਸਥਿਤੀ ਅਤੇ ਮਨੁੱਖ ਵਿਹਾਰ ਨੂੰ ਚਿਤਰਦੀਆਂ ਹਨ। ਜਸਵਿੰਦਰ ਸਿੰਘ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿਚ ਨਵੇਂ ਅਯਾਮ ਪ੍ਰਵੇਸ਼ ਕਰਦੇ ਹਨ। ਉਸ ਦੀਆਂ ਕਹਾਣੀਆਂ ਦੇ ਪਾਤਰ ਨਵੀਂ ਸਥਿਤੀ ਵਿਚ ਪੈ ਕੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ। ਇਨ੍ਹਾਂ ਕਹਾਣੀਆਂ ਦਾ ਕੇਂਦਰੀ ਵਕਤਾ ਸਭਿਆਚਾਰ ਦੀ ਸੰਪੂਰਨ ਇਕਾਈ 'ਚ ਹੋ ਰਹੇ ਟਕਰਾਅ ਨਵੇਂ ਸੰਕਟਾਂ ਨੂੰ ਜਨਮ ਦੇਂਦੇ ਹਨ। 'ਖੂਹ ਖਾਤੇ' ਕਹਾਣੀ ਇਸ ਵਰਤਾਰੇ ਦੀ ਪ੍ਰਮੁੱਖ ਉਦਾਹਰਨ ਹੈ। ਇਸ ਵਿਚਲਾ ਵਿਅਕਤੀ ਨਵੇਂ ਉਪ ਸਭਿਆਚਾਰਾਂ ਦੇ ਟਕਰਾਵਾਂ ਕਾਰਨ ਵਿਅਕਤੀਵਾਦ ਦਾ ਸ਼ਿਕਾਰ ਹੋ ਰਿਹਾ ਹੈ। ਇਹ ਨਵੀਂ ਸਥਿਤੀ ਪਾਤਰ ਲਈ ਦੁਖਾਂਤ ਦਾ ਬਾਇਸ ਬਣਦੀ ਹੈ 'ਘਰ ਦਾ ਜੀਅ', ਹਾਸ਼ੀਆਗਤ ਧਿਰ ਲਈ ਸ਼ੋਸ਼ਣ ਦਾ ਨਵਾਂ ਪਾਸਾਰ ਖੋਲ੍ਹਦੀ ਹੈ। ਇਸ ਕਹਾਣੀ ਦਾ ਸ਼ੀਰਾਜ, ਪਾਤਰ ਪੰਜਾਬੀ ਕਹਾਣੀ ਵਿਚ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ। 'ਜੈਲਦਾਰ ਦਾ ਪੋਤਾ', ਕਹਾਣੀ ਉਸ ਮਾਨਸਿਕਤਾ ਨੂੰ ਪੇਸ਼ ਕਰਦੀ ਹੈ ਜਿਹੜੀ ਵਿਕਸਤ ਦੇਸ਼ ਵਿਚ ਪਹੁੰਚ ਕੇ ਜਾਤੀਗਤ ਸਾਂਸਕ੍ਰਿਤੀ ਤੋਂ ਮੁਕਤ ਨਹੀਂ ਹੁੰਦੀ। ਡਾ. ਜਸਵਿੰਦਰ ਦੀਆਂ ਕਹਾਣੀਆਂ ਨਾਲ ਚੌਥੇ ਪੜਾਅ ਦੀ ਕਹਾਣੀ ਦਾ ਆਧਾਰ ਮਜਬੂਤ ਹੁੰਦਾ ਹੈ।

ਕਿਸਾਨੀ ਸਮਾਜ ਮੁੱਢ ਤੋਂ ਹੀ ਸਮਾਜ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਨਹੀਂ ਕਰਦਾ ਰਿਹਾ, ਸਗੋਂ ਬਹੁਤਾ ਪੰਜਾਬੀ ਸਾਹਿਤ ਅਨੁਭਵਮੁਖੀ ਹੋਣ ਕਰਕੇ ਕਿਸਾਨੀ ਸਮਾਜ ਅਤੇ ਸਭਿਆਚਾਰ ਨਾਲ ਨੇੜੇ ਤੋਂ ਜੁੜਿਆ ਰਿਹਾ ਹੈ। ਪੰਜਾਬ ਸਮੱਸਿਆ ਤੋਂ ਬਾਅਦ ਹਰੇ ਇਨਕਲਾਬ ਦੀ ਆਮਦ, ਮੰਡੀ ਦੇ ਵਿਕਾਸ ਅਤੇ ਘੱਟੋ ਘਟ ਮੁੱਲ ਕਾਰਨ ਕੁਝ ਸਮੇਂ ਲਈ ਕਿਸਾਨੀ ਦੀ

ਪੈਦਾਵਾਰ ਅਤੇ ਆਮਦਨ ਵਿਚ ਵਾਧਾ ਹੋਇਆ, ਪ੍ਰੰਤੂ ਇਕ ਸੀਮਾ ਉਤੇ ਜਾ ਕੇ ਰੁਕ ਗਿਆ। ਖੇਤੀ ਦੇ ਮਸ਼ੀਨੀਕਰਨ, ਕੀੜੇਮਾਰ ਦਵਾਈਆਂ ਦੀ ਵਰਤੋਂ ਅਤੇ ਜੀਵਨ ਜਾਚ ਵਿਚ ਆਈ ਤਬਦੀਲੀ ਨੇ ਖੇਤੀ ਲਾਗਤ ਅਤੇ ਆਮਦਨ ਵਿਚਲੇ ਅੰਤਰ ਨੂੰ ਘਟਾਇਆ ਹੀ ਨਹੀਂ ਸਗੋਂ ਕਿਸਾਨੀ ਦਾ ਵੱਡਾ ਹਿੱਸਾ ਗਰੀਬੀ ਵਲ ਧੱਕਿਆ ਗਿਆ ਅਤੇ ਕਰਜ਼ੇ ਦਾ ਸ਼ਿਕਾਰ ਹੋ ਗਿਆ। ਇਹ ਸੰਕਟ ਚੌਥੀ ਪੀੜ੍ਹੀ ਦੀ ਕਹਾਣੀ ਦੀ ਵਸਤ ਬਣ ਗਿਆ। ਇਸ ਸਮੱਸਿਆ ਨੂੰ ਚੌਥੀ ਪੀੜ੍ਹੀ ਨੇ ਇੱਕੀਵੀਂ ਸਦੀ ਦੇ ਪਹਿਲੇ ਦਹਾਕਿਆ ਵਿਚ ਜ਼ੋਰਸ਼ੋਰ ਨਾਲ ਉਠਾਉਣ ਸ਼ੁਰੂ ਕੀਤਾ, ਇਨ੍ਹਾਂ ਵਿਚ ਬਲਜਿੰਦਰ ਨਸਰਾਲੀ, ਕੇਸਰਾ ਰਾਮ ਅਤੇ ਬਲਦੇਵ ਢੀਂਡਸਾ ਦਾ ਨਾ ਪ੍ਰਮੁੱਖ ਹੈ। ਨਸਰਾਲੀ ਆਪਣੀ ਕਹਾਣੀ 'ਜੇ ਆਪਣੀ ਬਿਥਾ ਕਹੁੰ' ਵਿਚ ਇਸ ਸੰਕਟ ਨੂੰ ਵਿਸਥਾਰਪੂਰਵਕ ਸ਼ਿੱਦਤੀ ਰੂਪ ਵਿਚ ਉਠਾਉਂਦਾ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਖੇਤੀ ਦੀ ਆਮਦਨ ਅਤੇ ਪਰਿਵਾਰਕ ਖਰਚਿਆਂ ਵਿਚ ਸਤੁੰਲਨ ਨਹੀਂ ਰੱਖ ਸਕਦਾ। ਸਖਤ ਮਿਹਨਤ ਦੇ ਬਾਵਜੂਦ ਆਰਥਿਕ ਸੰਕਟ ਵਿਚ ਘਿਰਦਾ ਚਲਾ ਜਾਂਦਾ ਹੈ। ਇਕ ਸੰਕਟ ਦਾ ਇਕ ਨਵਾਂ ਰੂਪ ਕੇਸਰਾ ਰਾਮ/ਬੁਲਬਲਿਆਂ ਦੀ ਕਾਸਤਾ ਵਿਚ ਪੇਸ਼ ਕਰਦਾ ਹੈ। ਸ਼ੇਅਰ ਮਾਰਕੀਟ ਦਾ ਮਸਨੂਹੀ ਜਲੌਅ ਖੇਤੀ ਅਧਾਰਤ ਮਾਨਸਿਕਤਾ ਵਿਚ ਪ੍ਰਵੇਸ਼ ਕਰਕੇ ਖੇਤੀ ਨੂੰ ਕੰਗਾਲੀ ਕਰਨ ਦੀ ਪ੍ਰਕਿਆ ਵੱਲ ਧੱਕ ਰਿਹਾ ਹੈ। ਕੇਸਰਾ ਰਾਮ ਦੀ ਇਹ ਕਹਾਣੀ ਚੌਥੀ ਪੀੜ੍ਹੀ ਦੇ ਨਵੇਂ ਪੂਰ ਵਿਚ ਸਭ ਤੋਂ ਵੱਖਰੀ ਖੜ੍ਹੀ ਹੈ। ਉਂਜ ਵੀ ਕੇਸਰਾ ਰਾਮ ਵੱਖਰੀ ਸੁਰ ਵਾਲਾ ਲੇਖਕ ਹੈ। ਇਨ੍ਹਾਂ ਨਾਲ ਹੀ ਬਲਦੇਵ ਸਿੰਘ ਢੀਂਡਸਾ ਕਿਸਾਨੀ ਸਮਾਜ ਵਿਚ ਪ੍ਰਵੇਸ਼ ਮੱਧ-ਵਰਗੀ ਜੀਵਨ ਜਾਚ ਦੇ ਕਾਰਨ ਪੈਦਾ ਹੋਏ ਸੰਕਟ ਨੂੰ 'ਚੱਕਰਵਿਊ' ਕਹਾਣੀ ਵਿਚ ਪੇਸ਼ ਕਰਦਾ ਹੈ। ਇਸ ਕਹਾਣੀ ਦਾ ਮੁੱਖ ਪਾਤਰ ਖੇਤੀ ਦੇ ਵਿਸਥਾਰ ਅਤੇ ਅਯਾਸ਼ੀ ਭਰੇ ਜੀਵਨ ਕਾਰਨ ਕਰਜ਼ੇ ਦੇ ਚੱਕਰ ਵਿਚ ਫਸ ਕੇ ਨਿਘਾਰ ਵੱਲ ਵਧਦਾ ਹੈ। ਢੀਂਡਸਾ ਇਸ ਸੰਕਟ ਦੇ ਉਪਰ ਦਿਸਦੀਆਂ ਅਤੇ ਮਹੀਨ ਤੰਦਾਂ ਨੂੰ ਫੜਦਾ ਹੈ। ਇਸ ਦੌਰ ਵਿਚ ਇਕ ਵਿਲੱਖਣ ਕਹਾਣੀਕਾਰ ਸਾਂਵਲ ਧਾਮੀ ਸਾਹਮਣੇ ਆਉਂਦਾ ਹੈ। ਉਸ ਨੇ ਦੇਸ਼ ਵੰਡ ਨਾਲ ਸਬੰਧਿਤ ਕਈ ਸਾਰਥਿਕ ਕਹਾਣੀਆਂ ਲਿਖੀਆਂ ਹਨ। ਉਸ ਦੀਆਂ ਕਹਾਣੀਆਂ ਦਾ ਕੇਂਦਰੀ ਥੀਮ ਦੇਸ਼ ਵੰਡ ਦੁਆਲੇ ਘੁੰਮਦਾ ਹੈ। ਉਹ ਇਸ ਪੀੜਾ ਦਾ ਇਤਿਹਾਸਕ ਪਰਿਪੇਖ ਅਤੇ ਗਲਪੀ ਤਰਕ ਸਿਰਜਦਾ ਹੈ। ਇਸੇ ਲਈ ਉਸ ਦੀਆਂ ਕਹਾਣੀਆਂ ਦਾ ਬਿਰਤਾਂਤ ਯਾਦਾਂ ਵਿਚੋਂ ਉਭਰਦਾ ਹੈ ਅਤੇ ਦ੍ਰਿਸ਼ਟੀ ਮਾਨਵੀ ਸਰੋਕਾਰਾਂ ਦੇ ਏਕੀਕਰਨ ਦਾ ਸੰਦੇਸ਼ ਦਿੰਦੀ ਹੈ।

ਇਸ ਦੌਰ ਵਿਚ ਨਾਰੀ ਕਹਾਣੀਕਾਰਾਂ ਦਾ ਇਕ ਪੂਰ ਸਾਹਮਣੇ ਆਉਂਦਾ ਹੇ। ਇਸ ਕਹਾਣੀ ਦਾ ਪਾਸਾਰ ਭਾਰਤੀ ਪੰਜਾਬ ਤੋਂ ਲੈ ਕੇ ਪਰਵਾਸ ਤਕ ਫੈਲਿਆ ਹੋਇਆ ਹੈ। ਨਾਰੀ ਪੰਜਾਬੀ ਕਹਾਣੀ ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਤੋਂ ਹੁੰਦੀ ਹੋਈ ਦਲੀਪ ਕੌਰ ਟਿਵਾਣਾ ਅਤੇ ਬਲਜੀਤ ਕੌਰ ਬੱਲੀ ਰਾਹੀਂ ਚੌਥੀ ਪੀੜ੍ਹੀ ਤਕ ਪਹੁੰਚਦੀ ਹੈ। ਇਸ ਵਿਚ ਕੁਝ ਹੋਰ ਨਾਂ ਵੀ ਸ਼ਾਮਲ ਹੋ ਗਏ ਹਨ। ਇਨ੍ਹਾਂ ਵਿਚ ਇਕ ਵੱਡਾ ਪੂਰ ਪਰਵਾਸੀ ਕਹਾਣੀਕਾਰਾਂ ਦਾ ਵੀ ਸ਼ਾਮਲ ਹੈ। ਪਰਵਾਸ ਵਿਚਲੀ ਕਹਾਣੀ ਅਮਰੀਕਾ, ਕਨੇਡਾ ਅਤੇ ਇੰਗਲੈਂਡ ਤਕ ਫੈਲੀ ਹੋਈ ਹੈ। ਇਨ੍ਹਾਂ ਕਹਾਣੀਕਾਰਾਂ ਵਿਚ ਪ੍ਰਵੇਜ਼ ਸੰਧੂ ਅਤੇ ਵੀਨਾ ਵਰਮਾ ਨੇ ਪੰਜਾਬੀ ਪਾਠਕਾਂ ਦਾ ਧਿਆਨ ਹੀ ਨਹੀਂ ਖਿਚਿਆ, ਸਗੋਂ ਨਾਰੀ ਕਹਾਣੀ ਵਿਚ ਇਕ ਨਵਾਂ ਅਧਿਆਇ ਵੀ ਜੋੜਿਆ ਹੈ। ਇਨ੍ਹਾਂ ਵਿਚ ਪ੍ਰਮੁੱਖ ਨਾਂ ਪ੍ਰਵੇਜ਼ ਸੰਧੂ ਦਾ ਹੈ। ਉਹ 'ਮੁੱਠੀ ਭਰ ਸੁਪਨੇ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। 'ਟਾਹਣੀਓ ਟੁੱਟੇ', ਨਾਲ ਸਥਾਪਤ ਹੁੰਦੀ



ਅਤੇ 'ਬਲੌਰੀ ਅੱਖ ਵਾਲੇ ਮੁੰਡੇ', ਨਾਲ ਉਸ ਦਾ ਕਥਾ-ਚਿੰਤਨ ਵਿਸ਼ਾਲ ਹੁੰਦਾ ਹੈ। 'ਮੁੱਠੀ ਭਰ ਸੁਪਨੇ', 'ਸੌਕਣ', ਮੇਰੀ ਲੂੰਬੜੀ ਅਤੇ ਬਾਲੋ ਉਸ ਦੀਆਂ ਯਾਦਗਾਰੀ ਕਹਾਣੀਆਂ ਹਨ। ਉਸ ਦੀ ਸਮੁੱਚੀ ਕਹਾਣੀ ਸਨਸਨੀ ਤੋਂ ਮੁਕਤ ਹੈ, ਉਸ ਦੀਆਂ ਕਹਾਣੀਆਂ ਦੀਆਂ ਨਾਰੀ ਪਾਤਰਾਂ ਦੇ ਕੋਲਾਜ ਵਿਚੋਂ ਉਸ ਦੇ ਪਾਤਰੀ ਵਿਕਾਸ ਅਤੇ ਸਾਇਸਤ ਭਾਸ਼ਾਈ ਪੈਟਰਨ ਨੂੰ ਪਛਾਣਿਆ ਜਾ ਸਕਦਾ ਹੈ। ਔਖੇ ਤੋਂ ਔਖੇ ਵਿਸ਼ੇ ਉਤੇ ਆਪਣੀ ਕਥਾ-ਸਿਰਜਣਾ ਦਾ ਆਧਾਰ ਬਣਾਉਂਦੇ ਹੋਏ ਭਾਸ਼ਾਈ ਮਰਿਆਦਾ ਨੂੰ ਕਾਇਮ ਰੱਖਦੀ ਹੈ। ਸਹਿਜਤਾ ਉਸ ਦੀ ਕਹਾਣੀ ਦਾ ਮੀਰੀ ਗੁਣ ਹੈ, ਇਸ ਤੋਂ ਅਗਲੀ ਕਹਾਣੀਕਾਰਾ ਵੀਨਾ ਵਰਮਾ ਹੈ। ਉਹ ਆਪਣੇ ਪਹਿਲੇ ਕਹਾਣੀ ਸੰਗ੍ਰਹਿ 'ਮੁੱਲ ਦੀ ਤੀਵੀਂ' ਨਾਲ ਚਰਚਾ ਵਿਚ ਆਉਂਦੀ ਹੈ। ਇਸ ਚਰਚਾ ਦੇ ਕੇਂਦਰ ਵਿਚ ਉਸਦੀ ਕਥਾ-ਦ੍ਰਿਸ਼ਟੀ ਨਹੀਂ, ਸਗੋਂ ਨਾਰੀ ਹੋ ਕੇ ਭਾਸ਼ਾਈ ਮਰਿਆਦਾ ਨੂੰ ਉਲੰਘਣਾ ਅਤੇ ਸਨਸਨੀਖੇਜ਼ ਦ੍ਰਿਸ਼ ਚਿਤਰਣ ਸੀ। ਪੰਜਾਬੀ ਕਹਾਣੀ ਦੇ ਅਖੌਤੀ ਚਿੰਤਕਾਂ ਨੇ ਇਸ ਨੂੰ ਉਸ ਦਾ ਮੀਰੀ ਗੁਣ ਬਣਾ ਕੇ ਪੇਸ਼ ਕੀਤਾ। ਉੱਚੀ ਸੁਰ ਵਾਲਾ ਭਾਸ਼ਾਈ ਪੈਟਰਨ ਉਸ ਦੀ ਕਹਾਣੀ ਦਾ ਕੇਂਦਰ-ਬਿੰਦੂ ਬਣ ਗਿਆ। ਉਸ ਨੇ ਅਜਿਹੇ ਅਲੋਚਕਾਂ ਦੇ ਪ੍ਰਭਾਵ ਥੱਲੇ ਇਸ ਔਗੁਣ ਨੂੰ ਗੁਣ ਸਮਝ ਕੇ, ਆਪਣੀ ਕਥਾਕਾਰੀ ਦਾ ਸਥਾਈ ਅੰਗ ਬਣਾ ਲਿਆ। 'ਮੁੱਲ ਦੀ ਤੀਵੀਂ' ਤੋਂ ਬਾਅਦ 'ਫਰੰਗੀਆਂ ਦੀ ਨੂੰਹ, ਜੋਗੀਆ ਦੀ ਧੀ, ਅਤੇ ਹੁਣ 'ਇਕ ਕੁੜੀ ਇਕੱਲੀ', ਉਸ ਦੀ ਸਿਰਜਣਕਾਰੀ ਦੇ ਪੜਾਅ ਹਨ। ਸੱਜਰੇ ਕਹਾਣੀ ਸੰਗ੍ਰਹਿ ਵਿਚ ਉਹ ਮਹਾਜਨੀ ਸਭਿਆਚਾਰ ਨਾਲ ਜੁੜੇ ਪਾਤਰਾਂ ਨੂੰ ਪੇਸ਼ ਕਰਕੇ ਨਵੇਂ ਖੇਤਰ ਵਿਚ ਪ੍ਰਵੇਸ਼ ਹੀ ਨਹੀਂ ਕਰਦੀ, ਸਗੋਂ ਵਿਡੰਬਣਾ ਨੂੰ ਆਪਣੀ ਕਥਾ ਦ੍ਰਿਸ਼ਟੀ ਦਾ ਅਧਾਰ ਬਣਾਉਂਦੀ ਹੈ। ਬਲਬੀਰ ਕੌਰ ਸੰਘੇੜਾ 'ਖੰਡਰ', ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਨਾਲ ਆਪਣੀ ਕਥਾਕਾਰੀ ਨੂੰ ਵਿਸਥਾਰ ਦਿੰਦੀ ਹੈ। ਉਸ ਤੋਂ ਬਿਨਾਂ ਕਨੇਡਾ ਵਿਚ ਰਾਜ ਨੀਲਮ ਸੈਣੀ, ਸੁਰਜੀਤ ਕੌਰ ਅਤੇ ਗੁਰਮੀਤ ਪਨਾਂਗ ਵੀ ਇਸ ਖੇਤਰ ਵਿਚ ਅੱਗੇ ਆਈਆਂ ਹਨ। ਇਧਰ ਰਸ਼ਪਿੰਦਰ ਰਸਿਮ ਦਾ ਨਾਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਤੇਜ਼ੀ ਨਾਲ ਉਭਰ ਕੇ ਸਾਹਮਣੇ ਆਇਆ। ਉਹ 'ਛਲੇਡਾ' ਕਹਾਣੀ ਸੰਗ੍ਰਹਿ ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਉਹ ਮਰਦ ਦੇ ਵਿਹਾਰ ਸਾਹਮਣੇ ਚੁਣੌਤੀ ਖੜੀ ਕਰਦੀ ਹੈ ਅਤੇ ਮਰਦ ਨੂੰ ਸ਼ੋਸਣ ਦਾ ਵਾਹਕ ਬਣਾ ਕੇ ਪੇਸ਼ ਕਰਦੀ ਹੈ। 'ਉਧੜੀ ਹੋਈ ਗੁੱਡੀ' ਨਾਲ ਉਸ ਦਾ ਕਥਾ-ਚਿੰਤਨ ਅਤੇ ਬਿਰਤਾਂਤਕਾਰੀ ਸਿਖਰ ਉਤੇ ਪਹੁੰਚਦੇ ਹਨ। ਇਸ ਸਿਰਜਣਕਾਰੀ ਦੌਰਾਨ ਦ੍ਰਿਸ਼ਟੀ ਪੱਖੋਂ ਮਾਨਵਵਾਦ ਦੀਆਂ ਪੈੜਾਂ ਨੂੰ ਗੂੜ੍ਹਾ ਕਰਦੀ ਹੈ। ਉਹ ਨਾਰੀ ਨੂੰ ਇਕ ਅਜ਼ਾਦ ਜੁਜ ਬਣਾ ਕੇ ਪੇਸ਼ ਕਰਦੀ ਹੈ। ਇਹੀ ਰਸ਼ਿਮ ਦੀ ਪ੍ਰਾਪਤੀ ਹੈ। ਉਸ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਮਹਾਂਨਗਰ ਹੈ। ਕੁਲਬੀਰ ਬਡੇਸਰੋ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਵੀ ਮਹਾਂਨਗਰ ਹੈ। ਉਹ ਫ਼ਿਲਮੀ ਦੁਨੀਆਂ ਦੇ ਸਰੋਕਾਰਾਂ ਨੂੰ ਕਹਾਣੀ ਦਾ ਕੇਂਦਰ ਬਣਾਉਂਦੀ ਹੈ। ਉਸ ਦੀ ਕਹਾਣੀ 'ਬਕ-ਬਕ' ਉਸ ਦੀ ਕਥਾਕਾਰੀ ਦਾ ਸਿਖ਼ਰ ਹੈ। ਨਿਰਮਲ ਜਸਵਾਲ ਵੀ ਇਸੇ ਪੀੜ੍ਹੀ ਦੀ ਮਹੱਤਵਪੂਰਨ ਕਹਾਣੀਕਾਰ ਹੈ। ਉਹ 'ਇਕ ਚੁੱਪ ਜਿਹੀ ਕੁੜੀ' ਨਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। 'ਮੱਛੀਆਂ ਕੱਚ ਦੀਆਂ' ਨਾਲ ਸਥਾਪਤ ਹੁੰਦੀ ਹੈ ਅਤੇ 'ਅੰਗਾਰ' ਕਹਾਣੀ ਸੰਗ੍ਰਹਿ ਨਾਲ ਸਿਖਰ ਉਤੇ ਪਹੁੰਚਦੀ ਹੈ। ਉਸ ਦੀਆਂ ਕਹਾਣੀਆਂ ਵਿਚਲੀ ਨਾਰੀ ਮਰਦ ਦੀ ਮਰਦਾਵੀਂ ਅੰਹਿ ਸਾਹਮਣੇ ਸਵਾਲ ਕਰਦੀ ਹੈ। ਉਸ ਦੀ ਕਹਾਣੀ ਦੀ ਬਣਤਰ ਬਹੁਤ ਪੀਂਡੀ ਹੁੰਦੀ ਹੈ। ਉਹ ਕਹਾਣੀ ਦੇ ਅੰਤ ਵਿਚ ਅੰਹਿ ਨੂੰ ਪੰਕਚਰ ਕਰਦੀ ਹੈ। ਇਸ ਨਾਲ ਉਸਦੀ ਕਹਾਣੀ ਸਿਖਰ ਤੇ ਪਹੁੰਚਦੀ ਹੈ।

ਉਸ ਦੀਆਂ ਨਾਰੀ ਪਾਤਰ ਵਿਪਰੀਤ ਪ੍ਰਸਥਿਤੀਆਂ ਵਿਚ ਆਪਣੀ ਹੋਂਦ ਕਾਇਮ ਰੱਖਦੀਆਂ ਹਨ। ਇਨ੍ਹਾਂ ਤੋਂ ਬਿਨਾਂ ਸਰਘੀ, ਕੇ. ਤ੍ਰਿਪਤਾ ਸਿੰਘ, ਦੀਪਤੀ ਬਬੂਟਾ, ਵਿਸ਼ਵ ਜੋਤੀ ਧੀਰ ਵੀ ਸਿਰਜਣਕਾਰੀ ਨਾਲ ਜੁੜੀਆਂ ਹੋਈਆਂ ਅਤੇ ਸੋਸ਼ਲ ਮੀਡੀਆ ਉੱਤੇ ਵਧੇਰੇ ਸਰਗਰਮ ਹਨ। ਪਤਾ ਨਹੀਂ ਇਹ ਸਿਰਜਣਕਾਰੀ ਲਈ ਵਰ ਬਣਦਾ ਹੈ ਜਾਂ ਸਰਾਪ।

ਚੌਥੀ ਪੀੜ੍ਹੀ ਦੀ ਕਥਾ ਦਾ ਸਭ ਤੋਂ ਤਾਕਤਵਰ ਪਾਸਾਰ ਦਲਿਤ ਕਹਾਣੀ ਵਿਚ ਆਏ ਦ੍ਰਿਸ਼ਟੀਗਤ ਬਦਲਾਅ ਹਨ। ਇਸ ਬਦਲਾਅ ਨੇ ਪੰਜਾਬੀ ਦਲਿਤ ਕਹਾਣੀ ਦੀ ਵਸਤ ਵਿਚ ਵੀ ਤਬਦੀਲੀ ਲਈ ਸਪੇਸ ਪੈਦਾ ਕਰ ਦਿੱਤੀ। ਇਸ ਨੇ ਪਰੰਪਰਾ ਵਿਚ ਪਈ ਦਲਿਤ ਕਹਾਣੀ ਲਈ ਚੁਣੌਤੀ ਖੜ੍ਹੀ ਕਰ ਦਿੱਤੀ, ਜਿਹੜੀ ਦਲਿਤ ਕਹਾਣੀ ਘੁੰਮ ਫਿਰ ਕੇ ਆਰਥਿਕ ਅਧਾਰ ਨੂੰ ਮਨੁੱਖੀ ਵਿਹਾਰ ਦਾ ਕੇਂਦਰ ਬਿੰਦੂ ਬਣਾ ਕੇ ਪੇਸ਼ ਕਰਦੀ ਸੀ, ਉਸ ਨੇ ਧਿਆਨ ਸਮਾਜਿਕ ਸਾਂਸਕ੍ਰਿਤ ਉਤੇ ਕੇਂਦਰਿਤ ਕਰ ਦਿੱਤਾ। ਇਸ ਵਰਤਾਰੇ ਵਿਚੋਂ ਚੌਥੀ ਪੀੜ੍ਹੀ ਦਾ ਇਕ ਸ਼ਕਤੀਸ਼ਾਲੀ ਪੂਰ ਸਾਹਮਣੇ ਆਇਆ ਇਨ੍ਹਾਂ ਵਿਚ ਸਰੂਪ ਧਿਆਨਵੀ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਮੱਖਣ ਮਾਨ, ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ ਅਤੇ ਗੁਰਮੀਤ ਸਿੰਘ ਸਿੰਗਲ ਪ੍ਰਮੁੱਖ ਹਨ। ਜਿਹੜੀ ਕਹਾਣੀ ਚੌਥੀ ਪੀੜ੍ਹੀ ਲਿਖ ਰਹੀ ਹੈ ਉਸ ਦੀਆਂ ਜੜ੍ਹਾਂ ਅਤਰਜੀਤ ਅਤੇ ਪ੍ਰੇਮ ਗੋਰਖੀ ਵਿਚ ਮੌਜੂਦ ਸਨ। ਪ੍ਰੇਮ ਗੋਰਖੀ ਨੇ ਨਵੀਂ ਪੀੜ੍ਹੀ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਉਤਸ਼ਾਹਿਤ ਵੀ ਕੀਤਾ। ਉਸ ਨੇ ਪਹਿਲੀ ਵਾਰੀ ਸਮਾਜਿਕ ਸਰੋਕਾਰਾਂ ਨੂੰ ਅਰਥਿਕਤਾ ਤੋਂ ਉਪਰ ਰੱਖ ਕੇ ਵੇਖਿਆ। ਉਸ ਦਾ ਬਾਅਦ ਵਾਲਾ ਕਹਾਣੀ ਸੰਗ੍ਰਹਿ 'ਧਰਤੀ ਪੁੱਤਰ' ਬਹੁਤ ਮਹੱਤਵਪੂਰਨ ਸੀ। ਉਹ ਪੰਜਾਬੀ ਦਲਿਤ ਚਿੰਤਨ ਦਾ ਸੂਖਮ ਕਹਾਣੀਕਾਰ ਸੀ। ਸਰਵਨ ਜਾਤੀ ਵਿੱਚੋਂ ਆਈਆਂ ਸ਼ਸ਼ਕਤ ਨਾਰੀ ਪਾਤਰ ਬਹੁਤ ਮਹੱਤਵਪੂਰਨ ਹਨ, ਉਹ ਕਹਾਣੀ ਵਿਚ ਆ ਕੇ ਬੇ-ਜਾਤ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਭੂਰਾ ਸਿੰਘ ਕਲੇਰ ਵੀ ਮਹੱਤਵਪੂਰਨ ਕਹਾਣੀਕਾਰ ਹੈ ਜਿਹੜਾ ਚੌਥੀ ਪੀੜ੍ਹੀ ਦੀ ਦਲਿਤ ਕਹਾਣੀ ਦਾ ਪ੍ਰੇਰਕ ਬਣਿਆ। ਚੌਥੀ ਪੀੜ੍ਹੀ ਦੇ ਕਥਾਕਾਰਾਂ ਵਿਚੋਂ ਸਰੂਪ ਸਿਆਲਵੀ ਵੀ ਪ੍ਰਮੁੱਖ ਹੈ। ਉਹ ਦਲਿਤ ਕਹਾਣੀਕਾਰਾਂ ਵਿਚ ਦਲਿਤ ਚਿੰਤਨ ਪ੍ਰਤੀ ਸਭ ਤੋਂ ਵੱਧ ਸੁਚੇਤ ਹੈ। ਉਸ ਦੀਆਂ ਕਹਾਣੀਆਂ ਦੇ ਕੇਂਦਰ ਵਿਚ ਸਮਾਜਿਕ ਸੰਕਟ ਵਿਚੋਂ ਦੁੱਖ ਭੋਗਦੇ ਪਾਤਰਾਂ ਦਾ ਕੋਲਾਜ ਬਣਦਾ ਹੈ। ਉਹ ਦਲਿਤ ਜੀਵਨ ਦੇ ਦਾਰਸ਼ਨਿਕ ਅਤੇ ਰਾਜਸੀ ਪਰਿਪੇਖ ਨੂੰ ਵਿਹਾਰ ਦਾ ਹਿੱਸਾ ਬਣਾ ਕੇ ਪੇਸ਼ ਕਰਦਾ ਹੈ। ਉਹ 'ਪਿੰਡ ਅਜੇ ਜਿਊਂਦਾ' ਹੈ, ਕਹਾਣੀ ਸੰਗ੍ਰਹਿ ਨਾਲ ਕਹਾਣੀ ਦੇ ਖੇਤਰ ਵਿਚ ਪ੍ਰੇਸ਼ ਕਰਦਾ ਹੈ। ਉਹ ਦਲਿਤ ਪੰਜਾਬੀ ਕਹਾਣੀ ਵਿਚ ਦਾਰਸ਼ਨਿਕ ਰਾਜਸੀ ਚੇਤਨਾ ਕਰਕੇ ਵੱਖਰਾ ਸਥਾਨ ਰੱਖਦਾ ਹੈ। ਇਸੇ ਧਾਰਾ ਵਿਚ ਮੱਖਣ ਮਾਨ 'ਸਿਮਰਤੀ ਸਮਾਰੋਹ' ਕਹਾਣੀ ਸੰਗ੍ਰਹਿ ਨਾਲ ਪ੍ਰਵੇਸ਼ ਕਰਦਾ ਹੈ। ਉਹ 'ਹਾਰਿਆ ਹੋਇਆ' ਕਹਾਣੀ ਨਾਲ ਪਾਠਕਾਂ ਦਾ ਧਿਆਨ ਖਿੱਚਦਾ ਹੈ। 'ਖੌਲਦੇ ਪਾਣੀ' ਕਹਾਣੀ ਸੰਗ੍ਰਹਿ ਵਿਚੋਂ ਵਿਦਰੋਹਮੁਖੀ ਚੇਤਨਾ ਕਹਾਣੀ ਨੂੰ ਨਵਾਂ ਰੂਪ ਦਿੰਦੀ ਹੈ। ਆਪਣੀ ਕਹਾਣੀ ਨਾਲ ਉਹ ਦਲਿਤ ਜੀਵਨ ਅਤੇ ਚੇਤਨਾ ਦੇ ਖੇਤਰ ਵਿਚ ਨਵੇਂ ਸੁਆਲ ਪੈਦਾ ਕਰਦਾ ਹੈ। ਅੱਜਕੱਲ੍ਹ ਉਸ ਦੀ ਸਿਰਜਣਕਾਰੀ ਕਵਿਤਾ ਵੱਲ ਮੋੜ ਕੱਟ ਗਈ ਹੈ। ਦੇਸ ਰਾਜ ਕਾਲੀ ਚੌਥੀ ਪੀੜ੍ਹੀ ਦੇ ਮੁੱਢਲੇ ਪੜਾਅ ਦਾ ਸਭ ਤੋਂ ਸੰਭਾਨਾਵਾਂ ਭਰਪੂਰ ਕਹਾਣੀਕਾਰ ਹੈ। ਉਹ ਬਹੁਤ ਥੋੜ੍ਹੀ ਉਮਰ ਵਿਚ 'ਕਥ-ਕਾਲੀ' ਕਹਾਣੀ ਸੰਗ੍ਰਹਿ ਰਾਹੀਂ ਕਹਾਣੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਸ ਦਾ ਕਥਾ ਸੰਸਾਰ ਫੈਲਦਾ ਹੀ ਨਹੀਂ, ਸਗੋਂ ਉਹ ਕਲਾ ਦੇ ਪੱਖੋਂ ਵਿਕਾਸ ਕਰਦਾ ਹੈ। 'ਯਹਾਂ ਜਾਏ ਅੱਛੀ ਨਹੀਂ ਬਣਤੀ', ਵਿਚ ਉਹ ਦਲਿਤ ਕਹਾਣੀ ਵਿਚ ਨਵੇਂ



ਆਯਾਮ ਜੋੜ ਦਿੰਦਾ ਹੈ। ਇਸ ਸਮੇਂ ਇਕ ਸਮਰੱਥਾ ਭਰਪੂਰ ਕਹਾਣੀਕਾਰ ਭਗਵੰਤ ਰਸੂਲਪੁਰੀ ਸਾਹਮਣੇ ਆਉਂਦਾ ਹੈ ਜਿਹੜਾ ਹੁਣ ਤਕ ਨਿਰੰਤਰ ਵਿਕਾਸ ਕਰਦਾ ਆ ਰਿਹਾ ਹੈ। ਉਹ ਆਪਣੇ ਦੂਜੇ ਕਹਾਣੀ ਸੰਗ੍ਰਹਿ 'ਮੈਂ ਸ਼ੈਤਾਨ ਤੇ ਇੰਦੂਮਣੀ' ਨਾਲ ਆਪਣੀ ਵੱਖਰੀ ਪਛਾਣ ਬਣਾ ਲੈਂਦਾ ਹੈ। 'ਕੁੰਭੀ ਨਰਕ', ਤਕ ਪਹੁੰਚ ਕੇ ਉਹ ਦਲਿਤ ਕਹਾਣੀ ਦਾ ਵਿਸਥਾਰ ਹੀ ਨਹੀਂ ਕਰਦਾ ਸਗੋਂ ਦਲਿਤ ਚਿੰਤਨ ਵਿਚ ਸੰਵਾਦੀ ਬਿਰਤਾਂਤ ਸਿਰਜ ਕੇ ਦ੍ਰਿਸ਼ਟੀ ਪੱਖੋਂ ਇਕ ਨਵੀਂ ਚਿੰਤਨ ਦ੍ਰਿਸ਼ਟੀ ਦਾ ਵਾਹਕ ਬਣ ਜਾਂਦਾ ਹੈ। ਇਹੀ ਭਗਵੰਤ ਦੀ ਵਿਲੱਖਣਤਾ ਹੈ। ਕਸੂਰਵਾਰ, ਆਦਿ ਡੰਕਾ 'ਜੜ੍ਹਾਂ' ਉਸ ਦੀਆਂ ਲੋਕਾਂ ਦੇ ਚੇਤਿਆਂ 'ਚ ਵਸਣ ਵਾਲੀਆਂ ਕਹਾਣੀਆਂ ਹਨ। ਇਸੇ ਸਮੇਂ ਗੁਰਮੀਤ ਕੜਿਆਲਵੀ ਅਤੇ ਬਿੰਦਰ ਬਸਰਾ ਦਲਿਤ ਕਹਾਣੀ ਦੇ ਖੇਤਰ ਵਿਚ ਆਪਣੀਆਂ ਪੈੜਾਂ ਗੂਹੜੀਆਂ ਕਰਦੇ ਹਨ। ਗੁਰਮੀਤ ਸਿੰਘ ਸਿੰਗਲ ਅਤੇ ਮੋਹਨ ਲਾਲ ਫਿਲੌਰੀਆ ਇਸ ਧਾਰਾ ਦੇ ਗੌਲਣਯੋਗ ਕਹਾਣੀਕਾਰ ਹਨ। ਇਸੇ ਧਾਰਾ ਦੇ ਵਿਸਤ੍ਰਿਤ ਵੇਰਵਿਆਂ ਨੂੰ ਦਲਿਤ ਜੀਤਨ ਤੋਂ ਤਕਰਸ਼ੀਲਤਾ ਤਕ ਫੈਲਾਉਣ ਵਾਲਾ ਕਹਾਣੀਕਾਰ ਅਜਮੇਰ ਸਿੱਧੂ ਹੈ। ਉਹ 'ਨੱਚੀਕੇਤ ਦੀ ਮੌਤ' ਤੋਂ ਲੈ ਕੇ 'ਜਹਾਜ਼ ਵਾਲੀ ਟੈਂਕੀ', ਨਾਲ ਸਿਰਜਣਕਾਰੀ ਦੇ ਖੇਤਰ ਵਿਚ ਨਿਰੰਤਰ ਵਿਕਾਸ ਕਰਦਾ ਹੈ। 'ਸ਼ਾਇਦ ਰੰਮੀ ਮਨ ਜਾਏ', ਵਿਚ ਇਤਿਹਾਸਕ ਪਾਤਰਾਂ ਰਾਹੀਂ ਕਲਾ ਦੇ ਖੇਤਰ ਵਿਚਲੇ ਪ੍ਰੇਰਕਾਂ ਨੂੰ ਬਹੁਤ ਸਿੱਦਤ ਨਾਲ ਪੇਸ਼ ਕਰਦਾ ਹੈ। 'ਜਹਾਜ਼ ਵਾਲੀ ਟੈਂਕੀ' ਵਿਚ ਪਰਵਾਸ ਧਾਰਨ ਦੀ ਇੱਛਾ ਦੇ ਮਸਲਿਆਂ ਨੂੰ ਕਿਸਾਨੀ ਸੰਕਟ ਨਾਲ ਪੇਸ਼ ਕਰਕੇ ਕਮਾਲ ਦੀ ਕਹਾਣੀ ਸਿਰਜਣਕਾਰੀ ਦਾ ਸਬੂਤ ਦਿੰਦਾ ਹੈ। ਇਸ ਤਰ੍ਹਾਂ ਉਹ ਚੌਥੀ ਪੀੜ੍ਹੀ ਦਾ ਤਾਕਤਵਰ ਸੂਤਰ ਹੋ ਨਿਬੜਦਾ ਹੈ।

ਵੀਹਵੀਂ ਸਦੀ ਦੇ ਆਖਰੀ ਦਹਾਕੇ ਤੋਂ ਲੈ ਕੇ ਇਕਵੀਂ ਸਦੀ ਦੇ ਦੂਜੇ ਦਹਾਕੇ ਦੇ ਤਿੰਨ ਦਹਾਕਿਆਂ ਦੇ ਸਮੇਂ ਦੌਰਾਨ ਪਰਵਾਸੀ ਕਹਾਣੀ ਦਾ ਅਜਿਹਾ ਖੇਤਰ ਹੈ, ਜਿਸ ਨੇ ਪੰਜਾਬੀ ਕਹਾਣੀ ਨੂੰ ਹੀ ਨਹੀਂ ਫੈਲਾਇਆ ਸਗੋਂ ਕਹਾਣੀ ਨੂੰ ਵੀ ਗਤੀਸ਼ੀਲ ਕੀਤਾ ਹੈ। ਇਸ ਪਰਵਾਸੀ ਕਹਾਣੀਕਾਰਾਂ ਦੀ ਧਾਰਾ ਵਿਚ ਹਰਜੀਤ ਅਟਵਾਲ, ਸੰਤੋਖ ਧਾਲੀਵਾਲ, ਜਰਨੈਲ ਸਿੰਘ, ਮੇਜਰ ਮਾਂਗਟ, ਕੁਲਜੀਤ ਮਾਨ, ਹਰਪ੍ਰੀਤ ਸੇਖਾਂ ਵਰਗੇ ਕਹਾਣੀਕਾਰ ਸਾਹਮਣੇ ਆਏ। ਇਨ੍ਹਾਂ ਵਿਚ ਨਵੀਂ ਪੀੜ੍ਹੀ ਵਿਚੋਂ ਹਰਪ੍ਰੀਤ ਸੇਖਾ ਨੇ ਗੌਲਣਯੋਗ ਕਹਾਣੀਆਂ ਦੀ ਰਚਨਾ ਕੀਤੀ। ਹਰਜੀਤ ਅਟਵਾਲ ਵੱਡਾ ਕਹਾਣੀਕਾਰ ਹੈ ਪ੍ਰੰਤੂ ਉਸ ਦਾ ਪ੍ਰਸਾਰ-ਤੰਤਰ ਅਤੇ ਲੋਕ ਸੰਪਰਕ ਬਹੁਤ ਮਜਬੂਤ ਹੈ। ਇਹ ਉਸਦੀ ਕਹਾਣੀ ਦੀ ਤਾਕਤ ਹੈ। ਕਹਾਣੀ ਬੁਣਨ ਵਿਚ ਉਹ ਬਹੁਤ ਮਾਹਿਰ ਹੈ। ਬਿਰਤਾਂਤਕਾਰੀ ਦਾ ਉਹ ਉਸਤਾਦ ਹੈ। ਕਹਾਣੀ ਨੂੰ ਸਹਿਜ ਰੂਪ ਵਿਚ ਉਹ ਘਟਨਾਵੀਂ ਪ੍ਰਬੰਧ ਵਿਚ ਬੰਨ੍ਹਦਾ ਹੈ ਅਤੇ ਹੌਲੀ-ਹੌਲੀ ਉਸ ਨੂੰ ਕਹਾਣੀ ਵਿਚ ਬਦਲ ਦੇਂਦਾ ਹੈ। ਉਹ ਹਰ ਰੋਜ਼ ਲਿਖਦਾ ਹੈ। ਨਾਵਲਾਂ ਦਾ ਢੇਰ ਉਸਾਰ ਲਿਆ ਹੈ। ਕਹਾਣੀਆਂ ਦੀ ਗਿਣਤੀ ਕਰਨ ਵਿਚ ਸਮਾਂ ਲੱਗਦਾ ਹੈ। ਕਰੋਨਾ ਕਰਕੇ ਰੋਕ ਲੱਗ ਗਈ ਨਹੀਂ ਹਰ ਸਾਲ ਬਾਅਦ ਪੰਜਾਬ ਆਉਂਦਾ ਹੈ। ਇਸ ਕਰਕੇ ਉਸ ਕੋਲ ਵਿਸ਼ਾਲ ਅਨੁਭਵ ਹੈ। ਇਹ ਅਨੁਭਵ ਕਹਾਣੀ ਵਿਚ ਰੰਗ ਭਰਨ ਦੇ ਕੰਮ ਆਉਂਦਾ ਹੈ। ਸੰਤੋਖ ਧਾਲੀਵਾਲ ਇੰਗਲੈਂਡ ਵਿਚਲੇ ਕਹਾਣੀਕਾਰ ਵਿਚ ਸਹਿਜ ਲੇਖਕ ਹੈ। 'ਨੱਚਦੇ ਮੋਰਾਂ ਵਾਲੀ ਚਾਦਰ' ਕਹਾਣੀ ਸੰਗ੍ਰਹਿ ਨਾਲ ਉਹ ਪੰਜਾਬੀ ਕਥਾ ਸਿਰਜਣਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। 'ਤੇ ਕਾਨੂੰ ਮਰ ਗਿਆ' ਨਾਲ ਉਸ ਦੀ ਸਿਰਜਣਕਾਰੀ ਨਵੇਂ ਦੌਰ ਵਿਚ ਪ੍ਰਵੇਸ਼ ਕਰਦੀ ਹੈ। ਉਸ ਦੀ ਸਿਰਜਣਕਾਰੀ ਪੀੜ੍ਹੀ ਪਾੜੇ 'ਚੋਂ ਹੁੰਦੀ ਹੋਈ ਸਮਨਵੇਂ ਦੇ ਵਰਤਾਰੇ ਤਕ ਪਹੁੰਚਦੀ ਹੈ। ਉਹ ਸਥਾਨਕ ਗੋਰੇ ਸਮਾਜ ਦਾ ਹਾਂਮੁਖੀ

ਚਿਤਰ ਪੇਸ਼ ਕਰਦਾ ਹੈ। ਉਸ ਦਾ ਬਿਰਤਾਂਤਕ ਸੰਗਠਨ ਸਾਹਿਜਤਾ ਤੋਂ ਸੰਕਟ ਅਤੇ ਸੰਕਟ ਤੋਂ ਸਹਿਜਤਾ ਵਲ ਮੁੜ ਜਾਂਦਾ ਹੈ। ਉਹ ਕਹਾਣੀ ਨੂੰ ਦੁਖਾਂਤਕ ਪੈਟਰਨ ਵਿਚ ਢਾਲਦੇ ਸਮੇਂ ਆਪਣੀ ਦ੍ਰਿਸ਼ਟੀਗਤ ਪਹੁੰਚ ਨੂੰ ਹਿਲਨ ਨਹੀਂ ਦਿੰਦਾ। ਇਹ ਉਸ ਦੀ ਪ੍ਰਾਪਤੀ ਹੈ। ਜਰਨੈਲ ਸਿੰਘ ਵੀ ਇਸ ਸਮੇਂ ਦਾ ਸਮਰੱਥਾ ਭਰਪੂਰ ਕਹਾਣੀਕਾਰ ਹੈ। ਮੇਜਰ ਮਾਂਗਟ ਅਤੇ ਕੁਲਜੀਤ ਮਾਨ ਇਸ ਦੌਰ ਦੇ ਗੌਲਣਯੋਗ ਕਹਾਣੀਕਾਰ ਹਨ। ਇਸੇ ਸਮੇਂ ਨਵੀਂ ਪੀੜ੍ਹੀ ਦਾ ਕਥਾਕਾਰ ਹਰਪ੍ਰੀਤ ਸੇਖਾ ਸਾਹਮਣੇ ਆਉਂਦਾ ਹੈ। ਉਸ ਦੀ ਵਾਰਤਕ ਨੇ ਪੰਜਾਬੀ ਪਾਠਕ ਦਾ ਧਿਆਨ ਖਿੱਚਿਆ ਹੈ। ਉਹ 'ਬੀਜੀ ਮੁਸਕਰਾ ਪਏ' ਅਤੇ 'ਪਿਜ਼ਮ' ਕਹਾਣੀ ਸੰਗ੍ਰਿਹਾਂ ਰਾਹੀਂ ਪੰਜਾਬੀ ਪਾਠਕ ਦਾ ਧਿਆਨ ਖਿੱਚਦਾ ਹੈ। ਉਸ ਦੀ ਕਹਾਣੀ ਦਾ ਸਭ ਤੋਂ ਮਹੱਤਵਪੂਰਨ ਪਸਾਰ ਕਨੇਡੀਅਨ ਸਮਾਜ ਦਾ ਮਾਨਵੀ ਰੂਪ ਹੈ। ਉਸ ਕੋਲ ਇਕ ਭਾਸ਼ਾਈ ਰਜਿਸਟਰ ਹੈ। ਇਹ ਨਿਵੇਕਲੇ ਕਥਾਕਾਰਾਂ ਕੋਲ ਹੀ ਹੈ। ਹਰਪ੍ਰੀਤ ਸੇਖਾ ਨਾਲ ਪਰਵਾਸੀ ਪੰਜਾਬੀ ਕਹਾਣੀ ਨਵੇਂ ਖੇਤਰ ਵਿਚ ਪ੍ਰਵੇਸ਼ ਕਰਦੀ ਹੇ। ਉਮਰ ਦੇ ਹਿਸਾਬ ਨਾਲ ਹਰਪ੍ਰੀਤ ਸਮਰੱਥਾ ਭਰਪੂਰ ਕਹਾਣੀਕਾਰ ਹੈ। ਉਸ ਤੋਂ ਪੰਜਾਬੀ ਪਾਠਕ ਨੂੰ ਬਹੁਤ ਉਮੀਦਾਂ ਹਨ। ਕਨੇਡਾ ਵਿਚ ਇਕ ਹੋਰ ਸਮਰੱਥ ਕਹਾਣੀਕਾਰ ਅਮਨਪਾਲ ਸਾਰਾ ਸਾਹਮਣੇ ਆਇਆ। ਬਿਮਾਰੀ ਕਾਰਨ ਉਹ ਸਿਰਜਣਕਾਰੀ ਵਿਚ ਸਰਗਰਮ ਰਹਿਣ ਤੋਂ ਅਸਮਰੱਥ ਹੋ ਗਿਆ। ਪਰਵਾਸੀ ਕਹਾਣੀ ਇਤਿਹਾਸ ਵਿਚ ਉਸ ਦੀਆਂ ਮਿਸਾਲੀ ਕਹਾਣੀਆਂ ਮੌਜੂਦ ਹਨ। ਉਹ ਕਹਾਣੀਆਂ ਲਿਖਦਾ, ਫ਼ਿਲਮਾਂ 'ਚ ਐਕਟਿੰਗ ਕਰਦਾ ਪ੍ਰੰਤੂ ਪਾਰਕਿਨਸ਼ਨ ਦਾ ਸ਼ਿਕਾਰ ਹੋ ਗਿਆ। ਉਸ ਦੀ ਕਹਾਣੀ 'ਮਾਰਗਰੀਤਾ' ਪੱਛਮੀ ਜੀਵਨ ਮੁੱਲਾਂ ਦੇ ਵਿਅਕਤੀਕਰਨ ਨੂੰ ਮਾਨਵੀ ਮੁੱਲਾਂ ਦਾ ਅਮਾਨਵੀ ਰੂਪ ਬਣਾ ਕੇ ਪੇਸ਼ ਕਰਦੀ ਹੈ। ਉਸ ਤੋਂ ਬਾਅਦ ਉਸ ਦੀਆਂ ਕਹਾਣੀਆਂ ਨੇ ਇਕ ਨਵਾਂ ਪੈਰਾਡਾਇਮ ਉਭਾਰਨਾ ਸ਼ੁਰੂ ਕੀਤਾ। ਉਸ ਦਾ ਪਹਿਲਾਂ ਕਹਾਣੀ ਸੰਗ੍ਰਹਿ 'ਸਰਦ ਰਿਸ਼ਤੇ' ਅਤੇ ਫਿਰ 'ਵੀਹਾਂ ਦਾ ਨੋਟ' ਸਾਹਮਣੇ ਆਇਆ। ਇਸ ਤੋਂ ਬਿਨਾਂ ਉਸ ਦੀਆਂ ਕਹਾਣੀਆਂ ਵੱਖ-ਵੱਖ ਸਾਹਿਤਕ ਪਰਚਿਆਂ ਵਿਚ ਛਪਦੀਆਂ ਰਹੀਆਂ। ਡਾਇਮੰਡ ਰਿੰਗ, ਰੋਬਨਸਨ ਸੁਕਾਇਰ, ਉਸ ਦੀਆਂ ਚਰਚਿਤ ਕਹਾਣੀਆਂ ਰਹੀਆਂ। ਅਸਲ ਵਿਚ ਉਸ ਨੇ ਪੱਛਮ ਦਾ ਹਾਂ ਪੱਖੀ ਵਿਹਾਰ ਉਭਾਰਨ ਵਿਚ ਪਹਿਲ ਕੀਤੀ। ਉਸ ਦੀਆਂ ਕਹਾਣੀਆਂ ਦੀ ਬਣਤਰ ਇੰਨੀ ਸੰਘਣੀ ਹੁੰਦੀ ਹੈ ਕਿ ਇਕ ਸ਼ਬਦ ਹਿਲਾਉਣ ਨਾਲ ਹੀ ਕਹਾਣੀ ਬਿਖਰ ਸਕਦੀ ਸੀ। ਪਤਾ ਨਹੀਂ ਜੇ ਉਹ ਠੀਕ ਰਹਿੰਦਾ ਪਰਵਾਸੀ ਕਹਾਣੀ ਨੂੰ ਕਿਸ ਮੁਕਾਮ 'ਤੇ ਪਹੁੰਚਾ ਦਿੰਦਾ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਵਿਚੋਂ ਉਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਇਸ ਦੌਰ ਦੀ ਪਾਕਿਸਤਾਨੀ ਕਹਾਣੀ ਲਿਪੀ ਦੇ ਵਖਰੇਵੇਂ ਕਰਨੇ ਦੇਸ਼ ਵੰਡ ਤੋਂ ਬਾਅਦ ਪੈਦਾ ਹੋਈ ਪੀੜ੍ਹੀ ਲਈ ਸੰਚਾਰ ਦੀ ਸਮੱਸਿਆ ਬਣ ਰਹੀ ਹੈ। ਲਿਪੀ-ਅੰਤਰ ਹੋ ਕੇ ਜਿਹੜਾ ਸੀਮਤ ਸਾਹਿਤ ਆਇਆ ਹੈ ਉਸ ਵਿਚ ਸਾਕਿਬ, ਜ਼ੁਬੈਰ, ਨੈਨ ਸੁੱਖ, ਪਰਵੀਨ ਮਲਿਕ, ਨਸੀਰ ਅਹਿਮਦ, ਕਰਾਮਤ ਮੁਗਲ, ਸਾਬਰ ਅਲੀ, ਸਾਬਰ, ਅਲੀ ਉਸਮਾਨ ਬਾਜਦ (ਨਵੀਂ ਪੀੜ੍ਹੀ) ਅਤੇ ਅੰਜ਼ਮ ਕੁਰੇਸ਼ੀ (ਜਿਹੜੀ ਅੰਗਰੇਜ਼ੀ ਤੋਂ ਪੰਜਾਬੀ ਵੱਲ ਆਈ ਹੈ) ਸ਼ਾਮਲ ਹਨ। ਇਹ ਕਹਾਣੀ ਹੁਣ ਪ੍ਰਤੀਕਤਮਕ ਬਿਰਬਤਾਂਤ ਵਿਧੀ ਤੋਂ ਮੁਕਤ ਹੋ ਰਹੀ ਹੈ। ਕੁਝ ਕਹਾਣੀਕਾਰ ਹੀ ਇਸ ਸ਼ੈਲੀ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਚੌਥੀ ਪੀੜ੍ਹੀ ਨੇ ਇਕ ਸ਼ਕਤੀਸ਼ਾਲੀ ਕਹਾਣੀ ਦੀ ਸਿਰਜਣਾ ਕੀਤੀ। ਨਵੀਂ ਪੀੜ੍ਹੀ ਅਰਥਾਤ 'ਪੰਜਵੀਂ ਪੀੜ੍ਹੀ' ਜਾਂ ਪੰਜਵੇਂ ਪੜਾਅ ਦੀ ਕਹਾਣੀ ਦਾ ਅਜੇ ਇੰਤਜ਼ਾਰ ਹੈ।

**-ਰਜਨੀਸ਼ ਬਹਾਦਰ ਸਿੰਘ**



# ਪੰਜਾਬੀ ਕਹਾਣੀ ਚੌਥੇ ਪੜਾਅ ਤੋਂ ਪੰਜਵੇਂ ਪੜਾਅ ਵੱਲ: ਇਕ ਨਜ਼ਰ

**-ਡਾ. ਰਮਿੰਦਰ ਕੌਰ***

**-ਡਾ. ਸ਼ਰਨਜੀਤ ਕੌਰ**

ਸਾਹਿਤ ਦਾ ਮੁਹਾਂਦਰਾ ਸਮੇਂ-ਸਮੇਂ ਸਮਾਜ ਦੀਆਂ ਸਥਿਤੀਆਂ ਅਤੇ ਸੰਭਾਵਨਾਵਾਂ ਅਨੁਸਾਰ ਤਬਦੀਲ ਹੁੰਦਾ ਰਹਿੰਦਾ ਹੈ। ਸਾਹਿਤ ਰੂਪ ਇਕ ਰਚਨਾਤਮਕ ਤੇ ਸਮਾਜਕ ਕਾਰਜ ਹਨ। ਸਾਹਿਤ ਵਿਚ ਵਾਪਰੀਆਂ ਵਿਸ਼ੈਗਤ ਅਤੇ ਕਲਾਤਮਕ ਤਬਦੀਲੀਆਂ ਬਦਲ ਰਹੇ ਸਮਾਜ ਦੀਆਂ ਗਵਾਹ ਬਣਦੀਆਂ ਹਨ। ਪੰਜਾਬੀ ਕਹਾਣੀ ਦੇ ਸਮੁੱਚੇ ਸਫ਼ਰ ਵਿਚੋਂ ਸਮਾਜ-ਇਤਿਹਾਸ ਦੇ ਨਕਸ਼ ਸਹਿਜੇ ਹੀ ਪਛਾਣੇ ਜਾ ਸਕਦੇ ਹਨ। ਪੰਜਾਬੀ ਕਹਾਣੀ ਹੁਣ ਤੱਕ ਚਾਰ ਪੜਾਅ ਤਹਿ ਕਰ ਚੁੱਕੀ ਹੈ ਅਤੇ ਇਹ ਅੱਗੇ ਰਵਾਂ-ਦਵਾਂ ਹੈ। ਹੁਣ ਇਹ ਚੌਥੇ ਦੇ ਨਾਲ-ਨਾਲ ਪੰਜਵੇਂ ਪੜਾਅ ਦੇ ਨਕਸ਼ਾ ਵੱਲ ਵੱਧ ਰਹੀ ਹੈ। ਇਥੇ ਪੰਜਾਬੀ ਕਹਾਣੀ ਦੇ ਚੌਥੇ ਤੋਂ ਪੰਜਵੇਂ ਪੜਾਅ ਵਿਚ ਦਾਖ਼ਲ ਹੋ ਰਹੇ ਰੁਝਾਣ ਨੂੰ ਵੇਖਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਵੀ ਜ਼ਿਕਰਯੋਗ ਹੈ ਕਿ ਸਾਹਿਤ ਦੇ ਅਜਿਹੇ ਪੜਾਅ ਇਕ ਦੂਜੇ ਤੋਂ ਬਿਲਕੁਲ ਤੀਲੇ-ਤੋੜ ਨਹੀਂ ਹੁੰਦੇ, ਸਗੋਂ ਇਹ ਸਹਿਜਭਾਵ ਰੂਪ ਵਿਚ ਅੰਤਰ-ਸੰਬੰਧਿਤ ਹੁੰਦੇ ਹੋਏ ਵੀ ਅੱਗੇ ਆਪਣੇ ਨਿਵੇਕਲੇ ਨਕਸ਼ ਅਖ਼ਤਿਆਰ ਕਰਦੇ ਹਨ।

ਕਹਾਣੀ ਪ੍ਰਮੁੱਖ ਤੌਰ 'ਤੇ ਬਿਰਤਾਂਤ-ਰੂਪ ਹੈ। ਬਿਰਤਾਂਤ ਦੀ ਆਪਣੀ ਅਮੀਰ ਪਰੰਪਰਾ ਹੈ। ਸਮਾਜਕ ਹੋਂਦ ਵਜੋਂ ਮਨੁੱਖ ਜਨਮਦਾ ਹੀ ਕਹਾਣੀਆਂ ਵਿਚ ਹੈ। ਕਹਾਣੀ ਦੇ ਆਮ ਅੱਖਰੀਂ ਅਰਥ ਤਾਂ ਭਾਵੇਂ ਕਥਾ, ਵਾਰਤਾ ਕੀਤੇ ਜਾਂਦੇ ਹਨ ਪਰ ਜਦ ਆਧੁਨਿਕ ਨਿੱਕੀ ਕਹਾਣੀ ਦੀ ਗੱਲ ਚੱਲਦੀ ਹੈ ਤਾਂ ਨਿੱਕੀ ਕਹਾਣੀ ਨੂੰ ਕਿਸੇ ਕਥਾ, ਵਾਰਤਾ ਦਾ ਬੜਾ ਚੁਸਤ, ਸੰਖੇਪ ਤੇ ਸੂਖਮਭਾਵੀ ਬਿਰਤਾਂਤ ਬਣ ਜਾਂਦੀ ਰੂਪ ਸਮਝਿਆ ਜਾਂਦਾ ਹੈ।

ਸਾਡੀ ਨਿੱਕੀ ਕਹਾਣੀ ਯਥਾਰਥ ਦੇ ਆਦਰਸ਼ਕ ਪਰਿਪੇਖ ਤੋਂ ਆਰੰਭ ਹੁੰਦੀ ਹੈ। ਫਿਰ ਇਹ ਸੁਧਾਰਵਾਦ, ਪ੍ਰਗਤੀਵਾਦ, ਯਥਾਰਥਵਾਦੀ ਅਤੇ ਵਸਤੂਮੁਖੀ ਯਥਾਰਥ ਵੱਲ ਨਿਰੰਤਰ ਗਤੀਸ਼ੀਲ ਰਹਿੰਦੀ ਹੈ। ਨਿੱਕੀ ਕਹਾਣੀ ਦੇ ਪੰਜਵੇਂ ਪੜਾਅ ਨੂੰ ਫ਼ਿਲਹਾਲ ਸਿਧਾਂਤਕਾਰੀ ਜਾਂ ਇਤਿਹਾਸਕਾਰੀ ਦੇ ਪੱਖ ਤੋਂ ਭਾਵੇਂ ਅਜੇ ਪੂਰਨ ਪ੍ਰਵਾਨਗੀ ਹਾਸਿਲ ਨਹੀਂ ਹੋਈ , ਪਰ ਫਿਰ ਇਹ ਨਿਰ-ਸੰਕੋਚ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਸਮੇਂ ਨਿੱਕੀ ਕਹਾਣੀ ਪੰਜਵੇਂ ਪੜਾਅ ਵਿਚ ਪੈਰ ਪਾਸਾਰ ਰਹੀ ਹੈ।

ਨਿੱਕੀ ਕਹਾਣੀ ਜਦ ਇਕ ਪੜਾਅ ਤੋਂ ਦੂਜੇ ਪੜਾਅ ਵੱਲ ਵੱਧਦੀ ਹੈ ਤਾਂ ਸਵਾਲ ਉੱਠਦਾ ਹੈ ਕਿ ਉਹ ਕਿਹੜਾ ਐਸਾ ਤੱਤ, ਨਿਯਮ, ਅਸੂਲ ਜਾਂ ਸਿਧਾਂਤ ਹੈ ਜਿਸ ਦੇ ਆਧਾਰ 'ਤੇ ਅਸੀਂ ਇਕ ਪੜਾਅ ਨੂੰ ਦੂਜੇ ਪੜਾਅ ਨਾਲੋਂ ਵਖਿਰਾਉਂਦੇ ਹਾਂ ? ਇਸਦੇ ਜਵਾਬ ਵਜੋਂ ਕਿਹਾ ਜਾ ਸਕਦਾ ਹੈ ਕਿ ਇਕ ਪੜਾਅ ਨੂੰ ਦੂਜੇ ਪੜਾਅ ਨਾਲੋਂ ਨਿਖੇੜਨ ਵਾਲਾ ਵੱਡਾ ਤੱਤ ਰਚਨਾ-ਦ੍ਰਿਸ਼ਟੀ ਹੈ। ਕੇਵਲ ਉਮਰ ਜਾਂ ਸਮੇਂ ਦੇ ਆਧਾਰ ਉੱਤੇ ਹੀ ਕਿਸੇ ਲੇਖਕ ਜਾਂ ਕਹਾਣੀਕਾਰ ਦਾ ਨਾਮ ਕਿਸੇ ਪੜਾਅ ਵਿਚ ਸ਼ਾਮਿਲ ਨਹੀਂ ਹੋ ਜਾਂਦਾ, ਬਲਕਿ ਉਸਦੀ ਰਚਨਾ-

---

***ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**

ਦ੍ਰਿਸ਼ਟੀ ਅਤੇ ਪੇਸ਼ਕਾਰੀ ਦਾ ਲਹਿਜਾ ਆਦਿ ਰਲ ਕੇ ਉਸ ਨੂੰ ਕਿਸੇ ਪੜਾਅ ਵਿਚ ਸਥਾਪਿਤ ਕਰਨ ਦੀ ਮੁੱਖ ਭੂਮਿਕਾ ਅਦਾ ਕਰਦੇ ਹਨ। ਇਹ ਜ਼ਰੂਰੀ ਨਹੀਂ ਹੁੰਦਾ ਹੈ ਕਿ ਇਕ ਸਮਾਂ-ਸੀਮਾ ਵਿਚ ਲਿਖ ਰਹੇ ਸਾਰੇ ਲੇਖਕ ਇਕੋਂ ਜਿਹੀ ਸੂਝ-ਬੂਝ ਜਾਂ ਵਿਚਾਰਧਾਰਾ ਦੇ ਮਾਲਿਕ ਹੋਣ। ਸਗੋਂ ਦੂਜੇ ਪੜਾਅ ਵਿਚ ਲਿਖਣ ਵਾਲਾ ਚੌਥੇ ਪੜਾਅ ਦੇ ਲੇਖਕਾਂ ਦਾ ਹਾਮੀ ਜਾਂ ਹਮ-ਖ਼ਿਆਲ ਵੀ ਹੋ ਸਕਦਾ ਹੈ ਅਤੇ ਇਸੇ ਤਰ੍ਹਾਂ ਚੌਥੇ ਪੜਾਅ 'ਚ ਲਿਖਣ ਵਾਲਾ ਪਹਿਲੇ ਜਾਂ ਦੂਜੇ ਪੜਾਅ ਦੀ ਸੋਚ ਦਾ ਮਾਲਿਕ ਵੀ ਹੋ ਸਕਦਾ ਹੈ। ਹੁਣ ਇਹ ਪੜਾਅ ਜਾਂ ਪ੍ਰਵਿਰਤੀਆਂ ਨੂੰ ਨਿਰਧਾਰਿਤ ਕੌਣ ਕਰਦਾ ਹੈ ? ਜੇ ਇਸ ਸਵਾਲ ਦੀ ਤਹਿ 'ਚ ਜਾਈਏ ਤਾਂ ਜਵਾਬ ਰੂਪ 'ਚ ਸਮਾਂ ਜਾਂ 'ਸਮਿਅਕ ਬਦਲਾਵ' ਉੱਪਰ ਹੀ ਚਰਚਾ ਹੁੰਦੀ ਹੈ। ਸਮਾਂ ਗਤੀਸ਼ੀਲ ਹੈ, ਸਰਵ ਪ੍ਰਵਾਨਿਤ ਹੈ ਪਰ ਸਮਾਂ ਬਦਲਦਾ ਕਦੋਂ ਹੈ ? ਐਸੇ ਕਿਹੜੇ ਪੈਰਾਮੀਟਰ ਹਨ ਜਿਨ੍ਹਾਂ ਦੀ ਆਮਦ, ਉਪਜ, ਖ਼ਾਤਮਾ ਜਾਂ ਉਤਪਤੀ ਸਮੇਂ ਦੀ ਤੋਰ ਵਿਚ ਮੋੜ ਪੈਦਾ ਕਰਦੀ ਹੈ ? ਦਰਅਸਲ ਕੀਮਤਾਂ ਵਿਚ ਵਾਪਰਦਾ ਪਰਿਵਰਤਨ ਜਾਂ ਰੂਪਾਂਤਰਨ ਸਮਿਅਕ ਬਦਲਾਵ/ਤਬਦੀਲੀ ਦਾ ਬਾਇਸ ਬਣਦਾ ਹੈ ਅਤੇ ਸਮੇਂ ਦੀਆਂ ਬਦਲਦੀਆਂ ਕੀਮਤਾਂ ਮਿਲ ਕੇ ਕਿਸੇ ਨਾ ਕਿਸੇ ਪ੍ਰਵਿਰਤੀ ਨੂੰ ਨਿਰਧਾਰਿਤ ਕਰਦੀਆਂ ਹਨ। ਪ੍ਰਵਿਰਤੀ, ਲਹਿਰ, ਵਿਚਾਰਧਾਰਾ ਜਾਂ ਪੜਾਅ ਕਿਸੇ ਸਮਿਅਕ ਇਕਾਈ ਵਿਚ ਪ੍ਰਚਲਿਤ ਅਤੇ ਪ੍ਰਵਾਨਿਤ ਹੋਣ ਵਾਲੀਆਂ ਕਦਰਾਂ ਅਤੇ ਧਾਰਨਾਵਾਂ ਦਾ ਹੀ ਨਾਮ ਹੈ। ਸਮੇਂ-ਦਰ ਸਮੇਂ ਪੰਜਾਬੀ ਕਹਾਣੀ ਦੇ ਇਤਿਹਾਸਕ ਵਿਕਾਸ ਵਿਚ ਪੇਸ਼ ਆਉਣ ਵਾਲਾ ਆਦਰਸ਼ਵਾਦ, ਸੁਧਾਰਵਾਦ, ਯਥਾਰਥਵਾਦ ਜਾਂ ਵਸਤੂਮੁਖੀ ਯਥਾਰਥਵਾਦ ਪ੍ਰਵਿਰਤੀਮੂਲਕ ਬਦਲਾਵ ਦਾ ਹੀ ਪਰਮਾਣ ਜਾਂ ਸਿੱਟਾ ਹਨ। ਅਗਲਾ ਸਵਾਲ ਇਹ ਪੈਦਾ ਹੋ ਜਾਂਦਾ ਹੈ ਕਿ ਪ੍ਰਵਿਰਤੀ ਜਾਂ ਪੜਾਅ ਜਾਂ ਕਾਲ ਦੀ ਵੰਡ ਦਾ ਆਧਾਰ ਕੀ ਹੁੰਦਾ ਹੈ ? ਜਵਾਬ ਉਹੀ ਹੈ ਕਿ ਕਿਸੇ ਕਾਲਖੰਡ ਵਿਚ ਉਤਮਤਾ, ਪ੍ਰਵਾਨਗੀ ਜਾਂ ਅਨੁਕੂਲਣਸ਼ੀਲਤਾ ਦੇ ਵਧੇਰੇ ਨੇੜੇ ਢੁੱਕਣ ਵਾਲਾ ਵਿਚਾਰ, ਰਿਵਾਜ, ਪ੍ਰਵਾਹ ਹੀ ਕਿਸੇ ਪ੍ਰਵਿਰਤੀ ਦੇ ਨਾਮਕਰਨ ਦਾ ਅਧਾਰ ਬਣਦਾ ਹੈ।

ਆਪਣੇ ਪਰਚੇ ਦੀ ਸੀਮਾ ਨੂੰ ਧਿਆਨ 'ਚ ਰੱਖਦਿਆਂ ਜੇਕਰ ਅਸੀਂ ਆਪਣੀ ਗੱਲ ਚੌਥੇ ਪੜਾਅ ਦੀ ਕਹਾਣੀ 'ਤੇ ਹੀ ਕੇਂਦਰਿਤ ਕਰੀਏ ਕਿ ਉਹ ਕਿਹੜੇ ਤੱਤ, ਗੁਣ ਜਾਂ ਵਿਸ਼ੇ ਹਨ, ਜਿਨ੍ਹਾਂ ਨੇ ਚੌਥੇ ਪੜਾਅ ਨੂੰ ਕਹਾਣੀ ਪਿੜ ਵਿਚ ਸਥਾਪਿਤ ਅਤੇ ਪ੍ਰਵਾਨਿਤ ਕੀਤਾ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਉਹ ਤੱਤ ਜਿਨ੍ਹਾਂ ਦੇ ਕਰਕੇ ਚੌਥੇ ਪੜਾਅ ਦੀ ਕਹਾਣੀ ਵਧੇਰੇ ਮਕਬੂਲ ਹੋ ਪਾਈ ਅਤੇ ਬਾਕੀ ਪੜਾਵਾਂ ਨਾਲੋਂ ਆਪਣੀ ਵਿੱਥ ਕਾਇਮ ਕਰ ਸਕੀ ਹੈ। ਪਹਿਲਾ ਹੀ ਨੁਕਤਾ ਜ਼ਾਹਿਰ ਹੁੰਦਾ ਹੈ ਕਿ ਚੌਥੇ ਪੜਾਅ ਦੀ ਕਹਾਣੀ ਸਿਰਜਣਾ ਸੰਦਰਭ ਵਿਚ "ਵੱਥ ਦੀ ਪੱਧਰ 'ਤੇ ਭਾਰੂ ਪ੍ਰਯੋਗ ਮਨੁੱਖੀ ਮਨ ਦੀਆਂ ਅਲੋਕਾਰੀ ਮਾਨਸਿਕ ਰੌਆਂ, ਇੱਛਾਵਾਂ, ਬੇਤਰਤੀਬੀਆਂ ਜਾਂ ਗੁਪਤ ਮਨੋਰਥਾਂ ਨੂੰ ਪਕੜਨ ਅਤੇ ਪ੍ਰਗਟਾਉਣ ਦਾ ਹੈ। ਇਸ ਕਹਾਣੀ ਦੇ ਵਧੇਰੇ ਸਿਰਜਣਾ ਸੰਦਰਭ ਮਨੁੱਖੀ ਮਨ ਦੀਆਂ ਅਵੈੜਾਂ, ਅਲਾਮਤਾਂ ਅਤੇ ਅਨੰਦੀ ਖਾਹਿਸ਼ਾਂ ਦੇ ਬਣਾਏ ਹਨ। ਇਹ ਕਹਾਣੀ ਮਨ ਦੀ ਚੰਚਲਤਾ, ਅਸਪੱਸ਼ਟਤਾ, ਅਮੂਰਤਤਾ, ਅਬੋਧਤਤਾ ਅਤੇ ਕਪਟਤਾ ਦੀ ਬਾਤ ਪਾਉਂਦੀ ਹੈ।"[1] ਇਸ ਕਹਾਣੀ ਦਾ ਮੁੱਖ ਰੁਝਾਣ ਮਨੁੱਖੀ ਮਨ ਦੀ ਤਰਲਤਾ ਨੂੰ ਸਮਝਣ ਵੱਲ ਰੁਚਿਤ ਹੈ। ਚੌਥੇ ਪੜਾਅ ਦਾ ਸਮਾਂ ਅਸੀਂ 1990 ਤੋਂ ਬਾਅਦ ਦਾ



ਮੰਨ ਕੇ ਚੱਲਦੇ ਹਾਂ। ਇਸ ਤੋਂ ਪਹਿਲਾਂ ਕਰਤਾਰ ਸਿੰਘ ਦੁੱਗਲ ਨੇ, ਮਨੋਵਿਗਿਆਨਕ ਕਹਾਣੀ ਦੀ ਜੋ ਪਿਰਤ ਪਾਈ ਸੀ, ਚੌਥੇ ਪੜਾਅ ਦੀ ਕਹਾਣੀ ਨੇ ਉਸ ਨੂੰ ਸਿਖ਼ਰ ਦੀ ਛੂਹ ਦੇਣ ਦਾ ਯਤਨ ਕੀਤਾ ਹੈ।

ਕਿਸੇ ਵੀ ਕਥਾ ਪ੍ਰਵਚਨ ਵਿਚ ਭਾਵ ਅਭੀਵਿਅਕਤੀ ਦੀ ਸੰਘਣਤਾ ਲਈ ਲਾਜ਼ਮੀ ਹੁੰਦਾ ਹੈ ਕਿ ਕਥਾ ਬਿਰਤਾਂਤ ਵਿਚਲੀਆਂ ਕੜੀਆਂ ਇਸ ਪ੍ਰਕਾਰ ਸਾਹਮਣੇ ਆਉਣ ਕਿ ਪਾਠਕ ਨਿਰੰਤਰ, ਪਾਠ ਦੀ ਲੈਅ ਨਾਲ ਜੁੜਿਆ ਰਹਿ ਸਕੇ। ਪਾਠਕ ਤੇ ਪਾਠ ਪਰਿਵੇਸ਼ਕਾ ਨੂੰ ਤਾਂ ਹੀ ਯਕੀਨੀ ਬਣਾਇਆ ਜਾ ਸਕਦਾ ਹੈ ਜੇਕਰ ਰਹੱਸ ਵਿਗੋਪਨ ਦੀ ਜੁਗਤ ਵਰਤਣ ਵਿਚ ਕਹਾਣੀਕਾਰ ਪ੍ਰਪੱਕ ਹੋਵੇ। ਚੌਥੇ ਪ੍ਰੜਾਅ ਦੀ ਲਗਪਗ ਸਮੁੱਚੀ ਪੰਜਾਬੀ ਕਹਾਣੀ ਇਸ ਜੁਗਤ ਦੀ ਇੰਨ-ਬਿੰਨ ਪਾਲਣਾ ਕਰਦੀ ਨਜ਼ਰ ਆਉਂਦੀ ਹੈ। ਇਸ ਕਹਾਣੀ ਅੰਦਰਲੀ ਮੈਂ ਮੂਲਕਤਾ ਵਾਪਰ ਚੁੱਕੇ ਦੇ ਪ੍ਰਤੀਕਰਮ ਨਾਲ ਆਪਣੀ ਗੱਲ ਕਰਦੀ ਧੀਮੀ ਚਾਲ ਵਿਚ ਸਾਰੇ ਭੇਦਾਂ ਤੋਂ ਪਰਦਾ ਚੁੱਕਦੀ ਅਖੀਰ ਸਮਾਪਤ ਹੋ ਜਾਂਦੀ ਹੈ। ਬਹੁਤੀ ਵਾਰ ਕਹਾਣੀ ਦਾ ਅੰਤ ਪਾਠਕ ਦੇ ਕਿਆਸ ਤੋਂ ਬਿਲਕੁਲ ਵਿਪਰੀਤ ਅਤੇ ਇਕਦਮ ਵਾਪਰ ਜਾਂਦਾ ਹੈ। ਬਲਬੀਰ ਪਰਵਾਨਾ ਦੀ ਕਹਾਣੀ 'ਪਿਤਾ' ਦਾ ਸਮੁੱਚਾ ਦਰੋਮਦਾਰ ਇਸ ਨੁਕਤੇ ਨੂੰ ਸਮਝਣ ਵਿਚ ਮਦਦਗਾਰ ਸਾਬਿਤ ਹੁੰਦਾ ਹੈ।

ਅਗਲੀ ਗੱਲ ਕਿ ਜਦ ਅਸੀਂ ਕਹਿੰਦੇ ਹਾਂ ਕਿ ਸਾਹਿਤ ਇਕ ਕਲਾ ਹੈ ਅਤੇ ਕਲਾ ਦੀ ਬੁਨਿਆਦੀ ਸ਼ਰਤ ਹਮੇਸ਼ਾ ਅਭਿਆਸ, ਨਿਪੁੰਨਤਾ ਅਤੇ ਅਨੁਭਵ ਦੀ ਮੰਗ ਕਰਦੀ ਹੈ। ਸਾਹਿਤਕ ਪਾਠਾਂ ਦਰਮਿਆਨ ਪੇਸ਼ ਹੋਣ ਵਾਲਾ ਸਮਾਜਕ ਯਥਾਰਥ ਵਾਸਤਵਿਕ ਰੂਪ ਵਿਚ ਨਹੀਂ, ਬਲਕਿ ਯਥਾਰਥਕ ਰੂਪ ਵਿਚ ਪੇਸ਼ ਹੁੰਦਾ ਹੈ। ਇਸ ਲਈ ਲਿਖਣ ਵਾਲੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਸ ਨੂੰ ਸਮਾਜ ਨਾਲ ਜੁੜੇ ਹਰ ਪੱਖ/ਪਹਿਲੂ ਦਾ ਡੂੰਘਾ ਗਿਆਨ ਹੋਵੇ ਤਾਂ ਹੀ 'ਦ੍ਰਿਸ਼ਟੀ' ਪੈਦਾ ਹੋ ਸਕਦੀ ਹੈ। ਕਥਾ ਬਿਰਤਾਂਤ ਉਸਾਰਦਿਆਂ ਜੇਕਰ ਕਥਾਕਾਰ ਆਪਣੀ ਗੱਲ ਨੂੰ ਵਧੇਰੇ ਪ੍ਰਭਾਵੀ ਰੂਪ ਦੇਣਾ ਚਾਹੁੰਦਾ ਹੈ ਤਾਂ ਇਤਿਹਾਸ, ਮਿਥਿਹਾਸ, ਸੰਸਕ੍ਰਿਤੀ, ਲੋਕਧਾਰਾ, ਮਨੋਵਿਗਿਆਨਕ ਗੁੰਝਲਾਂ, ਪਰਿਵੇਸ਼ ਆਦਿ ਤੱਤਾਂ ਨੂੰ ਕਥਾ ਵੇਰਵਿਆਂ ਦੀਆਂ ਤਹਿਆਂ ਵਿਚ ਗੁੰਨਣਾ ਉਸ ਲਈ ਮੁੱਢਲੀ ਸ਼ਰਤ ਹੋਣਾ ਚਾਹੀਦਾ ਹੈ, ਕਿਉਂਕਿ ਇਹ ਤੱਤ ਇਕ ਤਾਂ ਕਥਾਕਾਰ ਦੀ ਗਿਆਨ ਸੀਮਾ ਨੂੰ ਪ੍ਰਤੱਖ ਕਰਦੇ ਹਨ ਅਤੇ ਦੂਜੇ ਪਾਸੇ ਪਾਠ ਨੂੰ ਵਧੇਰੇ ਸੰਘਣਤਾ ਪ੍ਰਦਾਨ ਕਰਦੇ ਹਨ। ਚੌਥੇ ਪੜਾਅ ਦੀ ਕਹਾਣੀ ਵਿਚਕਾਰ ਅਜਿਹੀ ਅੰਤਰ ਪਾਠਤਾ ਨੂੰ ਬਹੁਤੇ ਕਹਾਣੀਕਾਰਾਂ ਨੇ ਵਰਤਣ ਵਿਚ ਰੁਚੀ ਦਿਖਾਈ ਹੈ। ਚੌਥੇ ਪੜਾਅ ਦੇ ਜ਼ਿਆਦਾਤਰ ਕਹਾਣੀਕਾਰ ਗਿਆਨ-ਵਿਗਿਆਨ, ਸਾਹਿਤਕ ਵਿਚਾਰ-ਚਰਚਾ ਨਾਲ ਜੁੜੇ ਹੁੰਦੇ ਨਜ਼ਰ ਆਏ ਹਨ। ਉਹ ਕਲਾਸਕੀ ਸਾਹਿਤ ਦੀ ਸਮਝ ਵੀ ਰੱਖਦੇ ਹਨ ਅਤੇ ਪ੍ਰਮਾਣਿਕ ਤੱਥ ਕੱਢਣ ਦੀ ਜੱਦੋ ਜਹਿਦ ਨਾਲ ਵੀ ਆਪਣਾ ਵਾਸਤਾ ਰੱਖਦੇ ਹਨ। ਉਹ ਬੀਤੇ ਨਾਲੋਂ ਟੁੱਟਦੇ ਨਹੀਂ ਹਨ, ਬਲਕਿ ਪੀੜ੍ਹੀਆਂ ਦੇ ਗਿਆਨ, ਨਿੱਜੀ-ਅਨੁਭਵ ਅਤੇ ਵਿਸ਼ਵ ਸਾਹਿਤ ਦੀ ਸਮਝ ਤੇ ਸੰਵੇਦਨਾ ਨਾਲ ਪਰਣਾਏ ਹੋਏ ਸਾਹਿਤਕ ਰਚਨਾ ਵੱਲ ਮੁੜਦੇ ਹਨ। ਇਹ ਚੌਥੇ ਪੜਾਅ ਦੀ ਵਿਸ਼ੇਸ਼ ਖ਼ਾਸੀਅਤ ਵੀ ਬਣਦੀ ਹੈ ਅਤੇ ਪੰਜਵੇਂ ਪੜਾਅ ਨਾਲੋਂ ਵਿੱਥ ਕਾਇਮ ਕਰਨ ਦਾ ਸੂਤਰ ਵੀ ਸਿੱਧ ਹੁੰਦੀ ਹੈ। ਚੌਥੀ ਪੀੜ੍ਹੀ ਦੇ ਕਥਾਕਾਰਾਂ ਵਿਚ ਕਿਸੇ ਵਿਚਾਰਧਾਰਾ ਦਾ ਪਿੱਛਲੱਗ ਨਾ ਬਣ ਕੇ ਵੀ ਆਪਣੀ

ਇਕ ਸਾਰਥਕ ਵਿਚਾਰਧਾਰਾ ਬਣਾਈ ਰੱਖਣ ਅਤੇ ਉਸ ਨਾਲ ਜੁੜੇ ਰਹਿ ਸਕਣ ਦੀ ਸਮਰੱਥਾ ਹੈ। ਇਹੀ ਕਾਰਨ ਹੈ ਕਿ ਚੌਥੇ ਪੜਾਅ ਦੀ ਕਹਾਣੀ ਅੰਤਰ-ਅਨੁਸ਼ਾਸਨੀ ਪਾਠਾਂ ਨੂੰ ਰਚਨਾ ਪਾਠ ਦਾ ਅਹਿਮ ਹਿੱਸਾ ਮੰਨਦੇ ਪ੍ਰਤਿਬੱਧਤਾ ਕਾਇਮ ਰੱਖਦੇ ਹਨ। ਅਜਮੇਰ ਸਿੱਧੂ, ਸੁਖਜੀਤ, ਮਨਮੋਹਨ ਬਾਵਾ ਦਾ ਨਾਮ ਇਸ ਸੰਦਰਭ ਵਿਚ ਵਿਸ਼ੇਸ਼ ਹੈ। ਇਸ ਅੰਤਰਪਾਠਤਾ ਦੇ ਗੁਣ ਸਦਕਾ ਹੀ ਚੌਥੇ ਪੜਾਅ ਦੀ ਕਹਾਣੀ ਜਟਿਲ ਬਿਰਤਾਂਤ ਦੀ ਧਾਰਨੀ ਹੈ ਅਤੇ ਸੱਚ ਦੇ ਵਧੇਰੇ ਨੇੜੇ ਵਿਚਰਦੀ ਹੈ।

ਭਾਸ਼ਾ ਦੇ ਪੱਖ ਤੋਂ ਵੇਖੀਏ ਤਾਂ ਇਹ ਕਹਾਣੀ ਗਲਪੀ ਭਾਸ਼ਾ ਨਾਲ ਜੁੜੀ ਹੋਈ ਹੈ। ਗਲਪੀ ਭਾਸ਼ਾ ਅਨੁਮਾਨ ਦੇ ਨੇੜੇ ਦੀ ਹੈ। ਚੌਥੇ ਪੜਾਅ ਦੀ ਕਹਾਣੀ ਦਾ ਉਸਾਰ ਹੀ ਇਕ ਤਰ੍ਹਾਂ ਅਨੁਮਾਨ ਅਤੇ ਇਸ਼ਾਰਿਆਂ ਨਾਲ ਅੱਗੇ ਵੱਧਦਾ ਹੈ। ਇਸ ਵਿਚਲੀ ਭਾਸ਼ਾ ਮਹਿਜ ਸ਼ਬਦਾਂ ਨਾਲ ਨਹੀਂ ਸਗੋਂ ਇਸ਼ਾਰੇ, ਚਿੰਨ੍ਹਾਂ, ਪ੍ਰਤੀਕਾਂ, ਕੋਡਾਂ, ਅੰਦੇਸ਼ਿਆਂ, ਰੂਪਕਾਂ ਅਤੇ ਦ੍ਰਿਸ਼ਾਂ ਦੇ ਨਾਲ ਗਤੀਸ਼ੀਲ ਰਹਿੰਦੀ ਹੈ। ਇਹ ਸਾਰੇ ਤੱਤ ਕਿਤੇ ਨਾ ਕਿਤੇ ਅਸੱਪਸ਼ਟਤਾ ਦਾ ਝਉਲਾ ਵੀ ਸਿਰਜਦੇ ਵਿਖਾਈ ਦਿੰਦੇ ਹਨ ਪਰ ਅਜਿਹੀ ਮੁਹਾਰਤ ਕਰਕੇ ਹੀ ਇਹ ਕਹਾਣੀ ਆਪਣੇ ਤੋਂ ਪਹਿਲੀ ਕਹਾਣੀ ਨਾਲੋਂ ਸਿਰ ਕੱਢਵੀਂ ਹੋ ਪਾਈ ਹੈ। ਇਹ ਤਣਾਉ ਨਾਲ ਆਰੰਭ ਹੁੰਦੀ ਤਣਾਉ 'ਤੇ ਹੀ ਮੁੱਕਦੀ ਹੈ। ਧਿਆਨਯੋਗ ਨੁਕਤਾ ਇਹ ਹੈ ਕਿ ਇਸ ਅੰਦਰਲਾ ਤਣਾਉ ਉਦਾਤ ਵਿਚ ਪਰਿਵਰਤਿਤ ਹੋਣ ਦਾ ਵਲ ਵੀ ਜਾਣਦਾ ਹੈ, ਜੋ ਇਸ ਪੜਾਅ ਦੀ ਕਹਾਣੀ ਦਾ ਅੱਡਰਾ ਲੱਛਣ ਬਣਦਾ ਹੈ। ਤਣਾਅ ਤੋਂ ਉਦਾਤ ਤੱਕ ਦਾ ਸਫ਼ਰ ਤੈਅ ਕਿਵੇਂ ਹੰਦਾ ਹੈ - ਪਾਤਰਾਂ ਦੀ ਜ਼ਰੀਏ। ਇਸ ਅੰਦਰਲੇ ਹਰ ਪਾਤਰ ਦੀ ਘਾੜਤ ਇਸ ਤਰ੍ਹਾਂ ਦੀ ਹੈ ਕਿ ਉਹ ਨਾਇਕਤਵ ਦੇ ਘੇਰੇ ਤੋਂ ਪਾਰ ਵਿਚਰਦਾ ਹੋਇਆ ਵੀ ਸਾਡੀ ਨਜ਼ਰੇ ਨਾਇਕ ਗੁਣਾਂ ਵਾਲਾ ਬਣ ਬੈਠਦਾ ਹੈ। ਜ਼ਿਆਦਾਤਰ ਕਥਾਕਾਰਾਂ ਦਾ ਰੁਝਾਣ ਨਿਵੇਕਲੇ ਪਾਤਰ ਸਿਰਜਣ ਵੱਲ ਹੀ ਰਿਹਾ ਹੈ। ਇਹਨਾਂ ਦੇ ਪਾਤਰ ਆਪਣੀ ਦਸ਼ਾ ਵਿਚੋਂ ਦਿਸ਼ਾ ਅਖ਼ਤਿਆਰ ਕਰਨ ਵਿਚ ਬੇਸ਼ਕ ਅਭੋਲ ਰਹਿੰਦੇ ਹਨ, ਪਰ ਪਾਠਕ ਨੂੰ ਵਿਹਾਰਕ ਪੱਧਰ 'ਤੇ ਆਸਵੰਦ ਰਹਿਣ ਦੀ ਸੋਝੀ ਜ਼ਰੂਰ ਕਰ ਜਾਂਦੇ ਹਨ। ਕਥਾਕਾਰ ਪਾਤਰ ਵੇਦਨਾ ਵਿਚੋਂ ਪਾਠਕ ਸੇਧ ਨੂੰ ਜਿਸ ਪ੍ਰਕਾਰ ਵਿਉਂਤਦਾ ਹੈ, ਉਹੀ ਇਸ ਕਹਾਣੀ ਦਾ ਖ਼ਾਸਾ ਬਣਦਾ ਹੈ। ਇਹ ਪਾਤਰ ਕੇਵਲ ਵਿਅਕਤੀ ਹੋਂਦ ਨਾ ਰਹਿ ਕੇ, ਸਮਾਜਕ ਹੋਂਦ ਅਤੇ ਪ੍ਰਤਿਨਿੱਧ ਪਾਤਰ ਦੇ ਰੂਪ ਵਿਚ ਵੱਟ ਜਾਂਦਾ ਹੈ। ਬਲਵਿੰਦਰ ਸਿੰਘ ਗਰੇਵਾਲ, ਜਸਵੀਰ ਰਾਣਾ, ਸੁਕੀਰਤ, ਜਤਿੰਦਰ ਹਾਂਸ ਆਦਿ ਕਥਾਕਾਰ ਇਸ ਪੱਖੋਂ ਵਾਚੇ ਜਾ ਸਕਦੇ ਹਨ।

ਅਗਲਾ ਅੱਡਰਾ ਨੁਕਤਾ ਜੋ ਇਸ ਕਹਾਣੀ ਦਾ ਕਿਹਾ ਜਾ ਸਕਦਾ ਹੈ ਕਿ ਇਹ ਨਿਰੋਲ ਬਿਆਨ, ਚਿਤਰਣ ਜਾਂ ਦੁਖਾਂਤ ਨਾਲ ਵਾਬਸਤਾ ਨਹੀਂ ਸਗੋਂ ਇਸਦਾ ਉਦੇਸ਼ 'ਬੋਧ' ਵਿਚ ਨਿਹਿਤ ਹੈ। ਇਹ ਕਹਾਣੀ ਜੇਕਰ ਪੁਰਾਣੀਆਂ ਚੱਲੀਆਂ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਕਰਦੀ ਹੈ ਤਾਂ ਨਿਰੋਲ ਬਿਆਨ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਦੁਖਦ-ਦਾਸਤਾਨ ਦੇ ਝਰੋਖੇ ਵਿਚੋਂ 'ਪਾਠਕ-ਬੋਧ' ਨੂੰ ਯਕੀਨੀ ਬਣਾਉਂਦੀ ਹੈ। ਲਹਿਰਾਂ, ਵਿਚਾਰਧਰਾਵਾਂ ਦੇ ਬੰਧਨ ਤੋਂ ਪਰੇ ਹੋ ਕੇ ਵਿਚਰਦੀ ਇਹ ਕਹਾਣੀ ਯਥਾਰਥ ਦੀਆਂ ਤਹਿਦਾਰ ਪਰਤਾਂ ਨਾਲ ਸੰਵਾਦ ਰਚਾਉਂਦੀ ਹੈ। ਇਹ ਕਹਾਣੀ ਇਕ ਤਰ੍ਹਾਂ 'ਰਿਐਲਿਟੀ ਦਾ ਪੋਰਟਰੇਟ' ਪੇਸ਼ ਕਰ ਰਹੀ



ਹੈ ਤੇ ਰਿਐਲਇਟੀ ਦੀ ਜੜ੍ਹ ਹਮੇਸ਼ਾ ਲੁਕਵੀਂ ਹੁੰਦੀ ਹੈ ਜੋ ਗਹਿਰਾਈ, ਡੂੰਘਿਆਈ ਤੇ ਪਕਿਆਈ ਦੀ ਮੰਗ ਕਰਦੀ ਹੈ। ਇਹ ਕਹਾਣੀ ਯਥਾਰਥ ਚਿੱਤਰਣ ਤੋਂ ਅੱਗੇ ਨਿਕਲ ਕੇ ਅਦਿੱਖ, ਲੁਪਤ, ਅਬੁੱਝ ਹਕੀਕਤਾਂ ਨਾਲ ਆਪਣਾ ਨਾਤਾ ਜੋੜਦੀ ਸੰਘਰਸ਼ ਦੇ ਨਵੇਂ ਕੋਣਾਂ ਦਾ ਪ੍ਰਤੀਪਾਦਨ ਕਰਦੀ ਹੈ। ਸਮੇਂ-ਸਥਾਨ ਦੀ ਸੀਮਾ ਤੋਂ ਪਾਰ ਵਿਚਰਦੀ ਇਹ ਕਹਾਣੀ ਚਿਰੰਜੀਵੀ ਯਥਾਰਥ ਦੀ ਤਲਾਸ਼/ਘੋਖ ਲਈ ਸੰਘਰਸ਼ਸ਼ੀਲ ਨਜ਼ਰ ਆਉਂਦੀ ਹੈ।

ਜਦ ਅਸੀਂ ਕਹਿੰਦੇ ਹਾਂ ਕਿ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਜਟਿਲ ਤੋਂ ਵੀ ਜਟਿਲਤਰ ਬਣਤਰ ਧਾਰਨ ਕਰ ਰਹੀ ਹੈ ਤਾਂ ਇਸਦੀ ਜਟਿਲਤਾ ਨੂੰ ਪਕੜ੍ਹਨ ਜਾਂ ਸਮਝਣ ਲਈ ਮੁੱਖ-ਬਿਰਤਾਂਤ ਦੇ ਨਾਲ-ਨਾਲ ਤੁਰਨ ਵਾਲੇ ਉਪ-ਬਿਰਤਾਂਤਾਂ ਦੀ ਚਰਚਾ ਕੀਤੀ ਜਾਂਦੀ ਰਹੀ ਹੈ। ਉਪ-ਬਿਰਤਾਂਤਾਂ ਦਾ ਪ੍ਰਕਾਰਜ ਪ੍ਰਮੁੱਖ ਤੌਰ 'ਤੇ ਮੁੱਖ ਬਿਰਤਾਂਤ ਨੂੰ ਵਧੇਰੇ ਪੀਡਾ ਜਾਂ ਸੰਘਣਿਆਂ ਕਰਨ ਦਾ ਹੁੰਦਾ ਹੈ ਪਰ ਬਹੁਤੀ ਵਾਰ ਵੇਖਣ ਵਿਚ ਕੀ ਆਉਂਦਾ ਹੈ ਕਿ ਉੱਪ-ਬਿਰਤਾਂਤਾਂ ਦੀ ਤੋਰ ਸੁਭਾਵਿਕਤਾ ਦੇ ਉਲਟ ਵਿਰਲਤਾ ਦੀ ਭਾਂਅ ਮਾਰਨ ਲੱਗ ਜਾਂਦੀ ਹੈ। ਚੌਥੇ ਪੜਾਅ ਦੀ ਕਹਾਣੀ ਦੇ ਸੰਦਰਭ ਵਿਚ ਗੱਲ ਕਰਦਿਆਂ ਉਪ-ਬਿਰਤਾਂਤਾਂ ਦੀ ਲੜੀ ਵਿਚਕਾਰ ਸੰਘਣਨ ਪ੍ਰਕਿਰਿਆ ਦੀ ਝਲਕ ਵੇਖੀ ਜਾ ਸਕਦੀ ਹੈ ਜੋ ਇਸ ਪੜਾਅ ਦਾ ਖਾਸਾ ਮੰਨਿਆ ਜਾ ਸਕਦਾ ਹੈ। ਇਹ ਕਹਾਣੀ ਬੁਨਿਆਦੀ ਤੌਰ 'ਤੇ ਮਨੁੱਖ ਦੇ ਆਤਮ ਸੰਘਰਸ਼ ਦੀ ਦਾਸਤਾਨ ਨੂੰ ਆਪਣੇ ਕਲੇਵਰ ਵਿਚ ਲੈ ਰਹੀ ਹੈ ਪਰ ਇਸ ਦੀ ਬੁਣਤਰ ਦੀ ਮਹੀਨਤਾ ਇਹ ਹੈ ਕਿ ਇਹ ਬਿਰਤਾਂਤ ਉਸਾਰਦਿਆਂ ਬਹੁਪਰਤਵੀਂ ਝਾਤ ਨੂੰ ਯਕੀਨੀ ਬਣਾਉਹੈ। ਹਾਸਿਲ ਇਸ ਦਾ ਇਹ ਰਿਹਾ ਹੈ ਕਿ ਇਸ ਪ੍ਰਕਿਰਿਆ ਵਿਚਕਾਰ ਸੁਭਾਵਿਕਤਾ, ਸਹਿਜਤਾ, ਉਤਸੁਕਤਾ, ਸੰਘਣਤਾ, ਸੂਖ਼ਮਤਾ ਅਤੇ ਸੁਚੱਜਤਾ ਦੀ ਧੂਨੀ ਨਿਰੰਤਰ ਬਰਕਰਾਰ ਰਹਿੰਦੀ ਹੈ।

ਕੋਈ ਵੀ ਰਚਨਾ ਜੇਕਰ ਪਾਠਕ ਤੇ ਪਾਠ ਵਿਚਕਾਰ ਪਰਿਵੇਸ਼ ਦੀ ਸਥਿਤੀ ਨੂੰ ਯਕੀਨੀ ਨਹੀਂ ਬਣਾਉਂਦੀ ਤਾਂ ਰਚਨਾ ਤੇ ਰਚਨਾਕਾਰ ਦੀ ਖ਼ਾਮੀ ਕਹੀ ਜਾ ਸਕਦੀ ਹੈ। ਚੌਥੇ ਪੜਾਅ ਦੇ ਕਹਾਣੀਕਾਰ ਜਦ ਕਥਾ ਉਸਾਰਦੇ ਹਨ ਤਾਂ ਕਥਾ ਦਾ ਆਰੰਭਕ ਵਾਕ ਹੀ ਵਿਲੰਬਿਤ ਵਿਗੋਪਨ ਅਧੀਨ ਰਹੱਸ ਦੀ ਪਾਣ ਹੇਠ ਵਿਭਿੰਨ ਪ੍ਰਕਾਰ ਦੀਆਂ ਥੀਮਕ ਕਿਆਸਅਰਾਈਆਂ ਦੀ ਸਿਰਜਣਾ ਕਰਦਾ ਪ੍ਰਤੀਤ ਹੁੰਦਾ ਹੈ। ਇਹੀ ਤੱਤ ਅੱਗੇ ਚੱਲ ਕੇ ਕਥਾ-ਕੜੀਆਂ ਜਾਂ ਕਥਾ-ਵੇਰਵਿਆਂ ਦੇ ਪ੍ਰਭਾਵੀ ਸਤ੍ਹ ਵਿਚ ਇਜ਼ਾਫਾ ਵੀ ਕਰਦੇ ਹਨ ਅਤੇ ਬਣਤਰੀ ਤੇ ਬੁਣਤਰੀ ਪਹਿਲੂਆਂ ਦੀ ਜੜ੍ਹਤ-ਬੀੜ੍ਹਤ ਨੂੰ ਸ਼ਿਲਪਕਾਰੀ ਵਿਚ ਤਬਦੀਲ ਵੀ ਕਰਦੇ ਹਨ।

ਸਮਾਂ ਆਪਣੇ ਪ੍ਰਵਾਹ ਵਿਚ ਨਿਰੰਤਰ ਗਤੀਮਾਨ ਰਹਿੰਦਾ ਹੈ। ਸਮੇਂ ਦੀ ਗਤੀਸ਼ੀਲਤਾ ਦੇ ਮੱਦੇਨਜ਼ਰ ਪੰਜਾਬੀ ਕਹਾਣੀ ਚੌਥਾ ਪੜਾਅ ਤੋਂ ਪੰਜਵੇਂ ਪੜਾਅ ਦੀ ਸਰਦਲ 'ਤੇ ਖੜੀ ਨਵੀਆਂ ਕੰਨਸੋਆਂ ਦੇ ਰਹੀ ਹੈ। ਪੰਜਵੇਂ ਪੜਾਅ ਅਧੀਨ ਅਸੀਂ ਸਿਮਰਨ ਧਾਲੀਵਾਲ, ਦੀਪਤੀ ਬਬੂਟਾ, ਪਵਿੱਤਰ ਕੌਰ ਮਾਟੀ, ਸਰਘੀ, ਅਰਵਿੰਦਰ ਧਾਲੀਵਾਲ ਆਦਿ ਕਹਾਣੀਕਾਰਾਂ ਦਾ ਜ਼ਿਕਰ ਅਕਸਰ ਕਰਦੇ ਹਾਂ। ਭਾਵੇਂ ਕਿ ਪ੍ਰਮਾਣਿਕ ਤੌਰ 'ਤੇ ਪੰਜਵੇਂ ਪੜਾਅ ਦਾ ਅਜੇ ਤੱਕ ਕੋਈ ਨਿਸ਼ਚਿਤ ਪੈਰਾਮੀਟਰ ਨਿਰਧਾਰਿਤ ਨਹੀਂ ਕੀਤਾ ਗਿਆ ਪਰੰਤੂ ਵਸਤੂ ਅਤੇ ਰੂਪ ਦੀ ਪੱਧਰ 'ਤੇ ਵਾਪਰ ਰਹੀ ਤਬਦੀਲੀ ਨੂੰ ਦੇਖਦਿਆਂ ਅਸੀਂ ਸਮਕਾਲੀ ਕਹਾਣੀ ਨੂੰ ਪੰਜਵੇਂ ਪੜਾਅ ਦੇ ਨਾਮ ਹੇਠ ਮੰਨ ਕੇ ਚੱਲ ਰਹੇ ਹਾਂ। ਤੀਜੀਂ ਪੀੜ੍ਹੀ ਤੋਂ ਚੌਥੀ ਪੀੜ੍ਹੀ ਤੱਕ ਆਉਂਦਿਆਂ-

ਆਉਂਦਿਆਂ ਪੰਜਾਬੀ ਕਹਾਣੀ ਕੱਥ ਅਤੇ ਵੱਥ ਦੀ ਪੱਧਰ ’ਤੇ ਵੱਡੀ ਤਬਦੀਲੀ ਦੀ ਸੂਚਕ ਬਣਦੀ ਹੈ। ਚੌਥੀ ਤੋਂ ਪੰਜਵੀਂ ਪੀੜ੍ਹੀ ਵਿਚ ਪੈਰ ਰੱਖਦਿਆਂ ਪੰਜਾਬੀ ਕਹਾਣੀ ਵਿਚ ਵਸਤੂਗਤ ਯਥਾਰਥ ਦੇ ਪੱਖ ਤੋਂ ਤਾਂ ਕੁਝ ਨਵੇਂ ਵਿਸ਼ਿਆਂ ਨੂੰ ਹੱਥ ਪਾਇਆ ਜਾ ਰਿਹਾ ਹੈ ਪਰ ਕੁਝ ਕੁ ਖੱਪੇ ਨਜ਼ਰ ਆ ਰਹੇ ਹਨ ਜੋ ਪੰਜਵੇਂ ਪੜਾਅ ਨੂੰ ਚੌਥੇ ਪੜਾਅ ਨਾਲੋਂ ਮਿਆਰੀਕਰਨ ਦੇ ਗਰਾਫ਼ ਵਿਚ ਹੇਠਾਂ ਰੱਖ ਰਹੇ ਹਨ। ਇਸ ਪੰਜਵੇਂ ਪੜਾਅ ਦੀਆਂ ਕਹਾਣੀਆਂ ਵਿਚ ਬਦਲ ਰਹੇ ਸਮਾਜ ਦੇ ਤੱਥ-ਸੱਚ ਤਾਂ ਹਨ ਪਰ ਇੰਨ੍ਹਾਂ ਦੀ ਪੇਸ਼ਕਾਰੀ ਵਿਚ ਮਿਆਰੀ ਸੁਹਜਾਤਮਿਕ ਕਥਾ ਸ਼ੈਲੀ ਦਾ ਅਭਾਵ ਨਜ਼ਰ ਆਉਂਦਾ ਹੈ। ਪਰਿਵਾਰਕ ਜੀਵਨ-ਮੁੱਲਾਂ ਅਤੇ ਸਮਾਜ-ਸਭਿਆਚਾਰ ਵਿਚ ਵਾਪਰ ਰਹੀ ਤਬਦੀਲੀ ਨੂੰ ਸਾਹਿਤਕਾਰਾਂ ਨੇ ਪਕੜ੍ਹਨਾ ਹੀ ਹੁੰਦਾ ਹੈ, ਪਰ ਇਸ ਦੇ ਨਾਲ ਹੀ ਰਚਨਾਵਾਂ ਦਾ ਕਲਾ-ਰੂਪਾਂ ਉੱਤੇ ਖੜ੍ਹੇ ਰਹਿਣਾ ਵੀ ਜ਼ਰੂਰੀ ਹੁੰਦਾ ਹੈ। ਅਜੇਹੀ ਥੁੱੜ ਕਾਰਣ ਬਹੁਤੀ ਵਾਰ ਰਚਨਾਵਾਂ ਛੇਤੀ ਹੀ ਸਮੇਂ ਦੀ ਧੂੜ ਵਿਚ ਗੁੰਮ-ਗਵਾਚ ਜਾਂਦੀਆਂ ਹਨ। ਇਸ ਦੇ ਸਿੱਟੇ ਵਜੋਂ ਹੀ ਪਿਛਲੇ ਕੁਝ ਸਮਿਆਂ ਤੋਂ ਕੋਈ ਰਚਨਾ ਪਾਠਕਾਂ ਦੇ ਚੇਤਿਆਂ ਵਿਚ ਯਾਦਗਾਰੀ ਥਾਂ ਬਨਾਉਣ ਤੋਂ ਅਸਮਰੱਥ ਰਹੀ ਹੈ। ਅਜੇਹੀ ਰਚਨਾਕਾਰੀ ਦਾ ਵੀ ਕੋਈ ਸਮਾਜਕ ਸਬੱਬ ਹੋ ਸਕਦਾ ਹੈ। ਪਰਿਵਾਰਕ ਰਿਸ਼ਤਿਆਂ ਤੇ ਸਮਾਜਚਾਰੇ ਵਿਚ ਜਿਵੇਂ ਹੀ ਨੀਰਸਤਾ ਤੇ ਖੁਸ਼ਕੀ ਦਾ ਬੋਲਬਾਲਾ ਵੱਧ ਰਿਹਾ ਹੈ, ਤਿਵੇਂ ਦਾ ਹੀ ਵੱਡਾ ਪਰਛਾਵਾਂ ਸਾਹਿਤਕ ਕਲਾ-ਰੂਪਾਂ ਉੱਤੇ ਵੀ ਪੈ ਰਿਹਾ ਹੈ।

ਪਹਿਲਾ ਨੁਕਤਾ ਜੋ ਦਰਪੇਸ਼ ਆ ਰਿਹਾ ਹੈ ਕਿ ਇਸ ਪੜਾਅ ਦੀ ਕਹਾਣੀ ਵਿਚ ਗੰਭੀਰਤਾ ਜਾਂ ਅਭਿਆਸ ਦੀ ਕਮੀ ਖਟਕ ਰਹੀ ਹੈ। ਕਾਰਨ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਪੱਕਤਾ ਹਮੇਸ਼ਾ ਅਧਿਐਨ ’ਚੋਂ ਪੈਦਾ ਹੁੰਦੀ ਹੈ ਤੇ ਅਧਿਐਨ ਗਹਿਰਾਈ ਦੀ ਮੰਗ ਕਰਦਾ ਹੈ। ਸਾਹਿਤ ਸਮਝਣ ਤੇ ਸਿਰਜਣ ਲਈ ਇਤਿਹਾਸ-ਮਿਥਿਹਾਸ ਸੰਸਕ੍ਰਿਤੀ ਲੋਕਧਾਰਾ ਤੇ ਹੋਰ ਅਨੁਸਾਧਨਾਂ ਦੀ ਸਮਝ ਬਹੁਤ ਜ਼ਰੂਰੀ ਹੈ। “ਸਮਾਜਕ ਮਨੁੱਖ ਆਪਣੇ ਪੂਰਬਲੇ ਪੂਰਨਿਆਂ ਉਪਰ ਹੀ ਨਵੀਂ ਸਿਰਜਣਾ ਕਰ ਸਕਦਾ ਹੈ। ਕਿਉਂਕਿ ਉਸ ਨੇ ਸਿਰਫ਼ ਸਿਰਜਣਾ ਹੀ ਨਹੀਂ ਹੁੰਦਾ, ਸੰਚਾਰਨਾ ਵੀ ਹੁੰਦਾ ਹੈ। ਸਭਿਅਤਾ ਲਿਖੇ ਉਪਰ ਲਿਖ ਕੇ ਹੀ ਆਪਣੀ ਹਉਂ ਨੂੰ ਕਾਇਮ ਰੱਖਦੀ ਤੇ ਵਿਸਥਾਰਦੀ ਹੈ। ਬੀਤ ਕਾਲ ਤੋਂ ਬਗੈਰ ਹੁਣ ਕਾਲ ਸੰਭਵ ਨਹੀਂ।”[2] ਇਹ ਤੱਤ ਜਦ ਕਹਾਣੀਕਾਰ ਦੇ ਸੁਭਾਅ ਵਿਚ ਸ਼ਾਮਿਲ ਹੁੰਦੇ ਹਨ ਤਾਂ ਕਹਾਣੀ ਸੁਭਾਵਿਕ ਹੀ ਅੰਤਰ-ਅਨੁਸ਼ਾਸਨੀ ਹੋ ਨਿੱਬੜਦੀ ਹੈ, ਕਿਉਂਕਿ ਦਿਸਦੇ ਯਥਾਰਥ ਨੂੰ ਸੂਖ਼ਮ ਦ੍ਰਿਸ਼ਟੀ ਤੋਂ ਵਾਚਦਿਆਂ ਤਹਿਦਾਰ ਹਕੀਕਤਾਂ ਨੂੰ ਤੁਲਨਾਤਮਕ ਜ਼ਾਵੀਏ ਤੋਂ ਵੇਖਦਾ ਕਥਾਕਾਰ ਹਰ ਐਂਗਲ ਤੋਂ ਪ੍ਰਤੱਖਣ ਦਾ ਅਧਿਐਨ ਕਰਦਾ, ਉਪਰੰਤ ਕਹਾਣੀ ਦਾ ਰੂਪ ਦਿੰਦਾ ਹੈ। ਡੂੰਘੀ ਤੇ ਵਜ਼ਨੀ ਗੱਲ, ਕਹਿਣ ਵਾਲੇ ਦੀ ਸਾਧਨਾ ਤੇ ਸ਼ਖ਼ਸੀਅਤ ਦਾ ਸੁਮੇਲ ਹੈ। ਜ਼ੁਬਾਨ ਦਾ ਇਕ ਆਪਣਾ ਸਭਿਆਚਾਰ ਹੁੰਦਾ ਹੈ। ਬੋਲ ਖ਼ਾਮੋਸ਼ੀ ਦੇ ਨੇੜੇ ਹੋਣ ਅਤੇ ਚੁੱਪ ਬੋਲਦੀ ਪਈ ਹੋਵੇ। ਇਸ ਸਮੁੱਚੀ ਪ੍ਰਕਿਰਿਆ ਵਿਚ ਸਮਾਂ ਅਤੇ ਸੂਝ ਲੋੜੀਂਦੇ ਤੱਤ ਹਨ। ਹੁਣ ਦੀ ਕਹਾਣੀ ਵਿਚ ਬਹੁਤੀਆਂ ਕਹਾਣੀਆਂ ਦੀ ਬਣਤਰ ਵਿਚ ਸੂਚਨਾ ਦਾ ਤੱਤ ਹਾਵੀ ਨਜ਼ਰ ਆ ਰਿਹਾ ਹੈ, ਕਥਾ ਵੇਰਵਿਆਂ ਦੀ ਬਣਤਰ ਢਿੱਲੀ ਜਾਪ ਰਹੀ ਹੈ ਜਦ ਕਿ ਪ੍ਰਭਾਵਸ਼ਾਲੀ ਸਿਰਜਣਾ ਲਈ ਜ਼ਰੂਰੀ ਹੈ ਕਿ ਕਿਸੇ ਵੀ ਕਥਾ ਵਿਚਕਾਰ ਕਥਾਕਾਰ ਨਹੀਂ ਬਲਕਿ ਕਥਾ ਵੇਰਵੇ ਬੋਲਣ। ਵਰਤਮਾਨ



ਕਹਾਣੀ ਪਾਠਕ ਦੀ ਸੂਝ-ਬੂਝ ’ਤੇ ਕਿੰਤੂ ਕਰਕੇ ਚਲਦੀ ਪ੍ਰਤੀਤ ਹੋ ਰਹੀ ਹੈ। ਲਿਹਾਜ਼ਾ ਵਾਪਰ ਕੀ ਰਿਹਾ ਹੈ ਕਿ ਕਥਾਕਾਰ ਸਾਰਾ ਬਿਰਤਾਂਤ ਆਪਣੇ ਮੂੰਹੋਂ ਪਾਠਕ ਦੇ ਸਾਹਵੇਂ ਖੋਲਣ-ਬੋਲਣ-ਸਮਝਾਉਣ ’ਤੇ ਤਰਜੀਹ ਦੇ ਰਿਹਾ ਹੈ ਜਿਹਦੇ ਨਾਲ ਕਥਾ-ਰਸ ਵਿਚ ਵੀ ਕਟੌਤੀ ਨਜ਼ਰ ਆ ਰਹੀ ਹੈ ਅਤੇ ਕਥਾ ਵਿਚਕਾਰ ਪ੍ਰਭਾਵ ਦੀ ਮਾਤਰਾ ਦਾ ਖੱਪਾ ਵੀ ਦ੍ਰਿਸ਼ਟੀਗੋਚਰ ਹੋ ਰਿਹਾ ਹੈ। ਜੇਕਰ ਇਸ ਤਰ੍ਹਾਂ ਦੇ ਖੱਪੇ ਅਸੀਂ ਅੱਜ ਸਿਰਜਣਾ ਪੱਧਰ ’ਤੇ ਵੇਖ ਰਹੇ ਹਾਂ ਤਾਂ ਕਾਰਨ ਕੇਵਲ ਕਥਾਕਾਰ ਦੀ ‘ਨੰਬਰ-ਦੌੜ’ ਹੀ ਨਹੀਂ ਬਲਕਿ ਤਹਿਆਂ ਹੋਰ ਵੀ ਹਨ। ਪਹਿਲਾ ਸਮਾਂ ਸੀ, ਜਦ ਅਕਾਦਮਿਕ ਪੱਧਰ ’ਤੇ ਬੱਚਿਆਂ ਵਿਚ ਲਗਨ ਅਤੇ ਉਤਸ਼ਾਹ ਪੈਦਾ ਕਰਨ ਲਈ ਕਈ ਪ੍ਰਕਾਰ ਦੇ ਲਿਖਣ-ਮੁਕਾਬਲੇ ਕਰਵਾਏ ਜਾਂਦੇ ਸੀ। ਹਰ ਕਿਸੇ ਨੂੰ ਬਣਦੀ ਹੱਲਾਸ਼ੇਰੀ ਵੀ ਦਿੱਤੀ ਜਾਂਦੀ ਸੀ। ਨਿਰਸੰਦੇਹ ਅੱਜ ਵੀ ਇਹ ਸਭ ਕਾਇਮ ਹੈ ਲੇਕਿਨ ਬਦਲਾਵ ਇਸਦੇ ਪ੍ਰਕਾਰਜ ਵਿਚ ਵਾਪਰ ਚੁੱਕਾ ਹੈ। ਦਿਖਾਵੇ ਦੇ ਯੁੱਗ ਨੇ ਬਹੁਤ ਕੁਝ ਖ਼ਾਲਸ ਖੋਹ ਲਿਆ ਹੈ। ਦੌੜ ਹਰ ਇਨਸਾਨ ਦੀ ਫ਼ਿਤਰਤ ਦਾ ਅੰਗ ਬਣ ਚੁੱਕੀ ਹੈ। ਨਤੀਜਨ ਹਰ ਪੱਧਰ ’ਤੇ ਕਚਿਆਈ ਦੀ ਬੂ ਨਾਲ ਸਾਨੂੰ ਖਹਿਣਾ ਪੈ ਰਿਹਾ ਹੈ। ਅੱਜ ਪੰਜਵੇਂ ਪੜਾਅ ਦੇ ਬਹੁਤੇ ਕਥਾਕਾਰ ਸਿਰਜਣਾ ਦੇ ਪ੍ਰਕਾਰਜ ਤੋਂ ਬੇਖ਼ਬਰ ਹਨ, ਪਰ ਮੰਡੀ ਦੇ ਯੁੱਗ ਵਿਚ ਆਪਣੀ ਕੁਝ ਨਾ ਕੁਝ ਕੀਮਤ ਜ਼ਰੂਰ ਲੋਚਦੇ ਹਨ ਜਿਸਦਾ ਪਰਿਣਾਮ ਨਿਰਾਸ਼ਾਜਨਕ ਵਾਪਰ ਰਿਹਾ ਹੈ। ਸਾਰੇ ਕੁਝ ਦਾ ਤਵਾਜ਼ਨ ਦਰੁਸਤ ਕਰਨ ਲਈ ਬੌਧਿਕਤਾ ਦਾ ਮਿਆਰ ਉੱਚਾ ਚੁੱਕਣਾ ਲਾਜ਼ਮੀ ਹੁੰਦਾ ਹੈ ਤੇ ਮਿਆਰ ਹਮੇਸ਼ਾ ਗਿਆਨ, ਅਭਿਆਸ, ਅਨੁਭਵ ਤੇ ਆਸ ਨਾਲ ਜੁੜੇ ਰਹਿ ਕੇ ਹੀ ਪੈਦਾ ਹੋ ਸਕਦਾ ਹੈ। ਵਰਤਮਾਨ ਕਥਾਕਾਰ ਲਈ ਜ਼ਰੂਰੀ ਹੈ ਕਿ ਉਹ ਆਪਣੀ ਸਮਿਅਕ ਇਕਾਈ ਨਾਲ ਹੀ ਨਹੀਂ ਬਲਕਿ ਆਪਣੇ ਤੋਂ ਪੂਰਵਲੇ ਅਤੇ ਆਉਣ ਵਾਲੇ ਸਮੇਂ ਦੀ ਕੰਨਸੋਅ ਨਾਲ ਸੰਤੁਲਿਤ ਤਾਲਮੇਲ ਬਣਾ ਕੇ ਰੱਖਣ ਦੀ ਕੋਸ਼ਿਸ਼ ਕਰਨ ਅਤੇ ਵਿਦਿਅਕ ਅਦਾਰੇ ਵੀ ਵਿੱਦਿਆ ਦੇ ਵਾਪਰੀਕਰਨ ਤੋਂ ਲਾਂਭੇ ਹੋ ਕੇ ‘ਵਿਦਿਆ ਵਿਚਾਰੀ ਤਾਂ ਪਰਉਪਾਰੀ’ ਦੇ ਸਿਧਾਂਤ ਵੱਲ ਅਹੁਲਣ ਦਾ ਉੱਦਮ ਕਰਨ।

ਅਗਲੀ ਗੱਲ ਕਿ ਕਹਾਣੀ ਦਾ ਸਮੁੱਚਾ ਦਾਰੋਮਦਾਰ ਦਿਸਦੇ ਯਥਾਰਥ ਦੀਆਂ ਅਛੋਪਲੀਆਂ, ਲੁਪਤ, ਪੇਚੀਦਾ ਅਤੇ ਵਲੇਵੇਂਦਾਰ ਪਰਤਾਂ ਨੂੰ ਸਮਝਣ ਤੇ ਪੇਸ਼ ਕਰਨ ਉਪਰ ਟਿਕਿਆ ਹੋਇਆ ਹੈ। ਕਹਾਣੀ ਥੋੜੀ ਜਾਂ ਬਹੁਤੀ ਮਾਤਰਾ ਵਿਚ ਇਸ ਨਾਲ ਦਸਤਪੰਜਾ ਲੈ ਵੀ ਰਹੀ ਹੈ ਪਰ ਯਥਾਰਥ ਦੀ ਜਟਿਲਤਾ ਦਾ ਕੋਈ ਸਿਰਾ ਕਹਾਣੀਕਾਰਾਂ ਦੀ ਅੱਖ ਤੋਂ ਓਹਲੇ ਰਹਿ ਰਿਹਾ ਹੈ। ਇਸ ਦਾ ਕਾਰਨ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਵਰਤਮਾਨ ਸਮਾਂ ਅਨਿਸ਼ਚਿਤਤਾ ਦਾ ਸਮਾਂ ਹੈ। ਇਸ ਸਮੇਂ ਦਾ ਸੱਚ ਇਕਹਿਰਾ ਨਹੀਂ ਹੈ। ਸਮੱਸਿਆਵਾਂ, ਮਸਲੇ ਪਰਤਾਂ ਜਾਂ ਤਹਿਆਂ ਦੀ ਸ਼ਕਲ ਵਿਚ ਹਨ। ਸੋ ਸਮਾਜ ਵਿਚ ਵਾਪਰ ਕੀ ਰਿਹਾ ਹੈ ? ਜੋ ਵਾਪਰ ਰਿਹਾ ਹੈ, ਉਸਦਾ ਅਸਲ ਕਾਰਨ ਕੀ ਹੈ ? ਸਾਰੀਆਂ ਹਾਲਤਾਂ ਦੇ ਪਿੱਛੇ ਮੂਲ ਸਮੱਸਿਆ ਕੀ ਵਿਚਰ ਰਹੀ ਹੈ ? ਇਸ ਦੀ ਪਛਾਣ ਹੀ ਔਖੀ ਜਾਪ ਰਹੀ ਹੈ। ਅਨਿਸਚਿਤਤਾ ਦੇ ਦੌਰ ਨੇ ਸਾਨੂੰ ਤੁਰੰਤ ਫੈਸਲਾ ਲੈ ਸਕਣ ਤੋਂ ਵਾਂਝਿਆਂ ਕਰ ਹਮੇਸ਼ਾਂ ਦੁਵੱਲੇ ਰਾਹਾਂ ਦੇ ਗਧੀਗੇੜ ਵਿਚ ਪਾ ਦਿੱਤਾ ਹੈ। ਅਗਲੀ ਗੱਲ ਕਿ ਹੁਣ ਸਮਾਜਿਕ ਸੰਘਰਸ਼ ਨਾਲੋਂ ਆਤਮ ਸੰਘਰਸ਼ ਜਾਂ ਭੇੜ ਦਾ ਦੌਰ ਚੱਲ ਰਿਹਾ ਹੈ। ਹੁਣ ਸਾਡੇ ਲਈ ਬਾਹਰੀ ਕੋਈ ਵੀ ਸਮੱਸਿਆ ਓਨੀ ਵੱਡੀ ਨਹੀਂ ਰਹਿੰਦੀ

ਜਿੰਨ੍ਹਾਂ ਕਿ ਸਾਡਾ ਸਵੈ, ਸਾਡੇ ਲਈ ਸਮੱਸਿਆ ਬਣੀ ਬੈਠਾ ਹੈ। ਅਜਿਹੇ ਹਾਲਾਤ ਦੇ ਮੱਦੇਨਜ਼ਰ ਹੁਣ ਦੀ ਕਹਾਣੀ ਵੀ ਸਮੇਂ ਦੇ ਅਜਿਹੇ ਸੱਚ ਨਾਲ ਦੋ-ਚਾਰ ਹੁੰਦੀ ਯਥਾਰਥ ਨੂੰ ਸਮਝਣ ਲਈ ਆਪੋ-ਆਪਣੀਆਂ ਟੱਕਰਾਂ ਮਾਰ ਰਹੀ ਹੈ ਪਰ ਇਹਦੀ ਜੜ੍ਹ ਅਜੇ ਵੀ ਪਰਤਾਂ ਅਤੇ ਪਰਦਿਆਂ ਦੇ ਓਹਲੇ ਹੈ।

ਪੰਜਵੇਂ ਪੜਾਅ ਦੀ ਕਹਾਣੀ ਦਾ ਖਾਸਾ ਇਹ ਦਿਖਾਈ ਦੇ ਰਿਹਾ ਹੈ ਕਿ ਇਹ ਜਟਿਲਤਾ ਤੋਂ ਸਹਿਜ ਵੱਲ ਮੋੜਾ ਕੱਟ ਰਹੀ ਹੈ। ਨਾਲ ਦੀ ਨਾਲ ਸ਼ੁੱਭ ਸੰਕੇਤ ਇਹ ਵੀ ਨਜ਼ਰੀ ਪੈ ਰਿਹਾ ਹੈ ਕਿ ਕਹਾਣੀ ਕੇਵਲ ਤੇ ਕੇਵਲ ਮਰਦ ਜਾਂ ਔਰਤ ਦੇ ਜਿਸਮਾਨੀ ਸੰਬੰਧਾਂ ਦੀ ਜਕੜ ਵਿੱਚੋਂ ਬਾਹਰ ਨਿਕਲ ਕੇ ਹੋਰਨਾਂ ਸਮੱਸਿਆਵਾਂ ਨੂੰ ਵੀ ਆਪਣੇ ਕਲੇਵਰ ਵਿਚ ਲੈ ਰਹੀ ਹੈ। ਚੌਥੇ ਪੜਾਅ ਦੀ ਕਹਾਣੀ ਜਟਿਲ ਬਣਤਰ ਦੀ ਧਾਰਨੀ ਸੀ। ਕਈ ਵਾਰ ਵਾਪਰਦਾ ਕੀ ਸੀ ਕਿ ਇਸ ਜਟਿਲਤਾ ਦੇ ਘੜਮੱਸ ਹੇਠ ਅਸਪੱਸ਼ਟਤਾ ਦਾ ਆਲਮ ਪੈਦਾ ਹੋ ਜਾਂਦਾ ਸੀ ਪਰ ਪੰਜਵੇਂ ਪੜਾਅ ਦੇ ਕਹਾਣੀਕਾਰ ਉਸ ਅਬੁੱਝ ਜਟਿਲਤਾ, ਵਾਧੂ ਤੇ ਬੇਲੋੜੀਆਂ ਜਟਿਲ ਬਿਰਤਾਂਤਕ ਜੁਗਤਾਂ ਨੂੰ ਖਹਿੜਾ ਛੁਡਾਉਣ ਦਾ ਉੱਦਮ ਕਰ ਰਹੇ ਹਨ। ਇਹ ਕਹਾਣੀ ਬੇਸ਼ੱਕ ਸੂਚਨਾ ਮਾਤਰ ਬਣ ਕੇ ਰਹਿ ਜਾਂਦੀ ਹੈ ਪਰ ਇਹ ਉੱਠ ਰਹੇ ਨਵੇਂ ਕਹਾਣੀਕਾਰਾਂ ਨੂੰ ਜਟਿਲ ਬਣਤਰ ਦੀ ਦੌੜ ਅਤੇ ਹੋੜ ਨਾਲੋਂ ਪਾਸੇ ਕਰਨ ਦਾ ਸਫ਼ਲ-ਨਿਸਫ਼ਲ ਯਤਨ ਕਰ ਰਹੀ ਜਾਪ ਰਹੀ ਹੈ।

1990 ਤੋਂ ਬਾਅਦ ਵਾਪਰੀ ਵਿਸ਼ਵ ਪੱਧਰੀ ਤਬਦੀਲੀ ਨੇ ਨਿਰਸੰਦੇਹ ਹਰ ਖੇਤਰ ਨੂੰ ਨਵੀਆਂ ਸਥਿਤੀਆਂ ਦੇ ਸਨਮੁੱਖ ਲੈ ਆਂਦਾ ਹੈ। ਵਿਅਕਤੀਗਤ ਪੱਧਰ 'ਤੇ ਹਰ ਮਨੁੱਖ ਥੋੜੇ-ਬਹੁਤ ਫ਼ਰਕ ਨਾਲ ਸੰਤੁਲਨ ਦੇ ਘੇਰੇ ਤੋਂ ਬਾਹਰ ਵਿਚਰਦਾ ਦੌੜ ਤੇ ਹੋੜ ਦਾ ਸ਼ਿਕਾਰ ਬਣੀ ਬੈਠਾ ਹੈ। ਉਸੇ ਦੌੜ ਤੇ ਹੋੜ ਦਾ ਨਤੀਜਾ ਹੈ ਕਿ ਅੱਜ ਸਿਰਜਣਾ ਵੀ ਅਨੁਭਵ ਤੋਂ ਕੋਰੀ ਪ੍ਰਤੀਤ ਹੋ ਰਹੀ ਹੈ। ਪ੍ਰਸਿੱਧੀ ਅਤੇ ਸ਼ਕਤੀ ਦਾ ਵਾਵਰੋਲਾ ਇਸ ਕਦਰ ਹਾਵੀ ਹੈ ਕਿ ਗੁਣਾਤਮਕਤਾ ਨਾਲੋਂ ਗਿਣਤੀ ਜਾਂ ਗਿਣਾਤਮਕਤਾ ਵਿਚ ਵਾਧਾ ਕਰਨ ਉਪਰ ਸਾਰੇ ਦਾ ਸਾਰਾ ਜ਼ੋਰ ਲਾਇਆ ਜਾ ਰਿਹਾ ਹੈ। ਜੋ ਹੁਣ ਦੀ ਕਹਾਣੀ ਵਿਚ ਵੀ ਵੇਖਿਆ ਜਾ ਸਕਦਾ ਹੈ। ਅਨੁਭਵ, ਤਜ਼ਰਬਾ ਤੇ ਪ੍ਰੱਪਕਤਾ ਦੀ ਕਮੀ ਕਾਰਨ ਬਿਰਤਾਂਤ ਪੇਤਲੇਪਣ ਦਾ ਸ਼ਿਕਾਰ ਜਾਪ ਰਿਹਾ ਹੈ। ਪੇਸ਼ਕਾਰੀ ਦੀ ਥਾਂ 'ਤੇ ਬਿਆਨ ਭਾਰੂ ਸੁਰ ਵਿਚ ਦਿਖਾਈ ਦੇ ਰਿਹਾ ਹੈ।

ਕੋਈ ਦੋ ਰਾਇ ਨਹੀਂ ਕਿ ਸਾਹਿਤ ਦਾ ਬੁਨਿਆਦੀ ਪ੍ਰਕਾਰਜ ਸੇਧ ਜਾਂ ਸਾਰਥਕਤਾ ਵੱਲ ਇਸ਼ਾਰਾ ਕਰਨਾ ਹੁੰਦਾ ਹੈ ਪਰ ਇਸ ਸ਼ਰਤ ਦੇ ਨਾਲ ਕਹਾਣੀ ਕਦੇ ਵੀ ਇਕਹਿਰੀ, ਉਪਦੇਸ਼ ਮੁਖੀ, ਬਿਆਨਬਾਜ਼ੀ ਜਾਂ ਵਿਸਥਾਰ ਨਹੀਂ ਲੱਗਣੀ ਚਾਹੀਦੀ, ਬਲਕਿ ਕਥਾ ਬੁਣਤਰ ਵਿਚਕਾਰ ਸੰਘਣਤਾ ਦਾ ਤੱਤ ਇਸ ਤਰੀਕੇ ਨਾਲ ਪਰੋਇਆ ਜਾਣਾ ਚਾਹੀਦਾ ਹੈ ਕਿ ਕਹਾਣੀ ਖ਼ਤਮ ਹੋ ਕੇ ਵੀ ਖਤਮ ਨਾ ਹੋਵੇ। ਪਾਠਕ ਦੀ ਬੁੱਧੀ ਨੂੰ ਅਜਿਹਾ ਟੁੰਬੇ ਕਿ ਪਾਠਕ ਦੇ ਮਨ ਅੰਦਰ ਅਗਲੀ ਕਹਾਣੀ ਦਾ ਪਲਾਟ ਤਿਆਰ ਹੋ ਜਾਵੇ। ਇਹ ਕਹਾਣੀ ਪਾਠਕ ਤੇ ਪਾਠ ਵਿਚਕਾਰ ਪਰਿਵੇਸ਼ ਦੀ ਸਥਿਤੀ ਸਥਾਪਿਤ ਕਰਨ ਤੋਂ ਵਿਰਵੀ ਰਹਿ ਰਹੀ ਹੈ, ਜਿਸ ਕਾਰਨ ਇਸ ਅੰਦਰਲਾ ਖ਼ਮੀਰ ਪ੍ਰਭਾਵ ਦੇ ਪੱਖੋਂ ਊਣਾ ਜਾਪ ਰਿਹਾ ਹੈ। ਸੋ ਪ੍ਰਤੱਖ ਹੁੰਦਾ ਹੈ ਕਿ ਇਕ ਪੜਾਅ ਤੋਂ ਦੂਜੇ ਪੜਾਅ ਦੀ ਸਰਦਲ 'ਤੇ ਖੜ੍ਹੀ ਪੰਜਾਬੀ ਕਹਾਣੀ ਆਪਣੇ ਵਿਕਾਸ ਵੱਲ



ਨਿਰੰਤਰ ਗਤੀਸ਼ੀਲ ਹੈ। ਬਸ ਲੋੜ ਹੈ ਤਾਂ ਸਾਹਿਤ ਸਿਰਜਣਾ ਦੇ ਪ੍ਰਕਾਰਜ ਨੂੰ ਸਮਝਣ ਅਤੇ ਇਸਦੀ ਸੰਵੇਦਨਸ਼ੀਲਤਾ ਪ੍ਰਤੀ ਪ੍ਰਤੀਬੱਧ ਰਹਿਣ ਦੀ।

**ਹਵਾਲੇ ਤੇ ਟਿੱਪਣੀਆਂ**

1. ਧਨਵੰਤ ਕੌਰ, ਪ੍ਰਵਚਨ, ਕਹਾਣੀ ਗੋਸ਼ਟੀ ਵਿਸ਼ੇਸ਼ ਅੰਕ, ਜਨਵਰੀ-ਮਾਰਚ, 2008
2. ਹਰਿਭਜਨ ਸਿੰਘ, ਇਕ ਖ਼ਤ ਤੇਰੇ ਨਾਂ, ਪੰਨਾ-23

## ਡਾ. ਰਮਿੰਦਰ ਕੌਰ ਅਤੇ ਡਾ. ਸ਼ਰਨਜੀਤ ਦੇ ਪਰਚੇ ਉੱਤੇ ਹੋਈ ਵਿਚਾਰ-ਚਰਚਾ

**ਡਾ. ਬਲਜੀਤ ਕੌਰ**: ਅਠਾਰਵੀਂ ਕਹਾਣੀ ਗੋਸ਼ਟੀ 'ਚ ਸ਼ਾਮਲ ਹੋਏ ਵਿਦਵਾਨੋ, ਇਹ ਖੁਸ਼ੀ ਦੀ ਗੱਲ ਹੈ ਕਿ ਗੋਸ਼ਟੀ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਹੜੇ ਵਿਚ ਹੋ ਰਹੀ ਹੈ। ਮੈਨੂੰ ਇਸ ਗੋਸ਼ਟੀ ਦਾ ਹਿੱਸਾ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਦੋਵੇਂ ਵਿਦਵਾਨਾਂ ਨੇ ਬੜੇ ਵਿਸਥਾਰ ਵਿਚ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਬਾਰੇ ਗੱਲ ਕੀਤੀ ਹੈ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਵਿਲੱਖਣਤਾ, ਵਿਸ਼ੇਸ਼ਤਾ ਹੈ ਕਿ ਦੂਜੀ, ਤੀਜੀ ਪੀੜ੍ਹੀ ਨਾਲ ਇਹ ਪੀੜ੍ਹੀ ਵਿਥ ਕਿਵੇਂ ਸਥਾਪਿਤ ਕਰਦੀ ਹੈ? ਇਸ ਬਾਰੇ ਉਨ੍ਹਾਂ ਪੇਪਰ ਵਿਚ ਕਈ ਨੁਕਤੇ ਉਠਾਏ ਹਨ। ਪਹਿਲੀ ਗੱਲ ਜਦੋਂ ਅਸੀਂ ਕਹਾਣੀ ਨੂੰ ਇਤਿਹਾਸਕ ਪਰਿਪੇਖ ਵਿਚ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਪਹਿਲੀ ਕਹਾਣੀ ਕਿਵੇਂ ਪ੍ਰਵਿਰਤੀ ਨਾਲ ਜੁੜੀ ਹੋਈ ਸੀ। ਉਨ੍ਹਾਂ ਨੇ ਚੌਥੀ ਪੀੜ੍ਹੀ ਬਾਰੇ ਗੱਲ ਕਰਦੇ ਹੋਏ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕਹਾਣੀ ਕਿਸੇ ਪ੍ਰੀਵਰਤੀ ਨਾਲ ਜੁੜੀ ਹੋਈ ਨਹੀਂ ਹੈ। ਲੇਖਕ ਆਪਣੇ ਪ੍ਰਤੱਖਣ ਅਨੁਸਾਰ ਸਿਰਜਣਕਾਰੀ ਕਰਦਾ ਹੈ। ਇਸ ਲਈ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਚੌਥੀ ਪੀੜ੍ਹੀ ਦੀ ਕਹਾਣੀ ਕਿਸੇ ਖਾਸ ਵਿਸ਼ੇ ਦੁਆਲੇ ਨਹੀਂ ਘੁੰਮਦੀ। ਚੌਥੀ ਪੀੜ੍ਹੀ ਦੀ ਗਲਪ ਦ੍ਰਿਸ਼ਟੀ ਅਤੇ ਦ੍ਰਿਸ਼ਟੀਕੋਣ ਅਨੁਸਾਰ ਇਸ ਕਹਾਣੀ ਵਿਚੋਂ ਮਨੋ-ਗੁੰਝਲਾਂ ਜ਼ਿਆਦਾ ਉੱਭਰਦੀਆਂ ਹਨ। ਇਸੇ ਤਰ੍ਹਾਂ ਖੰਡਤ ਬਿਰਤੀ ਇਸ ਕਹਾਣੀ ਦੀ ਵਿਸ਼ੇਸ਼ਤਾ ਹੈ। ਇਸ ਕਹਾਣੀ ਵਿਚ ਬਣਤਰ ਦੇ ਪੱਖੋਂ ਵੀ ਕਈ ਤਬਦੀਲੀਆਂ ਵਾਪਰਦੀਆਂ ਹਨ। ਇਸ ਤਰ੍ਹਾਂ ਬਿਰਤਾਂਤ ਗੁੰਝਲਦਾਰ ਬਣਿਆ ਹੈ। ਇਹ ਕਹਾਣੀ ਪੁਰਾਣੀ ਪੀੜ੍ਹੀ ਨਾਲੋਂ ਵਿਥ ਵੀ ਸਥਾਪਿਤ ਕਰ ਰਹੀ ਹੈ ਅਤੇ ਆਪ ਵੀ ਸਥਾਪਤ ਹੋ ਰਹੀ ਹੈ ਅਤੇ ਇਕੋ ਕਹਾਣੀ ਵਿਚ ਕਈ ਸਮੱਸਿਆਵਾਂ ਪੇਸ਼ ਹੋ ਰਹੀਆਂ ਹਨ। ਪੁਰਾਣੀ ਕਹਾਣੀ ਵਿਚ ਕਥਾ-ਰਸ ਬਹੁਤ ਹੁੰਦਾ ਸੀ। ਮੈਂ ਨਾਨਕ ਸਿੰਘ ਦੀਆਂ ਕਹਾਣੀਆਂ ਦਾ ਜ਼ਿਕਰ ਚਾਹਾਂਗੀ। ਨਾਨਕ ਸਿੰਘ ਦੀ ਕਹਾਣੀ 'ਹਨੇਰਾ ਚੰਨ' ਅਜੇ ਵੀ ਮੇਰੇ ਚੇਤਿਆਂ 'ਚੋਂ ਵਸੀ ਹੋਈ ਹੈ। ਉਹ ਕਹਾਣੀ ਤੁਹਾਡੇ ਨਾਲ-ਨਾਲ ਚਲਦੀ ਸੀ। ਚੌਥੀ ਪੀੜ੍ਹੀ ਦੀ ਕਹਾਣੀ ਵਿਚ ਇਹ ਘਾਟ ਹੈ। ਅੱਜ ਦੀ ਕਹਾਣੀ ਪਾਠਕ ਵਿਚ ਨੀਰਸਤਾ ਪੈਦਾ ਕਰਦੀ ਹੈ। ਇਹ ਗੱਲਾਂ ਉਨ੍ਹਾਂ ਨੇ ਪੇਪਰ ਚੋਂ ਉਠਾਈਆਂ ਹਨ। ਇਸ ਪੇਪਰ ਵਿਚ ਇਕ ਮਹੱਤਵਪੂਰਨ ਗੱਲ ਹੈ ਕਿ ਵਰਤਾਰਿਆਂ ਦਾ ਚਿਤਰ ਮਾਤਰ ਕਹਾਣੀ ਨਹੀਂ ਹੈ, ਕਿਤੇ-ਕਿਤੇ ਕਹਾਣੀਕਾਰ ਸਰਵ-ਗਿਆਤਾ ਵੀ ਬਣਦਾ ਹੈ। ਇਸ ਪੀੜ੍ਹੀ ਦੀਆਂ ਬਹੁਤੀਆਂ ਕਹਾਣੀਆਂ ਮੈਂ ਪਾਤਰ ਰਾਹੀਂ ਅੱਗੇ ਤੁਰਦੀਆਂ ਹਨ। ਇਸ ਤਰ੍ਹਾਂ ਅਸੀਂ ਕਹਿ

ਸਕਦੇ ਹਾਂ ਕਿ ਚੌਥੀ ਪੀੜ੍ਹੀ ਬਾਰੇ ਬਹੁਤ ਵਿਸਥਾਰ ਵਿਚ ਗੱਲਾਂ ਹੋਈਆਂ ਹਨ।

**ਡਾ. ਮਹਿਲ ਸਿੰਘ**: ਮੈਂ ਇਸ ਤਰ੍ਹਾਂ ਦੀ ਗੱਲ ਕਰਨਾ ਚਾਹੁੰਦਾ ਸੀ ਕਿ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੇ ਨਾਲ ਤੀਜੀ ਪੀੜ੍ਹੀ ਵੀ ਕਹਾਣੀਆਂ ਲਿਖ ਰਹੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਅਸੀਂ ਕਹਾਣੀਕਾਰਾਂ ਦੇ ਨਾਲ ਕਹਾਣੀ ਦੀ ਗੱਲ ਕਰ ਰਹੇ ਹਾਂ। ਚੌਥੀ ਪੀੜ੍ਹੀ ਨਾਲ ਵੀ ਤੁਰ ਰਹੀ ਹੈ ਅਤੇ ਆਪਣੇ ਆਪ ਨੂੰ ਨਿਖੇੜ ਵੀ ਰਹੀ ਹੈ। ਪੰਜਵੀਂ ਪੀੜ੍ਹੀ ਦੀ ਪਛਾਣ ਅੱਗੇ ਚਲ ਕੇ ਉਨ੍ਹਾਂ ਦੇ ਅਨੁਭਵ 'ਚੋਂ ਹੋਵੇਗੀ। ਪੀੜ੍ਹੀ ਨੇ ਮਸਲੇ ਨੂੰ ਵੀ ਮੁੜ ਪ੍ਰਭਾਸ਼ਿਤ ਕਰਨਾ ਪਏਗਾ।

**ਡਾ. ਜਨਮੀਤ**: ਰਾਮਿੰਦਰ ਹੁਰਾਂ ਨੇ ਪੇਪਰ ਵਿਚ ਸਾਰੇ ਪੜਾਵਾਂ ਦਾ ਜਿਕਰ ਕੀਤਾ ਹੈ। ਨਵੀਂ ਕਹਾਣੀ ਬਾਰੇ ਉਨ੍ਹਾਂ ਚਿੰਤਾਂ ਵੀ ਪੇਸ਼ ਕੀਤੀ ਹੈ। ਮੈਂ ਇਸ ਨੂੰ ਇਤਿਹਾਸਕ ਪਰਿਪੇਖ ਵਿਚ ਰੱਖ ਕੇ ਦੇਖਣਾ ਚਾਹਾਂਗਾ। ਕੱਲ੍ਹ ਜਿਹੜੀ ਗੱਲ ਰਜਨੀਸ਼ ਨੇ ਕਹੀ ਸੀ, "ਇਹ ਸਿੰਧ ਤੋਂ ਲੈ ਕੇ ਗੰਗਾ ਜਮਨਾ ਦੁਆਬ ਤਕ ਦੇ ਇਲਾਕੇ ਦਾ ਖਾਸ ਲੱਛਣ ਹੈ। ਇਹ ਖਿੱਤਾ ਦੁਨੀਆਂ ਭਰ ਵਿਚ ਚਿੰਤਨ ਦੇ ਪੱਧਰ ਤੋਂ ਵਿਕਸਤ ਖਿੱਤਾ ਸੀ। ਇਸ ਖਿੱਤੇ ਵਿਚ ਲਿਖੀ ਜਾਣ ਵਾਲੀ ਕਹਾਣੀ ਵਿਲੱਖਣ ਸੀ।" ਇਸ ਖਿੱਤੇ ਵਿਚੋਂ ਪੰਜਾਬੀ ਦੀ ਅਧੁਨਿਕ ਕਹਾਣੀ ਅਤੇ ਕਈ ਵੱਡੇ ਕਹਾਣੀਕਾਰ ਸਾਹਮਣੇ ਆਏ। ਇਨ੍ਹਾਂ ਵਿਚ ਨਾਨਕ ਸਿੰਘ, ਵਿਰਕ, ਸੇਖੋਂ, ਸੁਜਾਨ ਸਿੰਘ ਵਰਗੇ ਕਹਾਣੀਕਾਰ ਅਤੇ ਆਧੁਨਿਕ ਕਹਾਣੀ ਸਾਹਮਣੇ ਆਈ। ਇਹ ਕਹਾਣੀਕਾਰ ਸੰਵਾਦ ਦੀ ਪੱਧਰ ਉੱਤੇ ਇਕ ਦੂਜੇ ਨਾਲ ਜੁੜੇ ਹੋਏ ਸਨ। ਇਨ੍ਹਾਂ ਲੋਕਾਂ ਨੇ ਪੰਜਾਬੀ ਕਹਾਣੀ ਦੀਆਂ ਜੜ੍ਹਾਂ ਪੱਕੀਆਂ ਕੀਤੀਆਂ। ਇਸੇ ਦੌਰ ਵਿਚ ਅਨੁਵਾਦ ਹੋ ਕੇ ਰੂਸੀ ਕਹਾਣੀਆਂ ਸਾਡੇ ਤੱਕ ਪਹੁੰਚੀਆਂ। ਇਸ ਸਥਿਤੀ ਨੇ ਪੰਜਾਬੀ ਪਾਠਕ ਦਾ ਘੇਰਾ ਵਧਾਇਆ। ਹਿੰਦੀ ਕਹਾਣੀ ਵੀ ਇਸੇ ਤਰ੍ਹਾਂ ਸਾਹਮਣੇ ਆਈ। ਹਿੰਦੀ ਕਹਾਣੀ ਲੇਖਕਾਂ ਨਾਲ ਸਾਡੀ ਸਾਂਝ ਵਧੀ। ਹੁਣ ਕਹਾਣੀ ਸਬੰਧੀ ਚਿੰਤਾ ਕਰਨ ਵਾਲੇ ਲੋਕ ਇਸ ਨਾਲ ਜੁੜੇ ਹੋਏ ਹਨ। ਪਰੰਤੂ ਕਹਾਣੀ ਚਿੰਤਨ ਵਿਚ ਸੰਵਾਦ ਦੀ ਕਮੀ ਆਈ ਹੈ।

**ਕੁਲਵੰਤ ਸੰਧੂ**: ਤੂੰ ਕੁਝ ਛੱਡਿਆ ਬੋਲਣ ਲਈ। ਅੱਜ ਜਦੋਂ ਅਸੀਂ ਕਹਾਣੀ ਬਾਰੇ ਗੱਲ ਕਰ ਰਹੇ ਹਾਂ ਤਿੰਨ ਪੀੜ੍ਹੀਆਂ ਕਹਾਣੀਆਂ ਲਿਖ ਰਹੀਆਂ ਹਨ, ਜਿਸ ਵਿਚ ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼ ਅਤੇ ਗੁਰਦੇਵ ਰੁਪਾਣਾ ਵੀ ਤਕ ਲਿਖ ਰਹੇ ਹਨ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਹਾਣੀਕਾਰਾਂ ਨੂੰ ਨਹੀਂ ਕਹਾਣੀ ਨੂੰ ਆਧਾਰ ਬਣਾ ਕੇ ਗੱਲ ਕਰਨੀ ਚਾਹੀਦੀ ਹੈ। ਜੇ ਇਨ੍ਹਾਂ ਕਹਾਣੀਆਂ ਨੂੰ ਦੇਖਿਆ ਜਾਵੇ ਤਾਂ ਉਨ੍ਹਾਂ ਵਿਚੋਂ ਪ੍ਰਮੁੱਖ ਗੱਲ ਵਿਧਾ ਤੇ ਦ੍ਰਿਸ਼ਟੀ ਦੀ ਸਾਹਮਣੇ ਆ ਰਹੀ ਹੈ। ਕਹਾਣੀ ਇਤਿਹਾਸ ਦੇ ਇਕ ਪੜਾਅ 'ਤੇ ਲਿਖੀ ਜਾ ਰਹੀ ਹੈ। ਉਸ ਵਿਚ ਇਤਿਹਾਸ ਦਾ ਇਕ ਵਹਾਅ ਹੁੰਦਾ ਹੈ। ਪਿਛਲੇ ਸਮੇਂ ਲਿਖੀਆਂ ਕਹਾਣੀਆਂ 'ਚੋਂ ਇਹ ਗੱਲ ਵੇਖ ਸਕਦੇ ਹਾਂ, ਬਲਵਿੰਦਰ ਗਰੇਵਾਲ ਦੀ ਕਹਾਣੀ 'ਇਕ ਘਰ ਅਜ਼ਾਦ ਹਿੰਦੀਆਂ ਦਾ' ਅਤੇ ਵਰਿਆਮ ਦੀ ਕਹਾਣੀ 'ਜਮਰੌਦ' ਹੈ। ਇਨ੍ਹਾਂ ਕਹਾਣੀਆਂ ਪਿਛੇ ਜਿਹੜਾ ਇਤਿਹਾਸ ਪਿਆ ਉਹ ਸਾਡੇ ਜੀਵਨ ਨੂੰ ਅਜੇ ਵੀ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਨੂੰ ਅਸੀਂ ਨਾਵਲੀ ਕਹਾਣੀਆਂ ਵੀ ਕਹਿ ਸਕਦੇ ਹਾਂ। ਅਜਿਹੀਆਂ ਕਹਾਣੀਆਂ ਪਹਿਲਾਂ ਵੀ ਲਿਖੀਆਂ ਗਈਆਂ ਸਨ। ਇਹ ਕਹਾਣੀਆਂ ਵਿਸ਼ੇ ਪੱਖੋਂ ਬਹੁਤ ਪ੍ਰਭਾਵਿਤ ਕਰਦੀਆਂ ਹਨ ਪਰ ਜਿਹੜੀ ਗੱਲ



ਪੰਜਵੀਂ ਪੀੜ੍ਹੀ ਦੀ ਹੈ, ਉਸ ਲਈ ਅਜੇ ਪਛਾਣ ਦਾ ਵੱਡਾ ਮਸਲਾ ਹੈ। ਜਿਹੜੀ ਚੋਥੀ ਪੀੜ੍ਹੀ ਹੈ ਉਹ ਨੱਬੇ ਦੇ ਆਸ-ਪਾਸ ਸਾਹਮਣੇ ਆਈ। ਉਸ ਸਮੇਂ ਕਹਾਣੀ ਨਵੇਂ ਸਮੇਂ ਵਿਚ ਪ੍ਰਵੇਸ਼ ਕਰ ਰਹੀ ਸੀ। ਇਸ ਪੀੜ੍ਹੀ ਕੋਲ ਨਵੇਂ ਵਿਕਾਸ ਦਾ ਅਨੁਭਵ ਸੀ। ਅਗਲੀ ਪੀੜ੍ਹੀ ਕੋਲ ਭਾਸ਼ਾ ਨੂੰ ਸਾਹਿਤਕ ਭਾਗ ਵਿਚ ਕਿਵੇਂ ਢਾਲਣਾ ਹੈ ਇਸ ਬਾਰੇ ਸੋਝੀ ਬਹੁਤ ਘੱਟ ਹੈ। ਇਹ ਹੁਨਰ ਇਨ੍ਹਾਂ ਨੇ ਅਜੇ ਸਿੱਖਿਆ ਹੀ ਨਹੀਂ। ਪਰਚਾਕਾਰਾਂ ਨੇ ਇਹ ਸਾਰੀਆਂ ਗੱਲਾਂ ਬਹੁਤ ਵਿਸਥਾਰ ਨਾਲ ਉਠਾਏ ਹਨ।

**ਬਲਵਿੰਦਰ ਗਰੇਵਾਲ**: ਪਰਚੇ ਵਿਚ ਬਹੁਤ ਸਾਰੇ ਮਹੱਤਵਪੂਰਨ ਮੁੱਦੇ ਉਠਾਏ ਹਨ। ਮੈਨੂੰ ਬਹੁਤ ਸਾਰੀਆਂ ਗੱਲਾਂ ਕਹਾਣੀ ਪੜ੍ਹਨ ਅਤੇ ਸਮਝਣ ਦੇ ਲਿਹਾਜ ਨਾਲ ਸਮਝ 'ਚ ਆਈਆਂ ਹਨ। ਪੇਪਰ ਵਿਚ ਮੈਨੂੰ ਸਭ ਤੋਂ ਵਧੀਆ ਗੱਲ ਇਹ ਲੱਗੀ ਕਿ ਪਰਚੇ ਵਿਚ ਕਿਸੇ ਕਹਾਣੀ ਅਤੇ ਕਹਾਣੀਕਾਰ ਉੱਤੇ ਫੋਕਸ ਕਰਨ ਦੀ ਥਾਂ ਦੂਜੀ ਅਤੇ ਤੀਜੀ ਪੀੜ੍ਹੀ ਨਾਲੋਂ ਚੌਥੀ ਪੀੜ੍ਹੀ ਨੂੰ ਵਖਰਿਆਉਣ ਲਈ ਕੁਝ ਕਹਾਣੀਆਂ ਦਾ ਹਵਾਲਾ ਦੇ ਕੇ ਗੱਲ ਸਪਸ਼ਟ ਕੀਤੀ ਹੈ। ਮੈਨੂੰ ਪ੍ਰਿੰਸੀਪਲ ਮਹਿਲ ਸਿੰਘ ਦੀ ਗੱਲ ਚੰਗੀ ਲੱਗੀ ਕਿ ਕਹਾਣੀਕਾਰਾਂ ਨੂੰ ਪੀੜ੍ਹੀਆਂ ਵਿਚ ਵੰਡਣ ਦੀ ਥਾਂ ਕਹਾਣੀ ਦੀ ਗੱਲ ਕੀਤੀ ਜਾਵੇ। ਮੈਨੂੰ ਸੰਤੋਖ ਧੀਰ ਦੀ ਕਹਾਣੀ 'ਆਪਣਾ ਦੇਸ਼' ਯਾਦ ਆਈ। ਉਹ ਕਹਾਣੀ ਉਨ੍ਹਾਂ ਨੇ ਕਿਸ ਉਮਰ ਵਿਚ ਲਿਖੀ। ਕਹਾਣੀ ਵਿਚਲੀ ਗੱਲ ਬਹੁਤਿਆਂ ਨੂੰ ਪਤਾ ਹੈ। ਪੇਪਰ ਚੰਗਾ ਸੀ।

**ਬਲਬੀਰ ਪਰਵਾਨਾ**: ਮੈਂ ਇਕ ਦੋ ਗੱਲਾਂ ਵੱਲ ਧਿਆਨ ਦੁਆਉਣਾ ਚਾਹੁੰਦਾ। ਇਕ ਤਾਂ ਡਾ. ਰਮਿੰਦਰ ਨੇ ਕਿਹਾ ਕਿ ਸਥਿਤੀਆਂ ਬਦਲਨ ਨਾਲ ਸਭ ਕੁਝ ਬਦਲ ਜਾਂਦਾ ਹੈ। ਅਸਲ ਵਿਚ ਆਰਥਿਕਤਾ ਬਦਲਣ ਨਾਲ ਸਭ ਕੁਝ ਬਦਲਦਾ, ਜਿਵੇਂ ਕਾਰਪੋਰੇਟ ਨੇ ਆ ਕੇ ਕਈ ਕੁਝ ਬਦਲ ਦਿੱਤਾ। ਦੂਜੀ ਗੱਲ ਪੰਜਵੀਂ ਪੀੜ੍ਹੀ ਦੀ ਹੈ। ਪਹਿਲਾਂ ਕਾਲਜਾਂ ਵਿਚ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ ਮਿਲ ਜਾਂਦੇ ਸਨ। ਹੁਣ ਰੁਝਾਨ ਤਾਂ ਬਾਹਰ ਜਾਣ ਦਾ ਹੈ। ਪੰਜਾਬੀ ਵਲ ਤਾਂ ਰਹਿੰਦ-ਖੂੰਹਦ ਆਉਂਦੀ ਹੈ। ਬਾਹਰ ਜਾਣ ਦਾ ਰੁਝਾਨ ਪੰਜਾਬੀ ਸਾਹਿਤ ਦਾ ਨੁਕਸਾਨ ਕਰ ਰਿਹਾ।

**ਰਜਨੀਸ਼**: ਸਾਰਿਆਂ ਨੇ ਪੇਪਰ ਦੀ ਤਰੀਫ਼ ਕੀਤੀ ਹੈ। ਮੈਂ ਵੀ ਇਸ ਵਿਚ ਸ਼ਾਮਿਲ ਹਾਂ। ਮੈਂ ਪੇਪਰ ਉੱਤੇ ਗੱਲ ਕਰਨ ਤੋਂ ਪਹਿਲਾਂ ਕਹਾਣੀ ਦੇ ਸੁਹਜ-ਸ਼ਾਸਤਰ ਬਾਰੇ ਕੁਝ ਗੱਲਾਂ ਕਰਨੀਆਂ ਚਾਹਾਂਗਾ। ਸਾਡੀ ਪੰਜਾਬੀ ਕਹਾਣੀ ਪਿੱਛੋਂ ਕਥਾ-ਸਾਰਿਤ ਸਾਗਰ ਤੋਂ ਸ਼ੁਰੂ ਕਰਕੇ ਜਾਤਕ ਕਥਾਵਾਂ ਅਤੇ ਜਨਮ ਸਾਖੀਆਂ ਚੋਂ ਹੁੰਦੀ ਹੋਈ ਅਜੋਕੇ ਸਮੇਂ ਤਕ ਪਹੁੰਚਦੀ ਹੈ। ਪਰ ਜਿਹੜੀ ਅਧੁਨਿਕ ਕਹਾਣੀ ਹੈ, ਇਸ ਦਾ ਵਿਧਾਗਤ ਮਾਡਲ ਪੱਛਮ ਤੋਂ ਆਇਆ ਹੈ। ਕਹਾਣੀ ਤੋਂ ਬਿਨਾਂ ਸਮੁੱਚੇ ਭਾਰਤ ਦਾ ਜਿਹੜਾ ਅਧੁਨਿਕ ਸਾਹਿਤ ਸਾਡੇ ਤਕ ਪਹੁੰਚਿਆ, ਉਹ ਬਸਤੀਵਾਦੀ ਦੇ ਪ੍ਰਭਾਵ ਅਧੀਨ ਜਨਮਿਆ ਅਤੇ ਬਿਗਸਿਆ ਹੈ। ਆਪਣੇ ਆਪ ਵਿਚ ਤਾਂ ਨਾ ਇਥੇ ਸਰਮਾਏਦਾਰੀ ਪੈਦਾ ਹੋਈ ਹੈ ਨਾ ਉਸ ਵਿਚੋਂ ਉਪਜੀ ਜੀਵਨ-ਜਾਚ। ਸਾਡੇ ਕੋਲ ਆਧੁਨਿਕਤਾ ਆਰੋਪਿਤ ਰੂਪ ਵਿਚ ਸਾਹਮਣੇ ਆਈ ਹੈ। ਇਸੇ ਤਰ੍ਹਾਂ ਆਧੁਨਿਕ ਕਹਾਣੀ ਵੀ ਸਾਡੇ ਕੋਲ ਆਰੋਪਿਤ ਰੂਪ ਵਿਚ ਸਾਡੇ ਸਾਹਮਣੇ ਆਈ। ਗੁਰਬਖਸ਼ ਸਿੰਘ ਕਹਾਣੀ ਦਾ ਜਿਹੜਾ ਵਿਧਾਗਤ ਮਾਡਲ ਉਸਾਰਦਾ ਹੈ ਉਹ ਪੱਛਮੀ ਕਹਾਣੀ ਦੇ ਵਿਧਾਗਤ ਮਾਡਲ ਉੱਤੇ

ਅਧਾਰਿਤ ਹੈ। ਸਾਡਾ ਸਿਰਜਣੀ ਵਰਤਾਰਾ ਦੋ ਧਾਰੀ ਤਲਵਾਰ ਉਤੇ ਚੱਲ ਰਿਹਾ ਸੀ। ਇਕ ਪਾਸੇ ਸਾਹਮਣੇ ਪੱਛਮੀ ਵਿਧਾਗਤ ਮਾਡਲ ਦੀ ਦੂਜਾ ਉਸਦੀ ਕਥਾ ਸਿਰਜਣ ਦਾ ਵਰਤਾਰਾ ਪੰਜਾਬੀ ਭਾਰਤੀ ਜੀਵਨ ਜਾਚ ਤੋਂ ਪ੍ਰਭਾਵਿਤ ਸੀ। ਇਸ ਤਰ੍ਹਾਂ ਉਹ ਦਵੰਦ ਦੀ ਸਥਿਤੀ ਚੋਂ ਗੁਜ਼ਰ ਰਿਹਾ ਸੀ। ਚੰਦਰ ਗੁਪਤ ਮੋਰਿਆ ਦੇ ਦੌਰ ਵਿਚ ਇਹ ਦਵੰਦ ਯੂਨਾਨ ਅਤੇ ਭਾਰਤੀ ਫਲਸਫ਼ੇ ਵਿਚਕਾਰ ਚਲ ਰਿਹਾ ਸੀ। ਰਾਜ ਪੱਧਰ ਉਤੇ ਮੇਲ ਦੀ ਅਰਥਾਤ ਚੰਦਰ ਗੁਪਤ ਦਾ ਵਿਆਹ ਸੈਲੂਕਸ ਦੀ ਧੀ ਐਲਨਾ ਨਾਲ ਹੋਇਆ ਸੀ। ਲੋਕ ਕਲਾਵਾਂ ਯੂਨਾਨੀ ਦਰਸ਼ਨ ਨਾਲ ਟਕਰਾਅ ਵਿਚ ਸਨ। ਜਾਤਕ ਕਥਾਵਾਂ ਵਿਚੋਂ ਇਹ ਸੂਖਮ ਟਕਰਾਅ ਦੇਖਿਆ ਜਾ ਸਕਦਾ ਹੈ। ਆਧੁਨਿਕ ਕਹਾਣੀਕਾਰਾਂ ਉਤੇ, ਖਾਸਕਰ ਪਹਿਲੀ ਪੀੜ੍ਹੀ ਉਤੇ ਅੰਗਰੇਜ਼ੀ ਸਾਹਿਤ ਦਾ ਬਹੁਤ ਪ੍ਰਭਾਵ ਸੀ। ਸੇਖੋਂ ਅੰਗਰੇਜ਼ੀ ਵਿਚ ਪਰਚਾ ਕੱਢਦਾ ਸੀ ਅਤੇ ਅੰਗਰੇਜ਼ੀ ਵਿਚ ਕਵਿਤਾ ਲਿਖਦਾ ਸੀ। ਵਿਰਕ ਤਾਂ 'ਚਾਚਾ' ਕਹਾਣੀ ਬਾਰੇ ਕਹਿੰਦਾ ਹੈ ਕਿ ਇਹ ਅੰਗਰੇਜ਼ੀ ਕਹਾਣੀ ਤੇ ਅਧਾਰਿਤ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਨਿੱਕੀ ਕਹਾਣੀ ਦਾ ਵਿਧਾਗਤ ਢਾਂਚਾ ਪੱਛਮ ਉਤੇ ਅਧਾਰਿਤ ਸੀ। ਇਸ ਤਰ੍ਹਾਂ ਰੂਪ ਅਤੇ ਵਸਤੂ ਦੇ ਵਿਰੋਧ ਵਿਚੋਂ ਪੰਜਾਬੀ ਕਹਾਣੀ ਪੈਦਾ ਹੋਈ ਹੈ। ਸਾਡੇ ਦੇਸ਼ ਵਿਚ ਲੋਕ ਕਹਾਣੀ ਨੇ ਕਈ ਪੈਟਰਨ ਮੌਜੂਦ ਸਨ। ਸਾਡੇ ਕੋਲ ਛੋਟੀ ਕਹਾਣੀ ਸੀ ਸਾਡੇ ਕੋਲ ਲੰਮੀ ਕਹਾਣੀ ਸੀ। ਹੁਣ ਵੀ ਸਾਡੇ ਕੋਲ ਵਰਿਆਮ ਸੰਧੂ ਅਤੇ ਬਲਵਿੰਦਰ ਗਰੇਵਾਲ ਲੰਮੀਆਂ ਕਹਾਣੀਆਂ ਲਿਖ ਰਹੇ ਹਨ। ਵਰਿਆਮ ਦੀ ਕਹਾਣੀ 'ਜਮਰੌਦ' ਪੰਜਾਬੀ ਦੀ ਉੱਤਮ ਕਹਾਣੀ ਹੈ। ਇਸ ਵਿਚ ਉਹ ਇਤਿਹਾਸਕ ਚੇਤਨਾ ਅਤੇ ਲੋਕ ਕਹਾਣੀ ਤੇ ਅਧਾਰਿਤ ਵਿਧਾਗਤ ਪੈਟਰਨ ਲੈ ਕੇ ਚਲਦਾ ਹੈ। ਅਜਿਹੀ ਹੀ ਕਹਾਣੀ 'ਇਕ ਘਰ ਅਜ਼ਾਦ ਹਿੰਦੀਆਂ ਦਾ' ਹੈ। ਮੇਰਾ ਕਹਿਣਾ ਹੈ ਕਿ ਸਮਕਾਲ ਵਿਚ ਲਿਖੀ ਜਾ ਰਹੀ ਕਹਾਣੀ ਅਸਲ ਵਿਚ ਪੰਜਾਬੀ ਕਹਾਣੀ ਹੈ। ਚੌਥੀ ਪੀੜ੍ਹੀ ਦੀ ਕਹਾਣੀ ਇਸੇ ਕਰਕੇ ਵਿਲੱਖਣ ਹੈ। ਚੌਥੀ ਪੀੜ੍ਹੀ ਪੰਜਾਬੀ ਕਹਾਣੀ ਨੇ ਸੁਹਜ-ਸ਼ਾਸ਼ਤਰ ਦੀ ਵਾਹਕ ਹੈ।

**ਜਸ ਮੰਡ**: ਮੈਨੂੰ ਲਗਦਾ ਪੇਪਰ ਵਿਚ ਚੌਥੀ ਅਤੇ ਪੰਜਵੀਂ ਪੀੜ੍ਹੀ ਦਾ ਸਪਸ਼ਟ ਨਖੇੜਾ ਨਹੀਂ ਕੀਤਾ ਗਿਆ। ਪਰਚੇ ਵਿਚ ਪਹਿਲੇ ਚਾਰ ਸਫ਼ੇ ਚੌਥੀ ਪੀੜ੍ਹੀ ਬਾਰੇ ਅਤੇ ਬਾਕੀ ਪੰਜਵੀਂ ਪੀੜ੍ਹੀ ਬਾਰੇ ਗੱਲਾਂ ਹਨ। ਪੇਪਰ ਵਿਚ ਤੈਅ ਅਤੇ ਤੇਹਿ ਕਾ ਅੰਤਰ ਨਹੀਂ ਕੀਤਾ ਗਿਆ। ਚੌਥੀ ਪੀੜ੍ਹੀ ਬਾਰੇ ਓਹੀ ਗੱਲਾਂ ਕੀਤੀਆਂ ਹਨ ਜਿਹੜੇ ਆਮ ਆਲੋਚਕ ਕਰਦੇ ਹਨ। ਚੌਥੀ ਪੀੜ੍ਹੀ ਦੇ ਮੁਕਾਬਲੇ ਤੀਜੀ ਪੀੜ੍ਹੀ ਦਾ ਅਧਿਐਨ ਜ਼ਿਆਦਾ ਸੀ। ਉਹ ਪੀੜ੍ਹੀ ਜ਼ਿਆਦਾ ਲਹਿਰਾਂ ਨਾਲ ਜੁੜੀ ਹੋਈ ਸੀ। ਪ੍ਰਗਤੀਵਾਦੀ ਲਹਿਰ ਨਾਲ ਜੁੜੀ ਪੀੜ੍ਹੀ ਦੀ ਪੋਜੀਸਨਿੰਗ ਸਮਾਜ ਬਦਲਣ ਦੀ ਸੀ, ਅੱਗੇ ਲਿਜਾਣ ਦੀ ਸੀ। ਉਨ੍ਹਾਂ ਦੀ ਕਈ ਭਾਸ਼ਾਵਾਂ ਉਤੇ ਪਕੜ ਸੀ। ਇਸ ਲਈ ਪੰਜਾਬੀ ਜੁਬਾਨ ਵਿਚ ਵੀ ਉਨ੍ਹਾਂ ਦੀ ਮੁਹਾਰਤ ਸੀ। ਹੁਣ ਵਾਲੇ ਕਹਾਣੀਕਾਰਾਂ ਵਿਚ ਇਹ ਕਮੀ ਹੈ। ਪਰਵਾਨਾ ਦੇ ਕਹੇ ਅਨੁਸਾਰ ਪੰਜਾਬੀ ਪੜ੍ਹਨ ਵਾਲਿਆਂ ਦੀ ਵੀ ਸਮੱਸਿਆ ਹੈ। ਪੇਪਰ ਵਿਚ ਫੋਕਸੀਕਰਨ ਉਤੇ ਧਿਆਨ ਦਿੱਤਾ ਜਾ ਸਕਦਾ ਹੈ।

***



ਕਹਾਣੀ

## ਬਲੌਰੀ ਅੱਖ ਵਾਲ਼ਾ ਮੁੰਡਾ

-ਪਰਵੇਜ਼ ਸੰਧੂ

ਹੁਣ ਮੈਨੂੰ ਉਹਦੀ ਬਲੌਰੀ ਅੱਖ ਦੇਖ ਕੇ ਭੈਅ ਜਿਹਾ ਆਉਂਦਾ ਹੈ।

ਹੁਣ ਜੇ ਉਹ ਮੇਰੇ ਸਾਹਮਣੇ ਆਵੇ ਵੀ ਤਾਂ ਮੈਂ ਉਹਦੀਆਂ ਅੱਖਾਂ ਵੱਲ ਦੇਖ ਨਹੀਂ ਸਕਦੀ ਤੇ ਨਾ ਹੀ ਉਹਦੀ ਤੁਰੇ ਜਾਂਦੇ ਦੀ ਪਿੱਠ ਦੇਖਦੀ ਹਾਂ। ਹੁਣ ਤੇ ਯਾਦ ਵੀ ਨਹੀਂ ਰਿਹਾ ਕਿ ਆਖ਼ਰੀ ਵੇਲੇ ਉਹਨੂੰ ਮੈਂ ਚੌਕਲੇਟ ਕੈਂਡੀ ਕਦੋਂ ਫੜਾਈ ਸੀ। ਹੁਣ ਤੇ ਜਦੋਂ ਵੀ ਮੇਰਾ ਉਹਦੇ ਨਾਲ ਸਾਹਮਣਾ ਹੁੰਦਾ ਹੈ, ਮੇਰੇ ਅੰਦਰਲੀ ਮਾਂ ਕੰਬ ਜਾਂਦੀ ਹੈ। ਮੇਰੇ ਦੁਆਲ਼ੇ ਇੱਕ ਭੈਅ ਜਿਹਾ ਫੈਲ ਜਾਂਦਾ ਹੈ।

ਉਂਝ ਮੈਨੂੰ ਡਰਨਾ ਨਹੀਂ ਚਾਹੀਦਾ। ਮੇਰੀਆਂ ਅੱਖਾਂ ਮੂਹਰੇ ਹੀ ਤਾਂ ਉਹ ਜਵਾਨ ਹੋਇਆ ਹੈ। ਅਜੇ ਕੱਲ੍ਹ ਜਿਹੇ ਦੀਆਂ ਤੇ ਗੱਲਾਂ ਨੇ, ਨਿੱਕਾ ਜਿਹਾ, ਗੋਰਾ ਚਿੱਟਾ ਰੰਗ, ਭੂਰੇ ਕੁੰਡਲਾਂ ਵਾਲੇ ਵਾਲ਼, ਤਿੱਖਾ ਨੱਕ ਤੇ ਬਲੌਰੀ ਅੱਖ ਵਾਲ਼ਾ ਮੁੰਡਾ, ਪਹਿਲੀ ਨਜ਼ਰੇ ਸੁਨੱਖੀ ਜਿਹੀ ਕੁੜੀ ਹੋਣ ਦਾ ਭਰਮ ਪਾਉਂਦਾ, ਜਿਵੇਂ ਰੱਬ ਕੁੜੀ ਬਣਾਉਂਦਾ ਕਿੱਧਰੇ ਭੁਲੇਖਾ ਜਿਹਾ ਖਾ ਗਿਆ ਹੋਵੇ।

ਨਿੱਕੜਾ ਜਿਹਾ, ਮੱਥੇ 'ਤੇ ਲਟਕਦੇ ਕੁੰਡਲਾਂ ਉਹਲੇ ਲੁਕੀ ਬਲੌਰੀ ਅੱਖ, ਜਿਵੇਂ ਕੁਝ ਕਹਿਣਾ ਚਾਹੁੰਦੀ ਹੋਵੇ, ਪਰ ਉਹ ਕਦੇ ਕੁਝ ਬੋਲਦਾ ਨਾ। ਮੈਨੂੰ ਮਹਿਸੂਸ ਹੁੰਦਾ ਜਿਵੇਂ ਕਿਸੇ ਨੇ ਉਹਦੇ ਕੋਲ਼ੋਂ ਉਹਦਾ ਬਚਪਨ ਖੋਹ ਲਿਆ ਹੋਵੇ। ਉਹ ਆਪਣੀ ਮਾਂ ਤੇ ਸਤਾਰਾਂ ਕੁ ਵਰ੍ਹਿਆਂ ਦੀ ਵੱਡੀ ਭੈਣ ਦੇ ਨਾਲ ਆਉਂਦਾ, ਚੁੱਪ-ਚਪੀਤਾ ਜਿਹਾ, ਕਦੇ ਮੇਰੇ ਵੱਲ ਦੇਖਦਾ ਤੇ ਕਦੇ ਉਹਦੀਆਂ ਬਲੌਰੀ ਅੱਖਾਂ ਕਾਊਂਟਰ ਉੱਪਰ ਪਈਆਂ ਕੈਂਡੀਆਂ ਵਿੱਚ ਗੱਡੀਆਂ ਜਾਂਦੀਆਂ।

ਉਹ ਮੂੰਹੋਂ ਕਦੇ ਨਾ ਕਹਿੰਦਾ ਕਿ ਉਹ ਕੀ ਚਾਹੁੰਦਾ ਹੈ।

ਪਰ ਮੈਂ ਉਹਦੇ ਹਾਵ-ਭਾਵ ਸਮਝ ਜਾਂਦੀ ਸਾਂ। ਇੰਨੇ ਕੁ ਬੱਚੇ ਨੂੰ ਚੌਕਲੇਟ ਕੈਂਡੀ ਦੀ ਖਿੱਚ ਹੁੰਦੀ ਹੈ।

ਉਹ ਆਮ ਬੱਚਿਆਂ ਵਾਂਗ ਮਾਂ ਕੋਲੋਂ ਕੈਂਡੀ ਦੀ ਮੰਗ ਨਾ ਕਰਦਾ ਤੇ ਬਹੁਤ ਵਾਰ ਮਾਂ ਕੋਲ਼ ਐਨੇ ਪੈਸੇ ਵੀ ਨਾ ਹੁੰਦੇ ਕਿ ਆਪਣੀਆਂ ਬੀਅਰਾਂ ਦੇ ਨਾਲ ਬੱਚੇ ਨੂੰ ਕੈਂਡੀ ਵੀ ਲੈ ਕੇ ਦੇਵੇ। ਅਜਿਹੇ ਵੇਲ਼ੇ ਮੈਨੂੰ ਉਹਦੀ ਮਾਂ ਉੱਪਰ ਗੁੱਸਾ ਆਉਂਦਾ ਕਿ ਕਿਹੋ ਜਿਹੀ ਮਾਂ ਹੈ, ਜਿਹੜੀ ਆਪਣੇ ਸੋਨੇ ਵਰਗੇ ਬੱਚੇ ਨੂੰ ਇੱਕ ਨਿੱਕੀ ਜਿਹੀ ਖ਼ੁਸ਼ੀ ਨਹੀਂ ਦੇ ਸਕਦੀ।

ਸ਼ਾਇਦ ਇਹ ਆਪ ਗ਼ਰੀਬੀ ਨਾਲ ਲੜ ਰਹੀ ਹੋਵੇ। ਕਈ ਵਾਰ ਮੈਲ਼ੇ-ਕੁਚੈਲ਼ੇ ਕੱਪੜਿਆਂ ਵਿੱਚ ਆਉਂਦੀ ਤੇ ਇਉਂ ਲਗਦਾ ਜਿਵੇਂ ਇਹਨੂੰ ਨ੍ਹਾਤੀ ਨੂੰ ਵੀਹ ਦਿਨ ਹੋ ਗਏ ਹੋਣ ਤੇ ਕਈ ਵਾਰ ਸਜੀ-ਸੰਵਰੀ, ਜਿਵੇਂ ਹੁਣੇ-ਹੁਣੇ ਕਿਸੇ ਵਿਆਹ-ਸ਼ਾਦੀ ਵਿੱਚੋਂ ਉੱਠ ਕੇ ਆਈ ਹੋਵੇ। ਮੈਂ ਕਦੇ ਇਸ ਔਰਤ ਨੂੰ ਸਮਝ ਨਾ ਪਾਉਂਦੀ। ਪਰ ਇਹ ਬੱਚਾ ਅਣਜਾਣੇ ਜਿਹੇ ਮੇਰੀ ਰੂਹ ਦੀ ਕੋਈ ਨੁੱਕਰ ਸਾਂਭ ਕੇ ਬੈਠ ਗਿਆ ਸੀ। ਉਹਦੀਆਂ ਭੋਲੀਆਂ ਜਿਹੀਆਂ ਨਜ਼ਰਾਂ ਚੌਕਲੇਟ ਕੈਂਡੀ ਵੱਲ ਦੇਖਦੀਆਂ ਤੇ ਮੈਂ ਉਹਨੂੰ ਦੇਖਦੀ। ਮੇਰੇ ਅੰਦਰਲੀ ਮਮਤਾ ਉਹਨੂੰ ਬੁੱਕਲ 'ਚ ਬਿਠਾ ਕੇ ਉਹਦੀਆਂ ਅੱਖਾਂ ਦੀ ਉਦਾਸੀ ਦੂਰ ਕਰਨਾ ਲੋਚਦੀ। ਉਹਦੀ ਅੱਖ 'ਚ ਕੋਈ ਤੇ ਖਿੱਚ ਸੀ, ਜਿਹੜਾ ਮੈਂ ਉਸ ਬੱਚੇ ਵੱਲ ਖਿੱਚਦੀ ਜਾ ਰਹੀ ਸੀ।

ਮੈਂ ਇੱਕ ਚੌਕਲੇਟ ਕੈਂਡੀ ਚੁੱਕ ਕੇ ਉਹਨੂੰ ਫੜਾਉਂਦੀ ਤੇ ਉਹਦੇ ਚਿਹਰੇ 'ਤੇ ਇੱਕ ਹਲਕੀ ਜਿਹੀ ਮੁਸਕਾਨ ਫੈਲ ਜਾਂਦੀ।

ਕੈਂਡੀ ਲੈ ਕੇ ਮਾਂ ਵੱਲ ਦੇਖਦਾ।

"ਵੱਟ ਡੂ ਯੂ ਸੇਅ ਟਿਮਥੀ।"

ਉਹਦੀ ਮਾਂ ਆਪਣੀਆਂ ਬੀਅਰਾਂ ਸਮੇਟਦੀ ਠੰਡੀ ਜਿਹੀ ਆਵਾਜ਼ ਵਿੱਚ ਕਹਿੰਦੀ ਤੇ ਉਹ ਹੌਲ਼ੀ ਜਿਹੀ ਆਖਦਾ– "ਥੈਂਕ ਯੂ ਮਿਸ।"

ਤੇ ਨਾਲ ਹੀ ਉਹਦੀਆਂ ਬਲੌਰੀ ਅੱਖਾਂ ਲਿਸ਼ਕ ਪੈਂਦੀਆਂ।

ਬੱਸ ਉਹੀ ਇੱਕ ਪਲ ਸੀ, ਜਦੋਂ ਉਹਦੇ ਚਿਹਰੇ 'ਤੇ ਫਿੱਕੀ ਜਿਹੀ ਮੁਸਕਾਨ ਹੁੰਦੀ, ਨਹੀਂ ਤਾਂ ਉਹ ਜਦੋਂ ਵੀ ਆਉਂਦਾ ਗਹਿਰੀ ਜਿਹੀ ਚੁੱਪ ਤੇ ਉਦਾਸੀ ਨਾਲ ਉਹਦਾ ਫੁੱਲ ਜਿਹਾ ਚਿਹਰਾ ਕੁਮਲਾਇਆ ਰਹਿੰਦਾ ਤੇ ਮੈਨੂੰ ਉਹਦੇ ਕੋਮਲ ਚਿਹਰੇ ਉੱਪਰ ਇਹ ਉਦਾਸੀ ਚੰਗੀ ਨਾ ਲਗਦੀ। ਕਈ ਵਾਰ ਮੈਂ ਹੱਸ ਕੇ ਉਹਦੀ ਮਾਂ ਨੂੰ ਕਹਿੰਦੀ–

"ਐਰਿਕਾ, ਤੂੰ ਟਿਮਥੀ ਮੈਨੂੰ ਦੇ ਦੇ।"

ਐਰਿਕਾ ਟਿਮਥੀ ਵੱਲ ਦੇਖ ਕੇ ਉਹਨੂੰ ਪੁੱਛਦੀ– "ਟਿਮਥੀ ਤੂੰ ਇਹਦੇ ਨਾਲ ਇਹਦੇ ਘਰ ਰਹਿਣੈ ਤਾਂ ਦੱਸ...ਯੂ ਕੈਨ ਈਟ ਔਲ ਦਾ ਕੈਂਡੀਜ਼...।"

ਐਰਿਕਾ ਹੱਸਦੀ ਤੇ ਟਿਮਥੀ ਦੀਆਂ ਅੱਖਾਂ ਦੀ ਲਿਸ਼ਕੋਰ ਨਾਲ ਉਹਦਾ ਚਿਹਰਾ ਵੀ ਲਿਸ਼ਕ ਉੱਠਦਾ।

ਮੈਨੂੰ ਉਨ੍ਹਾਂ ਪਲ਼ਾਂ ਵਿੱਚ ਉਹ ਚੌਕਲੇਟ ਕੈਂਡੀ ਅਤੇ ਆਪਣੀ ਮਾਂ ਵਿੱਚੋਂ ਇੱਕ ਨੂੰ ਚੁਣਨ ਦਾ ਫੈਸਲਾ ਕਰਦਾ ਜਾਪਦਾ। ਜਾਂ ਸ਼ਾਇਦ ਮੇਰਾ ਭਰਮ ਹੀ ਸੀ ਪਰ ਇੰਨਾ ਕੁ ਮੈਨੂੰ ਪਤਾ ਸੀ ਕਿ ਐਰਿਕਾ ਚੰਗੀ ਮਾਂ ਨਹੀਂ ਹੈ। ਐਡਾ ਸੋਹਣਾ ਬੱਚਾ ਤੇ ਉਹ ਵੀ ਇੱਕ ਕੈਂਡੀ ਨੂੰ ਤਰਸੇ ?

ਮੈਨੂੰ ਚੰਗਾ ਨਹੀਂ ਸੀ ਲਗਦਾ।

ਉਂਝ ਐਰਿਕਾ ਚੰਗੇ ਘਰ ਦੀ ਧੀ ਹੈ। ਐਰਿਕਾ ਨੇ ਇੱਕ ਵਾਰ ਆਪ ਹੀ ਦੱਸਿਆ ਸੀ ਕਿ ਉਹ ਬਹੁਤ ਅਮੀਰ ਬਾਪ ਦੀ ਧੀ ਹੈ ਤੇ ਮਾਂ ਦੇ ਮਰਨ ਬਾਅਦ ਬਾਪ ਨੇ ਕੋਈ ਹੋਰ ਔਰਤ ਘਰ ਲੈ ਆਂਦੀ ਸੀ ਤੇ ਐਰਿਕਾ ਉਹਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ।

"ਮੈਂ ਆਪਣੇ ਡੈਡ ਦੀ ਲਾਡਲੀ ਧੀ ਸਾਂ...ਪਰ ਮੇਰੀ ਮਾਂ ਦੇ ਮਰਦਿਆਂ ਹੀ ਮੇਰਾ ਡੈਡ ਇੱਕ ਜੁਆਨ ਔਰਤ ਵਿਆਹ ਕੇ ਲੈ ਆਇਆ ਤੇ ਸਟੈੱਪ ਮਾਂ ਨੇ ਮੈਨੂੰ ਘਰੋਂ ਨਿਕਲਣ ਲਈ ਮਜਬੂਰ ਕਰ ਦਿੱਤਾ।"

ਆਪਣੇ ਬਾਪ ਨੂੰ ਯਾਦ ਕਰਕੇ ਉਹ ਉਦਾਸ ਹੋ ਜਾਂਦੀ ਸੀ ਪਰ ਉਹਦੀ ਉਦਾਸੀ ਝੱਟ ਘੜੀ ਦੀ ਹੀ ਹੁੰਦੀ।

ਅਮੀਰ ਬਾਪ ਦੇ ਦਰ ਤੋਂ ਪੈਰ ਚੁੱਕਣ ਬਾਅਦ ਉਹ ਨਸ਼ਿਆਂ ਵੱਲ ਹੋ ਗਈ ਸੀ। ਇੱਕ ਨਸ਼ਾ, ਉੱਪਰੋਂ ਨਸ਼ੇੜੀ ਲੋਕਾਂ ਦਾ ਸਾਥ ਤੇ ਦੇਖਦਿਆਂ–ਦੇਖਦਿਆਂ ਦੋ ਬੱਚੇ ਪੈਦਾ ਕਰ ਲਏ ਸਨ ਤੇ ਸ਼ਾਇਦ ਉਹਨੂੰ ਵੀ ਨਹੀਂ ਸੀ ਪਤਾ ਕਿ ਉਨ੍ਹਾਂ ਬੱਚਿਆਂ ਦੇ ਬਾਪ ਕੌਣ ਸਨ।

ਨਿੱਤ ਨਵਾਂ ਮਰਦ ਉਹਦੇ ਨਾਲ ਹੁੰਦਾ ਤਾਂ ਕਈ ਵਾਰ ਮੈਂ ਪੁੱਛਦੀ– "ਕਦੇ ਟਿਮਥੀ ਦਾ ਡੈਡ ਨਹੀਂ ਦੇਖਿਆ।"

ਉਹ ਫਿੱਕਾ ਜਿਹਾ ਮੁਸਕਰਾਉਂਦੀ।



"ਮੈਨੂੰ ਨਹੀਂ ਪਤਾ ਮੇਰੇ ਬੱਚਿਆਂ ਦਾ ਬਾਪ ਕੌਣ ਹੈ...ਸ਼ਾਇਦ ਦੋਵਾਂ ਦਾ ਬਾਪ ਇੱਕੋ ਹੈ ਜਾਂ ਦੋਵਾਂ ਦੇ ਬਾਪ ਅਲੱਗ ਨੇ...ਮੈਂ ਦੋਵਾਂ ਵਾਰ ਨਸ਼ੇ ਵਿੱਚ ਸਾਂ...ਆਈ ਡੌਂਟ ਨੋ ਹੂ ਇਜ਼ ਹਿਜ਼ ਡੈਡ...ਮੈਂ ਕਦੇ ਕਿਸੇ ਬੰਦੇ ਨੂੰ ਕਮਿੱਟਡ ਨਹੀਂ ਹੋ ਸਕੀ।"

"ਮਾਈ ਗੁੱਡਨੈਸ ਐਰਿਕਾ...ਹਾਉ।"

ਮੈਂ ਹੈਰਾਨ ਹੁੰਦੀ ਪਰ ਉਹਦੇ ਚਿਹਰੇ ਉੱਪਰ ਕੋਈ ਹੈਰਾਨੀ ਜਾਂ ਪਛਤਾਵਾ ਨਾ ਹੁੰਦਾ।

"ਸ਼ਿੱਟ ਹੈਪਨਜ਼ ਇਨ ਲਾਈਫ।"

ਐਰਿਕਾ ਬੇਪਰਵਾਹ ਜਿਹੀ ਮੋਢੇ ਝਟਕਦੀ।

"ਇਹਨੂੰ ਆਪਣੇ ਬੱਚਿਆਂ ਦੇ ਬਾਪ ਦਾ ਵੀ ਨਹੀਂ ਪਤਾ ?"

ਇਹ ਸਵਾਲ ਮੈਨੂੰ ਕਦੇ ਡਾਈਜੈਸਟ ਨਾ ਹੁੰਦਾ।

ਤੇ ਜਦੋਂ ਵੀ ਮੈਂ ਦੋਵਾਂ ਨੂੰ ਇਕੱਠੇ ਦੇਖਦੀ ਤਾਂ ਦੋਵਾਂ ਦੇ ਨਕਸ਼ਾਂ ਨੂੰ ਨਿਹਾਰਦੀ।

ਟਿਮਥੀ ਦੇ ਸੁਹੱਪਣ ਦਾ ਪੱਲੜਾ ਹਮੇਸ਼ਾਂ ਭਾਰਾ ਹੀ ਰਹਿੰਦਾ।

ਦੋਵਾਂ ਦੇ ਨਕਸ਼ ਭਾਵੇਂ ਇੱਕੋ ਜਿਹੇ ਸਨ ਪਰ ਟਿਮਥੀ ਨੂੰ ਜਿਵੇਂ ਰੱਬ ਨੇ ਵੇਹਲੇ ਬੈਠ ਕੇ ਘੜਿਆ ਸੀ, ਜਮ੍ਹਾਂ ਹੀ ਮੂਰਤ ਜਿਹਾ, ਚਿੱਟੀ ਮਿੱਟੀ ਦਾ ਬਾਵਾ ਜਿਹਾ ਯਾਨਿ ਕਿ ਉਹਦੇ ਚਿਹਰੇ ਨੂੰ ਦੇਖ ਕੇ ਮੁੜ ਉਹਦੇ ਤੋਂ ਨਜ਼ਰ ਨਾ ਉੱਠਦੀ।

ਮੇਰੀ ਮਾਂ ਦੇ ਕਹਿਣ ਵਾਂਗ ਹੱਥ ਲਾਇਆਂ ਮੈਲਾ ਹੋਣ ਵਾਲ਼ਾ ਬੱਚਾ।

'ਇਹਨੂੰ ਐਰਿਕਾ ਦੇ ਘਰੇ ਜੰਮਣਾ ਨਹੀਂ ਸੀ ਚਾਹੀਦਾ।' ਮੈਂ ਅਕਸਰ ਸੋਚਦੀ।

ਐਰਿਕਾ ਸਿਰਫ਼ ਦੋਵਾਂ ਨੂੰ ਪਾਲਣ ਦਾ ਇੱਕ ਫਰਜ਼ ਜਿਹਾ ਨਿਭਾ ਰਹੀ ਸੀ। ਵੱਡੀ ਕੁੜੀ ਨੇ ਅਠਾਰ੍ਹਵਾਂ ਟੱਪਦਿਆਂ ਹੀ ਵੱਡੀ ਉਮਰ ਦੇ ਬੰਦੇ ਨਾਲ ਦੋਸਤੀ ਕਰ ਲਈ ਸੀ।

"ਮੇਰੀ ਧੀ ਹੁਣ ਮੇਰੇ ਨਾਲ ਨਹੀਂ ਰਹਿੰਦੀ...ਉਹਨੇ ਬੁਆਏ ਫਰੈਂਡ ਲੱਭ ਲਿਆ ਹੈ...ਉਹਨੇ ਇੱਕ ਓਲਡ ਮੈਨ ਨਾਲ ਦੋਸਤੀ ਕਰ ਲਈ ਹੈ।"

ਐਰਿਕਾ ਜਿਵੇਂ ਇੱਕ ਪਾਸਿਉਂ ਸੁਰਖ਼ਰੂ ਹੋ ਗਈ ਸੀ।

"ਉਹ ਓਲਡ ਮੈਨ...ਉਹਦਾ ਬੁਆਏ ਫਰੈਂਡ ਹੈ ?" ਮੈਂ ਉਸ ਦਿਨ ਉਹਨੂੰ ਹੈਰਾਨੀ ਨਾਲ ਪੁੱਛਿਆ ਸੀ, "ਮੈਂ ਸੋਚਿਆ ਉਹਦਾ ਬਾਪ ਹੈ।"

"ਓਹ ਨੋ...ਮੈਨੂੰ ਪਤੈ, ਉਹ ਉਮਰ ਵਿੱਚ ਉਹਦੇ ਨਾਲੋਂ ਵੱਡਾ ਹੈ ਪਰ ਉਹ ਉਹਦੇ ਖਾਣ–ਪੀਣ ਦਾ ਧਿਆਨ ਰੱਖਦਾ ਹੈ...ਲੋੜ ਵਾਲ਼ੀ ਹਰ ਸ਼ੈਅ ਉਹਨੂੰ ਦਿੰਦਾ ਹੈ...ਸ਼ੀ ਇਜ਼ ਲਾਇਕ ਏ ਟਰੌਫੀ ਵੁਮੈਨ ਫ਼ਾਰ ਹਿਮ...ਸ਼ੀ ਲੁਕਸ ਗੁੱਡ ਇਨ ਹਿਜ਼ ਆਰਮਜ਼।"

ਐਰਿਕਾ ਦੀ ਗੱਲ ਮੇਰੇ ਸੀਨੇ ਦੇ ਆਰ–ਪਾਰ ਹੋ ਗਈ।

"ਵੱਟ।"

ਮੇਰੇ ਅੰਦਰ ਕਈ ਸਵਾਲ ਨੱਪੇ ਰਹਿ ਗਏ ਸਨ।

"ਮੈਂ ਬਹੁਤ ਖ਼ੁਸ਼ ਹਾਂ ਕਿ ਮੇਰੀ ਧੀ ਉਹਦੇ ਨਾਲ ਠੀਕ ਹੈ, ਖੁਸ਼ ਹੈ...ਭਾਵੇਂ ਉਹਦੇ ਨਾਲ ਪਿਆਰ ਨਹੀਂ ਕਰਦੀ ਪਰ ਮੈਨੂੰ ਉਹਦਾ ਹੁਣ ਕੋਈ ਫ਼ਿਕਰ ਨਹੀਂ...ਬੱਸ ਹੁਣ ਕੁਝ ਸਾਲਾਂ ਬਾਅਦ ਟਿਮਥੀ ਵੱਡਾ ਹੋ ਜਾਵੇਗਾ ਤੇ ਮੇਰੀ ਜ਼ਿੰਮੇਵਾਰੀ ਮੁੱਕ ਜਾਏਗੀ।"

ਉਹਦੇ ਸ਼ਬਦਾਂ ਵਿੱਚ ਰੱਜ ਕੇ ਲਾਪਰਵਾਹੀ ਸੀ, ਜਿਹੜੀ ਮੈਨੂੰ ਚੰਗੀ ਨਹੀਂ ਸੀ ਲੱਗੀ ਪਰ ਮੈਂ ਉਹਨੂੰ ਕੁਝ ਨਹੀਂ ਸੀ ਕਹਿ ਸਕੀ।

"ਖੁੱਥੜੀ ਜਨਾਨੀ।"

ਮੇਰੇ ਸਿਰ ਵਿੱਚ ਬੈਠੀ ਮੇਰੀ ਵਿਛੜੀ ਮਾਂ ਜਿਵੇਂ ਬੋਲ ਪਈ ਸੀ। ਮੇਰੀ ਮਾਂ ਅਕਸਰ ਹੀ ਅਜਿਹੀਆਂ ਔਰਤਾਂ ਨੂੰ ਇਹੋ ਜਿਹੇ ਸਨਮਾਨ ਦੇ ਦਿਆ ਕਰਦੀ ਸੀ ਤੇ ਮੈਂ ਆਪਣੀ ਮਾਂ ਬਾਰੇ ਸੋਚ ਕੇ ਐਵੇਂ ਹੀ ਹੱਸ ਪਈ ਸਾਂ ਪਰ ਐਰਿਕਾ ਦੇ ਰੁੱਖੇ ਬੋਲ ਮੈਨੂੰ ਚੰਗੇ ਨਹੀਂ ਸੀ ਲੱਗੇ। ਮੈਂ ਕਹਿਣਾ ਚਾਹੁੰਦੀ ਸਾਂ ਕਿ ਇਹ ਜੰਮੇ ਹੀ ਕਿਉਂ ਸਨ ਜੇ ਐਨਾ ਬੋਝ ਹੀ ਸਮਝਣਾ ਸੀ।

ਸ਼ਾਇਦ ਐਰਿਕਾ ਦਾ ਵੀ ਕਸੂਰ ਨਹੀਂ ਇਨ੍ਹਾਂ ਲੋਕਾਂ ਦਾ ਕਲਚਰ ਸਮਝਦਿਆਂ ਮੇਰੀ ਉਮਰ ਗੁਜ਼ਰ ਜਾਏਗੀ ਪਰ ਕਈ ਗੱਲਾਂ ਸਮਝ ਤੋਂ ਬਾਹਰ ਹੀ ਰਹਿਣਗੀਆਂ। ਐਰਿਕਾ ਦੀ ਜ਼ਿੰਦਗੀ ਵਿੱਚ ਉਤਾਰ-ਚੜਾਅ ਆਉਂਦੇ ਰਹੇ ਤੇ ਉਹਦੇ ਨਾਲ-ਨਾਲ ਟਿਮਥੀ ਦੀਆਂ ਅੱਖਾਂ ਵੀ ਸੁੰਨੀਆਂ ਜਿਹੀਆਂ ਹੁੰਦੀਆਂ ਜਾ ਰਹੀਆਂ ਸਨ।

ਖ਼ੌਰੇ ਕਿਹੋ ਜਿਹਾ ਖ਼ਾਲੀਪਨ ਸੀ ਜਿਹੜਾ ਮੁੰਡੇ ਨੂੰ ਅੰਦਰੋਂ-ਅੰਦਰ ਖਾਈ ਜਾ ਰਿਹਾ ਸੀ।

ਇੱਕ ਦਿਨ ਅਚਾਨਕ ਐਰਿਕਾ ਨੇ ਕਿੰਨਾ ਸਾਰਾ ਸਮਾਨ ਖਰੀਦ ਕੇ ਕਾਊਂਟਰ 'ਤੇ ਲਿਆ ਧਰਿਆ ਤੇ ਟਿਮਥੀ ਨੂੰ ਪਸੰਦ ਦੀਆਂ ਕੈਂਡੀਜ਼ ਚੁੱਕਣ ਲਈ ਕਿਹਾ। ਟਿਮਥੀ ਨੇ ਕੈਂਡੀਆਂ ਚੁੱਕੀ ਆਉਂਦੇ ਨੇ ਮੇਰੇ ਵੱਲ ਤੱਕਿਆ ਪਰ ਉਸ ਪਲ਼ ਵੀ ਉਹਦੀਆਂ ਅੱਖਾਂ ਵਿੱਚ ਉਹੀ ਚੁੱਪ ਸੀ। ਐਰਿਕਾ ਨੇ ਪਰਸ ਖੋਲ੍ਹ ਕੇ ਵਿੱਚੋਂ ਨੋਟਾਂ ਦੀ ਥਹੀ ਕੱਢੀ, ਮੈਂ ਹੈਰਾਨ ਸਾਂ ਕਿ ਭਾਨ ਗਿਣਨ ਵਾਲੀ ਔਰਤ ਕੋਲ਼ ਐਨੇ ਪੈਸੇ ਕਿੱਥੋਂ ਆ ਗਏ। ਉਸ ਦਿਨ ਉਹਨੇ ਦਿਲ ਖੋਲ੍ਹ ਕੇ ਚੀਜ਼ਾਂ ਖਰੀਦੀਆਂ।

ਪਰ ਚੌਥੇ ਪੰਜਵੇਂ ਦਿਨ ਉਹ ਮੁੜ ਭਾਨ ਗਿਣਨ ਲੱਗ ਪਈ ਸੀ। ਕਿੰਨੇ ਦਿਨ ਇਹ ਸਿਲਸਿਲਾ ਮੇਰੀ ਸਮਝ ਨਾ ਆਇਆ ਤੇ ਇੱਕ ਦਿਨ ਕਿਸੇ ਨੇ ਹੌਲ਼ੀ ਜਿਹੀ ਉਹਦੇ ਵੱਲ ਇਸ਼ਾਰਾ ਕਰ ਕੇ ਦੱਸਿਆ- "ਇਹ ਅੱਜ ਕੱਲ੍ਹ ਧੰਦਾ ਕਰਦੀ ਹੈ।"

ਮੇਰਾ ਮੂੰਹ ਟੱਡਿਆ ਰਹਿ ਗਿਆ ਸੀ। ਕਦੇ ਸੋਚਿਆ ਨਹੀਂ ਸੀ ਕਿ ਇਹ "ਧੰਦਾ" ਸ਼ਬਦ ਐਨਾ ਨੇੜੇ ਤੋਂ ਵੀ ਦੇਖਿਆ-ਸੁਣਿਆ ਜਾ ਸਕਦਾ ਹੈ। ਨਿੱਕੇ ਜਿਹੇ ਪਿੰਡ ਵਰਗਾ ਇਹ ਇਲਾਕਾ ਤੇ ਘਰ-ਘਰ ਗੱਲ ਪਹੁੰਚਦਿਆਂ ਵਕਤ ਨਹੀਂ ਸੀ ਲੱਗਿਆ ਤੇ ਸੱਚੀਂ ਦਿਨਾਂ ਵਿੱਚ ਐਰਿਕਾ ਇਲਾਕੇ ਦੀ ਬਦਨਾਮ ਔਰਤ ਬਣ ਗਈ ਸੀ।

ਮੈਂ ਉਸ ਵੇਲੇ ਵੀ ਟਿਮਥੀ ਲਈ ਫ਼ਿਕਰਮੰਦ ਸੀ। ਖ਼ਬਰੇ ਕਿਵੇਂ ਰਹਿੰਦਾ ਹੋਵੇਗਾ, ਇੱਕ ਨਸ਼ਾ ਤੇ ਦੂਜਾ ਧੰਦਾ ?

ਐਰਿਕਾ ਮਿਲ਼ਦੀ ਕਦੇ ਖੜਕਦੇ ਨੋਟ ਚੁੱਕੀ ਫਿਰਦੀ, ਕਦੇ ਭਾਨ ਖੜਕਾਉਂਦੀ ਤੁਰ ਜਾਂਦੀ। ਕਈ ਵਾਰ ਅੱਧਨੰਗੇ ਕੱਪੜੇ ਪਾਈ ਆਉਂਦੀ, ਮੇਰੀ ਸ਼ੌਪ ਦੀ ਸਾਹਮਣੀ ਕੰਧ ਤੋਂ ਐਡਲਟਸ ਸਮਾਨ ਦੇ ਪੈਕੇਟ ਲੈ ਕੇ ਰਾਹੇ ਪੈਂਦੀ। ਮੈਨੂੰ ਉਹਦੇ ਤੋਂ ਹੁਣ ਬਦਬੂ ਆਉਣ ਲੱਗ ਪਈ ਸੀ।

ਇੱਕ ਦਿਨ ਉੱਡਦੀ-ਉੱਡਦੀ ਗੱਲ ਸੁਣੀ ਕਿ ਟਿਮਥੀ ਨੂੰ ਚਾਈਲਡ ਵੈੱਲਫੇਅਰ ਵਾਲੇ ਲੈ ਗਏ ਨੇ। ਕਿਸੇ ਨੇ ਚਾਈਲਡ ਵੈੱਲਫੇਅਰ ਨੂੰ ਦੱਸ ਦਿੱਤਾ ਸੀ-ਜਦੋਂ ਐਰਿਕਾ ਆਪਣੇ ਗ੍ਰਾਹਕਾਂ ਨਾਲ ਹੁੰਦੀ ਹੈ, ਉਸ ਵੇਲੇ ਟਿਮਥੀ ਘੰਟਿਆਂ ਬੱਧੀ ਘਰ ਦੇ ਬਾਹਰ ਬੈਠਾ ਰਹਿੰਦਾ ਹੈ।

ਤੇ ਸ਼ਾਇਦ ਇੱਕ ਦਿਨ ਭੁੱਖਣ-ਭਾਣਾ ਉਹ ਗੁਆਂਢੀਆਂ ਦੇ ਘਰ ਤੋਂ ਕੁਝ ਖਾਣ ਲਈ ਮੰਗਣ ਚਲਾ ਗਿਆ ਸੀ ਤੇ ਗੁਆਂਢੀਆਂ ਨੇ ਚਾਈਲਡ ਵੈੱਲਫੇਅਰ ਵਾਲਿਆਂ ਨੂੰ ਫੋਨ ਕਰ ਕੇ ਸੱਦ ਲਿਆ ਸੀ ਤੇ ਪਲਾਂ ਘੜੀਆਂ ਵਿੱਚ ਪੁਲਿਸ ਤੇ ਵੈੱਲਫੇਅਰ ਵਾਲੇ ਆ ਕੇ ਟਿਮਥੀ ਨੂੰ ਲੈ ਗਏ ਸਨ।



"ਹੈ ਦੱਸ...ਕੁੱਤੀ ਔਰਤ...ਇੱਕ ਮਸੂਮ ਬੱਚੇ ਦੇ ਸਾਹਮਣੇ ਧੰਦਾ।"

ਮੇਰੀ ਮਾਂ ਦੇ ਬੋਲ ਮੇਰੀ ਕੰਨੀਂ ਮੁੜ ਪਏ ਤੇ ਇਸ ਵਾਰ ਮੇਰਾ ਆਪਣਾ ਦਿਲ ਕਰਦਾ ਸੀ ਕਿ ਉਹਨੂੰ ਜੀਅ ਭਰ ਕੇ ਗਾਲ੍ਹਾਂ ਕੱਢਾਂ।

ਸ਼ਾਇਦ ਐਰਿਕਾ ਅੰਦਰੋਂ ਖੁਸ਼ ਹੋਵੇ ਕਿ ਹੁਣ ਉਹ ਟਿਮਥੀ ਤੋਂ ਵੀ ਸੁਰਖ਼ੁਰੂ ਹੋ ਗਈ ਸੀ। ਤੇ ਹੋ ਸਕਦੈ ਟਿਮਥੀ ਨੂੰ ਵੀ ਕੋਈ ਚੰਗਾ ਘਰ ਮਿਲ ਜਾਵੇ। ਘੱਟੋ-ਘੱਟ ਅਜਿਹੀ ਗੰਦੀ ਮਾਂ ਤੋਂ ਤਾਂ ਦੂਰ ਰਹੇਗਾ। ਐਰਿਕਾ ਘਰੋਂ ਬੇਘਰ ਹੋ ਕੇ ਆਪਣੀ ਕਾਰ ਵਿੱਚ ਦਿਨ ਕੱਟ ਰਹੀ ਸੀ ਤੇ ਫੇਰ ਕਾਰ ਤੋਂ ਹੁੰਦੀ ਹੋਈ ਕਿਸੇ ਰਿਵਰ ਦੇ ਪੁਲ਼ ਹੇਠਾਂ ਰਾਤਾਂ ਕੱਟਣ ਲੱਗ ਪਈ ਸੀ।

ਕਈ ਵਾਰ ਲੰਘਦੀ-ਵੜਦੀ ਕੁਝ ਖਰੀਦਣ ਆਉਂਦੀ ਤਾਂ ਚਿਹਰੇ ਉੱਪਰ ਫਿਨਸੀਆਂ ਫੋੜੇ ਦੇਖ ਕੇ ਮੈਂ ਉਹਦੇ ਨਸ਼ੇ ਦਾ ਅੰਦਾਜ਼ਾ ਲਾ ਲੈਂਦੀ ਤੇ ਮੇਰੀ ਕਦੇ ਹਿੰਮਤ ਨਾ ਹੁੰਦੀ ਕਿ ਉਹਨੂੰ ਟਿਮਥੀ ਬਾਰੇ ਪੁੱਛਾਂ।

"ਐਰਿਕਾ ਚੋਰੀ ਕਰਦੀ ਹੈ...ਜਦੋਂ ਵੀ ਇਥੇ ਆਵੇ ਇਹਦਾ ਧਿਆਨ ਰੱਖਿਆ ਕਰ।" ਕਿਸੇ ਨੇ ਉਹਨੂੰ ਮੇਰੀ ਸ਼ੌਪ ਤੋਂ ਚੋਰੀ ਕਰਦਿਆਂ ਦੇਖ ਲਿਆ ਸੀ।

"ਐਰਿਕਾ, ਤੈਨੂੰ ਯਾਦ ਐ...ਮੈਂ ਕਿੰਨੀ ਵਾਰ ਤੈਨੂੰ ਖਾਣਾ ਦਿੰਦੀ ਰਹੀ ਆਂ...ਤੂੰ ਫੇਰ ਚੋਰੀ ਤੋਂ ਨਹੀਂ ਟਲੀ।"

"ਆਈ ਐਮ ਸੌਰੀ...ਦੁਬਾਰਾ ਨਹੀਂ ਕਰਦੀ।"

ਉਹਨੇ ਸਿਰਫ ਮੁਆਫੀ ਮੰਗੀ ਸੀ ਪਰ ਉਹਦੀਆਂ ਅੱਖਾਂ ਵਿੱਚ ਕੋਈ ਸ਼ਰਮਿੰਦਗੀ ਨਹੀਂ ਸੀ।

"ਅੱਜ ਤੋਂ ਬਾਅਦ ਇਥੇ ਨਾ ਆਵੀਂ...ਨਥਿੰਗ ਪਰਸਨਲ...ਪਲੀਜ਼ ਡੌਂਟ ਐਵਰ ਕਮ ਬੈਕ...ਅਦਰ ਵਾਈਜ਼ ਆਈ ਵਿਲ ਕਾਲ ਦਾ ਕਾਪਸ...। ਤੂੰ ਮੇਰਾ ਬਹੁਤ ਦਿਲ ਤੋੜਿਆ ਹੈ, ਬੱਸ ਹੁਣ ਨਾ ਆਵੀਂ।"

ਮੈਨੂੰ ਸੱਚਮੁੱਚ ਉਹਦੇ ਉੱਪਰ ਗ਼ੁੱਸਾ ਆਇਆ ਸੀ।

ਉਹ ਸੌਰੀ-ਸੌਰੀ ਕਹਿੰਦੀ ਤੁਰ ਗਈ, ਮੁੜ ਕਦੇ ਨਾ ਮਿਲੀ ਤੇ ਨਾ ਹੀ ਕਦੇ ਟਿਮਥੀ ਦਿਸਿਆ।

ਪਰ ਮੈਂ ਅਕਸਰ ਟਿਮਥੀ ਦੀ ਉਮਰ ਦੇ ਬੱਚਿਆਂ ਵਿੱਚੋਂ ਉਹਨੂੰ ਭਾਲਦੀ ਤੇ ਸੋਚਦੀ ਕਿ ਖ਼ਬਰੇ ਕਿੱਥੇ ਠੋਹਕਰਾਂ ਖਾਂਦਾ ਫਿਰਦਾ ਹੋਏਗਾ ਤੇ ਉਹਦੀਆਂ ਅੱਖਾਂ ਅਕਸਰ ਮੇਰੇ ਜ਼ਿਹਨ ਵਿੱਚ ਜਗਦੀਆਂ-ਬੁਝਦੀਆਂ ਰਹਿੰਦੀਆਂ।

ਇੱਕ ਦਿਨ ਅਚਾਨਕ ਗਿੱਠ ਕੁ ਕੱਪੜੇ ਪਾਈ ਐਰਿਕਾ ਦੀ ਧੀ ਮੇਰੇ ਮੂਹਰੇ ਆਣ ਖੜ੍ਹੀ ਹੋਈ ਪਲ਼ ਭਰ ਲਈ ਉਹ ਮੈਥੋਂ ਪਛਾਣੀ ਨਾ ਗਈ। ਮੁਰਝਾਇਆ ਚਿਹਰਾ ਜਿਵੇਂ ਕਈ ਦਿਨ ਤੋਂ ਸੁੱਤੀ ਨਾ ਹੋਵੇ। ਲਾਲ ਗੂੜ੍ਹੀ ਲਿਪਸਟਿਕ ਨਾਲ ਲਿੱਬੜੇ ਬੁੱਲ੍ਹ, ਧੁਆਂਖੀਆਂ ਅੱਖਾਂ। ਅੱਧ ਨੰਗੀ ਦੇਹ ਤੇ ਹੱਥ ਵਿੱਚ ਐਰਿਕਾ ਵਾਂਗ ਨੋਟਾਂ ਦੀ ਥਹੀ...।

ਮੇਰਾ ਦਿਲ ਜਿਵੇਂ ਭੁੜਕ ਕੇ ਬਾਹਰ ਆ ਗਿਆ।

"ਕਿੱਧਰੇ ਇਹ ਵੀ ਆਵਦੀ ਮਾਂ ਵਾਂਗ...।" ਪੁੱਛਣਾ ਚਾਹੁੰਦੀ ਹੋਈ ਵੀ ਮੈਂ ਕੁਝ ਪੁੱਛ

ਨਹੀਂ ਸੀ ਸਕੀ।

"ਜੇਮੀ ਤੇਰੀ ਮਾਂ ਕਿੱਥੇ ਏ।" ਗੱਲ ਸ਼ੁਰੂ ਕਰਨ ਦੀ ਮਾਰੀ ਨੇ ਪੁੱਛ ਲਿਆ।

"ਸ਼ਾਇਦ ਜੇਲ੍ਹ 'ਚ...।" ਉਹਦਾ ਜਵਾਬ ਬਹੁਤ ਰੁੱਖਾ ਸੀ।

"ਕਿਉਂ ?"

ਮੇਰੀ ਕਿਉਂ ਵਿੱਚ ਕੋਈ ਹੈਰਾਨੀ ਨਹੀਂ ਸੀ, ਜੋ ਉਹਦੇ ਲੱਛਣ ਸਨ ਇੱਕ ਦਿਨ ਤਾਂ ਉਹਨੇ ਜੇਲ੍ਹ ਜਾਣਾ ਹੀ ਸੀ।

"ਉਹਨੇ ਆਪਣੇ ਕਿਸੇ ਦੋਸਤ ਨੂੰ ਗੰਨ ਪੁਆਇੰਟ 'ਤੇ ਲੁੱਟਣਾ ਚਾਹਿਆ ਸੀ।"

ਜੇਮੀ ਖੁਰਦੁਰਾ ਜਿਹਾ ਹੱਸੀ। ਉਹਨੂੰ ਇਹ ਗੱਲ ਦੱਸਦਿਆਂ ਨਾ ਕੋਈ ਸ਼ਰਮ ਆਈ ਸੀ ਤੇ ਨਾ ਹੀ ਉਹਨੂੰ ਕੋਈ ਫ਼ਿਕਰ ਸੀ।

"ਤੇ ਟਿਮਥੀ ?"

"ਹੀ ਇਜ਼ ਇਨ ਫੌਸਟਰ ਹੋਮ।"

ਬੱਚਾ ਖ਼ਬਰੇ ਕਿਹੜੇ ਹਾਲ 'ਚ ਹੋਏਗਾ ?

ਮੈਂ ਆਪਣੇ ਆਪ ਨਾਲ ਸਵਾਲ ਕੀਤਾ ਸੀ। ਟਿਮਥੀ ਕੋਈ ਪਹਿਲਾ ਬੱਚਾ ਨਹੀਂ ਸੀ ਜਿਹੜਾ ਇਉਂ ਭਟਕਦਾ ਫਿਰਦਾ ਸੀ। ਅਜਿਹੇ ਬੱਚਿਆਂ ਲਈ ਹੀ ਤਾਂ ਸਰਕਾਰ ਨੇ ਥਾਂ-ਥਾਂ ਫੌਸਟਰ ਹੋਮ ਬਣਾ ਦਿੱਤੇ ਨੇ ਤੇ ਉਨ੍ਹਾਂ ਬੱਚਿਆਂ ਦਾ ਸਾਰਾ ਖਰਚ ਸਰਕਾਰ ਚੁੱਕਦੀ ਹੈ ਤੇ ਟੁੱਟੇ ਘਰਾਂ ਦੇ ਬੱਚੇ ਕਈ ਵਾਰ ਫੌਸਟਰ ਹੋਮ ਟੂ ਫੌਸਟਰ ਹੋਮ ਧੱਕ ਦਿੱਤੇ ਜਾਂਦੇ ਨੇ ਤੇ ਅਕਸਰ ਉਹ ਬੱਚੇ ਉਮਰ ਭਰ ਇਉਂ ਹੀ ਭਟਕਦੇ ਰਹਿੰਦੇ ਨੇ। ਬਹੁਤ ਵਾਰ ਪਰਿਵਾਰ ਦੇ ਜੀਅ ਅਜਿਹੇ ਬੱਚਿਆਂ ਨੂੰ ਪਾਲ ਲੈਂਦੇ ਨੇ ਜਿਵੇਂ ਕਿ ਵੱਡੀਆਂ ਭੈਣਾਂ, ਮਾਸੀਆਂ, ਮਾਮੇ...ਪਰ ਟਿਮਥੀ ਦਾ ਤਾਂ ਖ਼ੌਰੇ ਵੱਡੀ ਭੈਣ ਬਿਨਾਂ ਕੋਈ ਹੋਰ ਹੈ ਵੀ ਨਹੀਂ।

ਉਸ ਵੇਲੇ ਮੇਰੇ ਅੰਦਰ ਕਈ ਸਵਾਲ ਟੁੱਟਦੇ ਭੱਜਦੇ ਰਹੇ ਸਨ।

"ਉਹਨੂੰ ਤੂੰ ਆਪਣੇ ਕੋਲ਼ ਨਹੀਂ ਰੱਖ ਸਕਦੀ ?"

"ਨਹੀਂ, ਮੇਰੇ ਬੁਆਏ ਫਰੈਂਡ ਨੂੰ ਬੱਚੇ ਪਸੰਦ ਨਹੀਂ...ਉਹ ਤਾਂ ਮੇਰੇ ਨਾਲ ਵੀ ਚੰਗਾ ਬਿਹੇਵ ਨਹੀਂ ਕਰਦਾ...ਕਈ ਵਾਰ ਨਸ਼ਾ ਕਰਕੇ ਕੁੱਟਦਾ ਮਾਰਦਾ ਵੀ ਹੈ...ਪਹਿਲਾਂ ਪਹਿਲਾਂ ਉਹ ਚੰਗਾ ਸੀ, ਮੈਨੂੰ ਪਿਆਰ ਵੀ ਕਰਦਾ ਸੀ ਪਰ ਹੁਣ ਸ਼ਾਇਦ ਉਹ ਮੇਰੇ ਤੋਂ ਅੱਕ ਗਿਆ ਹੈ ?"

"ਓ ਮਾਈ ਗਾਡ...ਤੂੰ ਉਹਦਾ ਇਬਿਊਜ਼ ਕਿਉਂ ਝੱਲਦੀ ਏਂ...ਕਾਲ ਦਾ ਕਾਪਸ...ਪੁਲਿਸ ਨੂੰ ਕਾਲ ਕਿਉਂ ਨਹੀਂ ਕਰਦੀ।"

ਮੈਨੂੰ ਕੁੜੀ ਉੱਪਰ ਖਿਝ ਆਈ।

"ਮੈਂ ਬਹੁਤ ਸਾਰੇ ਪੈਸੇ ਕਮਾਉਣੇ ਨੇ...ਫ਼ੇਰ ਮੈਂ ਕਿੱਧਰੇ ਦੂਰ ਚਲੇ ਜਾਵਾਂਗੀ।"

ਉਸ ਵੇਲ਼ੇ ਉਹਦੇ ਬਹੁਤ ਸਾਰਾ ਪੈਸੇ ਕਮਾਉਣ ਵਾਲੀ ਗੱਲ ਮੈਨੂੰ ਥੋੜ੍ਹੀ ਸਮਝ ਆ ਗਈ ਸੀ।

ਤੇ ਫੇਰ ਜੇਮੀ ਵੀ ਐਰਿਕਾ ਵਾਂਗ ਕੁਝ ਦਿਨਾਂ ਵਿੱਚ ਹੀ ਸਰੀਰ ਵੇਚਦੀ ਔਰਤ ਵਾਂਗ ਜਾਣੀ ਜਾਣ ਲੱਗ ਪਈ ਸੀ। ਕਈ ਵਾਰ ਸਵੇਰੇ-ਸਵੇਰੇ ਜੇਮੀ ਆਪਣੇ ਤੋਂ ਵੀਹ ਪੱਚੀ ਵਰ੍ਹੇ ਵੱਡੀ ਉਮਰ ਦੀ ਔਰਤ ਬਰੈਂਡੀ ਨਾਲ ਆਉਂਦੀ। ਬਰੈਂਡੀ ਇਸ ਇਲਾਕੇ ਵਿੱਚ ਨਵੀਂ ਆਈ



ਲਗਦੀ ਸੀ। ਇਸ ਤੋਂ ਪਹਿਲਾਂ ਮੈਂ ਉਹਨੂੰ ਕਦੇ ਨਹੀਂ ਸੀ ਦੇਖਿਆ। ਬਰੈਂਡੀ ਦੀ ਉਮਰ ਭਾਵੇਂ ਵੱਡੀ ਸੀ ਪਰ ਉਹ ਜੇਮੀ ਤੋਂ ਵੀ ਜੁਆਨ ਲਗਦੀ। ਕੱਸਿਆ ਹੋਇਆ ਸਰੀਰ, ਮੂੰਹ 'ਤੇ ਲੱਪ-ਲੱਪ ਮੇਕਅੱਪ ਖਬਰੇ ਆਪਣੀ ਉਮਰ ਇਹਨੇ ਕਿੱਥੇ ਲੁਕੋ ਰੱਖੀ ਸੀ। ਦੋਵਾਂ ਦੇ ਭੜਕੀਲੇ ਪਹਿਰਾਵੇ, ਅੱਖਾਂ ਵਿੱਚ ਉਨੀਂਦਰਾ ਤੇ ਕਦਮਾਂ ਵਿੱਚ ਥਕਾਵਟ ਹੁੰਦੀ ਤੇ ਮੈਂ ਸਮਝ ਜਾਂਦੀ ਇਹ ਦੋਵੇਂ ਕਿੱਧਰੇ ਕਿਸੇ ਨਾਲ ਰਾਤ ਕੱਟ ਕੇ ਆਈਆਂ ਹੋਣਗੀਆਂ। ਕਈ ਵਾਰ ਦੋਵਾਂ ਦੇ ਅਜਿਹੇ ਕੱਪੜੇ ਪਾਏ ਹੁੰਦੇ ਕਿ ਸ਼ੌਪ ਵਿੱਚ ਖੜ੍ਹੇ ਮਰਦ ਵੀ ਨੀਵੀਆਂ ਪਾ ਲੈਂਦੇ।

ਉਹੀ ਐਰਿਕਾ ਵਰਗੇ ਦੋਵਾਂ ਦੇ ਲੱਛਣ। ਕਈ ਵਾਰ ਦੋਵਾਂ ਕੋਲ਼ ਢੇਰ ਸਾਰੇ ਨੋਟ ਤੇ ਕਈ ਵਾਰ ਖ਼ਾਲੀ ਜੇਬ।

ਕਿਸੇ ਦਿਨ ਉਨ੍ਹਾਂ ਕੋਲੋਂ ਲਟ-ਲਟ ਕਰਦੀ ਖੁਸ਼ਬੂ ਆਉਂਦੀ ਤੇ ਕਦੇ ਲਗਦਾ ਉਹ ਕਈ ਦਿਨ ਤੋਂ ਨ੍ਹਾਤੀਆਂ ਵੀ ਨਾ ਹੋਣ।

ਮੇਰਾ ਦਿਲ ਕਰਦਾ ਇਨ੍ਹਾਂ ਨੂੰ ਆਖਾਂ ਕਿ ਇਸ ਦੇਸ਼ ਨੇ ਸਾਨੂੰ ਬੁੱਕਲ ਵਿੱਚ ਲਿਆ ਹੈ, ਸਾਨੂੰ ਪੈਸੇ ਦੀ ਪੂਰੀ ਖੁੱਲ੍ਹ ਹੈ, ਅਸੀਂ ਸੋਹਣੀਆਂ ਜ਼ਿੰਦਗੀਆਂ ਜਿਉਂਦੇ ਹਾਂ ਤੇ ਤੁਸੀਂ ਲੋਕ ਤਾਂ ਇਸ ਧਰਤੀ ਦੇ ਮਾਲਿਕ ਹੋ...ਫ਼ੇਰ ਇਹ ਕਿਹੋ ਜਿਹੀ ਜ਼ਿੰਦਗੀ ਦਾ ਪੱਲਾ ਫੜ ਲਿਆ ਹੈ ?

ਉਨ੍ਹਾਂ ਨੂੰ ਤਾਂ ਮੈਂ ਕੁਝ ਨਾ ਕਹਿੰਦੀ, ਮੈਨੂੰ ਪਤਾ ਸੀ ਮੇਰੇ ਤਰਕ, ਮੇਰੀਆਂ ਸਲਾਹਾਂ ਉਹਦੇ ਪੱਲੇ ਨਹੀਂ ਪੈਣੀਆਂ। ਪਰ ਮੇਰੀ ਸੋਚ ਮੁੜ ਆ ਕੇ ਟਿਮਥੀ 'ਤੇ ਰੁਕ ਜਾਂਦੀ।

"ਜੇਮੀ, ਟਿਮਥੀ ਠੀਕ ਵੀ ਏ।"

"ਸ਼ਾਇਦ ਠੀਕ ਹੀ ਹੋਵੇਗਾ।"

ਉਹ ਰੁੱਖੀ ਜਿਹੀ ਮੁਸਕਾਣ ਨਾਲ ਮੇਰੇ ਵੱਲ ਵੇਂਹਦੀ ਰਹੀ।

"ਉਫ਼...ਇਹ ਕਿਹੋ ਜਿਹੇ ਰਿਸ਼ਤੇ ਨੇ...ਟੱਬਰ ਦੇ ਕਿਸੇ ਜੀਅ ਨੂੰ ਇੱਕ ਦੂਜੇ ਬਾਰੇ ਨਹੀਂ ਪਤਾ।"

ਉਸ ਤੋਂ ਬਾਅਦ ਮੇਰੇ ਅੰਦਰੋਂ ਸਵਾਲ ਮੁੱਕ ਗਏ ਸਨ।

ਜੇਮੀ ਮੈਨੂੰ ਮਿਲਦੀ, ਦਿਨੋਂ-ਦਿਨ ਉਹ ਆਪਣੀ ਮਾਂ ਵਰਗੀ ਹੁੰਦੀ ਜਾਂਦੀ ਸੀ, ਜਿਵੇਂ ਐਰਿਕਾ ਆਪਣੇ ਥਾਂ 'ਤੇ ਬੂਟਾ ਲਾ ਗਈ ਸੀ ਤੇ ਬਰੈਂਡੀ ਉਹਦੇ ਨਾਲ ਪਰਛਾਵੇਂ ਵਾਂਗ ਰਹਿੰਦੀ।

ਹੁਣ ਮੈਨੂੰ ਉਨ੍ਹਾਂ ਦੋਵਾਂ ਕੋਲੋਂ ਐਰਿਕਾ ਵਰਗੀ ਬਦਬੂ ਆਉਣ ਲੱਗ ਪਈ ਸੀ। ਮੈਂ ਬਹੁਤ ਵਾਰ ਸੋਚਦੀ ਕਿ ਇਸ ਧਰਤੀ 'ਤੇ ਕੰਮਾਂ ਦਾ ਘਾਟਾ ਨਹੀਂ, ਪਰ ਫੇਰ ਵੀ ਇਨ੍ਹਾਂ ਦੋਵਾਂ ਔਰਤਾਂ ਨੇ ਇਹੀ ਰਾਹ ਕਿਉਂ ਚੁਣਿਆ ਹੈ ? ਪਰ ਮੈਂ ਕਦੇ ਦੋਵਾਂ ਨੂੰ ਕੋਈ ਸਵਾਲ ਨਾ ਕਰਦੀ। ਮੇਰੇ ਅੰਦਰ ਬਹੁਤ ਸਾਰੇ ਸਵਾਲ ਉੱਠਦੇ।

ਦੋਵਾਂ ਦੇ ਨਾਲ ਨਿੱਤ ਹੀ ਕੋਈ ਨਵਾਂ ਮਰਦ ਹੁੰਦਾ, ਪਰ ਕੋਈ ਵੀ ਮਰਦ ਇਸ ਇਲਾਕੇ ਦਾ ਜਾਣਿਆ-ਪਛਾਣਿਆ ਨਾ ਹੁੰਦਾ। ਖ਼ਬਰੇ ਇਹ ਲੋਕ ਕਿੱਥੋਂ ਆਉਂਦੇ ਸਨ ਤੇ ਹਨੇਰ-ਸਵੇਰ ਕਿੱਧਰ ਛੁਪ ਜਾਂਦੇ ਸਨ। ਹਫ਼ਤੇ, ਮਹੀਨੇ, ਸਾਲ ਤੇ ਫੇਰ ਕਈ ਸਾਲ ਲੰਘ ਗਏ। ਕਈ ਵਾਰ ਐਰਿਕਾ ਦਾ ਚੇਤਾ ਆਉਂਦਾ ਤੇ ਜਾਂ ਫੇਰ ਜੇਮੀ ਤੇ ਬਰੈਂਡੀ ਆਉਂਦੀਆਂ ਤਾਂ ਟਿਮਥੀ ਦਾ ਖਿਆਲ ਆ ਜਾਂਦਾ। ਹੁਣ ਮੈਂ ਜੇਮੀ ਨੂੰ ਟਿਮਥੀ ਬਾਰੇ ਕੁਝ ਨਾ ਪੁੱਛਦੀ ਕਿਉਂਕਿ ਉਹ ਕੁਝ ਦੱਸਣ-ਪੁੱਛਣ ਦੇ ਲਾਇਕ ਵੀ ਨਹੀਂ ਰਹੀ ਸੀ। ਹਮੇਸ਼ਾਂ ਨਸ਼ੇ 'ਚ ਚੂਰ ਹੁੰਦੀ ਜਾਂ ਕਿਸੇ ਨਵੇਂ ਮਰਦ ਦੀਆਂ ਬਾਹਵਾਂ ਵਿੱਚ ਹੁੰਦੀ।

ਭਾਵੇਂ ਮੈਂ ਟਿਮਥੀ ਬਾਰੇ ਜੇਮੀ ਨੂੰ ਨਾ ਪੁੱਛਦੀ ਪਰ ਉਹ ਕਦੇ ਨਾ ਕਦੇ ਮੇਰੇ ਖ਼ਿਆਲਾਂ 'ਤੇ ਭਾਰੂ ਹੋ ਜਾਂਦਾ।

ਉਂਝ ਹਰ ਰੋਜ਼ ਕੋਈ ਨਾ ਕੋਈ ਕਹਾਣੀ ਮੇਰੀ ਸ਼ੌਪ ਦੇ ਬੂਹੇ ਟੱਪ ਕੇ ਮੇਰੇ ਮੂਹਰੇ ਆਣ ਖੜਦੀ ਤੇ ਮੇਰੀ ਕਲਮ ਮੁਸਕਰਾ ਕੇ ਮੇਰੇ ਵੱਲ ਤੱਕਦੀ ਪਰ ਟਿਮਥੀ ਦੀ ਬਲੌਰੀ ਅੱਖ ਉਨ੍ਹਾਂ ਕਹਾਣੀਆਂ ਦੇ ਪਾਤਰਾਂ ਤੋਂ ਅਲੱਗ ਸੀ। ਉਹ ਅਕਸਰ ਮੇਰੇ ਅੰਦਰਲੀ ਮਾਂ ਨੂੰ ਝੰਜੋੜ ਜਾਂਦੀ ਸੀ।

ਉਨ੍ਹੀਂ ਦਿਨੀਂ ਇਲਾਕੇ ਵਿੱਚ ਖੁਸਰ-ਫੁਸਰ ਸ਼ੁਰੂ ਹੋ ਗਈ ਸੀ। ਇੱਕ ਦਿਨ ਨੇੜੇ ਲਗਦੀ ਚਰਚ ਦੇ ਪਾਦਰੀ ਦੀ ਘਰਵਾਲੀ ਮੇਰੇ ਕੋਲ਼ ਆ ਕੇ ਬੈਠ ਗਈ ਸੀ।

"ਮਿਸਿਜ਼ ਸਿੰਘ, ਤੈਨੂੰ ਪਤੈ ਆਪਣੇ ਨੇਬਰਹੁੱਡ ਵਿੱਚ ਇੱਕ ਸੈਕਸ ਰੈਕਟ ਚੱਲ ਰਿਹੈ।"

"ਨਹੀਂ, ਮੈਨੂੰ ਨਹੀਂ ਪਤਾ।"

ਮੈਂ ਹੈਰਾਨ ਸਾਂ ਕਿ ਅਜਿਹੀਆਂ ਖ਼ਬਰਾਂ ਸਿਰਫ ਟੈਲੀਵਿਜ਼ਨ, ਅਖਬਾਰਾਂ ਵਿੱਚ ਹੀ ਚੰਗੀਆਂ ਲਗਦੀਆਂ ਨੇ...ਇਹ ਸਾਰਾ ਕੁਝ ਮੇਰੇ ਆਪਣੇ ਗੁਆਂਢ ਵਿੱਚ ਹੋ ਰਿਹੈ ਤੇ ਮੈਨੂੰ ਪਤਾ ਵੀ ਨਹੀਂ। ਉਂਝ ਘਰ-ਘਰ ਦੀ ਖ਼ਬਰ ਮੇਰੇ ਤੱਕ ਪਹੁੰਚ ਜਾਂਦੀ ਸੀ। ਕੋਈ ਨਾ ਕੋਈ ਮੇਰੇ ਕੋਲ਼ ਆਪਣਾ ਢਿੱਡ ਹਲ਼ਕਾ ਕਰ ਹੀ ਜਾਂਦਾ ਸੀ। ਪਰ ਇਸ ਵਾਰ ਕੌਣ ਹੈ ਜੋ ਇਸ ਸ਼ਾਂਤ ਇਲਾਕੇ ਵਿੱਚ ਅਜਿਹਾ ਕੁਝ ਕਰ ਰਿਹਾ ਹੋਵੇਗਾ। ਸਮੁੰਦਰ ਦੇ ਨੇੜੇ ਵੱਸਦੇ ਇਹ ਲੋਕ ਆਪਣੀਆਂ ਜ਼ਿੰਦਗੀਆਂ ਸ਼ਾਂਤੀ ਨਾਲ ਜਿਉਂਦੇ ਨੇ। ਕਿਸੇ ਨਾਲ ਕੋਈ ਲੜਾਈ ਝਗੜਾ ਨਹੀਂ, ਕੋਈ ਮਨ-ਮੁਟਾਵ ਨਹੀਂ ਪਰ ਇਹ ਕਿਹੋ ਜਿਹੀ ਹਵਾ ਇਥੇ ਵਗਣ ਲੱਗ ਪਈ ਸੀ, ਜਿਹੜੀ ਚਰਚ ਦੇ ਬੂਹੇ ਬਾਰੀਆਂ ਵੀ ਫ਼ਿਕਰਮੰਦ ਸਨ।

ਤੇ ਅਚਾਨਕ ਮੈਨੂੰ ਬਰੈਂਡੀ ਤੇ ਜੇਮੀ ਦਾ ਖ਼ਿਆਲ ਆਇਆ।

ਸ਼ਾਇਦ ਉਹੀ ਦੋਵੇਂ ਹੋਣ ਜਾਂ ਫੇਰ ਐਰਿਕਾ ਜੇਲ੍ਹ ਤੋਂ ਵਾਪਿਸ ਆ ਗਈ ਹੋਵੇ।

ਜਦੋਂ ਵੀ ਕੋਈ ਨਵਾਂ ਚਿਹਰਾ ਮੇਰੀ ਸ਼ੌਪ ਵਿੱਚ ਆਉਂਦਾ ਤਾਂ ਮੈਂ ਅਕਸਰ ਉਨ੍ਹਾਂ ਤਿੰਨਾਂ ਔਰਤਾਂ ਬਾਰੇ ਸੋਚਣ ਲੱਗ ਜਾਂਦੀ।

ਅਣਜਾਣ ਆਦਮੀ-ਔਰਤਾਂ ਸ਼ੌਪ ਦੇ ਅੰਦਰ ਆਉਂਦੇ ਤੇ ਦੇਖਦਿਆਂ-ਦੇਖਦਿਆਂ ਸ਼ੌਪ ਦੀ ਸਾਹਮਣੀ ਕੰਧ ਉੱਪਰ ਲਟਕਦੇ 'ਅੱਡਲਟ ਪੈਕੇਜ' ਹਰ ਹਫਤੇ ਮੁੱਕਣ ਲੱਗ ਪਏ। ਮੇਰੇ ਅੰਦਰ ਅਜੀਬ ਜਿਹੀ ਅਲਕਤ ਹੁੰਦੀ। ਵਰ੍ਹਿਆਂ ਤੋਂ ਚੱਲਦੀ ਮੇਰੀ ਸ਼ੌਪ ਮੈਨੂੰ ਗੰਦੀ ਜਿਹੀ ਜਾਪਣ ਲੱਗੀ। ਜਿਵੇਂ ਮੇਰਾ ਆਲ਼ਾ-ਦੁਆਲ਼ਾ ਮੁਸ਼ਕ ਨਾਲ ਭਰਦਾ ਜਾ ਰਿਹਾ ਹੋਵੇ। ਕੋਈ ਵੇਲ਼ਾ ਸੀ, ਮੈਨੂੰ ਇਹ ਥਾਂ ਚੰਗੀ ਲੱਗਦੀ ਸੀ, ਮੇਰੇ ਲੋਕ ਮੈਨੂੰ ਪਸੰਦ ਸਨ ਪਰ ਹੁਣ ਮੇਰਾ ਦਿਲ ਕਰਦਾ ਕਿ ਮੈਂ ਇਥੋਂ ਦੂਰ ਭੱਜ ਜਾਵਾਂ।

ਮੈਂ ਐਵੇਂ ਹੀ ਉਦਾਸ ਰਹਿਣ ਲੱਗ ਪਈ ਸਾਂ ਜਦ ਕਿ ਇਨ੍ਹਾਂ ਚੀਜ਼ਾਂ ਨਾਲ ਮੇਰਾ ਕੋਈ ਸੰਬੰਧ ਨਹੀਂ ਸੀ ਤੇ ਫੇਰ ਇੱਕ ਦਿਨ ਅਚਾਨਕ ਮੁੱਛ ਫੁੱਟ ਸੁਨੱਖਾ ਜਿਹਾ ਮੁੰਡਾ ਮੇਰੀ ਸ਼ੌਪ ਦਾ ਬੂਹਾ ਟੱਪਿਆ, ਮੈਨੂੰ ਲੱਗਾ ਜਿਵੇਂ ਕਿਧਰੇ ਦੇਖਿਆ ਹੈ। ਗੋਰਾ ਚਿੱਟਾ ਰੰਗ, ਭੂਰੇ ਕੁੰਡਲ, ਨਿੱਕੀ-ਨਿੱਕੀ ਭੂਰੀ ਰੰਗੀ ਦਾਹੜੀ ਤੇ ਉਹੀ ਬਲੌਰੀ ਅੱਖਾਂ...।

ਮੈਂ ਤ੍ਰਬਕ ਕੇ ਰਹਿ ਗਈ।



"ਹੈਲੋ ਮਿਸ...ਰੀਮੈਂਬਰ ਮੀਂ।"

"ਮਾਈ ਗੁਡਨੈੱਸ...ਟਿਮਥੀ...ਇਹ ਤੂੰ ਏ...ਤੂੰ ਕਿੱਥੇ ਰਿਹਾ ਐਨੇ ਸਾਲ।"

ਮੇਰੇ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

"ਮੈਂ ਪਿਛਲੇ ਸਾਲ ਇਥੇ ਸ਼ਿਫ਼ਟ ਕੀਤਾ...ਮੇਰੀ ਗਰਲ ਫਰੈਂਡ ਇਸੇ ਇਲਾਕੇ ਵਿੱਚ ਹੀ ਹੈ...ਅੱਜ ਮੈਨੂੰ ਤੇਰਾ ਚੇਤਾ ਆਇਆ ਤਾਂ ਸੋਚਿਆ ਮਿਲ ਕੇ ਜਾਵਾਂ...ਮੈਂ ਸੋਚਦਾ ਸੀ ਤੂੰ ਐਨੇ ਸਾਲਾਂ ਵਿੱਚ ਕਿੱਧਰੇ ਹੋਰ ਚਲੀ ਗਈ ਹੋਵੇਂਗੀ।"

ਗੱਲ ਕਰਦੇ ਦਾ ਉਹਦਾ ਚਿਹਰਾ ਖਿੜਿਆ ਪਿਆ ਸੀ।

"ਨਹੀਂ, ਮੈਂ ਤਾਂ ਇਥੇ ਈ ਆਂ...ਮੈਂ ਅਕਸਰ ਤੇਰੇ ਬਾਰੇ ਸੋਚਦੀ ਸੀ ਕਿ ਤੂੰ ਠੀਕ ਵੀ ਏਂ।"

ਉਹਨੇ ਲਾਪਰਵਾਹੀ ਜਿਹੀ ਨਾਲ ਆਪਣਾ ਸਿਰ ਛੰਡਿਆ।

"ਬਹੁਤ ਸਾਰੇ ਫੌਸਟਰ ਘਰਾਂ ਵਿੱਚੋਂ ਹੁੰਦਾ ਹੋਇਆ ਹੁਣ ਅਖ਼ੀਰ ਆਪਣੀ ਜ਼ਿੰਦਗੀ ਵਿੱਚ ਠੀਕ ਹਾਂ।" ਟਿਮਥੀ ਦੇ ਬੋਲਾਂ ਵਿੱਚ ਠਹਿਰਾਅ ਸੀ।

"ਥੈਂਕ ਗੌਡ...ਮੈਂ ਹਮੇਸ਼ਾਂ ਤੇਰੇ ਬਾਰੇ ਸੋਚਦੀ ਸੀ।"

"ਮੈਂ ਵੀ ਤੇਰੇ ਬਾਰੇ ਸੋਚਦਾ ਸੀ...ਜਦੋਂ ਮੈਂ ਨਿੱਕਾ ਹੁੰਦਾ ਇਥੇ ਆਉਂਦਾ ਸੀ ਤਾਂ ਮੇਰੇ ਲਈ ਉਹ ਟਾਈਮ ਖ਼ੂਬਸੂਰਤ ਹੁੰਦਾ ਸੀ ਜਦੋਂ ਤੂੰ ਮੈਨੂੰ ਕੈਂਡੀ ਦਿੰਦੀ ਸੀ।"

ਉਹਦਾ ਚਿਹਰਾ ਪਹਿਲਾਂ ਵਾਂਗ ਹੀ ਖਿੜ ਗਿਆ।

"ਚੱਲ ਤੂੰ ਬਹੁਤ ਸਾਲਾਂ ਬਾਅਦ ਆਇਆਂ ਏ...ਕੁਝ ਖਾ ਲੈ।" ਖਾਣ ਲਈ ਇੱਕ ਸੈਂਡਵਿਚ ਉਹਨੂੰ ਫੜਾਉਂਦਿਆਂ ਮੈਂ ਕਿਹਾ

"ਔਨ ਦਾ ਹਾਊਸ ਕਿੱਡ।"

"ਥੈਂਕ ਯੂ ਮਿਸ...ਥੈਂਕ ਯੂ ਸੋ ਮੱਚ।"

ਉਹਦੇ ਚਿਹਰੇ ਉੱਪਰ ਉਹੀ ਬਚਪਨ ਵਾਲੀ ਮਸੂਮੀਅਤ ਸੀ।

"ਮਿਸ, ਮੈਨੂੰ ਪਤੈ ਮੇਰੀ ਮਾਂ ਨੇ ਤੇਰੀ ਸ਼ੌਪ ਵਿੱਚ ਚੋਰੀ ਕੀਤੀ ਸੀ...ਪਰ ਉਹ ਤੈਨੂੰ ਪਸੰਦ ਕਰਦੀ ਸੀ...ਉਹ ਕਹਿੰਦੀ ਸੀ ਤੂੰ ਇਸ ਨੇਬਰਹੁੱਡ ਲਈ ਬਲੈਸਿੰਗ ਏਂ...ਤੂੰ ਬਹੁਤ ਲੋਕਾਂ ਦੀ ਮਦਦ ਕਰਦੀ ਏਂ...ਪਲੀਜ਼, ਜਦੋਂ ਮੇਰੀ ਮਾਂ ਤੇਰੇ ਸਾਹਮਣੇ ਆਵੇ, ਉਹਨੂੰ ਮੁਆਫ ਕਰ ਦੇਵੀਂ।"

ਟਿਮਥੀ ਮੈਨੂੰ ਸਿਆਣਾ ਹੋ ਗਿਆ ਜਾਪਿਆ ਸੀ।

"ਮੈਂ ਆਪਣੀ ਮਾਂ ਨੂੰ ਮੁਆਫ ਕਰ ਦਿੱਤਾ ਹੈ। ਉਹ ਚੰਗੀ ਮਾਂ ਨਹੀਂ ਹੈ...ਬੱਟ ਵੀ ਔਲ ਮੇਕ ਮਿਸਟੇਕ...ਯੂ ਨੋ...ਵੀ ਆਰ ਹਿਊਮਨਜ਼।"

"ਚੰਗਾ, ਜ਼ਰੂਰ ਮੁਆਫ਼ ਕਰ ਦਿਆਂਗੀ...ਤੂੰ ਜਦ ਵੀ ਉਹਨੂੰ ਮਿਲਿਆ ਤਾਂ ਮੇਰੇ ਵੱਲੋਂ ਹੈਲੋ ਕਹਿ ਦੇਵੀਂ...ਤੇ ਆਹ ਫੜ ਤੇਰੀ ਕੈਂਡੀ।"

ਮੈਂ ਹੱਸਦੀ ਨੇ ਕਾਊਂਟਰ ਤੋਂ ਚੌਕਲੇਟ ਕੈਂਡੀ ਉਹਨੂੰ ਦਿੰਦਿਆਂ ਕਿਹਾ।

"ਉਹ ਮਾਈ ਗੌਡ...ਯੂ ਸਟਿੱਲ ਰੀਮੈਂਬਰ।"

ਮੇਰੇ ਕੋਲ਼ੋਂ ਚੌਕਲੇਟ ਕੈਂਡੀ ਫੜਦਿਆਂ ਉਹਦੀਆਂ ਅੱਖਾਂ ਵਿੱਚ ਉਹੀ ਚਮਕ ਸੀ, ਜਿਹੜੀ ਬਚਪਨ ਵਿੱਚ ਹੁੰਦੀ ਸੀ।

ਉਹ ਹੱਸਦਾ ਬਾਹਰ ਵੱਲ ਨੂੰ ਤੁਰ ਪਿਆ।

ਦਰਵਾਜ਼ੇ ਤੱਕ ਪਹੁੰਚਦੇ ਨੇ ਉਹਨੇ ਪਿਛਾਂਹ ਪਰਤ ਕੇ ਮੇਰੇ ਵੱਲ ਦੇਖਿਆ।

ਉਹਦੀਆਂ ਬਲੌਰੀ ਅੱਖਾਂ ਵਿੱਚ ਪਹਿਲਾਂ ਵਾਲੀ ਲਿਸ਼ਕ ਸੀ। ਉਹਨੂੰ ਹਮੇਸ਼ਾਂ ਤੋਂ ਇਹ ਆਦਤ ਸੀ, ਦਰਵਾਜ਼ੇ ਤੱਕ ਪਹੁੰਚਦਾ ਇੱਕ ਵਾਰ ਪਿਛਾਂਹ ਪਰਤ ਕੇ ਮੇਰੇ ਵੱਲ ਜ਼ਰੂਰ ਦੇਖਦਾ, ਜਿਵੇਂ ਕੁਝ ਭੁੱਲ ਰਿਹਾ ਹੋਵੇ ਤੇ ਮੈਨੂੰ ਉਹਦੀ ਇਹ ਭੋਲੀ ਜਿਹੀ ਆਦਤ ਚੰਗੀ ਲਗਦੀ ਸੀ।

ਟਿਮਥੀ ਬਹੁਤ ਕੁਝ ਝੱਲ ਚੁੱਕਿਆ ਸੀ। ਛੋਟੀ ਜਿਹੀ ਜ਼ਿੰਦਗੀ ਵਿੱਚ ਬਾਪ ਦਾ ਨਾ ਹੋਣਾ, ਇਹ ਵੀ ਨਹੀਂ ਪਤਾ ਕਿ ਬਾਪ ਕੌਣ ਹੈ ? ਨਸ਼ੱਈ ਮਾਂ ਦੇ ਕਦਮਾਂ 'ਤੇ ਚੱਲ ਰਹੀ ਵੱਡੀ ਭੈਣ, ਜ਼ਿੰਦਗੀ ਵਿੱਚ ਕੋਈ ਨਹੀਂ ਜੀਹਨੂੰ ਉਹ ਆਪਣਾ ਕਹਿ ਸਕੇ, ਜਿਸ ਕੋਲ਼ੋਂ ਕੁਝ ਸਿੱਖ ਸਕੇ। ਪਰ ਫੇਰ ਵੀ ਬੁੱਲ੍ਹਾਂ 'ਤੇ ਮੁਸਕਾਣ ਲਈ ਫਿਰਦੇ ਨੂੰ ਦੇਖ ਕੇ ਮੇਰੇ ਅੰਦਰਲੀ ਮਾਂ ਨੂੰ ਥੋੜ੍ਹਾ ਜਿਹਾ ਸਕੂਨ ਮਿਲ ਜਾਂਦਾ।

ਵਕਤ ਸਰਕਦਾ ਜਾ ਰਿਹਾ ਸੀ ਤੇ ਵਕਤ ਦੇ ਨਾਲ-ਨਾਲ ਮੈਂ ਤੇ ਟਿਮਥੀ ਆਪੋ-ਆਪਣੇ ਰਾਹਾਂ ਉੱਪਰ ਤੁਰੇ ਜਾ ਰਹੇ ਸਾਂ।

ਹੁਣ ਮੈਨੂੰ ਟਿਮਥੀ ਦਾ ਕਦੇ ਫਿਕਰ ਨਹੀਂ ਸੀ ਹੋਇਆ, ਮੇਰੇ ਅੰਦਰਲੀ ਮਾਂ ਕਦੇ ਉਹਦੇ ਲਈ ਤੜਫ਼ੀ ਨਹੀਂ ਸੀ।

ਡਿੱਕੇ-ਡੋਲੇ ਖਾਂਦੀ ਜ਼ਿੰਦਗੀ ਨੂੰ ਉਹਨੇ ਸੰਭਾਲ ਲਿਆ ਸੀ। ਕਦੇ-ਕਦੇ ਮੈਨੂੰ ਟਿਮਥੀ ਉੱਪਰ ਮਾਣ ਜਿਹਾ ਮਹਿਸੂਸ ਹੁੰਦਾ।

"ਟਿਮਥੀ, ਤੂੰ ਹੁਣ ਰਹਿੰਦਾ ਕਿੱਥੇ ਏਂ...ਆਪਣੀ ਗਰਲ ਫਰੈਂਡ ਦੇ ਘਰ।"

"ਹਾਂ, ਉਹਦੇ ਕੋਲ਼ ਟਰੇਲਰ ਹਾਊਸ ਹੈ...ਪਰ ਕਿਸੇ ਦਿਨ ਮੈਂ ਉਹਨੂੰ ਘਰ ਬਣਾ ਕੇ ਦੇਵਾਂਗਾ...। ਆਈ ਵਿਲ ਸਟੀਲ ਦਾ ਹੋਲ ਹਾਊਸ ਫ਼ਾਰ ਹਰ।"

ਮੈਨੂੰ ਉਹਦੇ 'ਸਟੀਲ ਦਾ ਹਾਊਸ' ਵਾਲੀ ਗੱਲ ਨਾ ਸਮਝ ਆਈ।

"ਸਟੀਲ ਮੀਨਜ਼।"

ਉਹ ਖਿੜਖਿੜਾ ਕੇ ਹੱਸਿਆ। ਥੋੜ੍ਹਾ ਜਿਹਾ ਸ਼ਰਮਾਅ ਗਿਆ ਪਰ ਪੂਰੀ ਗੱਲ ਨਾ ਉਹਨੇ ਦੱਸੀ, ਨਾ ਮੈਂ ਮੁੜ ਪੁੱਛੀ।

ਉਹਦੀ ਗਰਲ ਫਰੈਂਡ ਮਸਾਂ ਅਠਾਰਾਂ ਕੁ ਵਰ੍ਹਿਆਂ ਦੀ, ਖ਼ੂਬਸੂਰਤ ਕੁੜੀ, ਕਾਲ਼ੀਆਂ ਸਿਆਹ ਅੱਖਾਂ, ਸਿਰ ਦੇ ਉਲਝੇ ਜਿਹੇ ਕੁੰਡਲ, ਕਿਸੇ ਗੋਰੇ ਅਤੇ ਅਫਰੀਕਨ ਦੀ ਮਿਕਸ ਔਲਾਦ ਖ਼ੂਬਸੂਰਤ ਸਾਂਵਲਾ ਰੰਗ ਤੇ ਬੁੱਲ੍ਹਾਂ ਉੱਪਰ ਬਚਪਨ ਵਰਗਾ ਭੋਲਾਪਣ।

"ਟਿਮਥੀ, ਤੇਰੀ ਗਰਲ ਫਰੈਂਡ ਬਹੁਤ ਖ਼ੂਬਸੂਰਤ ਹੈ।"

ਇੱਕ ਦਿਨ ਮੈਂ ਐਵੇਂ ਹੀ ਕਹਿ ਦਿੱਤਾ।

ਉਹ ਮੁਸਕਰਾਇਆ।

"ਨਹੀਂ, ਇਹ ਮੇਰੀ ਗਰਲ ਫਰੈਂਡ ਨਹੀਂ...ਮੇਰੀ ਸਟੈੱਪ ਡੌਟਰ ਹੈ।"

"ਵੱਟ ਡੂ ਯੂ ਮੀਨ...ਸ਼ੀ ਇਜ਼ ਯੂਅਰ ਏਜ਼।"

ਪਲ ਭਰ ਲਈ ਮੇਰੇ ਅੰਦਰਲੀ ਮਾਂ ਟਿਮਥੀ ਲਈ ਫ਼ਿਕਰਮੰਦ ਹੋਈ, ਜਿਵੇਂ ਉਹ ਕੋਈ ਗੁੰਝਲਦਾਰ ਜ਼ਿੰਦਗੀ ਜੀਅ ਰਿਹਾ ਹੋਵੇ।

"ਇਹ ਮੇਰੀ ਗਰਲ ਫਰੈਂਡ ਦੀ ਧੀ ਹੈ...ਆਈ ਨੋਅ...ਆਈ ਨੋਅ...ਤੂੰ ਕੀ ਸੋਚ ਰਹੀ



ਏਂ...ਇਹਦੀ ਮਾਂ ਮੇਰੀ ਗਰਲ ਫਰੈਂਡ ਕਿਵੇਂ ਹੋ ਸਕਦੀ ਏ...ਉਹ ਮੇਰੇ ਨਾਲੋਂ ਤਕਰੀਬਨ ਪੱਚੀ ਛੱਬੀ ਵਰ੍ਹੇ ਵੱਡੀ ਹੈ...ਬੱਟ ਆਈ ਲਵ ਹਰ...ਸ਼ੀ ਇਜ਼ ਏ ਲਵ ਔਫ ਮਾਈ ਲਾਈਫ।"

ਟਿਮਥੀ ਨੇ ਦ੍ਰਿੜ੍ਹ ਆਵਾਜ਼ ਵਿੱਚ ਕਿਹਾ।

"ਮੈਨੂੰ ਆਪਣੀ ਉਮਰ ਤੋਂ ਵੱਡੀਆਂ ਔਰਤਾਂ ਪਸੰਦ ਨੇ।"

ਕਿੰਨੀ ਦੇਰ ਉਹ ਹੱਸਦਾ ਰਿਹਾ ਤੇ ਮੈਂ ਸੋਚਦੀ ਰਹੀ ਕਿ ਦਿਲਾਂ ਦੀ ਅਟ੍ਰੈਕਸ਼ਨ ਹੈ, ਕਿੱਧਰੇ ਵੀ ਹੋ ਸਕਦੀ ਹੈ, ਪਰ ਕਈ ਗੱਲਾਂ ਲਈ ਉਹ ਮੈਨੂੰ ਸੋਚਣ ਲਈ ਮਜਬੂਰ ਕਰ ਗਿਆ ਸੀ।

ਉਨ੍ਹੀਂ ਦਿਨੀਂ ਮੈਨੂੰ ਉਹਦੀਆਂ ਹਰਕਤਾਂ ਸਮਝ ਨਾ ਆਉਂਦੀਆਂ। ਉਹ ਅਕਸਰ ਆਉਂਦਾ, ਬਾਹਰ ਦੋ-ਤਿੰਨ ਘੰਟੇ ਕਾਰ ਵਿੱਚ ਬੈਠਾ ਰਹਿੰਦਾ, ਸ਼ਾਪ ਤੋਂ ਕੁਝ ਖਾਣ-ਪੀਣ ਦੀਆਂ ਚੀਜ਼ਾਂ ਲੈ ਕੇ ਮੁੜ ਇੱਧਰ ਉੱਧਰ ਟਹਿਲਦਾ ਰਹਿੰਦਾ। ਕਈ ਵਾਰ ਉਹੀ ਸਾਂਵਲੀ ਕੁੜੀ ਵੀ ਨਾਲ ਹੀ ਹੁੰਦੀ। ਦੋਵੇਂ ਸ਼ਾਂਤ ਜਿਹੇ ਪਾਰਕਿੰਗ ਲਾਟ ਵਿੱਚ ਤੁਰੇ ਫਿਰਦੇ, ਜਿਵੇਂ ਉਨ੍ਹਾਂ ਨੂੰ ਕਿਧਰੇ ਜਾਣ ਦੀ ਕੋਈ ਕਾਹਲ਼ੀ ਨਾ ਹੋਵੇ ਤੇ ਫੇਰ ਸ਼ੌਪ ਦੇ ਅੰਦਰ ਆਣ ਕੇ ਕੰਧ 'ਤੇ ਲਟਕਦੀ ਘੜੀ ਵੱਲ ਦੇਖ ਕੇ ਮੁੜ ਕਾਰ ਡਰਾਈਵ ਕਰ ਕੇ ਤੁਰ ਜਾਂਦੇ।

ਸਮਝ ਨਹੀਂ ਸੀ ਆਉਂਦਾ ਕਿ ਉਹ ਕੀ ਕਰ ਰਿਹੈ, ਪਰ ਉਹਦੇ ਸ਼ਾਂਤ ਕਦਮਾਂ ਤੋਂ ਲਗਦਾ ਸੀ ਉਹਨੇ ਆਪਣੇ ਰਾਹ ਬਣਾ ਲਏ ਨੇ ਉਹਨੂੰ ਆਪਣੀ ਮੰਜ਼ਿਲ ਸਾਫ਼ ਦਿਸਦੀ ਹੈ ਤੇ ਮੈਂ ਇਹ ਸੋਚ ਲੈਂਦੀ ਕਿ ਘੱਟੋ-ਘੱਟ ਉਹ ਆਪਣੀ ਮਾਂ ਤੋਂ ਦੂਰ ਹੈ।

"ਟਿਮਥੀ, ਇੱਕ ਗੱਲ ਦੱਸ...ਤੂੰ ਉਸ ਦਿਨ 'ਸਟੀਲ ਦਾ ਹਾਊਸ' ਵਾਲੀ ਗੱਲ ਕੀਤੀ ਸੀ, ਮੈਂ ਉਹਦਾ ਮਤਲਬ ਨਹੀਂ ਸਮਝੀ ਸੀ।"

ਟਿਮਥੀ ਦੀ ਬਲੌਰੀ ਅੱਖ ਵਿੱਚ ਸ਼ਰਾਰਤ ਸੀ।

"ਵੈਸੇ ਮੇਰਾ ਆਪਣਾ ਬਿਜ਼ਨਸ ਹੈ ਪਰ ਬਿਜ਼ਨਸ ਦੇ ਨਾਲ-ਨਾਲ ਮੈਂ ਵੱਡੇ ਸ਼ਹਿਰਾਂ ਦੇ ਵੱਡੇ ਸਟੋਰਾਂ ਤੋਂ ਲੱਕੜ ਤੇ ਹੋਰ ਸਮਾਨ ਚੋਰੀ ਕਰਦਾਂ ਹਾਂ...ਕਿਸੇ ਦਿਨ ਆਪਣੀ ਗਰਲ ਫਰੈਂਡ ਲਈ ਪੂਰੇ ਦਾ ਪੂਰਾ ਘਰ ਚੋਰੀ ਕਰ ਲਵਾਂਗਾਂ।"

ਟਿਮਥੀ ਹੱਸਿਆ ਤੇ ਮੈਨੂੰ ਆਪਣਾ ਚਿਹਰਾ ਆਪੇ ਪੀਲਾ ਭੂਕ ਹੁੰਦਾ ਪ੍ਰਤੀਤ ਹੋਇਆ। ਇੱਕ ਪਲ ਲਈ ਐਰਿਕਾ ਮੇਰੇ ਸਾਹਮਣੇ ਖੜ੍ਹੀ ਦਿਸੀ।

"ਮਿਸ, ਤੂੰ ਫ਼ਿਕਰ ਨਾ ਕਰ...ਮੈਂ ਆਪਣੀ ਮਾਂ ਵਾਂਗ ਤੇਰੀ ਸ਼ੌਪ 'ਤੇ ਚੋਰੀ ਨਹੀਂ ਕਰਦਾ...ਤੈਨੂੰ ਪਤੈ ਕਿ ਵੱਡੇ ਸਟੋਰ ਨੂੰ ਚੋਰੀ ਦਾ ਫ਼ਰਕ ਨਹੀਂ ਪੈਂਦਾ...ਉਨ੍ਹਾਂ ਨੇ ਇਨਸ਼ੌਰੈਂਸ ਤੋਂ ਕਲੇਮ ਕਰ ਲੈਣਾ ਹੁੰਦੈ।"

ਐਰਿਕਾ ਵਾਂਗ ਟਿਮਥੀ ਦੇ ਚਿਹਰੇ ਉੱਪਰ ਕੋਈ ਪਛਤਾਵਾ ਨਹੀਂ ਸੀ।

"ਟਿਮਥੀ, ਜੇ ਤੂੰ ਚੋਰੀ ਕਰਦਾ ਫੜਿਆ ਗਿਆ...ਤੈਨੂੰ ਜੇਲ੍ਹ ਵੀ ਹੋ ਸਕਦੀ ਹੈ...ਤੂੰ ਇਹ ਕੰਮ ਕਿਉਂ ਕਰਦਾ ਏਂ ?"

"ਨਹੀਂ, ਮੈਂ ਚੋਰੀ ਬਹੁਤ ਸੋਚ ਸਮਝ ਕੇ ਕਰਦਾ ਹਾਂ।" ਉਹ ਬੇਫ਼ਿਕਰ ਜਿਹਾ ਕਹਿ ਗਿਆ ਸੀ।

"ਕੀ ਤੇਰਾ ਬਿਜ਼ਨੈਸ ਚੰਗਾ ਨਹੀਂ ਚਲਦਾ ?" ਮੈਨੂੰ ਕੋਈ ਹੋਰ ਗੱਲ ਨਹੀਂ ਸੀ ਸੁੱਝੀ, ਮੈਂ ਐਵੇਂ ਹੀ ਪੁੱਛ ਲਿਆ ਸੀ।

"ਓਹ ਨੋ, ਆਈ ਐਮ ਡੂਇੰਗ ਫਾਈਨ।"

ਉਸ ਦਿਨ ਮੈਂ ਬਹੁਤ ਉਦਾਸ ਹੋਈ ਸਾਂ। ਜਿਹੜੇ ਮਾਹੌਲ ਵਿੱਚ ਉਹ ਪਲ਼ਿਆ ਸੀ ਉਹਦਾ ਕੁਝ ਤੇ ਅਸਰ ਹੋਣਾ ਹੀ ਸੀ ਪਰ ਫੇਰ ਵੀ ਇੱਕ ਗੱਲ ਨੇ ਸਕੂਨ ਦਿੱਤਾ ਸੀ ਕਿ ਇਹਦਾ ਕੋਈ ਆਪਣਾ ਬਿਜ਼ਨਸ ਹੈ ਤੇ ਹੋ ਸਕਦਾ ਕਿਸੇ ਦਿਨ ਇਹ ਚੋਰੀਆਂ ਕਰਨੀਆਂ ਛੱਡ ਦੇਵੇ। ਬਹੁਤ ਵਾਰ ਆਪਣੇ ਆਪ ਨੂੰ ਸਮਝਾਉਂਦੀ ਕਿ ਇਹ ਮੇਰਾ ਆਪਣਾ ਬੱਚਾ ਨਹੀਂ, ਪਰ ਫੇਰ ਵੀ ਮੇਰੇ ਅੰਦਰਲੀ ਮਾਂ ਤ੍ਰਬਕ ਕੇ ਉੱਠਦੀ ਤੇ ਟਿਮਥੀ ਦੀ ਇਸ ਅਜੀਬ ਦੁਨੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦੀ।

ਆਂਢ-ਗੁਆਂਢ ਵਿੱਚ ਵਗਦੀ ਹਵਾ ਪਹਿਲਾਂ ਨਾਲੋਂ ਵੀ ਗੰਧਲੀ ਹੋ ਗਈ ਸੀ। ਬਹੁਤੇ ਲੋਕ ਹੈਰਾਨ ਸਨ ਕਿ ਉਨ੍ਹਾਂ ਦੇ ਨੱਕ ਹੇਠਾਂ ਐਨਾ ਕੁਝ ਹੋ ਰਿਹਾ ਸੀ ਤੇ ਉਹ ਕੁਝ ਵੀ ਨਹੀਂ ਸੀ ਕਰ ਸਕਦੇ। ਆਜ਼ਾਦ ਦੇਸ਼ ਦੇ ਇਨ੍ਹਾਂ ਆਜ਼ਾਦ ਸੋਚ ਵਾਲੇ ਲੋਕਾਂ ਮੂਹਰੇ ਸਭਨਾਂ ਦੇ ਮੂੰਹ ਬੰਦ ਸਨ।

ਸੁਣਿਆ ਤੇ ਇਹ ਸੀ ਕਿ ਮੇਰੀ ਸ਼ੌਪ ਤੋਂ ਤਿੰਨ ਕੁ ਮੀਲ ਦੀ ਦੂਰੀ 'ਤੇ ਇੱਕ ਆਮ ਜਿਹੀ ਦਿੱਖ ਵਾਲੇ ਟਰੇਲਰ ਹਾਊਸ ਵਿੱਚ ਇਹ ਸਰੀਰਾਂ ਦੀ ਖੇਡ ਖੇਡੀ ਜਾ ਰਹੀ ਹੈ। ਮੈਨੂੰ ਨਹੀਂ ਸੀ ਪਤਾ ਕਿ ਇਹ ਸਭ ਕਾਨੂੰਨੀ ਹੈ ਜਾਂ ਨਹੀਂ, ਇਸ ਤੋਂ ਪਹਿਲਾਂ ਕਿ ਕਿਸੇ ਨੂੰ ਪੁੱਛਦੀ, ਇੱਕ ਦਿਨ ਟਿਮਥੀ ਬਰੈਂਡੀ ਦਾ ਹੱਥ ਫੜੀ ਮੇਰੇ ਸਾਹਮਣੇ ਆ ਖੜੋਇਆ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪੀ।

"ਹੈਲੋ ਮਿਸ...ਮੀਟ ਮਾਈ ਗਰਲ ਫਰੈਂਡ ਬਰੈਂਡੀ।" ਟਿਮਥੀ ਦਾ ਚਿਹਰਾ ਖਿੜਿਆ ਪਿਆ ਸੀ।

"ਯੈੱਸ ਆਈ ਨੋ ਹਰ...ਤੇਰੀ ਭੈਣ ਨਾਲ ਆਉਂਦੀ ਹੁੰਦੀ ਏ।" ਮੈਂ ਝੂਠਾ ਜਿਹਾ ਹੱਸੀ।

ਬਰੈਂਡੀ ਦੇ ਗੋਡਿਆਂ ਤੋਂ ਉੱਚੀ ਤੰਗ ਸਕਰਟ, ਗਿੱਠ ਕੁ ਬਲਾਊਜ਼, ਤਿੰਨ-ਚਾਰ ਇੰਚ ਦੀ ਤਿੱਖੀ ਹੀਲ ਤੇ ਮੂੰਹ 'ਤੇ ਲਿੱਪਿਆ ਮੇਕਅੱਪ।

ਮੇਰੇ ਤੋਂ ਉਹਦੇ ਵੱਲ ਦੇਖਿਆ ਨਾ ਗਿਆ। ਮੇਰੇ ਅੰਦਰਲੀ ਮਮਤਾ ਦੀ ਰੂਹ ਜਿਵੇਂ ਵਲੂੰਧਰੀ ਗਈ ਸੀ। ਮਸਾਂ ਅਠਾਰਾਂ ਕੁ ਵਰ੍ਹਿਆਂ ਦਾ ਟਿਮਥੀ ਤੇ ਪੰਜਾਹਾਂ ਨੂੰ ਢੁੱਕੀ ਬਰੈਂਡੀ...।

"ਲੁੱਚੀ ਤੀਵੀਂ।" ਮੈਨੂੰ ਹੋਰ ਕੋਈ ਗਾਲ੍ਹ ਚੇਤੇ ਨਹੀਂ ਸੀ ਆ ਰਹੀ।

ਉਸ ਦਿਨ ਤੋਂ ਬਾਅਦ ਮੈਂ ਦੋਵਾਂ ਨੂੰ ਅਕਸਰ ਦੇਖਦੀ। ਜਿੰਨੀ ਵਾਰ ਵੀ ਉਹ ਦੋਵੇਂ ਬਾਂਹ 'ਚ ਬਾਂਹ ਪਾਈ ਮੇਰੇ ਸਾਹਮਣੇ ਆਉਂਦੇ ਓਨੀ ਵਾਰ ਮੈਂ ਦੁਖੀ ਹੁੰਦੀ। ਸਿਰਫ਼ ਉਮਰਾਂ ਦਾ ਪਾੜਾ ਹੀ ਨਹੀਂ ਸੀ, ਬਰੈਂਡੀ ਇਲਾਕੇ ਦੀ ਇੱਕ ਬਦਨਾਮ ਔਰਤ ਸੀ ਤੇ ਟਿਮਥੀ ਜਿਸ ਨੇ ਅਜੇ ਜੁਆਨੀ ਦੀ ਦਹਿਲੀਜ਼ 'ਤੇ ਪੈਰ ਹੀ ਧਰਿਆ ਹੈ। ਇਹ ਸਾਰਾ ਕੁਝ ਮੇਰੀ ਸਮਝ ਤੋਂ ਬਾਹਰ ਸੀ ਤੇ ਮੈਨੂੰ ਇਹ ਗੱਲਾਂ ਬੇਵੱਸ ਕਰ ਜਾਂਦੀਆਂ ਸਨ।

ਜਦ ਇਕੱਲਾ ਟਿਮਥੀ ਆਉਂਦਾ, ਮੇਰਾ ਦਿਲ ਕਰਦਾ ਉਹਨੂੰ ਕੁਝ ਦੱਸਾਂ, ਕੁਝ ਪੁੱਛਾਂ ਪਰ ਉਹ ਹਮੇਸ਼ਾਂ ਬਰੈਂਡੀ ਦੀਆਂ ਹੀ ਗੱਲਾਂ ਕਰਦਾ ਰਹਿੰਦਾ।

"ਮਿਸ, ਮੈਨੂੰ ਪਤੈ ਤੂੰ ਸੋਚਦੀ ਏ ਕਿ ਬਰੈਂਡੀ ਮੇਰੇ ਤੋਂ ਬਹੁਤ ਵੱਡੀ ਹੈ, ਪਰ ਉਹ ਮਾਂ ਵਾਂਗ ਮੇਰਾ ਖਿਆਲ ਰੱਖਦੀ ਏ ਤੇ ਗਰਲ ਫਰੈਂਡ ਵਾਂਗ ਪਿਆਰ ਕਰਦੀ ਏ।"



ਸ਼ਾਇਦ ਟਿਮਥੀ ਵੀ ਠੀਕ ਸੀ। ਉਹਨੂੰ ਕਦੇ ਮਾਂ ਦਾ ਪਿਆਰ ਵੀ ਤੇ ਨਹੀਂ ਸੀ ਮਿਲਿਆ। ਸ਼ਾਇਦ ਇਹ ਬਰੈਂਡੀ ਵਿੱਚੋਂ ਆਪਣੀ ਮਾਂ ਨੂੰ ਲੱਭ ਰਿਹਾ ਹੋਵੇ ਪਰ ਕੀ ਉਹਨੂੰ ਇਹ ਨਹੀਂ ਪਤਾ ਕਿ ਬਰੈਂਡੀ ਧੰਦਾ ਕਰਨ ਵਾਲੀ ਔਰਤ ਹੈ ? ਮੇਰੇ ਕੋਲ਼ ਇਹ ਹੱਕ ਨਹੀਂ ਸੀ ਕਿ ਮੈਂ ਇਹ ਸਵਾਲ ਟਿਮਥੀ ਨੂੰ ਪੁੱਛਾਂ।

"ਨਿਆਣਾ ਜ਼ਰੂਰ ਏ, ਪਰ ਐਨਾ ਕਮਲ਼ਾ ਵੀ ਨਹੀਂ ਕਿ ਇਹਨੂੰ ਬਰੈਂਡੀ ਦੀਆਂ ਹਰਕਤਾਂ ਦਿਸਦੀਆਂ ਨਾ ਹੋਣ।"

ਮੈਂ ਆਪਣੇ-ਆਪ ਨਾਲ ਗੱਲਾਂ ਕਰਦੀ ਰਹਿੰਦੀ ਤੇ ਟਿਮਥੀ ਅਡੋਲ ਜ਼ਿੰਦਗੀ ਦੇ ਰਾਹਾਂ 'ਤੇ ਤੁਰਿਆ ਜਾ ਰਿਹਾ ਸੀ ਜਿਵੇਂ ਉਹਨੂੰ ਦੁਨੀਆਂ ਦੀ ਕੋਈ ਪ੍ਰਵਾਹ ਨਾ ਹੋਵੇ। ਬਰੈਂਡੀ ਵਿੱਚੋਂ ਉਹ ਇੱਕ ਮਾਂ ਲੱਭ ਰਿਹਾ ਸੀ ਜਾਂ ਪ੍ਰੇਮਿਕਾ ?

ਇਹ ਸਵਾਲ ਮੈਨੂੰ ਤਕਲੀਫ਼ ਦਿੰਦਾ ਪਰ ਉਹਦੇ ਚਿਹਰੇ ਉੱਪਰ ਕੋਈ ਦੁੱਖ ਦਰਦ ਨਹੀਂ ਸੀ ਝਲਕਦਾ।

ਸ਼ਾਇਦ ਉਹਨੇ ਆਪਣੀ ਜ਼ਿੰਦਗੀ ਨਾਲ ਕੋਈ ਸਮਝੌਤਾ ਕਰ ਲਿਆ ਸੀ ਜਾਂ ਫੇਰ ਉਹ ਸੱਚਮੁੱਚ ਬਰੈਂਡੀ ਨਾਲ ਖੁਸ਼ ਸੀ।

ਤੇ ਫੇਰ ਇੱਕ ਦਿਨ ਟਿਮਥੀ ਦਾ ਇੱਕ ਨਵਾਂ ਹੀ ਰੂਪ ਮੇਰੇ ਸਾਹਮਣੇ ਆ ਖਲੋਤਾ।

"ਟਿਮਥੀ, ਅੱਜ ਤੂੰ ਬਹੁਤ ਸੋਹਣਾ ਲੱਗ ਰਿਹੈ...ਕੀ ਗੱਲ ਚੱਲਿਐਂ ਕਿਧਰੇ।"

ਚਮਕਦੀ ਜੁੱਤੀ, ਚਿੱਟੀ ਕਾਲਰ ਸ਼ਰਟ ਤੇ ਡਰੈੱਸ ਪੈਂਟ...ਜਮ੍ਹਾਂ ਹੀ ਲਾੜਾ ਬਣਿਆ ਪਿਆ ਸੀ।

"ਹਾਂ, ਮੈਂ ਤੇ ਬਰੈਂਡੀ ਕੋਰਟ ਹਾਊਸ ਵਿੱਚ ਵਿਆਹ ਕਰ ਰਹੇ ਆਂ।"

ਮੁੰਡੇ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

ਮੇਰਾ ਮੂੰਹ ਟੱਡਿਆ ਰਹਿ ਗਿਆ।

"ਯੂ ਆਰ ਸੋ ਯੰਗ...ਹੁਣੇ ਵਿਆਹ ਦਾ ਕਿਉਂ ਸੋਚ ਲਿਆ।" ਬਿਨ ਸੋਚੇ ਮੇਰੇ ਤੋਂ ਕਿਹਾ ਗਿਆ ਸੀ।

"ਆਈ ਵਾਂਟ ਕੁਮਿੱਟਮੈਂਟ ਇਨ ਮਾਈ ਲਾਈਫ...ਮੈਨੂੰ ਇੱਕ ਘਰ ਚਾਹੀਦਾ, ਜਿਹੜਾ ਮੇਰਾ ਹੋਵੇ।"

ਟਿਮਥੀ ਬਹੁਤ ਦੂਰੋਂ ਜਿਹੇ ਬੋਲਿਆ। ਇਸ ਗੱਲੋਂ ਉਹ ਸੱਚਾ ਵੀ ਸੀ। ਬਚਪਨ ਤੋਂ ਲੈ ਕੇ ਹੁਣ ਤੱਕ ਨਾ ਉਹਦੇ ਪੈਰਾਂ ਵਿੱਚ ਜ਼ਮੀਨ ਸੀ ਤੇ ਨਾ ਸਿਰ ਉੱਪਰ ਛੱਤ, ਪਰ ਬਰੈਂਡੀ ਨਾਲ ਵਿਆਹ ?

ਇਹ ਗੱਲ ਮੇਰੇ ਗਲੇ ਵਿੱਚ ਅਟਕ ਕੇ ਰਹਿ ਗਈ ਸੀ।

"ਟਿਮਥੀ, ਜੇ ਗੁੱਸਾ ਨਾ ਕਰੇ ਤਾਂ ਇੱਕ ਗੱਲ ਕਹਾਂ।"

ਖ਼ੌਰੇ ਮੇਰੇ ਮੂੰਹੋਂ ਕਿਵੇਂ ਨਿੱਕਲ ਗਿਆ ਸੀ।

"ਯੈੱਸ...ਐਨੀ ਥਿੰਗ।"

"ਤੈਨੂੰ ਪਤੈ ਲੋਕ ਬਰੈਂਡੀ ਬਾਰੇ ਕੀ ਕੀ ਗੱਲਾਂ ਕਰਦੇ ਨੇ।"

ਘਬਰਾਹਟ ਨਾਲ ਮੇਰੇ ਮੂੰਹੋਂ ਕਾਹਲ਼ੀ 'ਚ ਸਵਾਲ ਨਿੱਕਲ ਗਿਆ ਸੀ ।

"ਆਈ ਨੋ...ਆਈ ਨੋ...ਆਈ ਡੌਂਟ ਮਾਈਂਡ...ਉਹ ਸਿਰਫ ਆਪਣਾ ਸਰੀਰ ਵੇਚਦੀ

ਹੈ ਪਰ ਦਿਨ ਦੇ ਅਖੀਰ ਵਿੱਚ ਉਹ ਮੇਰੀ ਹੁੰਦੀ ਏ...ਐਂਡ ਆਈ ਲਵ ਹਰ।"

ਪਲ਼ ਭਰ ਲਈ ਮੈਨੂੰ ਜਾਪਿਆ ਜਿਵੇਂ ਮੈਂ ਕਿਸੇ ਹੋਰ ਦੁਨੀਆਂ ਵਿੱਚ ਚਲੀ ਗਈ ਹੋਵਾਂ। ਜ਼ਿੰਦਗੀ ਇਉਂ ਵੀ ਜੀਵੀ ਜਾਂਦੀ ਹੈ ?

ਕਈ ਸਵਾਲ ਮੇਰੇ ਮੂਹਰੇ ਆਣ ਖੜੋਏ ਸਨ।

"ਇੱਕ ਹੋਰ ਗੱਲ ਦੱਸਾਂ।"

ਕਾਊਂਟਰ ਤੋਂ ਚੀਜ਼ਾਂ ਚੁੱਕਦਾ ਉਹ ਇੱਕ ਪਲ ਲਈ ਰੁਕਿਆ ।

"ਹਾਂ ਦੱਸ।"

"ਮੈਨੂੰ ਪਤੈ ਤੂੰ ਬਰੈਂਡੀ ਨੂੰ ਪਸੰਦ ਨਹੀਂ ਕਰਦੀ ਪਰ ਉਹ ਮੇਰੀ ਜ਼ਿੰਦਗੀ ਹੈ...ਸ਼ੀ ਇਜ਼ ਮਾਈ ਲਾਈਫ...ਵੀ ਹੈਵ ਏ ਬਿਜ਼ਨਸ ਟੂਗੈਦਰ...ਸਾਡਾ ਆਪਣਾ ਬਿਜ਼ਨਸ ਹੈ...ਸਾਡੀ ਐਸਕੋਰਟ ਸਰਵਿਸ ਹੈ...ਅਸੀਂ ਦੋਵੇਂ ਧੰਦਾ ਕਰਦੇ ਹਾਂ...ਮੈਂ ਔਰਤਾਂ ਨਾਲ...ਤੇ ਬਰੈਂਡੀ...।"

ਮੇਰੇ ਹੱਥੋਂ ਸਮਾਨ ਡਿੱਗਦਾ-ਡਿੱਗਦਾ ਬਚਿਆ। ਮੇਰੇ ਸਰੀਰ ਨੂੰ ਝੁਣਝੁਣੀ ਜਿਹੀ ਆਈ।

"ਮਦਰ...ਫ...।" ਜੀਭ 'ਤੇ ਆਈ ਗਾਲ੍ਹ ਬਾਹਰ ਨਹੀਂ ਸੀ ਨਿਕਲੀ।

ਟਿਮਥੀ ਬੋਲੀ ਜਾ ਰਿਹਾ ਸੀ।

"ਅਸੀਂ ਦੋਵੇਂ ਇੱਕ ਦੂਜੇ ਨਾਲ ਖੁਸ਼ ਹਾਂ। ਬਰੈਂਡੀ ਹੋਰ ਮਰਦਾਂ ਨਾਲ ਸੌਂਦੀ ਹੈ ਤੇ ਮੈਂ ਇਕੱਲ ਦੀਆਂ ਮਾਰੀਆਂ ਔਰਤਾਂ ਨੂੰ ਖੁਸ਼ ਕਰਦਾ ਹਾਂ...ਬੱਟ ਐਂਡ ਔਫ ਦਾ ਡੇਅ... ਉਹ ਸਿਰਫ਼ ਮੇਰੀ ਹੈ ਤੇ ਮੈਂ ਉਹਦਾ।"

'ਭਲਾ ਇਉਂ ਵੀ ਹੁੰਦੈ ?' ਮੇਰੇ ਕੋਲ਼ ਸੋਚਣ ਸਮਝਣ ਲਈ ਕੁਝ ਨਹੀਂ ਸੀ ਬਚਿਆ।

ਖਰੀਦਿਆ ਸਮਾਨ ਲੈ ਕੇ ਟਿਮਥੀ ਦਰਵਾਜ਼ੇ ਵੱਲ ਨੂੰ ਤੁਰ ਪਿਆ ਸੀ। ਟਿਮਥੀ ਦੀ ਚਾਲ ਵਿੱਚ ਤੇਜ਼ੀ ਸੀ। ਉਹਨੇ ਅੱਜ ਆਪਣੇ ਵਿਆਹ ਲਈ ਕੋਰਟ ਪਹੁੰਚਣਾ ਸੀ। ਵਿਆਹ ਦੀ ਡਰੈੱਸ ਵਿੱਚ ਸਜੀ ਬਣੀ ਬਰੈਂਡੀ ਉਹਨੂੰ ਉਡੀਕ ਰਹੀ ਸੀ।

'ਇਹ ਕਿਹੋ ਜਿਹਾ ਵਿਆਹ ਸੀ।' ਉਸ ਵੇਲੇ ਸ਼ਾਇਦ ਮੈਂ ਇਹ ਹੀ ਸੋਚਿਆ ਹੋਣੈ।

ਮੈਂ ਅੱਖ ਦੀ ਕੋਰ ਤੋਂ ਜਾਂਦੇ ਹੋਏ ਟਿਮਥੀ ਵੱਲ ਦੇਖਣਾ ਚਾਹਿਆ ਪਰ ਮੈਥੋਂ ਦੇਖਿਆ ਨਾ ਗਿਆ।

ਉਹ ਪਹਿਲਾ ਦਿਨ ਸੀ ਜਦੋਂ ਮੈਂ ਜਾਂਦੇ ਟਿਮਥੀ ਦੀ ਪਿੱਠ ਵੱਲ ਨਹੀਂ ਸੀ ਦੇਖਿਆ ਤੇ ਕਾਊਂਟਰ ਉੱਪਰ ਪਈ ਚੌਕਲੇਟ ਕੈਂਡੀ ਵੀ ਉਹਨੂੰ ਫੜਾਉਣਾ ਭੁੱਲ ਗਈ ਸੀ। ਮੈਨੂੰ ਨਹੀਂ ਪਤੈ ਕਿ ਉਹਨੇ ਆਪਣੀ ਆਦਤ ਅਨੁਸਾਰ ਦਰਵਾਜ਼ੇ ਤੱਕ ਪਹੁੰਚਦੇ ਨੇ ਪਿਛਾਂਹ ਪਰਤ ਕੇ ਦੇਖਿਆ ਵੀ ਸੀ ਜਾਂ ਨਹੀਂ ਪਰ ਮੇਰੀ ਨਜ਼ਰ ਨੇ ਉਹਦਾ ਪਿੱਛਾ ਨਹੀਂ ਸੀ ਕੀਤਾ ਕਿਉਂਕਿ ਉਸ ਦਿਨ ਮੈਨੂੰ ਉਹਦੀ ਬਲੌਰੀ ਅੱਖ ਤੋਂ ਪਹਿਲੀ ਵਾਰ ਭੈਅ ਜਿਹਾ ਆਇਆ ਸੀ ਤੇ ਮੈਨੂੰ ਖਬਰੇ ਕਿਉਂ ਲੱਗਾ ਸੀ ਕਿ ਜਿਵੇਂ ਟਿਮਥੀ ਨੇ ਮੇਰੇ ਅੰਦਰਲੀ ਮਾਂ ਨੂੰ ਨਿਰਵਸਤਰ ਕਰ ਦਿੱਤਾ ਹੋਵੇ...।

## 'ਬਲੌਰੀ ਅੱਖ ਵਾਲਾ ਮੁੰਡਾ' ਉੱਤੇ ਵਿਚਾਰ-ਚਰਚਾ

**ਮਹਿਲ ਸਿੰਘ**:- ਕੁਲਵੰਤ ਸੰਧੂ ਨੇ ਵਧੀਆ ਢੰਗ ਨਾਲ ਕਹਾਣੀ ਪੜ੍ਹੀ। ਮੈਨੂੰ ਕਹਾਣੀ ਵਿਚ ਕਈ ਸਮੱਸਿਆਵਾਂ ਲੱਗਦੀਆਂ ਹਨ। ਇਸ ਵਿਚ ਪੂਰਬ ਦੀ ਨਜ਼ਰ ਤੋਂ ਪੱਛਮ ਨੂੰ ਵੇਖਿਆ ਗਿਆ ਹੈ। ਜਿਹੜੀ ਦੁਕਾਨ ਕਰਦੀ ਹੈ ਮਿਸਿਜ਼ ਸਿੰਘ, ਉਹ ਜ਼ਿੰਦਗੀ ਨੂੰ ਆਪਣੀ ਦੁਕਾਨ ਤੋਂ



ਇਕ ਦਰਸ਼ਕ ਵਜੋਂ ਵੇਖ ਰਹੀ ਹੈ। ਅਸੀਂ ਸਮੁੱਚੇ ਗੋਰੇ ਸਮਾਜ ਨੂੰ ਨਾ-ਪੱਖੀ ਰੂਪ ਤੋਂ ਵੇਖ ਰਹੇ ਹਾਂ। ਪਾਤਰ ਦਾ ਇਕ ਹੀ ਰੂਪ ਪੇਸ਼ ਕਰਨ। ਦੁਕਾਨ ਵਾਲੀ ਮਿਸਿਜ਼ ਸਿੰਘ ਦੋ ਪੀੜ੍ਹੀਆਂ ਨੂੰ ਦੇਖ ਰਹੀ ਹੈ। ਟਿਮਥੀ ਨੂੰ ਜਵਾਨ ਹੁੰਦਿਆਂ ਵੇਖਦੀ ਹੈ। ਪੱਛਮ ਨੂੰ ਪੱਛਮ ਅਨੁਸਾਰ ਹੀ ਦੇਖਣਾ ਚਾਹੀਦਾ ਹੈ। ਪਾਤਰ ਬਹੁਤ ਸਰਲ ਅਤੇ ਕਹਾਣੀ ਸਪਾਟ ਹੈ। ਪਾਤਰਾਂ ਨੂੰ ਜੀਵਨ 'ਚ ਕੋਈ ਟੈਨਸ਼ਨ ਨਹੀਂ ਹੈ। ਅਖ਼ੀਰ ਵਿਚ ਕਹਾਣੀ ਬਣਦੀ ਹੈ।

**ਡਾ. ਸ਼ਰਨਜੀਤ ਕੌਰ**: ਇਹ ਕਹਾਣੀ ਮਨੁੱਖ ਦੀ ਦੇਹ ਦੀ ਭੁੱਖ ਅਤੇ ਢਿੱਡ ਦੀ ਭੁੱਖ ਦੁਆਲੇ ਉਸਾਰੀ ਗਈ ਹੈ। ਕਹਾਣੀਕਾਰਾਂ ਨੇ ਬੜੀ ਵਿਉਂਤਬੰਦੀ ਨਾਲ ਕਹਾਣੀ ਦੇ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਇਹ ਸਮਕਾਲ ਦੀ ਭਾਰੂ ਸੋਚ ਹੈ ਕਿ ਬਾਹਰਮੁਖੀ ਮੁੱਦੇ ਇੰਨੇ ਮਹੱਤਵਪੂਰਲ ਨਹੀਂ ਜਿੰਨੇ ਮਾਨਸਿਕ ਬਣੇ ਹੋਏ ਹਨ। ਇਸ ਕਹਾਣੀ ਦਾ ਸੰਕਟ ਪੇਟ ਦੀ ਅੱਗ ਵਿਚੋਂ ਪੈਦਾ ਹੋਇਆ ਹੈ ਜਿਹੜਾ ਪੀੜ੍ਹੀ-ਦਰ-ਪੀੜ੍ਹੀ ਚਲ ਰਿਹਾ ਹੈ। ਇਸ ਕਹਾਣੀ ਦੀ ਜਿਹੜੀ ਚੰਗੀ ਗੱਲ ਮੈਨੂੰ ਲੱਗੀ ਹੈ, ਕਹਾਣੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਘਰ ਦੀ ਮਹੱਤਤਾ ਦੱਸ ਰਹੀ ਹੈ। ਬਾਲ ਉਮਰੇ ਜਦੋਂ ਕਿਸੇ ਨੂੰ ਭਰਿਆ ਪੂਰਾ ਪਰਿਵਾਰ ਨਹੀਂ ਮਿਲਦਾ, ਬਾਲ ਉਮਰ ਦਾ ਖਲਾਅ ਸਾਰੀ ਉਮਰ ਪਿੱਛਾ ਨਹੀਂ ਛੱਡਦਾ। ਬੱਚਾ ਇਹ ਖਾਲੀਪਣ ਸਾਰੀ ਉਮਰ ਭੁਗਤਦਾ ਹੈ। ਔਰਤ ਦੇ ਪੱਖ ਤੋਂ ਦੇਖੀਏ ਤਾਂ ਕੋਈ ਦੋ ਰਾਇ ਨਹੀਂ ਹੈ ਕਿ ਔਰਤ ਹਰ ਸਥਿਤੀ ਵਿਚ ਮੰਡੀ ਦੀ ਵਸਤ ਬਣੀ ਰਹੀ ਹੈ। ਇਸ ਵਿਚ ਔਰਤ ਦੇ ਕਈ ਸ਼ੇਡ ਹਨ। ਔਰਤ ਆਤਮ ਗੌਰਵ ਨਾਲ ਜਿਊਣਾ ਪਸੰਦ ਕਰਦੀ ਹੈ। ਦੂਜੀ ਵਜ੍ਹਾ ਦੂਜੇ ਪੱਖ ਦੀ ਹੈ। ਇਸ ਪਾਸੇ ਭਾਵੇਂ ਕਾਰਨ ਕਈ ਹਨ, ਮੈਨੂੰ ਇਹ ਲੱਗਿਆ ਕਿ ਇਕ ਵਾਰ ਪ੍ਰੇਮ ਪ੍ਰਕਾਸ਼ ਨੇ ਕਿਹਾ ਸੀ, ਕਿ ਸੱਚ ਉਹ ਹੈ ਜੋ ਸਥਿਤੀਆਂ ਸਾਨੂੰ ਦਿੰਦੀਆਂ ਹਨ। ਮੈਨੂੰ ਲੱਗਦਾ ਇਹ ਕਹਾਣੀ ਉਸੇ ਨੁਕਤੇ ਨੂੰ ਪੁਖਤਾ ਕਰ ਰਹੀ ਹੈ। ਬੰਦੇ ਨੂੰ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ। ਮੇਰਾ ਸਵਾਲ ਸਾਰੇ ਉਨ੍ਹਾਂ ਕਹਾਣੀਕਾਰਾਂ ਨੂੰ ਹੈ ਕਿ ਵਿਕਰਾਲ ਸਥਿਤੀਆਂ 'ਚੋਂ ਘਿਰਿਆ ਬੰਦਾ ਕਹਾਣੀ ਵਿਚ ਵਿਖਾ ਦਿੰਦੇ ਹੋ, ਹਰ ਵਾਰੀ ਇੰਜ ਕਿਉਂ ਹੋ ਜਾਂਦਾ ਹੈ ਕਿ ਪਾਤਰ ਉੱਚਾ ਉੱਠਣ ਲਈ ਜਦੋ-ਜਹਿਦ ਕਰਨ ਦੀ ਬਜਾਏ ਅਜਿਹੇ ਰਿਸ਼ਤੇ ਅਪਣਾ ਲੈਂਦਾ ਹੈ ਕਿ ਪਾਠਕ ਸੋਚਣ ਤੇ ਮਜਬੂਰ ਹੁੰਦਾ ਹੈ ਕਿ ਸਾਹਿਤ ਦਾ ਪ੍ਰਯੋਜਨ ਤਾਂ ਕੋਈ ਹੋਰ ਸੀ। ਸਾਹਿਤ ਜਾ ਕਿਧਰ ਨੂੰ ਰਿਹਾ ਹੈ ? ਮੈਂ ਇਸ ਸਵਾਲ ਨਾਲ ਆਪਣੀ ਗੱਲ ਖਤਮ ਕਰਦੀ ਹਾਂ।

**ਡਾ. ਬਲਜੀਤ ਕੌਰ**:- 'ਬਲੌਰੀ ਅੱਖ ਵਾਲਾ ਮੁੰਡਾ' ਕਹਾਣੀਕਾਰ ਪ੍ਰਵੇਜ਼ ਸੰਧੂ। ਮੈਂ ਕਹਾਣੀ ਉੱਤੇ ਗੱਲ ਕਰਨ ਤੋਂ ਪਹਿਲਾਂ ਪਰਵਾਸੀ ਕਹਾਣੀ ਵਿਚ ਪ੍ਰਵੇਜ਼ ਸੰਧੂ ਦੀਆਂ ਪੁਰਾਣੀਆਂ ਕਹਾਣੀਆਂ ਤੋਂ ਇਸ ਦਾ ਕੀ ਫ਼ਰਕ ਹੈ ? ਜਦੋਂ ਅਸੀਂ ਪਰਵਾਸੀ ਕਹਾਣੀ ਦੀ ਗੱਲ ਕਰਦੇ ਹਾਂ ਤਾਂ ਪਹਿਲਾਂ ਉਹ ਕਹਾਣੀਆਂ ਦਾ ਚੇਤਾ ਆਉਂਦਾ ਕਿ ਪੱਛਮ ਵਿਚ ਔਰਤ ਨੂੰ ਵਸਤ ਬਣਿਆ ਵਿਖਾਇਆ ਜਾਂਦਾ। ਉਥੇ ਔਰਤ ਕਿਵੇਂ ਪੇਸ਼ ਹੁੰਦੀ ਹੈ। 'ਟਾਹਣੀਓਂ ਟੁੱਟੇ' ਸੰਗ੍ਰਹਿ ਦੀਆਂ ਕਹਾਣੀਆਂ ਵਿਚ ਮਰਦ ਦੀ ਹਓਂ ਕੀ ਹੈ ਅਤੇ ਔਰਤ ਦਾ ਸ਼ੋਸ਼ਣ ਕਿਵੇਂ ਕੀਤਾ ਜਾਂਦਾ। ਜਦੋਂ ਮੈਂ ਇਹ ਕਹਾਣੀ ਪੜ੍ਹ ਰਹੀ ਸੀ ਤਾਂ ਮੈਨੂੰ ਇੰਜ ਲੱਗਾ ਇਹ ਕਹਾਣੀ ਇਕ ਵੱਖਰੀ ਤਰ੍ਹਾਂ ਦਾ ਵਿਸ਼ਾ ਲੈ ਕੇ ਆਉਂਦੀ ਹੈ। ਉਨ੍ਹਾਂ ਕਹਾਣੀਆਂ ਵਿਚ ਔਰਤ ਵਸਤ ਹੈ। ਇਸ ਵਿਚ ਪੂਰਬੀ ਅਤੇ ਪੱਛਮੀ ਸਭਿਆਚਾਰ ਦੀ ਤੁਲਨਾ ਹੈ। ਭਾਰਤੀ ਪਰੰਪਰਾ ਵੱਖਰੇ ਰੂਪ ਵਿਚ ਹੈ। ਕਹਾਣੀਕਾਰਾਂ ਦੇ ਅਵਚੇਤਨ ਵਿਚ ਭਾਰਤੀ ਔਰਤ ਹੈ। ਇਸ ਕਰਕੇ ਉਸ ਨੂੰ ਬਹੁਤ ਸਾਰੀਆਂ ਗੱਲਾਂ ਗਲਤ ਲੱਗ

ਰਹੀਆਂ ਹਨ। ਕਹਾਣੀ ਵਿਚ ਕਈ ਹਵਾਲੇ ਬਹੁਤ ਖ਼ੂਬਸੂਰਤ ਹਨ ਜਿਵੇਂ; ਉਸ ਔਰਤ ਕੋਲ ਕਈ ਹੋਰ ਕੰਮ ਕਰਨ ਦੇ ਮੌਕੇ ਸਨ। ਪਰ ਉਹ ਕਹਿ ਰਹੇ ਹਨ ਕਿ ਇਹ ਉਨ੍ਹਾਂ ਦਾ ਬਿਜਨਸ ਹੈ। ਇਹ ਵੱਖਰੀ ਤਰ੍ਹਾਂ ਦਾ ਵਿਸ਼ਾ ਅਤੇ ਵੱਖਰੀ ਤਰ੍ਹਾਂ ਦੀ ਗੱਲ ਹੈ। ਮੁੰਡਾ ਔਰਤਾਂ ਨੂੰ ਖ਼ੁਸ਼ ਕਰਦਾ ਹੈ ਅਤੇ ਔਰਤ ਮਰਦਾਂ ਨੂੰ ਖ਼ੁਸ਼ ਕਰ ਰਹੀ ਹੈ। ਪਰ ਅਸੀਂ ਇਕ ਦੂਜੇ ਪ੍ਰਤੀ ਇਮਾਨਦਾਰ ਹਾਂ। ਅਸੀਂ ਵਿਆਹ ਕਰਾਉਣ ਜਾ ਰਹੇ ਹਾਂ। ਇਹ ਨਵੀਂ ਕਿਸਮ ਦੀ ਸੋਚ ਵਿਕਸਤ ਹੋ ਰਹੀ ਹੈ। ਇਹ ਮੁੱਲ ਜਾਡੇ ਸਮਾਜ ਵਿਚ ਪ੍ਰਵਾਨਤ ਨਹੀਂ। ਮੈਨੂੰ ਲੱਗਦਾ ਪ੍ਰਵੇਜ਼ ਸੰਧੂ ਦੀ ਇਹ ਕਹਾਣੀ ਵੱਖਰੀ ਹੈ। ਸਭਿਆਚਾਰ ਭਾਵੇਂ ਕੋਈ ਹੋਵੇ ਜੋ ਸਾਨੂੰ ਪਰਿਵਾਰ ਵਿਚੋਂ ਮਿਲਦਾ ਹੈ। ਉਹ ਸਾਡੇ ਭਵਿੱਖ ਨੂੰ ਤੈਅ ਕਰਦਾ ਹੈ। ਕਹਾਣੀਕਾਰ ਕਿਤੇ-ਕਿਤੇ ਉਲਾਰ ਹੁੰਦੀ ਨਜ਼ਰ ਆਉਂਦੀ ਹੈ।

**ਡਾ. ਰਮਿੰਦਰ**: ਕਹਾਣੀ ਹੈ 'ਬਲੌਰੀ ਅੱਖ ਵਾਲਾ ਮੁੰਡਾ' ਕਹਾਣੀ ਜਟਿਲ ਹੈ, ਇੰਨੀ ਸਿੱਧੀ ਨਹੀਂ। ਬਲੌਰੀ ਜਾਂ ਬਲੌਰ ਦੇ ਕੋਸ਼ਗਤ ਅਰਥ ਹਨ; ਪਾਕ ਸਫ਼ਾਫ ਪੱਥਰ ਦਾ ਨਾਂ। ਇਸ ਦੇ ਬਰਤਨ ਬਣਦੇ ਹਨ। ਉੱਚੀ ਕਿਸਮ ਦਾ ਕੱਚ ਕਿਹਾ ਜਾਂਦ ਹੈ। ਇਹ ਉੱਤਰੀ ਭਾਰਤ ਦੇ ਬੈਬੁਰ ਸ਼ਹਿਰ ਤੋਂ ਪ੍ਰਾਪਤ ਹੋਣ ਵਾਲੀ ਹਰੇ ਰੰਗ ਦੀ ਸਣੀ ਹੈ। ਇਹਦੇ ਪਾਤਰ ਟਿਮਥੀ ਨੂੰ ਜਦੋਂ ਵੇਖਦੇ ਹਾਂ ਉਹ ਜੋ ਵੀ ਕੁਝ ਕਰਦਾ ਹੈ, ਉਹ ਮਾਸੂਮ ਹੈ। ਉਹ ਸਾਫ਼-ਸਫ਼ਾਫ ਸ਼ੀਸ਼ੇ ਵਰਗਾ ਹੈ। ਇਸ ਕਹਾਣੀ ਵਿਚ ਬਿਰਤਾਂਤਕਾਰ ਵਾਰ-ਵਾਰ ਆਪਣੀ ਮਾਂ ਦਾ ਜ਼ਿਕਰ ਕਰਦਾ ਹੈ। ਇਸੇ ਲਈ ਉਹ ਜੋ ਵੇਖਦੀ ਹੈ ਸਾਰੇ ਕੰਮਾਂ ਨੂੰ ਮਾੜਾ ਸਮਝਦੀ ਹੈ। ਉਹ ਮਾਂ ਧੀ ਦੋਵੇਂ ਔਰਤਾਂ ਅਤੇ ਧੀ ਦੀ ਸਹੇਲੀ ਇਸ ਧੰਦੇ ਵਿਚ ਆਰਥਿਕ ਸੰਕਟ ਕਰਕੇ ਆਉਂਦੀਆਂ ਹਨ। ਧੰਦਾ ਉਨ੍ਹਾਂ ਦੀ ਮਜਬੂਰੀ ਹੈ ਪ੍ਰੰਤੂ ਉਹ ਦੋਹਰਾ ਜੀਵਨ ਨਹੀਂ ਜਿਊਂਦੇ। ਉਹ ਆਪਣੇ ਕਿੱਤੇ ਨੂੰ ਬਾਕੀ ਕਿੱਤਿਆਂ ਵਾਂਗ ਹੀ ਲੈਂਦੇ ਹਨ। ਟਿਮਥੀ ਬਿਰਤਾਂਤਕਾਰ ਨੂੰ ਕਹਿੰਦਾ ਕਿ ਤੂੰ ਸਾਡੇ ਇਲਾਕੇ ਲਈ ਇਕ ਵਰ ਹੈ। ਇਸ ਦਾ ਮਤਲਬ ਬਿਰਤਾਂਤਕਾਰ ਧੰਦੇ ਵਿਚ ਲੱਗੇ ਬੰਦਿਆਂ ਨੂੰ ਮਾੜੇ ਨਹੀਂ ਕਹਿੰਦੀ, ਉਨ੍ਹਾਂ ਵਿਚ ਕਿਤੇ ਨਾ ਕਿਤੇ ਚੰਗਿਆਈ ਦੀ ਕਣੀ ਹੈਗੀ ਹੈ। ਸਾਡੇ ਸਭਿਆਚਾਰ ਵਿਚ ਜੋ ਅਨੈਤਕ ਹੈ, ਉਹ ਉਨ੍ਹਾਂ ਲਈ ਇਕ ਕਿੱਤਾ ਹੈ। ਉਨ੍ਹਾਂ ਮੁਲਕਾਂ ਵਿਚ ਇਹ ਕੀਮਤਾਂ ਪ੍ਰਵਾਨ ਹਨ। ਉਥੇ ਇਨ੍ਹਾਂ ਮਸਲਿਆਂ ਨਾਲ ਕੋਈ ਮਾਨਸਿਕ ਸੰਕਟ ਪੈਦਾ ਨਹੀਂ ਹੁੰਦਾ। ਬਿਰਤਾਂਤਕਾਰ ਦੇ ਅਵਚੇਤਨ ਉਤੇ ਭਾਰਤੀ ਪਰੰਪਰਾਵਾਂ ਭਾਰੂ ਹਨ। ਮੈਨੂੰ ਲੱਗਦਾ ਇਹ ਬਹੁ-ਪਰਤੀ ਕਹਾਣੀ ਹੈ।

**ਜਿੰਦਰ**: ਦੋਸਤੋ! ਪ੍ਰਵੇਜ਼ ਦੀਆਂ ਦੋ ਕਹਾਣੀਆਂ ਇਕ 'ਪ੍ਰਵਚਨ' ਵਿਚ ਛਪੀ ਸੀ ਅਤੇ ਇਕ ਭਗਵੰਤ ਦੇ ਪਰਚੇ 'ਚ। ਪਿੱਛੇ ਮੈਂ ਇਕ ਕਿਤਾਬ ਪੜ੍ਹੀ ਡੀ. ਅਗਰਵਾਲ ਦੀ, ਉਸ ਵਿਚ ਬੰਬੇ ਦੀਆਂ ਬਾਰਾਂ ਦਾ ਜ਼ਿਕਰ ਹੈ। ਉਥੇ ਇਕ ਬਾਰ ਵਿਚ ਗੁਰਦਾਸਪੁਰ ਦੀ ਕੁੜੀ ਸ਼ਾਇਦ ਉਹਦਾ ਨਾਂ ਪ੍ਰਕਾਸ਼ ਕੌਰ ਹੈ। ਮੈਂ ਅਜਿਹਾ ਬਹੁਤ ਸਾਹਿਤ ਪੜ੍ਹਿਆ। ਮੈਨੂੰ ਜਗਦੰਬੇ ਪ੍ਰਸਾਦਿ ਦੀ ਰਚਨਾ 'ਮੁਰਦਾ ਘਰ' ਯਾਦ ਹੈ। ਇਕ ਮੈਂ ਫਰੈਂਚ ਸਵੈ-ਜੀਵਨੀ ਪੜ੍ਹੀ। ਮੈਂ ਸੋਚਦਾ ਪ੍ਰਵੇਜ਼ ਸੰਧੂ ਨੂੰ ਉਥੇ ਰਹਿੰਦੀ ਨੂੰ ਚਾਲੀ ਸਾਲ ਹੋ ਗਏ, ਉਹ ਉਥੋਂ ਦੀ ਸਾਇਕੀ ਨਾਲ ਨਹੀਂ ਜੁੜ ਸਕੀ। ਮੈਂ ਬਾਹਰ ਗਿਆ ਉਥੋਂ ਦੀ ਜੀਵਨ-ਜਾਚ ਹੀ ਹੋਰ ਹੈ। ਮੈਂ ਜੋ ਕੁਝ ਵੇਖਿਆ, ਕੁਝ ਗੱਲਾਂ ਮੈਂ ਨਹੀਂ ਕਰ ਸਕਦਾ। ਉਥੇ ਚਾਲੀ-ਚਾਲੀ ਸਾਲ ਦੇ ਹੋ ਕੇ ਵੀ ਲੋਕ ਵਿਆਹ ਬਾਰੇ ਨਹੀਂ ਸੋਚਦੇ। ਉਥੇ ਵੇਸ਼ਵਾਪੁਣਾ ਇਕ ਆਮ ਵਰਤਾਰਾ ਹੈ। ਮੈਨੂੰ ਇਕ ਦੋਸਤ ਕੈਨੇਡਾ ਨਾਚ ਘਰ ਵਿਚ ਲੈ ਗਿਆ। ਮੇਰਾ ਦੋਸਤ ਕਹਿਣ ਲੱਗਾ ਸ਼ਾਇਦ ਇਸ ਕੁੜੀ ਦਾ ਦੋਸਤ ਵੀ ਇਥੇ ਬੈਠਾ ਹੋਏ। ਬਹੁਤ ਦੇਰ ਤੋਂ ਕੋਈ ਪਰਵਾਸੀ ਚੰਗੀ ਕਹਾਣੀ ਪੜ੍ਹਨ ਨੂੰ ਨਹੀਂ ਮਿਲੀ।



**ਜਨਮੀਤ**: ਰਮਿੰਦਰ ਹੁਰਾਂ ਨੇ ਕਿਹਾ ਕਿ ਇਹ ਕਹਾਣੀ ਬਹੁ-ਪਰਤੀ ਹੈ ਅਤੇ ਕਈ ਪਰਤਾਂ ਇਨ੍ਹਾਂ ਨੇ ਦੱਸ ਵੀ ਦਿੱਤੀਆਂ। ਵੇਸ਼ਵਾਗਮਨੀ ਦਾ ਧੰਦਾ ਸੰਸਾਰ ਦਾ ਪੁਰਾਣਾ ਧੰਦਾ ਹੈ। ਪ੍ਰਵੇਜ਼ ਸੰਧੂ ਇਕ ਦੁਕਾਨਦਾਰ ਔਰਤ ਰਾਹੀਂ ਉਥੋਂ ਦੀ ਵੇਸ਼ਵਾਗਮਨੀ ਦਾ ਚਿੱਤਰ ਉਲੀਕ ਰਹੀ ਹੈ। ਉਹ ਭਾਰਤ ਦੇ ਜਿਨ੍ਹਾਂ ਮੁੱਲਾਂ ਨੂੰ ਆਧਾਰ ਬਣਾਉਂਦੀ ਹੈ, ਉਸ ਅਖੌਤੀ ਭਾਰਤੀ ਸਭਿਅਤਾ ਵਿਚ ਵੀ ਇਹ ਧੰਦਾ ਚਲਦਾ ਸੀ। ਯੂਰਪ ਵਿਚ ਅਜੋਕੇ ਸਮੇਂ ਇਕ ਵੱਖਰਾ ਸਭਿਆਚਾਰ ਪਨਪ ਰਿਹਾ। ਉਥੇ ਕਈ ਕੌਮਾਂ ਦੇ ਲੋਕ ਰਹਿ ਰਹੇ ਹਨ। ਪ੍ਰਿੰਸੀਪਲ ਸਾਹਿਬ ਇਹ ਗੱਲ ਏਡੀ ਵੱਡੀ ਨਹੀਂ ਕਿ ਇਕ ਔਰਤ ਇਕੋ ਸ਼ਾਪ 'ਤੇ ਕਈ ਸਾਲਾਂ ਤੋਂ ਕੰਮ ਕਰ ਰਹੀ ਹੈ। ਦੂਜੀ ਗੱਲ ਨੈਤਿਕ ਅਨੈਤਿਕਤਾ ਦਾ ਇਥੇ ਮਸਲਾ ਹੀ ਨਹੀਂ ਹੈ, ਇਸ ਕਹਾਣੀ ਦਾ ਮੁੱਖ ਮਸਲਾ ਜੀਵਨ ਦੇ ਮਾਪਦੰਡਾਂ ਦੇ ਟਕਰਾਵਾਂ ਦਾ ਹੈ। ਇਸ ਕਹਾਣੀ ਵਿਚ ਜਿਹੜੀ ਔਰਤ ਕੈਂਡੀ ਦੇ ਰਹੀ ਹੈ, ਉਹ ਇਕ ਮਾਂ ਵੀ ਹੈ। ਉਹ ਵੇਖਦੀ ਹੈ ਕਿ ਇਕ ਸਾਫ਼ ਅੱਖਾਂ ਵਾਲੇ ਮੁੰਡੇ ਨੂੰ ਸਥਿਤੀ ਨੇ ਕੀ ਦਾ ਕੀ ਬਣਾ ਦਿੱਤਾ। ਮੈਨੂੰ ਇਹ ਕਹਾਣੀ ਬਹੁਤ ਖ਼ੂਬਸੂਰਤ ਲੱਗੀ ਹੈ।

**ਕੁਲਵੰਤ ਸੰਧੂ**: ਜੇ ਇਹ ਕਹਾਣੀ ਦੰਭ ਨੂੰ ਚਿਤਰ ਰਹੀ ਹੁੰਦੀ ਤਾਂ ਬਹੁਤ ਵਧੀਆ ਕਹਾਣੀ ਬਣਨੀ ਸੀ। ਦੰਭ ਨੂੰ ਚਿਤਰਣ ਦੀ ਪਹਿਲੀ ਵਿਧੀ ਵਿਅੰਗ ਹੈ। ਵਿਅੰਗ ਇਥੋਂ ਗੁੰਮ ਹੈ। ਇਹ ਇਕ ਪਰਤੀ ਕਹਾਣੀ ਹੈ। ਇਹ ਗੱਲ ਪੱਕੀ ਹੈ ਕਿ ਯੂਰਪ ਦਾ ਸਮਾਜ ਦੰਭੀ ਨਹੀਂ ਹੈ।

**ਜਸ ਮੰਡ**: ਇਹ ਕਹਾਣੀ ਵਿਧਾ ਦੇ ਪੱਖ ਤੋਂ ਠੀਕ ਹੈ ਪਰ ਵਿਸ਼ੇ ਪੱਖ ਤੋਂ ਪੁਰਾਣੀ ਕਹਾਣੀ ਹੈ। ਇਸ ਕਹਾਣੀ ਦੀ ਦ੍ਰਿਸ਼ਟੀ ਪਿਤਰਕੀ ਦੀ ਹਮਾਇਤ ਕਰਦੀ ਹੈ। ਇਹਨੂੰ ਆਪਣੇ ਪਿਉ ਦਾ ਨਾਂ ਪਤਾ ਨਹੀਂ। ਇਹ ਕੋਈ ਏਡਾ ਵੱਡਾ ਮੁੱਦਾ ਨਹੀਂ ਹੈ। ਇਹ ਕਹਾਣੀ ਵੇਸਵਾਗਮਨੀ ਦੇ ਧੰਦੇ ਨੂੰ ਨਿੰਦਣ ਵਾਲੀ ਕਹਾਣੀ ਹੈ। ਕਹਾਣੀਕਾਰ ਦਾ ਐਂਗਲ ਠੀਕ ਨਹੀਂ ਹੈ। ਮੈਂ ਇਸ ਕਹਾਣੀ ਵਿਚਲੇ ਤਰਕ ਨਾਲ ਸਹਿਮਤ ਨਹੀਂ।

**ਬਲਬੀਰ ਪਰਵਾਨਾ**: ਮੈਂ ਇਸ ਕਹਾਣੀ ਬਾਰੇ ਹੋਈਆਂ ਗੱਲਾਂ ਨਾਲ ਸਹਿਮਤ ਹਾਂ। ਕਹਾਣੀ ਦੇ ਬਿਰਤਾਂਤ ਪਿਛੇ ਕਈ ਪਰਤਾਂ ਹੁੰਦੀਆਂ ਹਨ। ਇਸ ਵਿਚੋਂ ਪਰਤਾਂ ਨਹੀਂ ਉੱਭਰਦੀਆਂ।

**ਆਤਮ ਰੰਧਾਵਾ**: ਮੈਂ ਇਸ ਕਹਾਣੀ ਨੂੰ ਆਲੋਚਨਾ ਅਤੇ ਹੋਈ ਚਰਚਾ ਦੇ ਸੰਦਰਭ ਵਿਚ ਵੇਖਣਾ ਚਾਹੁੰਦਾ ਹਾਂ। ਸਾਡੇ ਕੋਲ ਕਹਾਣੀ ਨੂੰ ਪੜ੍ਹਨ ਦੇ ਮਾਡਲ ਦੀ ਸਮੱਸਿਆ ਹੈ, ਇਸ ਲਈ ਵਿਚਾਰ ਵੱਖ-ਵੱਖ ਆ ਰਹੇ ਹਨ। ਸਾਨੂੰ ਇਹ ਪਤਾ ਕਰਨਾ ਚਾਹੀਦਾ ਹੈ ਕਿ ਘਟਨਾਵਾਂ ਦੇ ਪਿੱਛੇ ਕੋਈ ਸੂਖ਼ਮ ਕਹਾਣੀ ਹੈ। ਮੈਨੂੰ ਇਥੇ ਇਹ ਨਜ਼ਰ ਨਹੀਂ ਆਉਂਦੀ। ਕਹਾਣੀ ਨੇ ਸਦੀਵਤਾ ਚੋਂ ਆਪਣੇ ਗੁਣ ਗ੍ਰਹਿਣ ਕਰਨੇ ਹੁੰਦੇ ਹਨ। ਮੈਨੂੰ ਇਹ ਕਹਾਣੀ ਨਸਲਮੁਖੀ ਲੱਗਦੀ ਹੈ। ਯੂਰਪ ਦੇ ਸਭਿਆਚਾਰ ਨੂੰ ਨਿੰਦਣ ਦਾ ਮਸਲਾ ਕੇਂਦਰ ਵਿਚ ਹੈ। ਮੈਨੂੰ ਇਹ ਕਹਾਣੀ ਇਕ ਪਰਤੀ ਲੱਗੀ ਹੈ। ਸਾਨੂੰ ਕਹਾਣੀ ਪੜ੍ਹਨ ਦਾ ਵੀ ਇਕ ਮਾਡਲ ਵਿਕਸਤ ਕਰਨਾ ਪਏਗਾ।

**ਰਜਨੀਸ਼**: ਦੋਸਤੋ! ਪ੍ਰਵੇਜ਼ ਸੰਧੂ ਦੀ ਕਹਾਣੀ 'ਬਲੌਰੀ ਅੱਖ ਵਾਲਾ ਮੁੰਡਾ' ਉੱਤੇ ਅਸੀਂ ਗੱਲ ਕਰ ਰਹੇ ਹਾਂ, ਉਸ ਦਾ ਪੱਧਰ ਉਪਰੀ ਸਤਹਿ ਤਕ ਹੀ ਸੀ। ਇਕ ਦੂਜੇ ਦੇ ਪਿੱਛੇ ਚੱਲਣ ਵਾਲੀ ਰਵਾਇਤ ਅਨੁਸਾਰ ਗੱਲ ਚਲਦੀ ਹੈ ਪ੍ਰੰਤੂ ਵਿਚ-ਵਿਚ ਕੋਈ ਬੰਦਾ ਆਪਣਾ ਵਿਚਾਰ ਵੀ ਵੀ ਪ੍ਰਭਾਵ ਮੁਕਤ ਹੋ ਕੇ ਪੇਸ਼ ਕਰਦਾ। ਇਸ ਲਈ ਕਹਾਣੀ ਦੇ ਸੁਹਜ, ਗਲਪੀ ਭਾਸ਼ਾ, ਟੈਕਸਟ ਤੋਂ ਉਭਰਦਾ ਦਰਸ਼ਨ, ਇਤਿਹਾਸਕ ਚੇਤਨਾ, ਕਿਸੇ ਭਾਸ਼ਾ ਦੇ ਗਲਪ ਦੀਆਂ ਪਰੰਪਰਾਵਾਂ ਉਤੇ ਗੱਲ ਨਾਮਾਤਰ ਹੀ ਚੱਲਦੀ ਹੈ। ਇਹ ਗੰਭੀਰ ਸਮੱਸਿਆ ਹੈ। ਬਿਨਾਂ ਕਿਸੇ ਚਿੰਤਨੀ ਸੂਝ

ਤੋਂ ਬਾਕੀ ਅਨੁਸ਼ਾਸਨਾਂ ਦੇ ਸ਼ਬਦ ਦੀ ਵਰਤੋਂ ਸੰਵਾਦ ਨੂੰ ਹੋਰ ਪਤਲਾ ਕਰ ਦਿੰਦੀ ਹੈ। ਮੈਨੂੰ ਨਹੀਂ ਪਤਾ ਕਿੰਨਿਆ ਨੇ ਪ੍ਰਵੇਜ਼ ਦੀਆਂ ਬਾਕੀ ਕਹਾਣੀਆਂ ਪੜ੍ਹੀਆਂ ਹਨ, ਜੇ ਪੜ੍ਹੀਆਂ ਹਨ ਕਿੰਨੀਆਂ ਯਾਦ ਨੇ। ਦੂਜਾ ਪਰਵਾਸ ਵਿਚ ਵਸਣ ਵਾਲੇ ਬੰਦੇ ਦੀ ਚੇਤਨਾ ਦੇ ਪੜਾਅ ਦਾ ਮਸਲਾ ਹੈ। ਇਸ ਵਰਤਾਰੇ ਨੂੰ ਸਮਝਣਾ ਵੀ ਜ਼ਰੂਰੀ ਹੈ। ਪ੍ਰਵੇਜ਼ ਪਰਵਾਸੀ ਪੰਜਾਬੀ ਕਹਾਣੀ ਦੇ ਪ੍ਰਚੱਲਤ ਮਸਲਿਆਂ ਜਿਨ੍ਹਾਂ ਵਿਚ ਭੂ-ਹੇਰਵਾ, ਪੀੜ੍ਹੀ ਪਾੜੇ ਵਰਗੇ ਸ਼ਾਮਲ ਹਨ ਤੋਂ ਹਟ ਕੇ ਨਵੇਂ ਖੇਤਰ ਵਿਚ ਪ੍ਰਵੇਸ਼ ਕਰਦੀ ਹੈ। ਉਸ ਦੀਆਂ ਕਹਾਣੀਆਂ 'ਮੁੱਠੀ ਭਰ ਸੁਪਨੇ', 'ਸੌਕਣ', 'ਮੇਰੀ ਲੂੰਬੜੀ', 'ਬਾਲੋ' ਨੂੰ ਵੇਖਿਆ ਜਾ ਸਕਦਾ ਹੈ। ਮੰਡ ਸਾਹਿਬ ਦੁਆਰਾ ਕੀਤੀਆਂ ਪ੍ਰੂੰਜੀਜ਼ਨਿੰਗ ਦੀਆਂ ਗੱਲਾਂ ਗੈਰ-ਪ੍ਰਸੰਗਿਕ ਹਨ। ਉਹ ਪ੍ਰਗਤੀਵਾਦ ਦੇ ਪੁਰਾਣੇ ਫਾਰਮੂਲੇ ਨੂੰ ਲੈ ਕੇ ਘੁੰਮ ਰਹੇ ਹਨ। ਹਰ ਮੁਲਕ, ਖਿੱਤੇ ਦੇ ਆਪਣੇ ਜੀਵਨ ਮੁੱਲ ਹੁੰਦੇ ਹਨ। ਇਹ ਮੁੱਲ ਜਦੋਂ ਜੀਵਨ ਦੀ ਮਕੈਨਿਕਸ ਨੂੰ ਭੰਗ ਕਰਦੇ ਹਨ ਤਾਂ ਕਹਾਣੀ ਬਣਦੀ ਹੈ। ਬਿਰਤਾਂਤਕਾਰ ਭਾਰਤ ਵਿਚ ਜੰਮੀ ਪਲੀ ਹੈ ਇਸ ਲਈ ਉਸ ਦੇ ਆਦਰਸ਼ ਵੱਖਰੇ ਹਨ। ਪੰਜਾਬੀ ਦੀ ਸਾਰੀ ਕਹਾਣੀ, ਘਰ ਦੇ ਮੁੱਲਾਂ ਉਤੇ ਖੜ੍ਹੀ ਹੈ। ਘਰ ਸਮਾਜ ਦੇ ਵਿਕਾਸ ਦੇ ਇਕ ਪੜਾਅ ਉੱਤੇ ਪੈਦਾ ਹੋਇਆ ਉਹਦੀ ਇਕ ਬਣਤਰ ਹੈ। ਇਹ ਮੁੱਲ ਜਿੱਥੇ ਤਿੜਕਦੇ ਹਨ ਉੱਥੇ ਕਹਾਣੀ ਪੈਦਾ ਹੁੰਦੀ ਹੈ। ਪੰਜਾਬ ਵਿਚ ਜੰਮੀ ਪਲੀ ਔਰਤ ਇਹ ਸੋਚ ਹੀ ਨਹੀਂ ਸਕਦੀ ਕਿ ਜਿਸ ਬੱਚੇ ਦਾ ਉਸਨੂੰ ਪੁੱਤ ਵਰਗਾ ਮੋਹ ਆਇਆ ਹੋਵੇ, ਉਹ ਆਪ ਪਰਾਈਆਂ ਔਰਤਾਂ ਲਈ ਪੈਸੇ ਲੈ ਕੇ ਕਾਮਪੂਰਤੀ ਦਾ ਵਾਹਕ ਬਣਦਾ ਹੈ। ਬਿਰਤਾਂਤਕਾਰ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਹੁਣ ਉਸ ਦੀਆਂ ਉਨ੍ਹਾਂ ਅੱਖਾਂ ਵੱਲ ਨਹੀਂ ਦੇਖ ਸਕਦੀ ਜਿਹੜੀਆਂ ਬਚਪਨ ਵਿਚ ਬਲੌਰ ਵਾਂਗ ਸਾਫ਼ ਸਨ। ਭਾਵੇਂ ਕਿੰਨਾ ਵੀ ਸਮਾਜ ਬਦਲ ਗਿਆ ਹੋਵੇ, ਕੁਝ ਰਿਸ਼ਤਿਆਂ ਵਿਚੋਂ ਮਮਤਾ ਨਹੀਂ ਮੁਕਦੀ। ਇਹ ਕਹਾਣੀ ਟੁੱਟੇ ਹੋਏ ਘਰ ਦੀ ਹੈ। ਆਰਥਿਕ ਸ਼ੋਸ਼ਣ ਇਸ ਕਹਾਣੀ ਦਾ ਪਾਸਾਰ ਹੈ। ਇਹ ਕਹਾਣੀ ਜੀਵਨ ਮੁੱਲਾਂ ਦੀ ਟੁੱਟ-ਭੱਜ ਵਿਚੋਂ ਪੈਦਾ ਹੋਈ ਹੈ। ਜੇ ਅਸੀਂ ਮਾਨਸਿਕ ਗੰਢਾਂ ਤੋਂ ਮੁਕਤ ਹੋ ਕੇ ਵੇਖੀਏ ਤਾਂ ਇਹ ਇਕ ਵਧੀਆ ਕਹਾਣੀ ਹੈ।

***

ਪੁਸਤਕ **ਲੰਮੇ ਪੈਂਡਿਆਂ ਦਾ ਪਾਂਧੀ**:ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

ਪੰਨੇ: 320 ਮੁੱਲ: 280/-



**ਕਹਾਣੀ**

## ਮਸਾਣ

**ਬਲਵਿੰਦਰ ਸਿੰਘ ਗਰੇਵਾਲ**

"ਡੌਂ'ਟ ਵਰੀ... ਧਾਰਾ ਤਾਂ 302 ਟੁੱਟ ਕੇ 307 ਹੋ ਜੂ!"

" ...ਸਾਫ ਗੱਲ ਐ, ਨੌਕਰੀ ਤਾਂ ਜਾਊਗੀ। ਘੱਟੋ ਘੱਟ ਸਜਾ ਵੀ ਬਰਖਾਸਤਗੀ ਐ !"

"ਸਰ ਜੀ !ਸਮਝਣ ਦੀ ਕੋਸ਼ਿਸ਼ ਕਰੋ। ਇਹ ਕੋਈ ਐਕਸੀਡੈਂਟ ਨੀ! ਸਿਵਿਲ ਡੈੱਥ ਹੋਈ ਐ।"

"ਮਾਨਸਿਕ ਤੌਰ 'ਤੇ ਤਿਆਰ ਰਹਿਣਾ ਚਾਹੀਦੈ। ਤਿੰਨ ਸਾਲ ਤੱਕ ਦੀ ਕੈਦ ਵੀ ਹੋ ਸਕਦੀ ਐ..."

"ਇਸ ਤਰੀਕ ਤੇ ਜੱਜ ਫੈਸਲਾ ਸੁਣਾ ਦੇਵੇਗਾ..."

ਲੰਮੇ ਚੱਲੇ ਕੇਸ ਦੌਰਾਨ ਵੱਖ ਵੱਖ ਮੌਕਿਆਂ ਤੇ ਕਹੇ ਵਕੀਲ ਦੇ ਗੋਲੀਆਂ ਵਰਗੇ ਇਹ ਸ਼ਬਦ ਲਗਾਤਰ ਉਹਦੇ ਖਿਆਲਾਂ 'ਚ ਘੁੰਮ ਰਹੇ ਸਨ...

...ਮੁਅੱਤਲੀ ਤੋਂ ਬਰਖਾਸਤਗੀ ਤੱਕ ਪਹੁੰਚੇ ਕੇਸ ਦੀਆਂ ਪੇਸ਼ੀਆਂ, ਦੁਸ਼ਵਾਰੀਆਂ ਅਤੇ ਨਫਰਤੀ ਭੀੜਾਂ ਦੀਆਂ ਚੀਰ ਦੇਣ ਵਾਲੀਆਂ ਨਜ਼ਰਾਂ ਦੇ ਲੇਖੇ-ਜੋਖੇ 'ਚ ਉਲ਼ਝੇ ਜੇ.ਡੀ. ਨੂੰ, ਜੀ.ਪੀ.ਐਸ. ਦੀ ਆਵਾਜ਼ ਨੇ ਮੋੜ ਕੇ ਸੜਕ ਤੇ ਲੈ ਆਂਦਾ। ਦੋ ਸੌ ਮੀਟਰ ਤੋਂ ਸੱਜੇ ਮੁੜਨ ਨੂੰ ਕਿਹਾ ਜਾ ਰਿਹਾ ਸੀ। ਮੋਬਾਈਲ 'ਤੇ ਦਿਸਦੀ ਨੀਲੀ ਲਾਈਨ ਵੀ ਸੱਜੇ ਮੁੜ ਗਈ ਸੀ। ਮਾਲੇਰਕੋਟਲੇ ਤੋਂ ਦੋ ਕਿਲੋਮੀਟਰ ਪਹਿਲਾਂ ਜੇ.ਡੀ. ਨੇ ਕਾਰ, ਜੀ.ਪੀ.ਐਸ. ਦੇ ਦੱਸੇ ਰਾਹ ਤੇ ਮੋੜ ਲਈ। ਦੋ ਪਿੰਡ ਲੰਘ ਕੇ ਪਿੰਡ ਆ ਗਿਆ। ਪਿੰਡ ਦੇ ਪੱਛਮ 'ਚ ਖੜ੍ਹੀ ਤ੍ਰਿਵੈਣੀ ਦੇਖਕੇ,ਭੁੱਲਿਆ ਵਿਸਰਿਆ ਅਤੀਤ ਧੁੰਧਲਾ ਜਿਹਾ ਚਮਕਿਆ।ਯਾਦ ਆਇਆ, ਮੜ੍ਹੀਆਂ ਪਿੰਡ ਲੰਘ ਕੇ ਸਨ।

ਜੇ.ਡੀ.ਕੁਮਾਰ ਪਿੰਡ 'ਚੋਂ ਅਟੰਕ ਲੰਘ ਗਿਆ।

ਉਹਦੇ ਅਜੇ ਤੱਕ ਸਮਝ ਨਹੀਂ ਸੀ ਆਇਆ ਕਿ ਉਹ ਸੈਂਕੜੇ ਕਿਲੋਮੀਟਰ ਦਾ ਪੈਂਡਾ ਮਾਰ ਕੇ, ਇੱਥੇ ਕਿਉਂ ਆਇਆ ਸੀ! ਵਰ੍ਹੇ ਬੀਤ ਗਏ ਸਨ ਕਿ ਉਸ ਦੀ ਜ਼ੁਬਾਨ 'ਤੇ ਇਸ ਪਿੰਡ ਦਾ ਨਾਂ ਤੱਕ ਨਹੀਂ ਸੀ ਆਇਆ।ਕਦੇ ਪਿਛੋਕੜ ਦੀ ਗੱਲ ਛਿੜਦੀ ਵੀ ਤਾਂ ਉਹ 'ਪੰਜਾਬ ਮੇਂ ਮਲੇਰਕੋਟਲਾ' ਦੱਸ ਕੇ ਟਾਲਾ ਵੱਟ ਜਾਂਦਾ ਰਿਹਾ ਸੀ। ਪਹਿਲਾਂ ਪਹਿਲਾਂ, ਇਕ ਤਿੱਖੀ ਚੀਸ ਵਾਂਗ ਇਹ ਨਾਂ ਉਹਦੇ ਚੇਤੇ 'ਚੋਂ ਲੰਘ ਜਾਂਦਾ ਰਿਹਾ ਸੀ। ਜਿਉਂ ਜਿਉਂ ਵਕਤ ਬੀਤਆ, ਚੀਸ ਘਟਦੀ ਗਈ, ਪਿੰਡ ਨਾਲੋਂ ਫਰਕ ਵਧਦਾ ਗਿਆ।

ਪਿੰਡ ਵਾਂਗ ਹੀ ਮੜ੍ਹੀਆਂ ਦੀ ਨੁਹਾਰ ਵੀ ਬਦਲ ਗਈ ਸੀ।

ਵੱਡੇ ਸਾਰੇ ਗੇਟ ਦੇ ਮੱਥੇ 'ਤੇ ਸੋਹਣਾ ਕਰਕੇ 'ਸਵਰਗਪੁਰੀ' ਲਿਖਿਆ ਹੋਇਆ ਸੀ। ਹੈਰਾਨੀ ਹੋਈ ਕਿ ਉਹ ਅਜੇ ਵੀ ਪੰਜਾਬੀ ਰਵਾਂ ਰਵੀਂ ਪੜ੍ਹ ਸਕਦਾ ਸੀ। ਇਸ ਅਹਿਸਾਸ ਨੇ ਜੇ.ਡੀ.ਕੁਮਾਰ ਦੀ ਕਾਇਆ ਪਲਟ ਦਿੱਤੀ। ਅੰਦਰ ਲੰਘਣ ਤੋਂ ਪਹਿਲਾਂ ਹੀ ਉਹ ਜਮਨਾ ਦਾਸ ਬਣ ਗਿਆ।

ਸੱਚਮੁੱਚ ਮੜ੍ਹੀਆਂ ਵਰਗੀ ਚੁੱਪ ਸੀ। ਬਗੀਚੇ ਵਾਂਗ ਛਾਂਗੇ ਤੇ ਸ਼ਿੰਗਾਰੇ ਹੋਏ ਤਰ੍ਹਾਂ

ਤਰ੍ਹਾਂ ਦੇ ਸਜਾਵਟੀ ਬੂਟੇ। ਛਾਂ-ਦਾਰ ਵੱਡੇ ਦਰਖਤ। ਬੈਠਣ ਲਈ ਬਣੇ ਹੋਏ ਰੰਗਲੇ ਬੈਂਚ! ਨਿਰਾ ਸ਼ਾਂਤੀ ਨਿਕੇਤਨ! ਮਨ ਨੂੰ ਠੰਡ ਪਾਉਣ ਵਾਲੇ ਚੌਗਿਰਦੇ 'ਚ ਸੁਲਗਦੀ ਇਕ ਚਿਖਾ ਇਕੋ ਇਕ ਅਜਿਹੀ ਚੀਜ਼ ਸੀ ਜਿਹੜੀ ਓਪਰੀ ਲਗਦੀ।

"ਸ਼ੈੱਡ ਤੋਂ ਬਿਨਾ ਸਭ ਕੁਝ ਬਦਲ ਗਿਆ!" ਜਮਨਾ ਦਾਸ ਨੇ ਆਲ਼ੇ ਦੁਆਲੇ ਦੇਖਿਆ।ਦਾਹ ਸੰਸਕਾਰ ਕਰਨ ਲਈ ਥੜ੍ਹੇ ਇਕ ਤੋਂ ਦੋ ਹੋ ਗਏ ਸਨ। ਮੜ੍ਹੀਆਂ ਨਿਵਾਣ 'ਚ ਹੋਣ ਕਾਰਨ, ਦਾਹ-ਸੰਸਕਾਰ ਲਈ ਥੜ੍ਹੇ ਉਸਾਰੇ ਹੋਏ ਸਨ। ਦੋ ਥੜ੍ਹੇ ਦੇਖ ਕੇ,ਪਿੰਡ ਵਿਚੋਂ ਲੰਘਦਿਆਂ ਮਨ 'ਚ ਆਈ ਗੱਲ ਜਮਨਾ ਦਾਸ ਨੂੰ ਹੁਣ ਹੋਰ ਵੀ ਠੀਕ ਲੱਗੀ ,"ਪਿੰਡ ਕਿੱਥੇ ਰਹਿ ਗਿਆ! ਕਸਬਾ ਈ ਬਣ ਗਿਆ।"

ਉਹ ਸ਼ੈੱਡ ਹੇਠ ਜਾ ਖੜ੍ਹਿਆ-

"ਆਹ ਹੋਊ", ਦੋਹਾਂ ਥੜ੍ਹਿਆਂ 'ਚੋਂ ਪੁਰਾਣਾ ਪਛਾਣਦਿਆਂ ਜਮਨਾ ਦਾਸ ਬੁੜਬੁੜਾਇਆ। ਨਵੇਂ ਬਣੇ ਥੜ੍ਹੇ 'ਤੇ ਮਘਦੀ ਚਿਖਾ ਤੋਂ ਥੋੜ੍ਹੇ ਫਰਕ ਨਾਲ ਉਹ ਪੁਰਾਣੇ ਥੜ੍ਹੇ ਕੋਲ ਜਾ ਖੜ੍ਹਿਆ-

"ਪਤਾ ਨੀ ਕਿਸ ਦਾ ਕੌਣ ਅੱਜ ਸੁਆਹ ਹੋ ਗਿਆ!" ਉਹਨੇ ਦਗਦੇ ਕੋਲਿਆਂ ਦੁਆਲੇ ਪਾਥੀਆਂ ਦੀ ਸੁਆਹ ਵੱਲ ਦੇਖਦਿਆਂ ਸੋਚਿਆ। ਚਿਖਾ ਦੇ ਸੇਕ ਨੇ ਹੁਣ ਤੱਕ ਜਬਰੀ ਬਣਾਈ ਉਹਦੇ ਮਨ ਦੀ ਸ਼ਾਂਤੀ ਪਿਘਲਾ ਦਿੱਤੀ। ਹੱਥ ਥੜ੍ਹੇ ਨੂੰ ਲਾ ਕੇ, ਮੱਥੇ ਨੂੰ ਛੁਹਾਇਆ। ਖੜ੍ਹਾ ਹੋਣ ਲੱਗਿਆ ਤਾਂ ਫੁੱਫੜ ਦਾ ਬੋਲ ਸੁਣਿਆ-

"ਇਕ ਵਾਰ ਹੋਰ ਚਰਨ ਛੋਹ ਬੇਟਾ।"

ਉਹਨੇ ਹੈਰਾਨ ਹੋ ਕੇ ਇੱਧਰ ਉੱਧਰ ਦੇਖਿਆ। ਚਾਰੇ ਪਾਸੇ ਮੁਕੰਮਲ ਸ਼ਾਂਤੀ ਸੀ ਫ਼ੁੱਫੜ ਤਾਂ ਉਹਦੇ ਅੰਦਰ ਬੋਲਿਆ ਸੀ। ਝੁਕ ਕੇ ਇਕ ਵਾਰੀ ਫੇਰ ਥੜ੍ਹੇ ਨੂੰ ਛੁਹਾ ਕੇ, ਹੱਥ ਮੱਥੇ ਨੂੰ ਲਾਇਆ। ਇਸ ਗੱਲ ਦਾ ਪਤਾ ਉਹਨੂੰ ਅੱਜ ਵੀ ਨਹੀਂ ਸੀ ਲੱਗਿਆ ਕਿ ਉਹਨੇ ਪਹਿਲਾਂ ਕਿਸ ਦੇ ਪੈਰ ਛੋਹੇ ਸਨ। ਬੀਬੀ ਦੇ, ਕਿ ਪਿਤਾ ਜੀ ਦੇ!

"ਪਿਤਾ ਜੀ!" ਉਹਨੇ ਹੌਕਾ ਲਿਆ। ਬੀਬੀ ਦੀ ਸ਼ਕਲ ਤਾਂ ਉਹਦੇ ਚੇਤੇ 'ਚ ਲੱਗਭੱਗ ਧੁੰਦਲਾ ਹੀ ਗਈ ਸੀ। ਪਰ ਪਿਤਾ ਜੀ! ਤਿੱਖਾ ਨੱਕ, ਗੋਰਾ ਚਿਹਰਾ ਤੇ ਅੰਦਰ ਧਸੀਆਂ ਲਿਸ਼ਕਵੀਆਂ ਅੱਖਾਂ! ਅਣਸਾਂਭੇ ਅੱਧੇ ਕਾਲੇ ਅੱਧੇ ਚਿੱਟੇ, ਖੁਲ੍ਹੇ ਵਾਲ, ਉਲ਼ਝੀ ਦਾਹੜੀ, ਉਹਦੇ ਪੂਰੀ ਤਰ੍ਹਾਂ ਯਾਦ ਸੀ। ਨਾ ਕਟਿੰਗ ਕਰਵਾਉਂਦੇ, ਨਾ ਜੂੜਾ ਕਰਦੇ। ਕਦੇ ਸ਼ਾਂਤ ਹੁੰਦੇ, ਤਾਂ ਬੀਬੀ ਸਿਰ ਵਾਹ ਕੇ ਜੂੜਾ ਕਰਨ ਲਗਦੀ। ਉਹ ਭੜਕ ਪੈਂਦੇ-

"ਹਟ ਪਰੇ! ਮੈਂ ਕਿਹੜਾ ਗੁਰੂ ਗੋਬਿੰਦ ਸਿੰਘ ਦਾ ਪੁੱਤ ਆਂ!"

ਫਿਰ ਕਈ ਕਈ ਦਿਨ ਉਹਨਾ ਦੀ ਸੁਰਤ ਔਟਲ਼ੀ ਰਹਿੰਦੀ। ਉਹਨਾ ਨੂੰ ਸਾਂਭਦਿਆਂ ਬੀਬੀ ਤੇ ਦਾਦੀ ਦੀ ਸੁਰਤ ਭੁੱਲੀ ਰਹਿੰਦੀ। ਅਜਿਹੇ ਹੀ ਕਿਸੇ ਦਿਨ ਆਪਣੇ ਪੁੱਤ ਦੀ ਹਾਲਤ ਦੇਖ ਕੇ ਜਮਨਾ ਦਾਸ ਦੀ ਦਾਦੀ ਦਾ ਹੌਕਾ, ਆਖਰੀ ਸਾਹ ਬਣ ਗਿਆ ਸੀ। ਪਿਤਾ ਜੀ ਦੇ ਵਧਦੇ ਦੌਰਿਆਂ ਅੱਗੇ ਬੀਬੀ ਤੇ ਜਮਨਾ ਦਾਸ ਇਕੱਲੇ ਰਹਿ ਗਏ ਸਨ। ਭੋਰਾ ਭਰ ਜਮਨਾ ਦਾਸ ਡਰ ਕੇ ਚੀਕਦਾ। ਸਭ ਕੁਝ ਵੱਲ ਓਪਰਿਆਂ ਵਾਂਗ ਦੇਖਦੀ ਪਿਤਾ ਜੀ ਦੀ ਅੱਖ 'ਚ ਅਚਾਨਕ ਪਛਾਣ ਉੱਭਰ ਆਉਂਦੀ। ਉਹਨੂੰ ਬੁੱਕਲ਼ 'ਚ ਲੈਂਦੇ। ਜੋਰ ਨਾਲ ਹਸਦੇ। ਉੱਚੀ ਬੋਲਦੇ-



"ਹੱਤ ਤੇਰੀ! ਗੀਦੀ ਮੁੰਡਾ ਨਾ ਹੋਵੇ! ਕਿਵੇਂ ਰੋਂਦੈ। ਮੈਂ ਤੇਰਾ ਬਾਪ, ਗੁਰੂ ਗੋਬਿੰਦ ਸਿੰਘ ਦਾ ਪੁੱਤ! ਮੇਰਾ ਪੁੱਤ ਡਰੂ ਹੋਵੇ! ਨਹੀਂ, ਨਹੀਂ!" ਪਿਤਾ ਜੀ ਦੇ ਖਿੰਡੇ ਖੱਪਰੇ ਵਾਲ਼ ਦੇਖ ਕੇ ਜਮਨਾ ਦਾਸ ਹੋਰ ਸਹਿਮ ਜਾਂਦਾ-

"ਵੀਹ ਵਾਰ ਕਿਹੈ ਬਈ ਇਹਦੇ ਨੇੜੇ ਨਾ ਆਇਆ ਕਰ, ਮੁੰਡਾ ਡਰ ਜਾਂਦੈ!" ਜਮਨਾ ਦਾਸ ਦਾ ਗਿੱਲਾ ਹੋਇਆ ਪਜਾਮਾ ਬਦਲਦਿਆਂ ਬੀਬੀ ਤੜਪਦੀ, "ਦਹਿਲ ਬਹਿ ਜੂ ਇਹਦੇ ਅੰਦਰ।''

ਲੋਕ ਕਹਿੰਦੇ, "ਰਘੂ ਨਾਲ ਤਾਂ ਓਸ ਕਾਂ ਵਾਲੀ ਹੋਈ ਐ ਜਿਹੜਾ ਕਹਿੰਦੇ ਹੰਸ ਦੀ ਰੀਸ ਕਰਨ ਲੱਗਿਆ ਆਪਣੀ ਚਾਲ ਵੀ ਭੁੱਲ ਗਿਆ ਸੀ। ਇਕ ਬੰਦਾ ਮਾਰ ਕੇ ਈ ਹਿੱਲ ਗਿਆ। ਐਧਰ ਦੇਖ ਦਸ ਦਸ ਬੰਦੇ ਵੱਢ ਕੇ, ਸ਼ੇਰ ਕਿਵੇਂ ਫਿਰਦੇ ਨੇ!"

ਇਹ ਸ਼ੇਰ ਚੰਨਣ, ਜੈਬ ਤੇ ਸਿੰਘਾਂ ਦੇ ਸੰਤ ਵਰਗੇ ਨੌਜਵਾਨ ਸਨ, ਜਿਨ੍ਹਾਂ ਨਾਲ ਰਲ਼ ਕੇ ਜਮਨਾ ਦਾਸ ਦਾ ਪਿਤਾ ਰਘੂਨਾਥ, ਮੁਹਿੰਮ ਤੇ ਚੜ੍ਹਿਆ ਸੀ।ਲੋਕ ਉਹਨੂੰ ਰਘੂ ਹੀ ਕਹਿੰਦੇ ਸਨ।

1947 ਦੀ ਗੱਲ ਸੀ। ਭਾਰਤ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ।

ਭਾਦੋਂ ਦੀ ਸੰਗਰਾਂਦ ਲੰਘੀ ਨੂੰ ਦੋ ਦਿਨ ਹੋਏ ਸੀ । ਲੋਹੜੇ ਦੇ ਵਰ੍ਹਦੇ ਮੀਂਹ 'ਚ ਵੀ ਲੋਕ ਹੁਮ-ਹੁਮਾ ਕੇ ਦਰਵਾਜੇ ਪਹੁੰਚ ਰਹੇ ਸਨ। ਜਦੋਂ ਰਘੂ ਪਹੁੰਚਿਆ ਤਾਂ ਸਿੰਘਾਂ ਦਾ ਛੋਟਾ ਮੁੰਡਾ ਸੰਤ ਬੋਲ ਰਿਹਾ ਸੀ-

"ਉਹ ਸਾਲੇ ਔਰੰਗੇ ਦੀ ਔਲਾਦ! ਓਧਰ ਹਿੰਦੂ ਸਿੱਖਾਂ ਦੀ ਵੱਢ-ਟੁੱਕ ਕਰ ਰਹੀ ਐ, ਧੀਆਂ ਧਿਆਣੀਆਂ ਦੀ ਪੱਤ ਪਰ੍ਹਿਆਂ 'ਚ ਰੁਲ਼ ਰਹੀ ਐ।ਅਗਲਿਆਂ ਨੇ ਲਾਸ਼ਾਂ ਨਾਲ ਖੂਹ ਭਰ'ਤੇ। ਨਹਿਰਾਂ ਦਾ ਪਾਣੀ ਲਾਲ ਹੋ ਗਿਆ ਤੇ ਅਸੀਂ, ਅਸੀਂ ਚੱਡਿਆਂ 'ਚ ਪੂੰਛਾਂ ਲਈਂ ਬੈਠੇ ਆਂ..."

ਸੰਤ ਨੇ ਨਵੇਂ ਬਣੇ ਮੁਲਕ ਪਾਕਿਸਤਾਨ ਵਿਚ ਹੋ ਰਹੇ ਹਿੰਦੂਆਂ ਸਿੱਖਾਂ ਦੇ ਕਤਲੇਆਮ ਦਾ ਅਜਿਹਾ ਭਿਆਨਕ ਦ੍ਰਿਸ਼ ਚਿਤਰਿਆ ਕਿ ਸੁਣਨ ਵਾਲਿਆਂ ਦੇ ਲੂੰ ਕੰਡੇ ਹੋ ਗਏ। ਲਹੂ ਸਿਰਾਂ ਨੂੰ ਜਾ ਚੜ੍ਹਿਆ। ਪਲੋ ਪਲੀ ਜੱਥਾ ਤਿਆਰ ਹੋ ਗਿਆ।

"ਅੱਜੇ ਕਰੋ ਹੱਥ ਫੇਰ!" ਚੰਨਣ ਨੇ ਇੰਜ ਕਿਹਾ ਜਿਵੇਂ ਕਿਸੇ ਰਿਸ਼ਤੇਦਾਰ ਦੀ ਹਾੜ੍ਹੀ ਵੱਢਣ ਲਈ ਆਵ੍ਰਤ ਲੈ ਕੇ ਜਾਣੀ ਹੋਵੇ।

ਗਵਾਂਢੀ ਪਿੰਡ ਦੇ ਮੁਸਲਮਾਨਾ 'ਤੇ ਹੱਲਾ ਕਰਨ ਦਾ ਮਤਾ ਪਕਾ ਕੇ ਮੁੜ ਦਰਵਾਜੇ 'ਕੱਠੇ ਹੋਣਾ ਤੈਅ ਹੋ ਗਿਆ-

"ਤੂੰ ਵੀ ਆਏਂਗਾ?" ਮਹੰਤਾਂ ਦੇ ਪੀਤੇ ਨੇ ਤੁਰਨ ਲਈ ਮੁੜੇ ਰਘੂ ਦੇ ਮੋਢੇ ਤੇ ਹੱਥ ਰੱਖਿਆ।

"ਹੋਰ ਕਿਤੇ ਨਾ ਵੀ!", ਸੰਤ ਦੇ ਪ੍ਰਭਾਵ ਹੇਠ ਰਘੂ ਦਾ ਖੂਨ ਵੀ ਖੌਲ ਉੱਠਿਆ ਸੀ।

ਘਰ ਆਉਣ ਤੱਕ ਰਘੂ ਨੂੰ ਸੰਤ ਬੋਲਦਾ ਸੁਣੀ ਗਿਆ ਸੀ...

"ਵੇ ਤੂੰ ਕਿੱਧਰ?" ਮੋਟੇ ਕੱਪੜੇ ਦਾ ਮੰਡਾਸਾ ਮਾਰ ਕੇ, ਸਫਾ ਜੰਗ (ਟਕੂਆ) ਚੁੱਕ ਰਹੇ ਰਘੂ ਨੂੰ ਦੇਖ ਕੇ ਉਹਦੀ ਮਾਂ ਬੋਲੀ ਸੀ। ਉਂਜ ਉਡਦੀ ਉਡਦੀ ਗੱਲ ਤਾਂ ਉਹਨੇ ਵੀ ਸੁਣੀ ਹੋਈ ਸੀ। ਪਰ ਆਪਣੇ ਰਘੂ ਤੋਂ ਉਹਨੂੰ ਆਸ ਨਹੀਂ ਸੀ। ਰਘੂ ਬਿਨਾਂ ਕੋਈ ਜਵਾਬ ਦਿੱਤੇ

ਸਫਾ-ਜੰਗ ਦੇ ਫਲ਼ ਤੇ ਲੀਰ ਫੇਰਦਾ ਰਿਹਾ। ਮਾਈ ਕਲਪਦੀ ਰਹੀ-

"ਨਾ ਵੇ ਪੁੱਤ! ਇਹ ਵੱਢ ਟੁੱਕ ਦੇ ਕੰਮ ਤਾਂ ਇਨ੍ਹਾਂ ਜੱਟਾਂ, ਸਿੱਖਾਂ ਨੂੰ ਏ ਸ਼ੋਭਦੇ ਨੇ। ਮਹਾਜਨ ਦਾ ਹਥਿਆਰ ਤਾਂ ਓਹੀ ਚਾਰ ਅੱਖਰ ਹੁੰਦੇ ਨੇ ਜਿਹੜੇ ਉਹਦੇ ਢਿੱਡ 'ਚ ਪੈ ਜਾਣ...", ਮਾਂ ਬੋਲਦੀ ਰਹੀ। ਰਘੂ ਸਫਾ-ਜੰਗ ਚਮਕਾਉਂਦਾ ਰਿਹਾ। ਫੇਰ ਉੱਠਿਆ ਤੇ ਲੰਮੀ ਧੱਪ ਬਾਹਰ ਨਿਕਲ ਗਿਆ। ਜੱਥੇ ਵਿਚ ਸ਼ਾਮਿਲ ਹੋਣ ਵਾਲਿਆਂ ਵਿਚ ਉਹ ਆਖਰੀ ਸੀ-

"ਲੈਅ! ਮੈਖਿਆ ਪਤਾ ਨੀ ਕਿਹੜੀ ਕੁੜੀ ਚਿੱਟੀ ਚੁੰਨੀ ਸਿਰ ਤੇ ਬੰਨ੍ਹੀ ਆਉਂਦੀ ਐ", ਮੋਢੇ ਤੇ ਬਰਛਾ ਰੱਖੀਂ ਖੜ੍ਹਾ ਛੋਕਰਾਂ ਵਾਲਾ ਮੱਘਰ ਬੋਲਿਆ ਸੀ। ਨਾਨਕਾ ਪਿੰਡ ਹੋਣ ਕਰਕੇ ਉਹ ਬਹੁਤਿਆਂ ਨੂੰ ਜਾਣਦਾ ਸੀ। ਮੱਘਰ ਦੀ ਗੱਲ ਸੁਣ ਕੇ ਸਾਰੇ ਹਸ ਪਏ।15 ਸਾਲ ਦੇ ਰਘੂ ਦੇ ਅਜੇ ਲੂਈਂ ਨਹੀਂ ਸੀ ਫੁੱਟੀ। ਚਿੱਟੇ ਖੱਦਰ ਦੇ ਪਰਨੇ ਹੇਠ ਉਹਦੇ ਤਿੱਖੇ ਨੈਣ-ਨਕਸ਼ ਹੋਰ ਵੀ ਕੂਲ਼ੀ ਭਾਅ ਮਾਰਨ ਲੱਗ ਪਏ ਸਨ।

ਪ੍ਰਮਾਤਮਾ ਨੂੰ 'ਅੰਗ ਸੰਗ ਸਹਾਈ ਰਹਿਣ' ਅਤੇ 'ਸਰਬੱਤ ਦੇ ਭਲੇ' ਦੀ ਅਰਦਾਸ ਕਰ ਕੇ ਜੱਥੇ ਨੇ ਚੜ੍ਹਾਈ ਕੀਤੀ। ਹੱਲੇ ਦਾ ਨਿਸ਼ਾਨਾ ਬਣਨ ਵਾਲੇ ਪਿੰਡ ਦੀ ਫਿਰਨੀ ਚੜ੍ਹਦਿਆਂ ਹੀ ਮਾੜੀ ਖਬਰ ਮਿਲੀ-

"ਪਛੜਗੇ! ਸ਼ਿਕਾਰ ਤਾਂ ਨਿਕਲਗੇ!", ਪਿੰਡੋਂ ਪਹਿਲਾਂ ਤੁਰੇ ਬਹੁਤੇ ਕਾਹਲ਼ਿਆਂ ਨੇ ਨਿਰਾਸ਼ਾ 'ਚ ਹੱਥ ਹਿਲਾਏ, "ਇੱਥੋਂ ਦੇ ਮੁਸਲਮਾਨ ਤਾਂ ਸਾਰੇ ਮਲੇਰਕੋਟਲੇ ਜਾ ਵੜੇ।"

ਹਥਿਆਰਾਂ ਤੋਂ ਹੱਥਾਂ ਦਾ ਕਸਾ ਢਿੱਲਾ ਪੈ ਗਿਆ। ਰਾਗੀਆਂ-ਢਾਡੀਆਂ ਦਾ ਬਿਆਨਿਆ, ਸੂਬਾ-ਏ-ਸਰਹੰਦ ਦਾ ਦਰਬਾਰ ਅੱਖਾਂ 'ਚ ਉੱਤਰ ਆਇਆ।ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਸੂਬੇ ਦੀ ਕਚਿਹਰੀ ਵਿਚ ਸੀਨਾ ਤਾਣੀ ਖੜ੍ਹੇ ਨਜ਼ਰ ਆਏ।ਨਵਾਬ ਮਲੇਰਕੋਟਲਾ, ਸ਼ੇਰ ਖਾਨ, ਹੱਕ ਸੱਚ ਲਈ ਗਰਜਦਾ ਸੁਣਾਈ ਦਿੱਤਾ-

"ਸੂਬੇਦਾਰ ਸਾਹਿਬ! ਸਾਡੀ ਦੁਸ਼ਮਣੀ ਗੋਬਿੰਦ ਸਿੰਘ ਨਾਲ ਐ। ਸੂਰਮਿਆਂ ਵਾਂਗ ਉਸ ਨਾਲ ਮੈਦਾਨ-ਏ-ਜੰਗ 'ਚ ਲੋਹਾ ਲਵਾਂਗੇ। ਸੂਬਾ-ਏ-ਸਰਹਿੰਦ ਨੂੰ, ਬਾਪ ਨਾਲ ਦੁਸ਼ਮਣੀ ਦਾ ਬਦਲਾ ਮਾਸੂਮ ਬੱਚਿਆਂ ਰਾਹੀਂ ਲੈਣਾ ਸ਼ੋਭਾ ਨਹੀਂ ਦਿੰਦਾ!"

ਸ਼ੇਰ ਖਾਨ ਦੇ ਵਿਰੋਧ ਦੇ ਬਾਵਜੂਦ ਬਜ਼ੀਦ ਖਾਨ ਦਾ ਹੰਕਾਰ ਨਾ ਟਲ਼ਿਆ, ਸਾਹਿਬਜ਼ਾਦੇ ਨੀਹਾਂ ਵਿਚ ਚਿਣ ਦਿੱਤੇ ਗਏ ਪਰ ਸ਼ੇਰ ਖਾਨ ਦੇ ਮਾਰੇ ਹਾਅ ਦੇ ਨਾਅਰੇ ਕਾਰਨ ਮਲੇਰਕੋਟਲਾ ਗੁਰੂ ਜੀ ਦੀ ਨਜ਼ਰ-ਏ-ਇਨਾਇਤ ਦਾ ਭਾਗੀ ਬਣ ਗਿਆ। ਗੁਰੂ ਜੀ ਨੇ ਮਲੇਰਕੋਟਲੇ ਨੂੰ "ਸਦਾ ਵਸਦਾ ਰਹੇ" ਦਾ ਵਰਦਾਨ ਦਿੱਤਾ।

ਗੱਲ ਕਰਨ ਵਾਲੇ ਉਸੇ ਵਰਦਾਨ ਦੀ ਗੱਲ ਕਰ ਰਹੇ ਸਨ...

"ਅਸੀਂ ਤਾਂ ਪਿੱਛਾ ਵੀ ਕੀਤਾ। ਪਰ ਕਰਨੀ ਬਾਜਾਂ ਵਾਲੇ ਦੀ! ਦੇਖਲੈ! ਮਲੇਰਕੋਟਲੇ ਦੀ ਜੂਹ ਵੜਦਿਆਂ ਈ ਪੈਰ ਬੰਨ੍ਹੇ ਗਏ। ਗੁਰੂ ਦੀ ਮਿਹਰ, ਹੱਥੋਂ ਹਥਿਆਰ ਛੁੱਟ ਗਏ।ਮਜ਼ਾਲ ਐ ਹੁਣ ਤੱਕ ਮਲੇਰਕੋਟਲੇ ਦੀ ਜੂਹ 'ਚ ਲਹੂ ਦਾ ਤੁਪਕਾ ਡੁਲ੍ਹਿਆ ਹੋਵੇ।ਪਾਪਾਂ ਦੇ ਭਾਗੀ ਬਣਨੋ ਬਚ'ਗੇ। ਵਾਹਿਗੁਰੂ! ਵਾਹਿਗੁਰੂ!!" ਮੁਸਲਮਾਨਾ ਦੇ ਮਲੇਰਕੋਟਲੇ ਜਾ ਵੜਨ ਦੀ ਖਬਰ ਸੁਣਾਉਣ ਵਾਲੇ ਨੇ ਸ਼ੁਕਰਾਨੇ ਵਿਚ ਹੱਥ ਜੋੜੇ, ਸਿਰ ਝੁਕਾਇਆ।

ਪਰ ਸਾਰੇ ਇੰਨੇ ਭਾਗਾਂ ਵਾਲੇ ਨਹੀਂ ਸਨ। ਕਈਆਂ ਨੂੰ ਮਲੇਰਕੋਟਲੇ ਦੀ ਹੱਦ ਦਾ ਪਤਾ ਨਾ ਲਗਦਾ। ਇਹ ਵੀ ਸਪਸ਼ਟ ਨਹੀਂ ਸੀ ਕਿ ਗੁਰੂ ਜੀ ਨੇ ਵਰਦਾਨ ਕਸਬੇ ਨੂੰ ਹੀ ਦਿੱਤਾ ਸੀ ਜਾਂ



ਮਲੇਰਕੋਟਲੇ ਦੇ ਖੇਤਾਂ ਦਾ ਬੰਨਾਂ ਵੀ ਵਿਚ ਆਉਂਦਾ ਸੀ। ਦੋਵਾਂ ਧਿਰਾਂ ਨੂੰ ਮੁਸ਼ਕਲ ਆਉਂਦੀ। ਮੁਸਲਮਾਨ ਹੱਦ ਤੋਂ ਬਾਹਰ ਰਹਿ ਜਾਂਦੇ। ਅਵੇਸਲੇ ਹੋਏ ਮਾਰੇ ਜਾਂਦੇ। ਪਿੱਛਾ ਕਰਦਾ ਕੋਈ ਸਿੰਘ ਕਸਬੇ ਦੇ ਅੰਦਰ ਜਾ ਵੜਦਾ। ਆਪਣਾ ਲੋਹਾ ਰੰਗ ਬਹਿੰਦਾ। ਪਤਾ ਲੱਗਣ ਤੇ ਬੜਾ ਪਛਤਾਉਂਦਾ। ਗੁਰੂ ਤੋਂ ਭੁੱਲਾਂ ਬਖਸ਼ਾਉਂਦਾ। ਅੱਗੇ ਤੋਂ ਖਿਆਲ ਰੱਖਦਾ।

"ਲੈ ਲੱ'ਗਿਆ ਪਤਾ", ਇਕ ਦਿਨ ਜੈਬ ਨੇ ਆ ਕੇ ਖਬਰ ਦਿੱਤੀ, "ਆਂਡਲੂ ਵਾਲੇ ਪਾਸੇ, ਰੇਲ ਦੀ ਪਟੜੀ ਪੱਕੀ ਹੱਦ ਐ! ਓਥੇ ਖੜ੍ਹਦੇ ਨੇ ਸਿੰਘ ਓਹਲੇ 'ਚ।"

ਦੂਜੇ ਦਿਨ ਜਾ ਕੇ ਜੈਬ ਦੀ ਗੱਲ ਦਾ ਪੱਕ ਕੀਤਾ ਗਿਆ। ਗੱਲ ਸੱਚੀ ਨਿਕਲੀ। ਬਹੁਤੇ ਮੁਸਲਮਾਨ ਉਥੋਂ ਹੀ ਦਾਖਲ ਹੁੰਦੇ। ਹੱਲਾ ਬੋਲਣ ਵਾਲਿਆਂ ਲਈ ਵੀ ਸੌਖ ਹੋ ਗਈ। ਮਨ ਦਾ ਬੋਝ ਲਹਿ ਗਿਆ। ਸੁਰੱਖਿਅਤ ਲਾਂਘਾ, ਦਿਨਾਂ ਵਿਚੇ ਸ਼ਿਕਾਰੀ ਦੀ ਘਾਤ ਬਣ ਗਿਆ। ਕਾਫਲੇ ਆਉਂਦੇ। 'ਬੋਲੇ ਸੋ ਨਿਹਾਲ' ਕਹਿ ਕੇ ਵੱਢ ਦਿੱਤੇ ਜਾਂਦੇ। ਇਕ ਪਾਸੇ ਕਰਕੇ ਰੱਖੀਆਂ ਲੋਥਾਂ ਦਾ ਢੇਰ ਉੱਸਰ ਗਿਆ।

ਭਾਦੋਂ ਦੇ ਅਖੀਰਲੇ ਪੱਖ ਜਿਹੜਾ ਟੋਲਾ ਗਿਆ, ਉਹਦੇ 'ਚ ਰਘੂ ਵੀ ਸੀ।ਉਹ ਪਹਿਲਾਂ ਵੀ ਕਈ ਵਾਰ ਹੱਲੇ ਵਿਚ ਸ਼ਾਮਿਲ ਹੋਇਆ ਸੀ ਪਰ ਅਜੇ ਤੱਕ ਉਹਦੇ ਸਫਾ ਜੰਗ ਨੂੰ ਲਹੂ ਨਹੀਂ ਸੀ ਲੱਗਿਆ। ਲੁੱਟ-ਮਾਰ ਮਾੜੀ ਮੋਟੀ ਉਹ ਕਰ ਲੈਂਦਾ ਰਿਹਾ ਸੀ। ਪਾਈਆ ਸਾਰਾ ਸੋਨਾ ਹੁਣ ਤੱਕ ਉਹ ਘਰ ਲੈ ਆਇਆ ਸੀ-

"ਪਾਪ ਦੀ ਕਮਾਈ ਐ, ਲੈ ਕੇ ਬਹਿ ਜੂ! ਨਾ ਲਿਆ ਇਹਨੂੰ ਘਰ!" ਮਾਂ ਵਾਸਤੇ ਪਾਉਂਦੀ।ਹੱਥ ਜੋੜਦੀ।

"ਰਘੂ ਨੂੰ ਤਾਂ ਸਫਾ ਜੰਗ ਨੇ ਸਰਾਪ ਦੇ ਦੇਣੈ।ਅਜੇ ਤੱਕ ਸੁੱਚੇ ਮੂੰਹ ਲਈਂ ਫਿਰਦੈ", ਸਾਥੀ ਮਜ਼ਾਕ ਕਰਦੇ, "ਬਰਛਾ ਫੜਾਓ ਇਹਨੂੰ।"

ਉਸ ਦਿਨ ਰਘੂ ਦੇ ਹੱਥ 'ਚ ਵੀ ਬਰਛਾ ਸੀ।ਮਲੇਰਕੋਟਲੇ ਵੱਲ ਵਧਦੇ ਕਿਸੇ ਕਾਫਲੇ ਦੀ ਖਬਰ ਮਿਲਦਿਆਂ ਹੀ ਉਹ ਤੁਰ ਪਏ ਸਨ।ਕਾਫਲਾ ਪਹੁੰਚਣ ਤੋਂ ਪਹਿਲਾਂ ਹੀ ਉਹ ਮੂੰਹ ਬੰਨ੍ਹ ਕੇ ਲੋਥਾਂ ਦੇ ਢੇਰ ਓਹਲੇ ਜਾ ਬੈਠੇ ਸਨ-

ਥੋੜ੍ਹੀ ਦੇਰ ਬਾਅਦ ਹੀ ਇਕ ਪਰਿਵਾਰ ਆਉਂਦਾ ਦਿਸਿਆ-

"ਆਪਣਾ ਢੁੱਢੂ ਖਿਚਿਐ ਕਿਸੇ ਨੇ!" ਕਾਫਲੇ ਦੀ ਥਾਂ ਪੰਜ ਛੇ ਕੁ ਜੀਆਂ ਦੇ ਟੱਬਰ ਨੂੰ ਤੁਰੇ ਆਉਂਦੇ ਦੇਖ ਕੇ ਨਿਰਾਸ਼ ਹੋਇਆ ਸੰਤ ਬੋਲਿਆ। ਇਕ ਟੱਬਰ 'ਚੋਂ ਕੀ ਲੱਭਣਾ ਸੀ!

"ਇਹਨਾ ਨੂੰ ਤਾਂ ਲਓ! ਛੱਡੋ ਜੈਕਾਰਾ!", ਜੈਬ ਦੇ ਬੋਲੇ ਸੋ ਨਿਹਾਲ ਕਹਿਣ ਤੱਕ ਤਾਂ ਚੰਨਣ ਨੇ ਔਰਤ ਦੀ ਗੋਦੀ ਚੁੱਕਿਆ ਜੁਆਕ ਨੇਜੇ ਤੇ ਟੰਗ ਲਿਆ ਸੀ-

"ਮਾਰ ਉਹਨੂੰ! ਦੇਖੀ ਕੀ ਜਾਨੈਂ!" ਸੰਤ ਨੇ ਰਘੂ ਨੂੰ ਖੜ੍ਹਾ ਦੇਖ ਕੇ ਲਲਕਰਾ ਮਾਰਿਆ। ਟੱਬਰ ਦਾ ਬਜ਼ੁਰਗ ਰਘੂ ਦੇ ਕੋਲੋਂ ਲੰਘ ਕੇ ਲਾਈਨਾ ਤੱਕ ਚਲਿਆ ਗਿਆ ਸੀ। ਸੰਤ ਆਪ ਪੈਰ ਤੋਂ ਈ ਛਾਲ ਮਾਰ ਕੇ ਲਾਈਨ ਟੱਪ ਗਿਆ ਤੇ ਬਜ਼ੁਰਗ ਦੇ ਰਾਹ 'ਚ ਜਾ ਖੜ੍ਹਿਆ। ਬਜ਼ੁਰਗ ਲਾਈਨ ਦੇ ਵਿਚਕਾਰ, ਰਘੂ ਮੂਹਰੇ ਹੱਥ ਜੋੜ ਕੇ ਖੜ੍ਹ ਗਿਆ-

"ਤੂੰ ਨਾ ਮੈਨੂੰ ਮਾਰੀਂ! ਤੂੰ ਤਾਂ ਗੁਰੂ ਗੋਬਿੰਦ ਸਿੰਘ ਦਾ ਪੁੱਤਰ ਐਂ ਨਾ!"

"ਗੱਡ ਦੇ ਬਰਛਾ ਹੁਣ।ਇਹਨੇ ਲੈਨ ਟੱਪ ਜਾਣੈ!", ਪਿੱਛੋਂ ਚੰਨਣ ਗਰਜਿਆ।

ਰਘੂ ਦਾ ਬਰਛਾ ਬਜ਼ੁਰਗ ਦੇ ਢਿੱਡ 'ਚੋਂ ਸਾਰ-ਪਾਰ ਨਿਕਲ ਗਿਆ ਸੀ। ਪਿੱਠ

ਪਰਨੇ ਡਿਗਦੇ ਬਜ਼ੁਰਗ ਦੀ ਲੇਰ ਤੇ ਉੱਪਰ ਉੱਠੀ ਕਤਰੀ ਹੋਈ ਦਾੜ੍ਹੀ ਵਿਚ ਕੋਈ ਅਜਿਹੀ ਚੀਜ ਸੀ ਕਿ ਰਘੂ ਦੇ ਹੱਥੋਂ ਬਰਛਾ ਉਹਦੇ ਢਿੱਡ ਵਿਚ ਹੀ ਛੁੱਟ ਗਿਆ।

"ਨੰਗ ਸਾਲੇ", ਟੱਬਰ ਦੇ ਜੀਆਂ ਦੇ ਗਠੜੀਆਂ ਝੋਲ਼ਿਆਂ 'ਚੋਂ ਨਿਕਲੀ ਨਕਦੀ ਤੇ ਟੂਮ-ਟੱਲੇ ਨੂੰ ਹਥੇਲੀ 'ਤੇ ਰੱਖ ਕੇ ਦਿਖਾਉਂਦਿਆਂ ਚੰਨਣ ਨੇ ਅਫਸੋਸ ਵਿਚ ਸਿਰ ਮਾਰਿਆ-

"ਕਿਸੇ ਨੇ ਲੁੱਟ ਕੇ ਈ ਛੱਡ'ਤੇ। ਦੁਨੀਆਂ ਦਾ ਕੋਈ ਦੀਨ ਧਰਮ ਥੋੜ੍ਹੀ ਐ। ਕੋਈ ਨੀ। ਹੋਰ 'ਡੀਕ ਲੈਨੇ ਐਂ", ਅਜੇ ਤੱਕ ਸਹਿਕਦੇ ਜਣਿਆਂ ਨੂੰ ਲੋਥਾਂ ਦੇ ਢੇਰ ਤੇ ਸੁੱਟਦਿਆਂ ਜੈਬ ਨੇ ਕਿਹਾ।

1947 ਵਿਚ ਇਕੋ ਥਾਂ ਸਭ ਤੋਂ ਵੱਧ ਬੰਦੇ ਇਸ ਥਾਂ ਹੀ ਮਾਰੇ ਗਏ ਸਨ ਇਹ ਗੱਲ ਜਮਨਾ ਦਾਸ ਨੇ ਬੜੀ ਵਾਰ ਸੁਣੀ ਸੀ। ਪਿਤਾ ਜੀ ਦੀ, 'ਗੁਰੂ ਗੋਬਿੰਦ ਸਿੰਘ ਦੇ ਪੁੱਤ' ਵਾਲੀ ਗੱਲ ਉਹਨੂੰ ਉਹਦੇ ਫੁੱਫੜ ਨੇ ਦੱਸੀ ਸੀ-

"'ਗੁਰੂ ਗੋਬਿੰਦ ਸਿੰਘ ਦਾ ਪੁੱਤ' ਹੋਣ ਵਾਲੀ ਗੱਲ ਪਹਿਲੀ ਵਾਰ ਰਘੂਨਾਥ ਨੇ ਆਪਣੇ ਵਿਆਹ ਨੂੰ ਚਿਤਾਰੀ ਸੀ। ਪਗੜੀ ਬੰਨ੍ਹ ਕੇ, ਸ਼ੀਸ਼ਾ ਦੇਖਣ ਲੱਗਿਆ ਬੋਲਿਆ, "ਲਗਦੈਂ ਨਾ ਪੂਰਾ ਸਰਦਾਰ!" ਉਦੋਂ ਤਾਂ ਮੈਂ ਵੀ ਹਾਂ ਕਿਹਾ ਸੀ। ਸੱਚੀ ਗੱਲ ਐ,ਪੱਗੜੀ ਨਾਲ ਰਘੂਨਾਥ ਦਾ ਰੋਹਬ ਵੀ ਬਹੁਤ ਸੀ। ੩ਫੇਰ ਤਾਂ ਦੇਖ ਲੈ ਸਰਦਾਰ ਤੋਂ ਸਿੰਘ, ਸਿੰਘ ਤੋਂ ਗੁਰੂ ਗੋਬਿੰਦ ਸਿੰਘ ਦਾ ਪੁੱਤ੩ਬਾਕੀ ਤਾਂ..."

ਹਾਂ! ਬਾਕੀ ਤਾਂ ਜਮਨਾ ਦਾਸ ਦੇ ਸਾਹਮਣੇ ਵਾਪਰਿਆ ਸੀ ਸਭ ਕੁੱਝ।

ਫੁੱਫੜ ਦੀ ਗੱਲ ਯਾਦ ਕਰਕੇ ਜਮਨਾ ਦਾਸ ਨੂੰ ਖੜ੍ਹਨਾ ਮੁਸ਼ਕਲ ਹੋ ਗਿਆ। ਉਹ ਪਿੱਛੇ ਹਟਦਾ ਸ਼ੈੱਡ ਦੇ ਥਮ੍ਹਲੇ ਨਾਲ ਜਾ ਲੱਗਿਆ। ਹੱਥ ਉੱਪਰ ਉੱਠ ਗਏ ਜਿਵੇਂ ਚੀਕ ਮਾਰਨ ਲੱਗਿਆ ਹੋਵੇ। ਅੱਗ ਵਿਚ ਘਿਰੇ ਪਿਤਾ ਜੀ ਤੇ ਬੀਬੀ ਅੱਖਾਂ ਅੱਗੇ ਉੱਭਰ ਆਏ...

...ਉਹ ਤੀਸਰੀ ਵਿਚ ਪੜ੍ਹਦਾ ਸੀ ਉਦੋਂ । ਸਕੂਲੋਂ ਆਇਆ ਤਾਂ ਦੇਖਿਆ ਕਿ ਉਹ ਰੱਸੀ, ਜਿਸ ਨਾਲ ਦੌਰਾ ਪੈਣ 'ਤੇ ਪਿਤਾ ਜੀ ਬੰਨ੍ਹੇ ਹੁੰਦੇ ਸੀ, ਟੁੱਕੀ ਪਈ ਸੀ। ਪਿਤਾ ਜੀ ਦੇ ਹੱਥੋਂ ਮਿੱਟੀ ਦੇ ਤੇਲ ਵਾਲੀ ਪੀਪੀ ਖੋਂਹਦੀ ਬੀਬੀ ਆਪ ਤੇਲ ਨਾਲ ਭਿੱਜੀ ਪਈ ਸੀ। ਉਹਦੇ ਸਾਹਮਣੇ ਪਿਤਾ ਜੀ ਨੇ ਬੀਬੀ ਨੂੰ ਧੱਕਾ ਦਿੱਤਾ ਸੀ, ਆਪਣੇ ਤੇ ਤੇਲ ਪਾਇਆ ਸੀ, ਅੱਗ ਲਾਈ ਸੀ। ਉਹਦੇ ਸਾਹਮਣੇ ਬੀਬੀ ਅੱਗ ਬੁਝਾਉਣ ਲਈ ਪਿਤਾ ਜੀ ਦੇ ਨੇੜੇ ਹੋਈ ਸੀ ਤੇ... ਤੇ ਜਦੋਂ ਨੂੰ ਰਘੂਨਾਥ ਦੇ ਜੈਕਾਰੇ ਤੇ ਬੀਬੀ ਦੀਆਂ ਲੇਰਾਂ ਸੁਣ ਕੇ ਲੋਕ 'ਕੱਠੇ ਹੁੰਦੇ, ਪਿਤਾ ਜੀ ਨੂੰ ਬਚਾਉਂਦੀ ਬੀਬੀ ਵੀ ਸੁਆਹ ਹੋ ਗਈ ਸੀ...

ਜਮਨਾ ਦਾਸ ਦੇ ਕੰਨਾਂ 'ਚ ਗੂੰਜਦੇ ਰਹਿ ਗਏ ਸਨ ਪਿਤਾ ਜੀ ਦੇ ਆਖਰੀ ਬੋਲ-

"ਉਹਨੂੰ ਇਕ ਮੁਸਲਮਾਨ ਨੂੰ, ਭਰੋਸਾ ਸੀ ਕਿ ਮੈਂ ਗੁਰੂ ਗੋਬਿੰਦ...", ਬਾਕੀ ਸ਼ਬਦ ਮੂੰਹ 'ਚ ਜਾ ਵੜੀ ਅੱਗ ਖਾ ਗਈ ਸੀ।

"ਭਰੋਸਾ!" ਇਹ ਸ਼ਬਦ ਜਮਨਾ ਦਾਸ ਦੇ ਅੰਦਰ ਕਈ ਵਾਰ ਗੂੰਜਿਆ।

'ਤਾਂ ਇਹ ਸ਼ਬਦ ਮੈਨੂੰ ਏਥੇ ਲੈ ਆਇਆ ਹੈ!', ਜਮਨਾ ਦਾਸ ਨੇ ਮੁੜ ਉਸ ਥੜ੍ਹੇ ਵੱਲ ਦੇਖਿਆ ਜਿਸ 'ਤੇ ਚਿਣੀ ਇਕੋ ਚਿਤਾ 'ਤੇ ਪਿਤਾ ਜੀ ਤੇ ਬੀਬੀ ਦੇ, ਜਲ਼ ਕੇ ਕੋਲੇ ਹੋ ਗਏ ਸਰੀਰ ਰੱਖੇ ਸੀ।

"ਹਾਂ! ਸੱਚ ਦੇ ਸਾਹਮਣੇ ਹੋਣ ਲਈ, ਤੁਹਾਡੇ ਸਾਹਮਣੇ ਸੱਚ ਕਬੂਲਣ ਲਈ ਆਇਆ



ਹਾਂ ਪਿਤਾ ਜੀ!" ਜਮਨਾ ਦਾਸ ਥੜ੍ਹੇ ਅੱਗੇ ਗੋਡਣੀਏਂ ਹੋ ਗਿਆ।ਜੁੜੇ ਹੱਥ ਜ਼ਮੀਨ 'ਤੇ ਜਾ ਟਿਕੇ।ਚੇਤੇ ਵਿਚ ਫੁੱਫੜ ਦੇ ਬੋਲ ਗੂੰਜੇ-

"ਕਟੂਆ ਸਾਲਾ! ਮਰਦਾ ਮਰਦਾ ਵੀ ਰਘੂਨਾਥ ਵਰਗੇ ਸ਼ਰੀਫ ਆਦਮੀ ਨੂੰ ਲੈ ਬੈਠਿਆ। ਮਾਰ ਮਾਰ ਪਾਕਿਸਤਾਨ ਵਾੜ ਦੇਣੇ ਨੇ, ਤੂੰ ਦੇਖਦਾ ਜਾਹ।", ਪਹਿਲੇ ਦਿਨ ਸ਼ਾਖਾ ਵਿਚ ਛੱਡਣ ਗਏ ਫੁੱਫੜ ਨੇ ਕਿਹਾ ਸੀ।

ਉਦੋਂ, ਦਸ ਸਾਲ ਦੀ ਉਮਰ ਵਿਚ, ਜਮਨਾ ਦਾਸ ਲਈ ਇਹ ਸਾਰੇ ਸ਼ਬਦ ਓਪਰੇ ਸਨ।ਭਾਸ਼ਾ, ਲੋਕ, ਸਭ ਕੁਝ ਹੀ ਓਪਰਾ ਸੀ।ਸਭ ਤੋਂ ਵੱਧ ਭਾਸ਼ਾ ਉਲ਼ਝਾਉਂਦੀ-

"ਇਹ ਗੱਤਕੇ ਨੂੰ 'ਲੱਠਬਾਜ਼ੀ' ਕਿਓਂ ਕਹਿੰਦੇ ਨੇ।ਸਾਡੇ ਤਾਂ ਓਥੇ,ਨਹਿੰਗ ਖੇਡਦੇ ਹੁੰਦੇ ਨੇ"। ਇਕ ਦਿਨ ਸ਼ਾਖਾ ਤੋਂ ਆ ਕੇ ਉਹਨੇ ਫੁੱਫੜ ਤੋਂ ਪੁੱਛਿਆ ਸੀ।ਫੁੱਫੜ ਪਹਿਲਾਂ ਹਸਿਆ-

"ਲੱਠ ਦਾ ਮਤਲਬ੩ਹਾਂ੩ਡਾਂਗ! ਬਾਜ਼ੀ ਜਾਣੀ ਖੇਡ।"

"ਗੁਰੂ ਜੀ ਤਾਂ ਖੇਡ ਕਹਿੰਦੇ ਨੀ। ਉਹ ਤਾਂ ਕਹਿੰਦੇ 'ਉਹਨਾ ਲੋਕਾਂ' ਤੋਂ ਬਚਣ ਖਾਤਰ ਐ! ਪਤਾ ਨੀ ਉਹ ਕਿਨ੍ਹਾਂ ਨੂੰ ਕਹਿੰਦੇ ਨੇ!" ਜਮਨਾ ਦਾਸ ਨੇ ਸ਼ਾਖਾ ਵਿਚ ਗੱਤਕਾ ਸਿਖਾਉਣ ਆਉਂਦੇ ਸੇਵਕ ਦੀ ਗੱਲ ਕੀਤੀ।

"ਆਤਮ ਰੱਖਿਆ ਵਾਸਤੇ ਐ ਪੁੱਤ।ਚਲ ਤਿਆਰ ਹੋ ਸਕੂਲ ਜਾਣੈ" ਭੂਆ ਉਹਨੂੰ ਤਿਆਰ ਕਰਨ ਲਈ ਲੈ ਗਈ ਸੀ।ਅਜਿਹੀਆਂ ਗੱਲਾਂ ਤੋਂ ਬਚਾਉਂਦੀ, ਖੁਆਉਂਦੀ, ਸਜਾਉਂਦੀ ਭੂਆ, ਜਮਨਾ ਦਾਸ ਨੂੰ ਆਪਣੇ ਕੋਲ ਲਿਆਉਣ ਲਈ ਜਮਨਾ ਦਾਸ ਦੇ ਮਾਮਿਆਂ ਨਾਲ ਕੀਤੀ ਲੜਾਈ ਭੁੱਲ ਗਈ ਸੀ।ਪਰ ਫੁੱਫੜ ਅੱਗੇ ਹਾਰੀ ਲੜਾਈ ਉਹਨੂੰ ਫਿਕਰ 'ਚ ਪਾਈ ਰੱਖਦੀ-

"ਬੜਾ ਹੋ ਕੇ ਚਲਿਆ ਜਾਊ ਸ਼ਾਖਾ 'ਚ।ਨਾਲੇ ਸਮਝ ਆਜੂ", ਉਹ ਉਜਰ ਕਰਦੀ।

"ਪੰਜਾਬ ਦੀ ਸੰਸਕ੍ਰਿਤੀ ਹੋਰ ਐ! ਸ਼ਾਖਾ 'ਚ ਜਾਊ ਤਾਂ ਇੱਥੇ ਦੀ ਮਿੱਟੀ 'ਚ ਘੁਲੂ ਮਿਲੂ।ਹਾਣੀਆਂ 'ਚ ਰਹੂ। ਡਰ ਚੁੱਕਿਆ ਜਾਊ। ਫਿਕਰ ਨਾ ਕਰ, ਪੜ੍ਹਾਊਂ ਵੀ ਬਥੇਰਾ"।

"ਕੀ ਬਣਨੈ ਮੇਰੇ ਪੁੱਤ ਨੇ ਪੜ੍ਹ ਕੇ?", ਕਿਸੇ ਦਿਨ ਮੋਹ ਨਾਲ ਉਹਦਾ ਮੂੰਹ ਚੁੰਮ ਕੇ ਭੂਆ ਪੁੱਛਦੀ। ਸ਼ਾਖਾ 'ਚ ਭੇਜਣ ਵਾਲਾ, ਫੁੱਫੜ ਦਾ ਫਾਰਮੂਲਾ ਕੰਮ ਕਰ ਗਿਆ ਸੀ। ਹਰ ਵੇਲੇ ਡਰਿਆ ਰਹਿੰਦਾ ਜਮਨਾ ਦਾਸ ਪਹਿਲਾਂ ਸ਼ਾਖਾ ਤੇ ਫੇਰ ਸਕੂਲ ਜਾ ਕੇ ਖੁਲ੍ਹਣ ਲੱਗ ਪਿਆ ਸੀ।ਸ਼ਾਖਾ 'ਚ ਕੀਤੀ ਐਕਸਰਸਾਈਜ਼ ਨੇ ਕੰਮ ਕੀਤਾ ਸੀ।ਜਮਨਾ ਦਾਸ ਕੱਦ ਕੱਢਣ ਲੱਗ ਪਿਆ ਸੀ-

"ਸੇਵਕ"। ਭੂਆ ਦੇ ਸਵਾਲ ਦੇ ਜਵਾਬ ਵਿਚ ਜਮਨਾ ਦਾਸ ਨੇ ਰਟਿਆ ਰਟਾਇਆ ਜਵਾਬ ਦਿੱਤਾ ਸੀ।

"ਅੱਛਾ! ਕੀਹਦਾ ਸੇਵਕ ਬਣਨੈ ਮੇਰੀ ਡੱਡੀ ਮੱਡੀ ਨੇ?"

"ਰਾਸ਼ਟਰ ਦਾ"। ਇਕ ਦਮ ਸਾਵਧਾਨ ਖੜ੍ਹੇ ਹੋ ਗਏ ਜਮਨਾ ਦਾਸ ਦਾ ਉੱਪਰ ਉਠਿਆ ਖੱਬਾ ਹੱਥ ਇਕਦਮ ਹੇਠ ਆ ਜਾਂਦਾ ਤੇ ਓਨੀ ਤੇਜੀ ਨਾਲ ਹੀ ਸੱਜਾ ਹੱਥ ਮੱਥੇ ਤੇ ਜਾ ਟਿਕਦਾ।

"ਹੈ ਤਾਂ ਪਿਓ ਵਾਂਗ ਖੱਬਚੂ, ਸ਼ਾਖਾ ਵਾਲਿਆਂ ਨੇ ਸੱਜੂ ਬਣਾ'ਤਾ", ਹਸਦੀ ਹਸਦੀ ਭੂਆ ਗੰਭੀਰ ਹੋ ਜਾਂਦੀ-

"ਐਸੇ ਗੱਲੋਂ ਡਰਦੀ ਸੀ । ਤੇਰੇ ਤੇ ਵੀ ਲੱਗ ਗਿਆ ਤੇਰੇ ਫੁੱਫੜ ਦਾ ਪਾਹ ਚੜ੍ਹਨ"।

ਕਿਸੇ ਹੋਰ ਦਿਨ ਉਹਦੀ ਗੱਲ੍ਹ ਥਪਥਪਾਉਂਦੀ ਭੂਆ ਸਵਾਲ ਨੂੰ ਸਿੱਧਾ ਕਰ ਕੇ ਪੁੱਛਦੀ–

"ਸੇਵਕ ਤਾਂ ਠੀਕ ਐ ! ਪੜ੍ਹ ਕੇ ਕਰਨਾ ਕੀ ਐ, ਮੇਰੇ ਸੋਨੇ ਨੇ ?"

"ਪੁਲਸ !" ਉਹਨੇ ਫੁੱਫੜ ਵੱਲੋਂ ਸਿਖਾਈ ਗੱਲ ਕਹਿ ਦਿੱਤੀ ਸੀ।

"ਸ਼ਾਬਾਸ਼ ! ਇਹ ਤਾਂ ਹੋਈ ਨਾ ਕੋਈ ਗੱਲ ! ਤੂੰ ਇਕ ਵਾਰੀ ਪੈਰ ਟਿਕਾ, ਅਹੁਦਿਆਂ ਲਈ ਮੌਕੇ ਵਥੇਰੇ । ਏ.ਸੀ.ਪੀ., ਜੇ.ਡੀ. ਜ਼ਿੰਦਾਬਾਦ" ਫੁੱਫੜ ਨੇ ਏ.ਸੀ.ਪੀ. ਦੇ ਨਾਲ ਹੀ ਉਹਨੂੰ ਜਮਨਾ ਦਾਸ ਤੋਂ ਜੇ.ਡੀ. ਬਣਾਉਂਦਿਆਂ ਪਿੱਠ ਥਾਪੜੀ ਸੀ।

ਜਮਨਾ ਦਾਸ ਨੇ ਫੁੱਫੜ ਦਾ ਹੱਥ ਪਿੱਠ 'ਤੇ ਫਿਰਦਾ ਮਹਿਸੂਸ ਕੀਤਾ। ਪਿੱਠ ਵਿਚੋਂ ਸੇਕ ਨਿਕਲਿਆ। ਜਮਨਾ ਦਾਸ ਇਕਦਮ ਉੱਠਿਆ। ਪਤਾ ਨੀ ਕਿਹੜੇ ਵੇਲੇ ਉਹ ਦੂਜੇ ਥੜ੍ਹੇ ਤੇ ਜਾ ਬੈਠਿਆ ਸੀ।

ਸਿਗਰਟ ਸੁਲਗਾਉਣ ਲਈ ਡੱਬੀ ਜੇਬ 'ਚੋਂ ਕੱਢੀ, ਤੇ ਸ਼ੈੱਡ ਤੋਂ ਬਾਹਰ ਚਲਿਆ ਗਿਆ–

"ਨਹੀਂ ਪਿਤਾ ਜੀ, ਨਹੀਂ ! ਤੁਸੀਂ ਨਹੀਂ ਸਮਝ ਸਕਦੇ ਕਿ ਅੱਗ ਕਿਵੇਂ ਤੁਹਾਡੀਆਂ ਆਂਦਰਾਂ 'ਚ ਘਰ ਕਰਦੀ ਐ । ਕਿਹੜੇ ਕਿਹੜੇ ਰਾਹੀਂ ਆਉਂਦੀ ਐ !", ਬੋਲਦਿਆਂ ਉਹਦੀਆਂ ਅੱਖਾਂ 'ਚ ਹੰਝੂ ਆ ਗਏ । ਫਿਰ ਥੜ੍ਹੇ ਵੱਲ ਮੁੜ ਆਇਆ ਜਿਵੇਂ ਦੂਰੋਂ ਬੋਲਿਆ ਪਿਤਾ ਜੀ ਨੂੰ ਸੁਣਨਾ ਨਾ ਹੋਵੇ।

"ਮੈਨੂੰ ਕਿਹੜਾ ਪਤਾ ਲੱਗਿਆ ਸੀ...", ਜਮਨਾ ਦਾਸ ਨੇ ਅਫਸੋਸ ਵਿਚ ਸਿਰ ਮਾਰਿਆ, "ਸੱਚ ਵੀ ਤੇਰਾ ਮੇਰਾ ਦੇਖਣ ਲੱਗ ਜਾਂਦੈ..."

ਘਟਨਾ ਯਾਦ ਕਰਕੇ ਜਮਨਾ ਦਾਸ ਦਾ ਮੂੰਹ ਇਵੇਂ ਵੱਟਿਆ ਗਿਆ ਜਿਵੇਂ ਚੀਸਾਂ ਮਾਰਦੇ ਫੋੜੇ 'ਚੋਂ ਪੀਕ ਕੱਢੀ ਹੋਵੇ...

...ਉਦੋਂ ਉਹ ਸੀਨੀਅਰ ਸੈਕੰਡਰੀ, ਨਾਨ–ਮੈਡੀਕਲ ਦਾ ਵਿਦਿਆਰਥੀ ਸੀ । ਫੁੱਫੜ ਨੇ, ਜਿਹੜਾ ਆਪਣੇ ਧਰਮ ਦੇ ਟਰੱਸਟ ਵੱਲੋਂ ਚਲਾਏ ਜਾ ਰਹੇ ਸਕੂਲਾਂ ਦੀ ਕਮੇਟੀ ਦਾ ਚੇਅਰਮੈਨ ਵੀ ਸੀ, ਉਹਨੂੰ ਸ਼ਹਿਰ ਦੇ ਅੱਵਲ ਦਰਜੇ ਦੇ ਕ੍ਰਿਸ਼ਚੀਅਨ ਸਕੂਲ ਵਿਚ ਪੜ੍ਹਾਇਆ ਸੀ।

"ਧਰਮ ਸਿਰਫ ਸਵਰਗ ਨੂੰ ਹੀ ਨਹੀਂ ਸਗੋਂ ਸੰਸਾਰਿਕ ਪ੍ਰਾਪਤੀਆਂ ਨੂੰ ਲੱਗਦੀ ਪੌੜੀ ਵੀ ਐ । ਆਪਣੇ ਲਈ ਵਿਗਿਆਨ ਨੂੰ ਤੇ ਲੋਕਾਂ ਲਈ ਧਰਮ ਨੂੰ ਪੜ੍ਹਨਾ ਸਿੱਖ। ਨਾਲੇ ਤੇਰੇ ਮਾਮੇ ਨੂੰ ਵੀ ਤਾਂ ਦਿਖਾਉਣੈ, ਬੱਚੇ ਕਿਵੇਂ ਰੱਖੀ ਦੇ ਨੇ !", ਫੁੱਫੜ ਨੇ ਉਹਨੂੰ ਪਹਿਲੀਆਂ ਵਿਚ ਹੀ ਸਮਝਾ ਦਿੱਤਾ ਸੀ। ਉਹ ਸਮਝ ਵੀ ਗਿਆ ਸੀ । ਸੀਨੀਅਰ ਸੈਕੰਡਰੀ ਤੱਕ ਆਉਂਦਾ, ਮੁੰਡਿਆਂ ਦੇ ਗਰੁੱਪ ਦਾ ਲੀਡਰ ਬਣ ਗਿਆ ਸੀ।

ਉਸ ਇਕੋ ਘਟਨਾ ਨੇ ਗਰੁੱਪ, ਤੇ ਉਹਦੀ ਲੀਡਰੀ ਦੋਵੇਂ ਤੋੜ ਦਿੱਤੇ ਸਨ। ਘਟਨਾ ਅਚਾਨਕ ਨਹੀਂ ਸੀ ਵਾਪਰੀ। ਪਹਿਲਾਂ ਦੋ ਮਹੀਨੇ ਸਲਾਹ– ਮਸ਼ਵਰੇ, ਤੇ ਜੱਕੋ ਤੱਕੀ ਚੱਲਦੀ ਰਹੀ ਸੀ। ਉਹਦੇ ਸਭ ਤੋਂ ਨੇੜੇ ਦੇ ਮਿੱਤਰ ਦਾ ਦਿਲ ਇਕ ਜਮਾਤਣ ਕੱਢ ਕੇ ਲੈ ਗਈ ਸੀ । ਕੁੜੀ ਨਾਲ ਗੱਲ ਕਰਨ ਦੀ ਹਿੰਮਤ ਨਾ ਪਈ। ਹਾਰ ਕੇ ਇਕ ਸਕੀਮ ਲਾਈ ਗਈ। ਕਿਸੇ ਹੋਰ ਤੋਂ ਲਿਖਾ ਕੇ, ਇਕ ਬੇ–ਨਾਮ ਚਿੱਠੀ ਕੁੜੀ ਦੇ ਬੈਗ ਵਿਚ ਪਾਈ ਗਈ।



ਕੁੜੀ ਨੇ ਚਿੱਠੀ ਅਧਿਆਪਕ, ਤੇ ਅਧਿਆਪਕ ਨੇ ਪ੍ਰਿੰਸੀਪਲ ਅੱਗੇ ਲਿਜਾ ਰੱਖੀ। ਦੋ ਕੁ ਦਿਨ ਬਾਅਦ ਟਹਿਲਦੇ ਟਹਿਲਦੇ ਪ੍ਰਿੰਸੀਪਲ ਸਾਹਿਬ ਉਹਨਾ ਦੀ ਜਮਾਤ ਵਿਚ ਆ ਗਏ।

"ਲਿਖੋ ਬਈ...", ਪ੍ਰਿੰਸੀਪਲ ਸਾਹਿਬ ਨੇ ਲਿਖਾਉਣਾ ਸ਼ੁਰੂ ਕੀਤਾ–

"ਹੇ ਪ੍ਰਭੂ ਯੀਸ਼ੂ ! ਅਸੀਂ ਤੈਨੂੰ ਪਿਆਰ ਕਰਦੇ ਹਾਂ । ਤੇਰੇ ਲਈ ਜਾਨ ਵੀ ਦੇ ਸਕਦੇ ਹਾਂ । ਤੇਰਾ ਪਿਆਰ ਚਾਹੁੰਦੇ ਹਾਂੜ", ਪੈਰ੍ਹਾ ਲਿਖਵਾਇਆ ਤੇ ਮੁੰਡਿਆਂ ਦੀਆਂ ਕਾਪੀਆਂ ਫੜ ਲਈਆਂ।

ਦੋ ਮੁੰਡਿਆਂ ਦੀ ਲਿਖਾਈ ਚਿੱਠੀ ਵਿਚਲੀ ਲਿਖਾਈ ਨਾਲ ਮੇਲ ਖਾ ਗਈ ਸੀ। ਉਹਨਾ ਨੂੰ ਮਨਾਉਣ ਦੀ ਜ਼ਿੰਮੇਵਾਰੀ ਪੀ.ਟੀ. ਸਰ ਦੀ ਲਾਈ ਗਈ। ਗਰਾਊਂਡ 'ਚ ਇਕੱਠੇ ਕੀਤੇ ਮੁੰਡਿਆਂ ਦੇ ਸਾਹਮਣੇ, ਫੜੇ ਗਏ ਦੋਵਾਂ ਮੁੰਡਿਆਂ ਦੀ ਕੁਟਾਈ ਸ਼ੁਰੂ ਹੋਈ। ਦੋਵੇਂ ਮੁੰਡੇ ਆਪਣੀ 'ਨਹੀਂ' ਤੇ ਅੜੇ ਰਹੇ ਪਰ ਜੇ.ਡੀ.ਦੇ ਅੰਦਰ ਬੈਠਾ ਜਮਨਾ ਦਾਸ ਡੋਲ ਗਿਆ। ਉਸ ਨੂੰ ਪਤਾ ਸੀ ਕਿ ਉਸਦੇ ਮਿੱਤਰ ਕਾਰਨ ਮੁੰਡੇ ਕੁੱਟੇ ਜਾ ਰਹੇ ਸਨ–

"ਸਰ, ਮੇ ਆਈ ਸੇ ਸਮ ਥਿੰਗ", ਪਤਾ ਨੀ ਕਿਹੜੇ ਵੇਲੇ ਉਹਦੇ ਮੂੰਹੋਂ ਨਿਕਲ ਗਿਆ ਸੀ। ਉਹਦੀ ਰੋਣਹਾਕੀ ਆਵਾਜ਼ ਆਈ ਸੀ, "ਆਈ ਨੋ ਵੱਟ੍ਹ ਯੂ ਆਰ ਸਰਚਿੰਗ ਫਾਰ।"

ਪ੍ਰਿੰਸੀਪਲ ਸਾਹਿਬ ਦੇ ਸਾਹਮਣੇ ਉਹਨੇ ਸੱਚ ਦੱਸ ਦਿੱਤਾ।

"ਧੜੇ ਤੋਂ ਤਾਂ ਧਰਮ ਵੀ ਉੱਪਰ ਨੀ ਹੁੰਦਾ ! ਬੇ–ਵਕੂਫ ! ਤੂੰ ਕਮਜ਼ੋਰ ਨਿਕਲਿਆ", ਉਸ ਦੇ ਫੁੱਫੜ ਨੇ ਕਿਹਾ ਸੀ, "ਕਮਲ਼ਿਆ ! ਗਰੁੱਪ ਨੇ ਸਾਰੀ ਉਮਰ ਨਾਲ ਰਹਿਣਾ ਸੀ । ਤੇਰੀ ਧਿਰ ਬਣਨਾ ਸੀ। ਉਹ ਕਟੂਏ ਤੇਰੇ ਕੀ ਲਗਦੇ ਨੇ !"

'ਕਟੂਏ !' ਉਹਨੂੰ ਪਤਾ ਸੀ ਫੁੱਫੜ ਕੀ ਕਹਿ ਰਿਹਾ ਸੀ । ਕੁੱਟ ਖਾਣ ਵਾਲ਼ਿਆਂ ਵਿਚੋਂ ਇਕ ਮੁੰਡਾ ਮੁਸਲਮਾਨਾ ਦਾ ਸੀ।

ਇਹ ਸ਼ਬਦ ਜਦੋਂ ਉਹਨੇ ਪਹਿਲੀ ਵਾਰ ਫੁੱਫੜ ਦੇ ਮੂੰਹੋਂ ਸੁਣਿਆ ਸੀ ਤਾਂ ਸ਼ਾਖਾ ਵਿਚ ਕਿਸੇ ਸਾਥੀ ਤੋਂ ਪੁੱਛਿਆ–

"ਕਟੂਏ ਕੌਣ ਹੁੰਦੇ ਨੇ ?"

"ਤੈਨੂੰ ਨੀ ਪਤਾ ! ਮੁਸਲਮਾਨ ! ਹਰਾਮੀ ਸਾਲੇ !"

"ਹਰਾਮੀ ਕਿਓਂ ? ਮੁਸਲਮਾਨ ਤਾਂ ਐਨੇ ਚੰਗੇ ਹੁੰਦੇ ਨੇ !", ਉਹਦੇ ਸਾਹਮਣੇ ਸਬਜੀ ਵਾਲਾ ਹਮੀਦ ਚਾਚਾ ਆ ਖੜ੍ਹਿਆ ਸੀ, "ਸਬਜੀ ਬੀਜਦੇ ਹੁੰਦੇ ਨੇ ! ਨਾਲੇ ਹਾਂ ! ਦੁਸਹਿਰੇ ਨੂੰ ਰਾਵਣ, ਮੇਘਨਾਥ ਬਣਾਉਂਦੇ ਹੁੰਦੇ ਨੇ !"

"ਚੰਗੇ ! ਮਾਈ ਫੁੱਟ ! ਟੈਰੋਰਿਸਟ ਹੁੰਦੇ ਨੇ। ਬਚਕੇ ਰਹੀਂ।"

ਉਹਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਕਦੋਂ ਬਚ ਕੇ ਰਹਿਣ ਲੱਗ ਪਿਆ ਸੀ । ਕਦੋਂ ਫੁੱਫੜ ਦੀ ਆਖੀ ਗੱਲ ਸੱਚੀ ਲੱਗਣ ਲੱਗੀ ਸੀ, "ਕਟੂਆ ਸਾਲਾ ! ਮਰਦਾ ਮਰਦਾ ਵੀ ਰਘੂਨਾਥ ਵਰਗੇ ਸ਼ਰੀਫ ਆਦਮੀ ਨੂੰ ਲੈ ਬੈਠਿਆ। ਮਾਰ ਮਾਰ ਪਾਕਿਸਤਾਨ ਵਾੜ ਦੇਣੇ ਨੇ, ਤੂੰ ਦੇਖਦਾ ਜਾਹ।"

"ਮੈਨੂੰ ਲਗਦੈ, ਜਿਸ ਦਿਨ ਫੁੱਫੜ ਨੇ ਇਹ ਕਿਹਾ ਸੀ, ਉਸ ਦਿਨ ਮੇਰੇ 'ਚੋਂ ਪਿੰਡ ਮਰਨਾ ਸ਼ੁਰੂ ਹੋਇਆ ਸੀ। ਪਰ ਤੁਸੀਂ ! ਤੁਸੀਂ ਤਾਂ ਏ.ਐਸ.ਆਈ. ਬਣਨ ਤੱਕ ਵੀ ਮੇਰੇ ਅੰਦਰੋਂ ਨਹੀਂ ਸੀ ਮਰੇ"। ਜਮਨਾ ਦਾਸ ਨੇ ਥੜ੍ਹੇ ਵੱਲ ਦੇਖਦਿਆਂ ਕਿਹਾ, "ਦੁਸਹਿਰੇ ਵਾਲੇ ਦਿਨ

ਡਿਊਟੀ ਦਿੰਦਿਆਂ, ਜਦੋਂ ਫੁੱਫੜ ਜੀ ਨੂੰ ਪੁਤਲੇ ਬਣਾਉਣ ਵਾਲੇ ਰਸ਼ੀਦ ਮੀਆਂ ਨਾਲ ਗੱਲਾਂ ਕਰਦੇ ਦੇਖਦਾ , ਤਾਂ ਤੁਸੀਂ ਯਾਦ ਆਉਂਦੇ ।ਮੈਨੂੰ ਲਗਦਾ ਹੁੰਦਾ ਕਿ ਕਾਗਜ਼ਾਂ ਦੇ ਰੰਗਾਂ ਬਾਰੇ, ਸਾਦਿਕ ਚਾਚੇ ਨਾਲ ਤੁਸੀਂ ਵੀ ਅਜਿਹੀਆਂ ਗੱਲਾਂ ਹੀ ਕਰਦੇ ਹੁੰਦੇ ਸੀ–

"ਪੁਤਲੇ ਤਾਂ ਹੋਰ ਵੀ ਵਥੇਰੇ ਬਣਾਉਂਦੇ ਨੇ, ਪਰ ਸਰੂਪਨਖਾ ਦੇ ਬਸਤਰ ਇੰਨੇ ਸ਼ੋਖ ਕੋਈ ਨੀ ਚੁਣਦਾ", ਫੁੱਫੜ ਜੀ ਕਹਿੰਦੇ ਤਾਂ ਰਸ਼ੀਦ ਮੀਆਂ ਦੀ ਥਾਂ ਮੈਨੂੰ ਸਾਦਿਕ ਚਾਚਾ ਹਸਦਾ ਸੁਣਦਾ, "ਤੈਨੂੰ ਕੀ ਲਗਦੈ ਬਈ ਰਾਮ ਜੀ ਨੂੰ ਰਿਝਾਉਣ ਲਈ ਉਹ ਕਾਲ਼ੇ ਕੱਪੜੇ ਪਾ ਕੇ ਆਈ ਹੋਊ ?" ਫੁੱਫੜ ਜੀ ਹਸਦੇ, ਮੈਨੂੰ ਤੁਹਾਡਾ ਹਾਸਾ ਸੁਣਦਾ। ਤੁਹਾਡੇ ਮੋਢਿਆਂ ਤੇ ਬੈਠਾ ਮੈਂ ਦਿਸਦਾ।

"ਮਰੇ ਤਾਂ ਤੁਸੀਂ ਉਸ ਦਿਨ ਸੀ ਜਿਸ ਦਿਨ ਫੁੱਫੜ ਜੀ ਦੇ ਕਹਿਣ ਤੇ ਮੈਂ ਬਲਾਤਕਾਰੀ ਨੇਤਾ ਨੂੰ, ਘਟਨਾ ਦੇ ਵਕਤ ਆਪਣੀ ਕਸਟੱਡੀ 'ਚ ਦਿਖਾਇਆ ਸੀ। ਮੇਰੀ ਗਵਾਹੀ ਨੇ ਉਹ ਬਰੀ ਕਰਵਾ ਦਿੱਤਾ ਸੀ। ਮੋਢੇ ਤੇ ਡੀ.ਐਸ.ਪੀ. ਦੇ ਸਟਾਰ ਲਾਉਂਦਿਆਂ ਤੁਸੀਂ ਮੈਨੂੰ ਯਾਦ ਨੀ ਸੀ ਆਏ! ਸਾਹਮਣੇ ਖੜ੍ਹੇ ਫੁੱਫੜ ਜੀ ਦਿਸਦੇ ਰਹੇ ਸੀ।"

ਥੜ੍ਹੇ ਅੱਗੇ ਬੈਠੇ ਜਮਨਾ ਦਾਸ ਦੀ ਨੀਵੀਂ ਪੈ ਗਈ।ਜਿਵੇਂ ਪੱਤਰਕਾਰਾਂ ਦੇ ਕੈਮਰਿਆਂ ਸਾਹਮਣੇ ਨੇਤਾ ਬਾਰੇ ਝੂਠ ਬੋਲਦੇ ਦੀ, ਆਪਣੀ ਹੰਕਾਰੀ ਧੌਣ ਪਿਤਾ ਜੀ ਤੋਂ ਲਕੋ ਰਿਹਾ ਹੋਵੇ। ਫਿਰ ਗਰਦਨ ਚੁੱਕੀ। ਹੌਲ਼ੇ ਹੋ ਗਏ ਦਿਲ ਨਾਲ ਥੜ੍ਹੇ ਵੱਲ ਦੇਖਿਆ। ਜਿਹੜੀ ਗੱਲ ਉਹ ਆਪਣੇ ਆਪ ਤੋਂ ਵੀ ਲਕਾਉਂਦਾ ਆਇਆ ਸੀ, ਉਹ ਕਹਿ ਦਿੱਤੀ ਗਈ ਸੀ। ਉਹਨੇ ਪਿੰਡ ਵੱਲ ਦੇਖਿਆ।ਦੋ ਬੰਦੇ ਆਉਂਦੇ ਦਿਸੇ।ਘਬਰਾ ਕੇ ਜਮਨਾ ਦਾਸ ਚਿਤਾ ਤੋਂ ਪਰੇ ਚਲਿਆ ਗਿਆ।

ਮੁਰਦੇ ਦੇ ਪੂਰੀ ਤਰ੍ਹਾਂ ਜਲ਼ ਜਾਣ ਦੀ ਤਸੱਲੀ ਕਰਕੇ, ਇਕ ਜਣਾ ਹੱਡੀ ਕੱਢ ਕੇ ਦੂਰ ਦੱਬਣ ਚਲਾ ਗਿਆ।ਦੂਜਾ ਜਣਾ ਜਮਨਾ ਦਾਸ ਵੱਲ ਆ ਗਿਆ–

"ਬਾਬੂ ਜੀ, ਸੱਤਿ ਸ੍ਰੀ ਅਕਾਲ ! ਘਰ ਹੋ ਕੇ ਜਾਇਓ!" ਜਮਨਾ ਦਾਸ ਸਮਝ ਗਿਆ ਕਿ ਜਣੇ ਨੂੰ ਭੁਲੇਖਾ ਲੱਗਿਆ ਸੀ ਕਿ ਉਹ ਦਾਗ ਤੋਂ ਪਛੜ ਗਿਆ ਕੋਈ ਸਾਕ-ਸਬੰਧੀ ਹੋਵੇਗਾ।ਉਹਨੇ ਸਿਰ ਹਿਲਾ ਕੇ ਹਾਮੀ ਭਰੀ ਤੇ ਮੂੰਹ ਘੁਮਾ ਲਿਆ–

"ਨਿਸ਼ਾਨੀ ਲਾ ਦੇਣੀ ਸੀ...", ਜਣੇ ਨੇ ਹੱਡੀ ਦੱਬ ਕੇ ਮੁੜੇ ਆਉਂਦੇ ਬੰਦੇ ਨੂੰ ਕਿਹਾ।

"ਇੱਟਾਂ ਧਰ'ਤੀਆਂ ਦੋ। ਨਾਲੇ ਕੁੱਤਾ ਬਿੱਲਾ ਨੀ ਕੱਢੂ..."

ਜਮਨਾ ਦਾਸ, ਉਹਨਾ ਨੂੰ ਦੇਖਦਾ ਰਿਹਾ।ਉਹਨੂੰ ਪਤਾ ਸੀ ਹੱਡੀ ਕਿਓਂ ਕੱਢਦੇ ਨੇ! ਕਿਸੇ 'ਸਿਆਣੇ' ਦੇ ਮਸਾਣ ਜਗਾ ਲੈਣ ਦੇ ਡਰੋਂ ਮੁਰਦੇ ਦੀ ਇਕ ਹੱਡੀ ਘਟਾ ਕੇ ਦੇਹ ਵਿਚ ਕਾਣ ਪਾ ਦਿੱਤੀ ਜਾਂਦੀ ਹੈ। ਅਧੂਰੀ ਜਾਂ ਕਜ ਵਾਲੀ ਦੇਹ ਦੀ ਨਾ ਬਲੀ ਦਿੱਤੀ ਜਾ ਸਕਦੀ ਹੈ ਤੇ ਨਾ ਮਸਾਣ ਜਗਾਇਆ ਜਾ ਸਕਦੈ–

"ਕਰ ਲੈ ਜੇ ਵਹਿਮ ਪੂਰਾ ਕਰਨੈ। ਦੋ ਹੱਡੀਆਂ ਕੱਢ'ਲੀਂ। ਪਤਾ ਤਾਂ ਲੱਗਣਾ ਨੀ ਬਈ ਕਿਹੜੀ ਹੱਡੀ ਕੀਹਦੀ ਐ। ਊਂ ਰਘੂ ਕਮਲੇ ਦਾ ਮਸਾਣ ਜਗਾ ਕੇ ਕਿਸੇ ਨੇ ਕੀ ਕਰਾਉਣੈ!", ਬੀਬੀ ਤੇ ਪਿਤਾ ਜੀ ਬਾਰੇ ਕਿਸੇ ਦੇ ਕਹੇ ਬੋਲ ਜਮਨਾ ਦਾਸ ਦਾ ਦਿਲ ਚੀਰ ਗਏ।

"ਲੋਕ ਵੀ ਬੱਸ...!" ਅਚਾਨਕ ਉਹਨੂੰ ਲੱਗਿਆ ਜਿਵੇਂ ਉਹ ਤਾਂਤ੍ਰਿਕ ਹੋਵੇ ਤੇ ਆਪਣੇ ਪਿਤਾ ਜੀ ਦਾ ਮਸਾਣ ਜਗਾਉਣ ਆਇਆ ਹੋਵੇ। ਉਹਨੇ ਥੜ੍ਹੇ ਵੱਲ



ਦੇਖਿਆ।ਬੁੜਬੁੜਾਇਆ, "ਹਾਂ ਪਿਤਾ ਜੀ! ਮੈਂ ਤੁਹਾਡਾ ਮਸਾਣ ਜਗਾਉਣ ਹੀ ਤਾਂ ਆਇਆ ਹਾਂ।ਤੁਸੀਂ ਇਨਸਾਫ ਕਰੋ।ਅਗਲਿਆਂ ਨੇ ਤਾਂ ਬਿਨਾ ਪੈਂਸ਼ਨ ਬਰਖਾਸਤਗੀ ਦੇਣੀ ਐ, ਸਾਰੀ ਉਮਰ ਕੀਤੀ ਸੇਵਾ ਦੀ।ਜੇਲ੍ਹ ਵੀ ਕੱਟਣੀ ਪੈ ਸਕਦੀ ਐ!" ਜਮਨਾ ਦਾਸ ਨੇ ਹੌਕਾ ਭਰਿਆ।

"ਮੈਂ ਦੱਸਦਾਂ ਤੁਹਾਨੂੰ! ਦੰਗੇ ਹੋਏ ਸਨ।ਦੰਗੇ ਵੀ ਕਾਹਨੂੰ, ਦੰਗਿਆਂ ਦੇ ਓਹਲੇ ਕਤਲੇਆਮ ਹੋਇਆ ਸੀ!..." ਜਮਨਾ ਦਾਸ ਥੜ੍ਹੇ ਦੇ ਨੇੜੇ ਥਮ੍ਹਲੇ ਨਾਲ ਢੋਅ ਲਾ ਕੇ ਬੈਠ ਗਿਆ ਜਿਵੇਂ ਬੱਚੇ ਕਿਸੇ ਦੀ ਸ਼ਕਾਇਤ ਕਰਨ ਵੇਲੇ ਬੈਠਿਆ ਕਰਦੇ ਹਨ।

ਪਰ ਅਗਲੀ ਗੱਲ ਜਮਨਾ ਦਾਸ ਦੇ ਮੂੰਹੋਂ ਨਿਕਲੀ ਨਾ। ਬੈਠਣਾ ਔਖਾ ਹੋ ਗਿਆ।ਉੱਠ ਕੇ ਖੜ੍ਹਾ ਹੋ ਗਿਆ। ਸਿਗਰੇਟ ਦੀ ਡੱਬੀ ਕੱਢੀ। ਤੁਰਨ ਲੱਗਿਆ ਫਿਰ ਰੁਕ ਗਿਆ। ਥੜ੍ਹੇ ਵੱਲ ਮੂੰਹ ਕਰਕੇ ਬੋਲਿਆ–

"ਸਸਪੈਂਡ ਹੋਣ ਤੋਂ ਪਹਿਲਾਂ ਤੱਕ ਮੈਂ ਸਮੋਕ ਨਹੀਂ ਸੀ ਕਰਦਾ", ਉਹਨੇ ਗਹਿਰਾ ਸਾਹ ਲਿਆ, "ਪਰ ਹੁਣ ਜਦ ਕਦੇ ਉਹ ਟ੍ਰਾਈਸਾਈਕਲ ਤੇ ਦੌੜਿਆ ਜਾਂਦਾ ਬੱਚਾ, ਲੇਰਾਂ ਮਾਰਦੀ ਉਹਦੀ ਮਾਂ ਯਾਦ ਆਉਂਦੇ ਨੇ...!", ਉਹਨੇ ਗੱਲ ਵਿਚਾਲੇ ਛੱਡ ਦਿੱਤੀ। ਚਿਹਰੇ ਤੇ ਪਸੀਨਾ ਆ ਗਿਆ। ਹੱਥ 'ਚ ਸਿਗਰੇਟ ਫੜੀ ਉਹ ਸ਼ੈੱਡ ਤੋਂ ਬਾਹਰ ਚਲਿਆ ਗਿਆ। ਆਪਣੇ ਆਪ ਨਾਲ ਜੂਝਦਾ ਰਿਹਾ–

"ਦੰਗੇ ਨਹੀਂ ਫੈਲਦੇ! ਫੈਲਦੀਆਂ ਤਾਂ ਅਫਵਾਹਾਂ ਹੁੰਦੀਆਂ ਨੇ। ਅਫਵਾਹਾਂ ਦੇ ਪਿੱਛੇ ਪਿੱਛੇ ਕਤਲੇਆਮ ਆਉਂਦੈ!"

ਜਮਨਾ ਦਾਸ ਦੇ ਪਹਿਲੀ ਅਫਵਾਹ ਯਾਦ ਆਈ–

'ਚਾਰ ਨੌਜੁਆਨ ਸੜਕੇ ਸਵਾਹ! ਇਖਲਾਕ ਨਾਂ ਦਾ ਇਕ ਦੰਗਈ ਗ੍ਰਿਫਤਾਰ। ਭੀੜ ਭੜਕੀ!'

ਮੁਢਲਾ ਕੰਮ ਹੋ ਗਿਆ ਸੀ। ਭੀੜ ਦੀ ਲਾਈ ਅੱਗ ਦੀਆਂ ਲਪਟਾਂ ਉਸ ਸ਼ਹਿਰ ਆ ਵੜੀਆਂ ਸਨ ਜਿੱਥੇ ਜਮਨਾ ਦਾਸ, ਡੀ.ਐਸ.ਪੀ. ਵਜੋਂ ਤਾਇਨਾਤ ਸੀ।ਚਾਰ ਥਾਣੇ ਉਹਦੇ ਅਧੀਨ ਸਨ।ਫੁੱਫੜ ਦਾ ਫੋਨ ਆਇਆ ਸੀ–

"ਭਰਤੀ ਲਈ ਕੀਤੀਆਂ ਸਿਫਾਰਸ਼ਾਂ ਦਾ ਮੁੱਲ ਮੋੜਨ ਦਾ ਸਮਾਂ ਆ ਗਿਆ ਏ ਪੁੱਤਰ।ਜੇ.ਡੀ. ਜੇ.ਡੀ ਕਰਾ ਦੇ!"

"ਐਮ.ਪੀ. ਓਧਰਲੈ!" ਉਹਨੇ ਅੜਿੱਕਾ ਦੱਸਿਆ ਸੀ।

"ਐਧਰਲਾ ਓਧਰਲਾ ਕੋਈ ਨੀ ਹੁੰਦਾ। ਕੁਰਸੀ ਹੁੰਦੀ ਐ! ਉਹਨੇ ਵੀ ਮੰਤਰੀ ਬਣਨੈ। ਰਲ਼ ਕੇ ਕੰਮ ਕਰੋ।ਤੂੰ ਬੱਸ ਵੱਡਿਆਂ ਦਾ ਹੁਕਮ ਮੰਨੀਂ।"

"ਓਧਰਲਾ ਐਮ.ਪੀ. ਸੁਣ ਕੇ ਚੌਂਕ ਗਏ ਨਾ ਪਿਤਾ ਜੀ! ਆਪਣੇ ਪਰਾਏ ਦੇ ਚੱਕਰਾਂ 'ਚ ਪੈਗੇ ਹੈ ਨਾ?" ਅਚਾਨਕ ਜਮਨਾ ਦਾਸ ਉੱਚੀ ਬੋਲਣ ਲੱਗ ਪਿਆ। ਗੱਲ ਰੋਕ ਕੇ ਉਹ ਥੜ੍ਹੇ ਦੇ ਨੇੜੇ ਹੋ ਗਿਆ ਜਿਵੇਂ ਗੱਲ ਪਿਤਾ ਜੀ ਦੇ ਕੰਨ 'ਚ ਕਹਿਣੀ ਹੋਵੇ–

"ਉਹਨਾ ਦਾ ਆਪਣਾ,ਪਰਾਇਆ ਕੋਈ ਨੀ! ਉਹ ਤਾਂ ਪਿਤਾ ਜੀ! ਧਰਮ, ਜਾਤ, ਫਿਰਕੇ ਦੇ ਰਿਸ਼ਤਿਆਂ ਤੋਂ ਬਹੁਤ ਉਤਾਂਹ ਉੱਠ ਗਏ ਨੇ। ਇਕ ਅਜਿਹਾ ਧਰਮ ਯੁੱਧ ਸ਼ੁਰੂ ਕਰ ਲਿਐ ਜਿਸ ਵਿਚ ਇਕ ਹੀ ਆਦਮੀ ਸਾਰੇ ਧਰਮਾਂ ਦੇ ਬੰਦਿਆਂ ਦੀ ਬਲੀ ਦੇ ਸਕਦੈ। ਧਰਮ ਨਿਰਪੱਖ ਵੀ ਬਣਿਆ ਰਹਿ ਸਕਦੈ ਜੇ ਚਾਹੇ ਤਾਂ!"

ਉਹਨੇ ਵੱਡਿਆਂ ਦੇ ਹੁਕਮਾਂ ਤੇ ਪਹਿਲੇ ਫੁੱਲ ਚੜ੍ਹਾਏ ਸਨ। ਵਿਰੋਧੀ ਫਿਰਕੇ ਦੇ ਸਿਪਾਹੀ ਲਾਈਨ ਹਾਜ਼ਿਰ ਕੀਤੇ। ਅਸਲ 'ਚ ਜਦੋਂ ਉਹ ਤੇ ਉਸਦੇ ਸਾਥੀ, ਅਖਬਾਰਾਂ 'ਚ ਬਲਦੀਆਂ ਖਬਰਾਂ ਦੀ ਅੱਗ ਸੇਕਦੇ, ਦੂਜਿਆਂ ਸਾਹਮਣੇ ਬਾਘੀਆਂ ਪਾਉਣੀਆਂ ਔਖੀਆਂ ਲਗਦੀਆਂ। ਇਕ ਦੋ ਤਾਂ ਉਹਦੇ 'ਆਪਣੇ' ਵੀ ਬੁੱਲ੍ਹ ਟੇਰਦੇ। ਪਰ ਉਹ ਉਹਨਾ ਨੂੰ ਕਾਲੀਆਂ ਭੇਡਾਂ ਕਹਿ ਕੇ ਦਬਕਾ ਛੱਡਦਾ।ਥਾਣੇ 'ਚ ਲਗਾਤਾਰ ਬੁੜਬੁੜਾਉਂਦੀ ਵਾਇਰਲੈੱਸ 'ਫੱਕੀਆਂ ਉਡਾਉਂਦੇ' ਉਹਦੇ ਹਮ-ਮਜ਼ਹਬਾਂ ਦੀਆਂ ਪਿੱਠਾਂ ਥਾਪੜਦੀ ਰਹਿੰਦੀ। ਹਰ ਖਬਰ ਤੇ ਉਹ ਲਲਕਰਾ ਮਾਰਦਾ, 'ਮਾਰੋ ਸਾਲਿਆਂ ਸੱਪਾਂ ਨੂੰ'।

ਪਰ ਸੱਪ ਸਨ ਕਿ ਖੱਡਾਂ ਚੋਂ ਬਾਹਰ ਹੀ ਨਹੀ ਸੀ ਆ ਰਹੇ।ਅੱਖਾਂ ਬੰਦ ਕਰੀਂ ਬੈਠੇ 'ਉੱਪਰਲੇ', ਜਿਹੜੀ ਅੱਗ ਸੇਕਣੀ ਚਾਹੁੰਦੇ ਸੀ, ਉਹਦੀਆਂ ਲਾਟਾਂ ਉੱਠ ਹੀ ਨਹੀ ਸਨ ਰਹੀਆਂ। ਵਿਰੋਧੀ ਇਕ ਦਮ ਚੁੱਪ ਸਨ। ਇਕ ਪਾਸਿਓਂ ਭੜਕੀ ਅੱਗ ਬੁਝਣ ਤੇ ਆ ਗਈ ਸੀ। ਸਾਂ ਸਾਂ ਕਰਦੀ ਚੁੱਪ ਵਿਚ ਫਿਰਕੂ ਗੂੰਜ ਦੇ ਆਸਾਰ ਮੱਧਮ ਪੈਂਦੇ ਜਾ ਰਹੇ ਸਨ। ਇਕ ਵੱਡਾ ਮੌਕਾ ਖੁੰਝ ਜਾਣ ਦੀ ਨਿਰਾਸ਼ਤਾ ਮੱਥਿਆਂ ਦੀਆਂ ਤਿਓੜੀਆਂ ਵਿਚ ਵਟ ਰਹੀ ਸੀ।

"ਦੋ ਚਾਰ ਇਧਰੋਂ ਵੀ ਮਰਨ ਨਾ, ਫੇਰ ਬਣੂੰ ਗੱਲ!" ਇਕ ਦਿਨ ਉਹਦੇ ਸਾਹਮਣੇ ਬੈਠੇ ਇਕ ਲੋਕਲ ਲੀਡਰ ਨੇ ਕਿਹਾ ਸੀ।ਨਹੀਂ ਤਾਂ ਆਪਣੇ ਲੋਕ ਵੀ ਠੰਡੇ ਪੈ ਜਾਣਗੇ। ਮੇਰੇ ਲੜਕੇ ਤਾਂ ਮੁੱਠੀਆਂ ਵਿਚ ਥੁਕੀਂ ਬੈਠੇ ਨੇ..."

...ਤੇ ਫੇਰ ਇਕ ਦਿਨ ਅਚਾਨਕ ਸੱਪ ਖੱਡਾਂ ਵਿਚੋਂ ਨਿਕਲ ਆਏ ਸਨ। ਕਈ ਪਰਿਵਾਰ ਰਾਜਧਾਨੀ ਵਿਚ ਮਾਰ ਦਿੱਤੇ ਗਏ ਸਨ। ਬੁਝਣ ਤੇ ਆਈ ਅੱਗ ਭਾਂਬੜ ਬਣ ਗਈ। ਕਤਲੇਆਮ ਨੇ ਦੰਗਿਆਂ ਦਾ ਲਬਾਦਾ ਓੜ ਲਿਆ ਸੀ।

... ਉਹਨੇ 'ਕੰਮ ਕਰਨ ਲਈ', ਸੰਵੇਦਨਸ਼ੀਲ਼ ਥਾਣਿਆਂ ਵਿਚੋਂ ਇਕ ਦੀ ਚੋਣ ਕੀਤੀ।ਥਾਣਾ ਮੁਖੀ ਆਪਣਾ ਭਰੋਸੇਯੋਗ ਬੰਦਾ ਲਾਇਆ। ਖੁਲ੍ਹ ਕੇ ਖੇਡਣ ਦੇ ਇਸ਼ਾਰੇ ਸਾਫ ਮਿਲੇ ਹੋਏ ਸੀ। ਦੰਗਿਆਂ ਦੇ ਵਿਰੋਧ ਦੀ ਖਬਰ ਸੁਣਦੀ ਸਾਰ ਉਹ ਮੌਕੇ ਤੇ ਪਹੁੰਚਦਾ। ਵਿਰੋਧ ਕਰਨ ਵਾਲ਼ਿਆਂ ਨੂੰ ਚੁੱਕ ਲਿਆਉਂਦਾ ਤੇ 'ਆਪਣਿਆਂ' ਨੂੰ ਹੱਲਾਸ਼ੇਰੀ ਤੇ ਸੁਰੱਖਿਆ ਦੀ ਜ਼ਾਮਨੀ ਦੇ ਆਉਂਦਾ। 'ਚੁਣ ਚੁਣ' ਕੇ ਮਾਰਨ ਦੇ ਮੌਕੇ ਦੀ ਉਡੀਕ ਕਰਦਾ। ਉਦੋਂ ਤੱਕ ਉਹਦੇ ਇਲਾਕੇ ਵਿਚ ਕੋਈ ਹਮਲਾ ਗਿਣ-ਮਿਥ ਕੇ ਨਹੀਂ ਸੀ ਕੀਤਾ ਗਿਆ। ਤਿਆਰੀਆਂ ਚੱਲ ਰਹੀਆਂ ਸਨ। ਸ਼ੁਭ ਘੜੀ ਦੀ ਉਡੀਕ ਕੀਤੀ ਜਾ ਰਹੀ ਸੀ। ਥਾਵਾਂ ਤੇ ਰਸਤਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਰਹੀ ਸੀ। ਵਿਰੋਧੀਆਂ ਦੇ ਲਾਈਸੰਸੀ ਹਥਿਆਰ ਜਮ੍ਹਾਂ ਕਰਵਾਏ ਜਾ ਰਹੇ ਸਨ। ਪਹਿਲੀ ਵਾਰ ਸਰਸਰੀ ਜਿਹੀ ਤਲਾਸ਼ੀ ਲੈਣ ਦਾ ਭਰਮ ਸਿਰਜ ਦਿੱਤਾ ਗਿਆ ਸੀ। ਵਿਰੋਧੀਆਂ ਨੇ ਹੁਣ ਨਿਸ਼ਚਿੰਤ ਹੋ ਕੇ ਆਪਣੇ ਹਥਿਆਰ ਘਰਾਂ ਵਿਚ ਲੈ ਆਉਣੇ ਸਨ।ਹਮਲੇ ਤੋਂ ਇਕ ਦਿਨ ਪਹਿਲਾਂ ਅਸਲ ਰੇਡ ਕੀਤੀ ਗਈ। ਇਲਾਕਾ ਘੇਰ ਕੇ ਛਾਣਿਆ ਗਿਆ।ਹਥਿਆਰ ਦੇ ਨਾਂ ਤੇ ਡੰਡੇ ਸੋਟੀਆਂ ਵੀ ਚੁੱਕ ਲਏ ਗਏ। ਇਲਾਕਾ ਸਾਫ ਦਾ ਸਿਗਨਲ ਦੇ ਦਿੱਤਾ ਗਿਆ।

ਉਹਦੇ ਚੁਣੇ ਥਾਣੇ ਦੀ ਵਾਰੀ ਆਈ। ਹਮਲਾ ਹੋਇਆ।ਜੇ.ਡੀ. ਖੁਦ ਉਸ ਚੌਂਕ 'ਚ ਤਾਇਨਾਤ ਸੀ ਜਿਥੋਂ ਹਮਲਾ ਸ਼ੁਰੂ ਹੋਣਾ ਸੀ। ਉਹਨਾ ਨੇ ਬੱਸ ਐਨਾ ਹੀ ਕਰਨਾ ਸੀ ਕਿ ਕੁੱਝ ਨਹੀਂ ਸੀ ਕਰਨਾ। ਉਹਦੇ ਹੋਲਸਟਰ 'ਚ ਪਿਸਟਲ ,ਹੱਥ 'ਚ ਰੂਲ, ਸਿਰ ਤੇ ਸਰਕਾਰੀ ਟੋਪੀ ਤੇ



ਚੋਣਵੇਂ 35 ਸਿਪਾਹੀਆਂ ਦੀ ਨਫਰੀ ; ਗੱਲ ਕੀ, ਦੰਗੇ ਰੋਕਣ ਦੀ ਤਿਆਰੀ ਪੂਰੀ ਨਜ਼ਰ ਆ ਰਹੀ ਸੀ।

ਉਹਨੇ ਉਪਰੋਂ ਹੋਇਆ ਇਸ਼ਾਰਾ ਸਿਪਾਹੀਆਂ ਤੱਕ ਪਹੁੰਚਾਇਆ।

ਕਲੋਨੀ ਦੇ ਦੁਆਲੇ ਹੋ ਰਹੀ ਪੁਲੀਸ ਦੀ ਨਕਲੋ-ਹਰਕਤ ਨੇ ਪਹਿਲੇ ਸੁਨੇਹੇ ਦਾ ਕੰਮ ਕੀਤਾ। ਕਲੋਨੀ ਅਲਰਟ ਹੋ ਗਈ।

ਸ਼ਾਮੀ 4.30 'ਤੇ ਧਾਰਾ ਚੁਤਾਲੀ ਦੀ ਅਨਾਊਂਸਮੈਂਟ ਕੀਤੀ ਗਈ। ਪਹਿਲੀ ਵਾਰਨਿੰਗ ਨਾਲ ,ਬਾਹਰ ਖਿੰਡੇ ਖੱਪਰੇ ਲੋਕੀਂ ਘਰਾਂ 'ਚ ਵਾੜੇ ਗਏ। ਕਲੋਨੀ ਵਿਚਲੇ ਮੁਖਬਰਾਂ ਨੇ ਕਿਸੇ ਹੋ ਸਕਣ ਵਾਲੀ ਘਟਨਾ ਦੀ ਹਲਕੀ ਜਿਹੀ ਗੰਧ ਛੱਡੀ ਤਾਂ ਕਿ ਕਲੋਨੀ ਦੇ ਸਰਗਰਮ ਬੰਦੇ ਇਕ ਥਾਂ ਇਕੱਠੇ ਹੁੰਦੇ ਨਜ਼ਰ ਆ ਸਕਣ।5 ਵਜੇ ਦੇ ਨੇੜੇ ਤੇੜੇ ਸੜਕ ਦੇ ਦੋਵੇਂ ਪਾਸਿਓਂ ਆਵਾਜਾਈ ਰੋਕ ਦਿੱਤੀ ਗਈ। ਕਲੋਨੀ 'ਚੋਂ ਨਿਕਲਦੇ ਹੋਰ ਦੋ ਰਾਹਾਂ ਦੀ ਮੁਕੰਮਲ ਨਾਕਾਬੰਦੀ ਕਰ ਦਿੱਤੀ।

ਚੌਂਕ ਵੱਲ ਨਿਕਲਦਾ ਰਾਹ ਸਭ ਤੋਂ ਵੱਧ ਮਹੱਤਵਪੂਰਨ ਸੀ। ਭਾਵੇਂ ਤਿੰਨ ਪਾਸੇ ਉਹਦੇ ਆਪਣੇ ਫਿਰਕੇ ਦੇ ਮੁਹੱਲੇ ਸਨ। ਪਰ ਨਿਗ੍ਹਾ ਓਧਰ ਵੀ ਰੱਖਣੀ ਜ਼ਰੂਰੀ ਸੀ। ਕਈ ਵਾਰ ਲੋਕਲ ਲੋਕ ਮਜ਼ਲੂਮਾਂ ਦੀ ਮਦਦ 'ਤੇ ਨਿਕਲ ਆਉਂਦੇ ਹਨ। ਥਾਣੇ ਤੋਂ ਸਾਹਮਣੇ ਵਾਲੇ ਪਾਸੇ ਫਰਲਾਂਗ ਕੁ ਤੇ ਉਹ ਕਲੋਨੀ ਸੀ ,ਜਿਸ 'ਤੇ ਹਮਲਾ ਕੀਤਾ ਜਾਣਾ ਸੀ। ਬਦਲੇ ਗਏ ਥਾਣਾ ਮੁਖੀ ਨੇ ਆਪਣੀ ਇਮਾਨਦਾਰੀ ਅਤੇ ਧਰਮ ਨਿਰਪੱਖ ਸੋਚ ਕਾਰਨ ਲੋਕਾਂ ਦੇ ਮਨਾਂ ਵਿਚ ਥਾਣੇ ਨੂੰ ਸੁਰੱਖਿਅਤ ਥਾਂ ਵਜੋਂ ਸਥਾਪਿਤ ਕਰ ਦਿੱਤਾ ਹੋਇਆ ਸੀ। ਇਸ ਲਈ ਲੋਕਾਂ ਨੇ ਸੁਭਾਵਿਕ ਹੀ ਥਾਣੇ ਵਾਲੇ ਪਾਸੇ ਨਿਕਲਣਾ ਸੀ। ਉੱਥੇ ਉਹ ਖੁਦ ਤਾਇਨਾਤ ਸੀ।ਹਮਲਾ ਵੀ ਇਧਰੋਂ ਹੀ ਹੋਣਾ ਸੀ।

ਥੜ੍ਹੇ ਤੋਂ ਥੋੜ੍ਹੀ ਦੂਰ, ਥਮਲ੍ਹੇ ਨਾਲ ਲੱਗਿਆ ਖੜ੍ਹਾ ਜਮਨਾ ਦਾਸ ਜੋਸ਼'ਚ ਆ ਗਿਆ।ਥੜ੍ਹੇ ਦੇ ਨੇੜੇ ਆਇਆ-

"ਨੌਂ ਸੌ ਛੱਬੀ ਦੀ ਆਬਾਦੀ ਚੋਂ ਨੌਂ ਸੌ ਲਾਸ਼ਾਂ ਦੀ ਹਾਮੀ ਅਸੀਂ ਹਿੱਕ ਠੋਕ ਕੇ ਭਰੀ ਸੀ!", ਵੱਡਾ ਸਾਰਾ, ਡੂੰਘਾ ਸਾਹ ਭਰ ਕੇ ਬੋਲਿਆ -

"ਸਾਡੀ ਇਕੋ ਮੰਗ ਸੀ,ਹਮਲਾ ਕਰਨ ਵਾਲੇ ਕੱਚੇ ਨਾ ਹੋਣ।"

ਉਹ ਜਿਸ ਭਰੋਸੇ ਅਤੇ ਸਹਿਜ ਨਾਲ ਬੋਲ ਰਿਹਾ ਸੀ, ਜਿਵੇਂ ਉਸਦੇ ਹੱਥ ਘਟਨਾ ਸਥਾਨ ਦਾ ਨਕਸ਼ਾ ਵਾਹ ਰਹੇ ਹਨ, ਜਿਸ ਸਪਸ਼ਟਤਾ ਨਾਲ ਉਹ ਪਿਤਾ ਜੀ ਨਾਲ ਗੱਲਾਂ ਕਰ ਰਿਹਾ ਸੀ, ਇਹ ਸਭ ਕੁਝ ਜਮਨਾ ਦਾਸ ਨੂੰ ਖੁਦ ਨੂੰ ਵੀ ਹੈਰਾਨ ਕਰਨ ਵਾਲਾ ਸੀ।ਉਹਨੂੰ ਪਤਾ ਨਹੀਂ ਸੀ ਲੱਗ ਰਿਹਾ ਕਦੋਂ ਜਮਨਾ ਦਾਸ ਨੂੰ ਪਰੇ ਕਰਕੇ, ਜੇ.ਡੀ. ਬੋਲਣ ਲੱਗ ਜਾਂਦਾ ਸੀ।

ਠੀਕ ਪੰਜ ਵਜੇ ਉਹਨੇ 'ਸਭ ਹੱਛਾ' ਦੀ ਰਿਪੋਰਟ ਉਪਰ ਭੇਜ ਦਿੱਤੀ ਸੀ। ਫੁੱਫੜ ਦੇ ਉਤਸ਼ਾਹੀ ਬੋਲ ਉਹਦੇ ਚੇਤੇ ਵਿਚ ਅਜੇ ਸੱਜਰੇ ਸਨ।ਅੱਜ ਉਹਨੇ ਫੁੱਫੜ ਦਾ ਵਾਰਸ ਹੋਣਾ ਸਾਬਤ ਕਰਨਾ ਸੀ। ਕਈ ਬਦਲੇ ਲੈਣੇ ਸਨ। ਫੁੱਫੜ ਨੇ ਕਿਹਾ ਸੀ-

"ਐਸ ਫੇਜ਼ ਚੋਂ ਐਸ.ਪੀ. ਤੱਕ ਜਾਣੈ। ਬੱਸ ਆਪਣਾ ਆਪ ਬਚਾ ਕੇ ਰੱਖੀਂ ਮੇਰਾ ਪੁੱਤ।ਜਾਨ ਐ ਤਾਂ ਜਹਾਨ ਐ! ਇਸ ਜਹਾਨ ਵਿਚ 'ਉਤਲਿਆਂ' ਅੱਗੇ ਤੇ 'ਅਗਲੇ ਜਹਾਨ' 'ਚ ਤੇਰੇ ਮਾਂ-ਬਾਪ ਅੱਗੇ ਮੈਨੂੰ ਸ਼ਰਮਿੰਦਾ ਨਾ ਹੋਣਾ ਪਵੇ"।

…ਉਹ ਵੀ ਦੋ ਜਹਾਨਾਂ ਵਿਚਕਾਰ ਹੀ ਖੜ੍ਹਾ ਸੀ।ਇਕ ਜਹਾਨ ਉਹਦੇ ਭਰੋਸੇ ਘਰਾਂ 'ਚ ਸੀ।ਚੁੱਪ ।ਡਰਿਆ ਹੋਇਆ।ਦੂਜਾ ਸੜਕ ਤੇ ਸੀ,ਖੌਰੂ ਪਾਉਂਦਾ। ਲਲਕਾਰੇ ਮਾਰਦਾ। ਢੋਲ ਵਜਾਉਂਦਾ।

ਉਹਨੂੰ ਪਤਾ ਸੀ ਕਿ ਢੋਲ ਉਹ ਨਹੀਂ ਸੀ ਵਜਾ ਰਹੇ। ਉਹਨਾ ਦੇ ਅੰਦਰ ਭਰੀ ਗਈ ਅਸੁਰੱਖਿਆ, ਡਰ ਤੇ ਟ੍ਰੇਨਿੰਗ ਵਜਾ ਰਹੀ ਸੀ। ਇਹੀ ਸਭ ਕੁਝ ਉਹਦੇ ਨਾਲ ਵੀ ਤਾਂ ਕੀਤਾ ਗਿਆ ਸੀ।

ਪਰ ਹੁਣ ਥਮਲ੍ਹੇ ਨਾਲ ਖੜ੍ਹਾ ਹੱਥ ਮਲ਼ਦਾ ਜਮਨਾ ਦਾਸ ਕਿਸੇ ਹੋਰ ਗੱਲੋਂ ਬੇਚੈਨ ਹੋ ਗਿਆ ਸੀ। ਉਹ ਥੜ੍ਹੇ ਦੇ ਨੇੜੇ ਚਲਿਆ ਗਿਆ–

"ਤੁਹਾਨੂੰ ਪਤੈ ਕਿ ਸਾਰੀ ਚੰਗਿਆਈ ਅਤੇ ਸੱਭਿਅਕ ਹੋਣ ਦੇ ਬਾਵਜੂਦ ਬੰਦੇ ਅੰਦਰ ਕਤਲ ਕਰਨ ਦੀ ਇਕ ਮਹੀਨ ਜਿਹੀ ਇੱਛਾ ਹਮੇਸ਼ਾ ਬਣੀ ਰਹਿੰਦੀ ਐ ! ਦੰਗੇ ਉਸ ਇੱਛਾ ਨੂੰ ਮੌਕਾ ਮੁਹੱਈਆ ਕਰਵਾਉਂਦੇ ਨੇ। ਇਹੀ ਇੱਛਾ ਉਸ ਬੁੱਢੇ ਨੂੰ ਸਾਹਮਣੇ ਦੇਖ ਕੇ ਤੁਹਾਡੇ ਅੰਦਰ ਵੀ ਜਾਗੀ ਹੋਵੇਗੀ ਪਿਤਾ ਜੀ!। ਉਸ ਚੌਂਕ 'ਚ ਖੜ੍ਹੇ ਦੇ, ਮੇਰੇ ਅੰਦਰ ਵੀ ਜਾਗ ਰਹੀ ਸੀ।"

ਏਡੀ ਖਤਰਨਾਕ ਹੱਦ ਤੱਕ ਡਰਾਉਣੀ ਗੱਲ ਕਰਕੇ ਇਕ ਵਾਰ ਤਾਂ ਉਹ ਵੀ ਡਰ ਗਿਆ। ਘੜੀ ਦੀ ਘੜੀ ਉਹਨੂੰ 'ਢੋਲ ਵੱਜਦਾ' ਭੁੱਲ ਗਿਆ ਸੀ। ਉਹਨੇ ਥੜ੍ਹੇ ਵੱਲ ਪਿੱਠ ਕਰ ਲਈ।

ਸੁਰਤ ਫੇਰ ਚੌਕ ਵਿਚ ਜਾ ਟਿਕੀ।ਇਕ ਸਿਪਾਹੀ ਬੋਲ ਰਿਹਾ ਸੀ–

"ਐਡੀ ਦੂਰੋਂ ਨੀ ਸੀ ਢੋਲ ਵਜਾਉਣਾ ਚਾਹੀਦਾ", ਸਿਪਾਹੀ ਨੇ ,ਮਾਈਕ 'ਚੋਂ ਨਾਹਰਿਆ ਦੇ ਨਾਲ ਨਾਲ ਆਉਂਦੀ ਢੋਲ ਦੀ ਆਵਾਜ਼ ਸੁਣਕੇ ਕਿਹਾ ਸੀ।

ਇਕ ਪਲ ਚੁੱਪ ਰਹੀ ਸੀ ।ਫੇਰ ਢੋਲ ਅਤੇ ਨਾਹਰਿਆਂ ਦੀ ਆਵਾਜ਼ ਸਾਫ ਸੁਣਾਈ ਦੇਣ ਲੱਗ ਪਈ ਸੀ। ਪਹਿਲੇ ਦੇ ਜਵਾਬ ਵਿਚ ਦੂਜਾ ਸਿਪਾਹੀ ਬੋਲਿਆ ਸੀ–

"ਐਧਰ ਦੇਖ ,ਚੂਹੇ ਖੱਡਾਂ 'ਚੋਂ ਨਿਕਲਦੇ।ਇਹ ਢੋਲ ਦਾ ਈ ਕਮਾਲ ਐ!"

ਸਿਪਾਹੀ ਦੀ ਗੱਲ ਸੁਣ ਕੇ ਉਹਨੇ ਵੀ ਚੌਂਕ ਤੋਂ ਪਾਰ ਘਰਾਂ ਵੱਲ ਵੇਖਿਆ ਸੀ। ਬਦਰੰਗ ਹੋਈਆਂ ਕੰਧਾਂ ਦੇ ਉੱਪਰ ਉਦਾਸ ਬਾਲਕੋਨੀਆਂ ਵਿਚ ਇੱਕਾ–ਦੁੱਕਾ ਲੋਕ ਦਿਸਣੇ ਸ਼ੁਰੂ ਹੋ ਗਏ ਸਨ। ਉਹਦੇ ਐਨ ਸਾਹਮਣੇ ਵਾਲੇ ਘਰ 'ਚੋਂ ਇਕ ਔਰਤ ਡਰਦੀ ਡਰਦੀ ਨਿਕਲੀ ਸੀ।ਕੁਝ ਪਲ ਗੇਟ ਤੇ ਖੜ੍ਹੀ ਰਹੀ। ਫਿਰ ਡਰੀ ਹੋਈ, ਤੇਜੀ ਨਾਲ ਅੰਦਰ ਜਾ ਵੜੀ ਸੀ। ਉਹਨੇ ਬੰਦ ਹੁੰਦੇ ਦਰਵਾਜੇ ਦਾ ਖੜਕਾ ਸੁਣਿਆ ਸੀ।

"ਉਹ ਆ ਰਹੇ ਨੇ", ਸੱਜੇ ਪਾਸੇ ਦੇ ਕਿਸੇ ਘਰ 'ਚੋਂ ਕੋਈ ਕੂਕਿਆ ਸੀ, "ਬੋਤਲਾਂ 'ਕੱਠੀਆਂ ਕਰੋ, ਇਕ ਥਾਂ"–

"ਮਿਰਚਾਂ ਕਿੱਥੇ ਨੇ ?" ਕਿਸੇ ਹੋਰ ਪਾਸਿਓਂ ਆਵਾਜ਼ ਆਈ ਸੀ।

"ਡੰਡੇ ਦੇ ਨਾਂ ਤੇ ਡੱਕਾ ਵੀ ਨੀ ਛੱਡਿਆ ਹਰਾਮੀਆਂ ਨੇ"–

"ਚੁੱਪ ਕਰ! ਪੁਲੀਸ ਹੈ ਨਾ!! ਬੰਦ ਦਰਵਾਜੇ ਪਿੱਛੋਂ ਆਉਂਦੀ ਆਵਾਜ਼ ਲਾਊਡ ਸਪੀਕਰ 'ਚ ਵੱਜਦੇ ਢੋਲ ਨਾਲ ਟਕਰਾ ਗਈ ਸੀ।

ਗੂੰਜਦੇ ਜੈਕਾਰੇ,ਗਰਜਦੇ ਢੋਲ ਅਤੇ ਸੜਕ ਦੇ ਦੋਹੀਂ ਪਾਸੀਂ ਲੱਗੀਆਂ 'ਹੋਰਡਿਗਾਂ' ਉੱਤੇ ਖੜਕਦੀਆਂ ਡਾਂਗਾਂ ਆਖਰੀ ਮੋੜ ਮੁੜ ਆਈਆਂ ਸਨ। ਲੱਗਭੱਗ ਇਕ ਕਿਲੋਮੀਟਰ



ਦੀ ਦੂਰੀ 'ਤੇ ਭੀੜ ਨ੍ਹੇਰੀ ਵਾਂਗ ਚੜ੍ਹੀ ਆ ਰਹੀ ਸੀ। ਬੰਦਿਆਂ ਨੂੰ ਇਕੱਲੇ ਇਕੱਲੇ ਵੇਖਣਾ ਮੁਸ਼ਕਲ ਸੀ।

ਉਹਦੇ ਹੌਲ ਜਿਹਾ ਪਿਆ।ਹੁਣ ਤੱਕ ਦੰਗਿਆਂ ਦਾ ਕੋਈ ਦ੍ਰਿਸ਼ ਉਹਨੇ ਅੱਖੀਂ ਨਹੀਂ ਸੀ ਵੇਖਿਆ। ਪੜ੍ਹਿਆ ਸੁਣਿਆ ਸੀ। ਮਾਣਿਆ ਸੀ। ਰੁਮਾਂਟਿਕ ਵਰਨਣ ਕਈ ਵਾਰ ਦੁਹਰਾਇਆ ਵੀ ਸੀ। ਮਨੁੱਖੀ ਵੱਢ–ਟੁੱਕ, ਚੀਕਾਂ ਅਤੇ ਲਹੂ ਦੇ ਵਗਦੇ ਦਰਿਆ ਦਾ ਗਵਾਹ ਉਹਨੇ ਪਹਿਲੀ ਵਾਰ ਬਣਨਾ ਸੀ।

"ਬੰਦੇ ਲੋੜ ਤੋਂ ਘੱਟ ਨਾ ਹੋਣ! ਐਧਰ ਤਾਂ ਪੂਰਾ ਮੁਹੱਲੈ", ਉਹਦੇ ਇਕ ਸਿਪਾਹੀ ਨੇ ਖਦਸ਼ਾ ਪ੍ਰਗਟ ਕੀਤਾ ਸੀ।

"ਛੇ ਸੌ ਤੋਂ ਸੱਤ ਸੌ ਬੰਦੇ ਦਾ ਅਨੁਮਾਨ ਐ। ਅਠਾਰਾਂ ਰਾਈਫਲਾਂ ਤੇ ਇਕ ਰਿਵਾਲਵਰ", ਫਿਰ ਪਤਾ ਨੀ ਕਿਵੇਂ ਉਹਦੇ ਮੂੰਹੋਂ ਆਪ–ਮੁਹਾਰੇ ਨਿਕਲ ਗਿਆ ਸੀ, "ਆਪਾਂ ਵੀ ਤਾਂ ਹੈਗੇ।"

"ਆਪਾਂ ਵੀ ਆਪ ਕਰਨੈ ਕੁਝ!" ਇਕ ਹੋਰ ਸਿਪਾਹੀ ਬੋਲਿਆ ਸੀ। ਆਵਾਜ਼ 'ਚੋਂ ਨਾਬਰੀ ਸਾਫ ਸੁਣੀ ਸੀ।ਪਹਿਲਾਂ ਵੀ ਇਕ ਦੋ ਵਾਰ ਇਸੇ ਸਿਪਾਹੀ ਨੇ ਭਾਸ਼ਣ ਝਾੜਨ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਉਹਨੇ ਉਹਨੂੰ 'ਝਾੜ ਕੇ' ਬਿਠਾ ਦਿੱਤਾ ਸੀ। ਜੇ ਕੋਈ ਹੋਰ ਵੀ ਬੋਲਣ ਬਾਰੇ ਸੋਚਦਾ ਹੋਊ , ਦੜ ਵੱਟ ਗਿਆ ਹੋਣੈ। ਉਹਨੇ ਸਿਪਾਹੀ ਵੱਲ ਵੇਖਿਆ। ਤਾੜ ਕੇ।ਸਿਪਾਹੀ ਝੇਂਪ ਮੰਨ ਗਿਆ। ਮਰੀ ਜਿਹੀ ਆਵਾਜ਼ 'ਚ ਬੋਲਿਆ–

"ਮੇਰਾ ਮਤਲਬ ਐ ਜਨਾਬ,ਇਹ ਤਾਂ ਹੱਦ ਐ!" ਉਹ ਅਚਾਨਕ ਚੁੱਪ ਕਰ ਗਿਆ।

ਸੱਚੀ ਗੱਲ ਹੈ, ਸਿਪਾਹੀ ਦੇ ਬੋਲ ਸੁਣਕੇ ਉਹ ਡੋਲ ਗਿਆ ਸੀ। ਜ਼ੁਬਾਨ ਕੁੱਛ ਵੀ ਬੋਲੇ, ਸਰੀਰ ਸੱਚ ਬੋਲ ਜਾਂਦਾ ਹੈ। ਬੁੱਲ੍ਹ ਟੁੱਕਦੇ ਨੇ ਉਹਨੇ ਸਿਪਾਹੀਆਂ ਵੱਲ ਦੇਖਿਆ ਸੀ। ਜਿਵੇਂ ਕਿਸੇ ਚੀਜ ਨੇ ਅਚਾਨਕ ਉਸ ਨੂੰ, ਉਸ ਦੇ ਮੋਰਚੇ 'ਚੋਂ ਬਾਹਰ ਧੂਹ ਲਿਆਂਦਾ ਹੋਵੇ।

ਥੜ੍ਹੇ ਕੋਲ ਖੜ੍ਹਾ ਜਮਨਾ ਦਾਸ ਹੁਣ ਵੀ ਉਸ ਸਿਪਾਹੀ ਦੇ ਬੋਲ ਯਾਦ ਕਰਕੇ ਕੰਬ ਗਿਆ…

…ਜਮਨਾ ਦਾਸ ਦੇ ਬੁਲ੍ਹ ਕੰਬੇ।ਹੁਣ, ਮੜ੍ਹੀਆਂ ਦੀ ਇਸ ਚੁੱਪ 'ਚ, ਪਿਤਾ ਜੀ ਦੇ ਸਾਹਮਣੇ, ਯਾਦ ਆਏ ਸਿਪਾਹੀ ਦੇ ਲਹਿਜ਼ੇ ਨੇ ਉਸਦੀ ਉਹ ਬਿਰਤੀ ਭੰਗ ਕਰ ਦਿੱਤੀ ਸੀ ਜਿਸ ਨਾਲ ਉਹ ਆਪਣੀ ਕਹਾਣੀ ਪਿਤਾ ਜੀ ਨੂੰ ਸੁਣਾ ਰਿਹਾ ਸੀ। ਗੱਲ ਵਿਚਾਲੇ ਛੱਡ ਉਹ ਪਰ੍ਹਾਂ ਚਲਿਆ ਗਿਆ । ਥੋੜ੍ਹੀ ਦੂਰ ਲਾਈਟਰ ਦੀ ਲਾਟ ਚਮਕੀ।ਲੰਬੇ ਕਸ਼ ਨਾਲ਼ ਆਪਣੇ ਮੂੰਹ ਵੱਲ ਆਉਂਦੀ ਸਿਗਰੇਟ ਦੇ ਸਿਰੇ ਤੇ ਸੁਲਗਦੀ ਚੰਗਿਆੜੀ ਦੇਖਦਾ ਰਿਹਾ। ਸਿਗਰੇਟ ਨੇ ਤਣਾਅ ਘੱਟ ਕੀਤਾ। ਉਹ ਰਹਿੰਦੀ ਕਹਾਣੀ ਸੁਣਾਉਣ ਲਈ ਫਿਰ ਥੜ੍ਹੇ ਵੱਲ ਪਰਤਿਆ…

ਢੋਲ ਦੀ ਆਵਾਜ਼ ਤੇ ਮਾਈਕ 'ਚ ਗੂੰਜਦੇ ਨਾਹਰੇ ਸੁਣ ਕੇ ਕਲੋਨੀ ਵਿਚ ਹਿੱਲ–ਜੁਲ ਵਧ ਗਈ ਸੀ –

"ਜਨਾਬ ਉਹਨਾ ਨੂੰ ਦੂਰ ਹੀ ਰੋਕੋ", ਕਲੋਨੀ 'ਚੋਂ ਆਏ ਦੋ ਬੰਦੇ ਉਹਦੇ ਸਾਹਮਣੇ ਹੱਥ ਜੋੜੀ ਖੜ੍ਹੇ ਸਨ, "ਤੁਹਾਡੇ ਈ ਰੱਖਣ ਦੇ ਆਂ।"

ਹੱਥ ਜੋੜੀ ਖੜ੍ਹੇ ਬੰਦਿਆਂ ਦੇ ਉਪਰੋਂ ਉਹਨੇ ਕਲੋਨੀ ਵੱਲ ਵੇਖਿਆ ਸੀ। ਕਲੋਨੀ ਦੇ ਪਿੱਛੇ ਛਿਪਦੇ ਸੂਰਜ ਦੇ ਘਟਦੇ ਚਾਨਣ ਵਿਚ ਲਹੂ ਘੁਲਦਾ ਨਜ਼ਰ ਆ ਰਿਹਾ ਸੀ। ਔਰਤਾਂ

ਅਤੇ ਬੁੱਢੇ ਬਰਾਮਦਿਆਂ, ਵਿਹੜਿਆਂ ਵਿਚ ਖੜ੍ਹੇ ਸਨ। ਮਰਦਾਂ ਦੀ ਹਿੱਲ-ਜੁੱਲ ਬਚਾਅ ਦੀਆਂ ਕਾਰਵਾਈਆਂ ਦੀ ਦੱਸ ਪਾ ਰਹੀ ਸੀ। ਇਹੀ ਉਹ ਲੋਕ ਸਨ ਜਿਹੜੇ ਅਜੇ ਥੋੜ੍ਹੀ ਦੇਰ ਪਹਿਲਾਂ ਇਸ ਧਰਤੀ ਨੂੰ ਆਪਣੀ ਸਮਝ ਕੇ ਜੀਅ ਰਹੇ ਸਨ।ਹਸ ਰਹੇ ਸਨ।ਖੇਡ ਰਹੇ ਸਨ। ਨਿਗੂਣੀਆਂ ਗੱਲਾਂ ਪਿੱਛੇ ਲੜ ਰਹੇ ਸਨ।

ਕਲੋਨੀ ਦੇ ਦ੍ਰਿਸ਼ ਦੇਖਦਾ ਉਹ ਅਤੀਤ ਦੇ ਜਾਲ਼ ਵਿਚ ਉਲ਼ਝ ਗਿਆ ਸੀ।ਇਸੇ ਤਰ੍ਹਾਂ ਹਸਦਾ ਖੇਡਦਾ ਹੀ ਤਾਂ ਉਹ ਸਕੂਲੋਂ ਆਇਆ ਸੀ।ਲਾਟਾਂ 'ਚ ਘਿਰੀ ਬੀਬੀ ਦੀਆਂ ਚੀਕਾਂ ਸੁਣੀਆਂ ਸਨ। ਪਿਤਾ ਜੀ ਦੇ ਮੂੰਹ 'ਚ ਜਾਂਦੀ ਲਾਟ ਦਿਸੀ ਸੀ।

ਡਰ ਨਾਲ ਕੰਬਦਾ ਉਹ ਥੜ੍ਹੇ ਦੇ ਨੇੜੇ ਹੋ ਗਿਆ ਸੀ-

"ਦੇਖਿਆ! ਤੁਸੀਂ ਉਸ ਦਿਨ ਵੀ ਨਹੀਂ ਸੀ ਮਰੇ ਜਦੋਂ ਮੈਂ ਬਲਾਤਕਾਰੀ ਦਾ ਗਵਾਹ ਬਣਿਆ ਖੜ੍ਹਾ ਸਾਂ। ਮੌਕਾ ਮਿਲਦੀ ਸਾਰ ਤੁਸੀਂ ਚੌਂਕ 'ਚ ਮੇਰੇ ਸਾਹਮਣੇ ਆ ਗਏ ਸੀ। ਪਰ ਤੁਸੀਂ ਫੁੱਫੜ ਜੀ ਨੂੰ ਨੀ ਜਾਣਦੇ, ਉਹ ਮੇਰੇ ਅੰਦਰ ਹਰ ਵੇਲੇ ਜਾਗਦੇ ਰਹਿੰਦੇ ਸਨ। ਤੁਹਾਡੇ ਮੂੰਹ 'ਚ ਜਾਂਦੀ ਲਾਟ ਉਹਨਾ ਨੇ ਮੇਰੇ ਵੱਲ ਮੋੜ ਦਿੱਤੀ ਸੀ-

"ਕਟੂਆ ਸਾਲਾ।ਮਰਦਾ ਮਰਦਾ ਵੀ ਰਘੂਨਾਥ ਵਰਗੇ ਸ਼ਰੀਫ ਆਦਮੀ ਨੂੰ ਲੈ ਬੈਠਿਆ। ਮਾਰ ਮਾਰ ਪਾਕਿਸਤਾਨ ਵਾੜ ਦੇਣੇ ਨੇ, ਤੂੰ ਦੇਖਦਾ ਜਾਹ।"

ਫੁੱਫੜ ਦੇ ਸ਼ਬਦਾਂ ਨੇ ਜਮਨਾ ਦਾਸ ਨੂੰ ਉਹ ਖਿਆਲ ਹੀ ਭੁਲਾ ਦਿੱਤਾ ਸੀ ਜਿਹੜਾ ਕਾਲੋਨੀ ਵਿਚਲੀ ਹਿੱਲ-ਜੁੱਲ ਦੇਖ ਕੇ ਉਹਦੇ ਮਨ 'ਚ ਆਇਆ ਸੀ-

"ਜੇ ਕਿਤੇ ਇਹਨਾ ਕੋਲ ਇਹਨਾ ਦੇ ਹਥਿਆਰ ਹੁੰਦੇ!"

ਫੁੱਫੜ ਦੇ ਖਿਆਲ ਨੇ ਗੱਲ ਹੀ ਉਲਟਾ ਦਿੱਤੀ ਸੀ-

'ਜੇ ਕਿਤੇ ਪਿਤਾ ਜੀ ਸਾਹਮਣੇ ਖੜ੍ਹੇ ਉਸ ਬੰਦੇ ਕੋਲ਼ ਵੀ ਹਥਿਆਰ ਹੁੰਦਾ!'

" ਸੜਕ ਤੋਂ ਪਿੱਛੇ ਹਟੋ ", ਉਹਨੇ ਸੜਕ ਤੇ ਆ ਖੜ੍ਹੇ ਸਿਪਾਹੀਆਂ ਤੋਂ ਸੜਕ ਖਾਲੀ ਕਰਵਾਈ।

ਰਸਤਾ ਸਾਫ ਹੋ ਗਿਆ ਸੀ।

ਭੀੜ ਹੋਰ ਨੇੜੇ ਆ ਗਈ ਸੀ। ਕਲੋਨੀ ਵਿਚੋਂ ਰੋਣ ਦੀਆਂ ਆਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ । ਉਹਦੇ ਹੱਥ ਪੈਰ ਝੂਠੇ ਪੈਣ ਲੱਗੇ। ਇਕ ਪਾਸੇ ਕਲੋਨੀ ਅਤੇ ਦੂਜੇ ਪਾਸੇ ਵੱਢ-ਟੁੱਕ 'ਤੇ ਉਤਾਰੂ, ਗਰਜਦਾ ਢੋਲ ਉਹਤੋਂ ਬਰਾਬਰ ਦੀ ਦੂਰੀ ਤੇ ਆ ਗਏ ਸਨ। ਭੀੜ 'ਚੋਂ ਉਭਰਦੀਆਂ ਨੰਗੀਆਂ ਤਲਵਾਰਾਂ, ਛਵੀਆਂ ਤੇ ਪਟਰੌਲ ਨਾਲ ਭਰੀਆਂ ਬੋਤਲਾਂ ਹਵਾ ਵਿਚ ਲਹਿਰਾਉਂਦੀਆਂ ਦਿਸਣ ਲੱਗੀਆਂ ਸਨ।

"ਤੁਸੀਂ ਐਥੇ ਕੀ ਕਰਦੇ ਹੋ ?" ਕਲੋਨੀ ਵਿਚੋਂ ਭੱਜੇ ਆਏ ਇਕ ਬਜ਼ੁਰਗ ਨੇ ਉਹਨੂੰ ਫੜ ਕੇ ਝੰਜੋੜਿਆ, "ਕਲੋਨੀ ਨੂੰ ਬੱਸ ਇਕ ਤੁਹਾਡਾ ਈ ਆਸਰਾ ਸੀ। ਜੇ ਕਿਤੇ ਪਹਿਲਾਂ ਵਾਲਾ ਥਾਣੇਦਾਰ ਹੁੰਦਾ!" ਬਜ਼ੁਰਗ ਜਿਸ ਕਾਹਲ਼ੀ ਨਾਲ ਆਇਆ ਸੀ, ਉਸੇ ਕਾਹਲੀ ਨਾਲ ਮੁੜ ਗਿਆ।

'ਲੋਕ ਸਭ ਸਮਝਦੇ ਨੇ', ਉਹਨੇ ਆਪਣੇ ਆਪ ਨੂੰ ਕਿਹਾ ਸੀ।

'ਮੈਂ ਇਥੇ ਕੀ ਕਰ ਰਿਹਾ ਹਾਂ ? ਕਿਉਂ ਹਾਂ ਮੈਂ ਐਥੇ !' ਉਹਦੇ ਆਪਣੇ ਅੰਦਰੋਂ ਕਿਸੇ ਨੇ ਪੁੱਛਿਆ ਸੀ। ਕਲੋਨੀ ਵਿਚ ਮੱਚੀ ਹਾਲ ਦੁਹਾਈ ਉਹਦੇ ਸਾਹਮਣੇ ਸ਼ਾਖਾਰ ਹੋ ਉੱਠੀ ਸੀ।



ਲੋਕ ਜਾਨ ਬਚਾਉਣ ਲਈ ਕਿਵੇਂ ਤਰਲੋਮੱਛੀ ਹੋ ਰਹੇ ਸਨ! ਖੱਬੇ ਹੱਥ ਇਕ ਵਿਹੜੇ ਦਾ ਦਰਵਾਜਾ ਠਾਹ ਕਰਕੇ ਖੁਲ੍ਹਿਆ ਤੇ ਦਸ ਕੁ ਸਾਲ ਦਾ ਇਕ ਬੱਚਾ ਟ੍ਰਾਈਸਾਈਕਲ ਭਜਾ ਕੇ ਮੋੜ ਮੁੜ ਗਿਆ।ਉਹਦੇ ਮਗਰ ਹੀ ਇਕ ਔਰਤ ਦਬੜਸੱਟ ਨਿਕਲੀ। ਬਾਵਰੀ ਹੋਈ।ਅੰਨ੍ਹੇਵਾਹ ਹਾਕਾਂ ਮਾਰਦੀ।

"ਭੱਜ ਕੇ ਕਿੱਥੇ ਜਾਏਂਗਾ ਮਰਨਿਆਂ! ਉਹ ਲੋਕ ਮਾਰ ਦੇਣਗੇ ਤੈਨੂੰ। ਮੁੜਿਆ ਮੇਰਾ ਪੁੱਤ । ਇੱਥੇ ਆਪਣਿਆਂ 'ਚ ਤਾਂ ਮਰਾਂਗੇ!" ਬੱਚਾ ਦੂਰ ਨਿਕਲ ਗਿਆ ਸੀ ਤੇ ਔਰਤ ਉਹਦੇ ਤੇ ਕਾਲੋਨੀ ਦੇ ਵਿਚਕਾਰ ਖੜ੍ਹੀ ਦੁਹਿਥੜੀਂ ਪਿੱਟ ਰਹੀ ਸੀ-

"ਮਿੱਟੀ ਰੁਲ਼ਦੀ ਫਿਰੂ ਤੇਰੀ, ਮੇਰੇ ਬੱਚੜਿਆ! ਮੁੜਿਆ ਮੇਰਾ ਪੁੱਤ, ਮੁੜਿਆ!" ਉਹ ਥਾਏਂ ਢੇਰੀ ਹੋ ਗਈ ਸੀ।

'ਉਹ ਲੋਕ! ਕੌਣ ਲੋਕ!' ਇਕ ਪਲ ਤਾਂ ਉਹਦੇ ਕੁੱਝ ਵੀ ਸਮਝ ਨਾ ਆਇਆ।ਫੇਰ ਉਹਨੂੰ ਲੱਗਿਆ, ਉਹਨੂੰ ਕਿਹਾ ਗਿਆ ਸੀ।

'ਕਿਉਂ ਹਾਂ ਮੈਂ ਐਥੇ!' ਉਹਨੇ ਕਚੀਚੀ ਵੱਟੀ, 'ਕੀ ਹੁੰਦੈ ਮੇਰੇ ਹੋਣ ਜਾਂ ਨਾ ਹੋਣ ਨਾਲ!' ਔਰਤ ਦੀ ਥਾਂ, ਅੱਗ ਦੀਆਂ ਲਾਟਾਂ 'ਚ ਘਿਰੀ ਮਾਂ ਚੀਕੀ ਸੀ।ਪਿਤਾ ਜੀ ਬੋਲੇ ਸਨ, "ਉਹਨੂੰ, ਇਕ ਮੁਸਲਮਾਨ ਨੂੰ ਗੁਰੂ ਤੇ ਭਰੋਸਾ...!"

ਉਹਨੇ ਸਿਰ ਛੰਡਿਆ ਸੀ। ਕੈਪ ਉਤਾਰੀ। ਪਸੀਨਾ ਪੂੰਝਿਆ। ਕੈਪ ਫਿਰ ਸਿਰ 'ਤੇ ਰੱਖ ਲਈ। ਫਿਰ ਉਤਾਰੀ ਤੇ ਓਵੇਂ ਹੱਥ 'ਚ ਕੈਪ ਲੈ ਕੇ ਖੜ੍ਹਾ ਰਿਹਾ ਸੀ।

ਅਚਾਨਕ ਉਹਨੂੰ ਬਾਹਰਲਾ ਸਾਰਾ ਸ਼ੋਰ ਸੁਣਾਈ ਦੇਣਾ ਬੰਦ ਹੋ ਗਿਆ।ਅੰਦਰ ਇਕ ਅਜੀਬ ਸ਼ੋਰ ਉੱਠ ਖੜ੍ਹਿਆ ਸੀ। ਕੁਸ਼ ਬਹੁਤ ਭਿਆਨਕ ਵਾਪਰਨ ਦਾ ਅਹਿਸਾਸ ਉਹਦੇ ਅੰਦਰ ਘਰ ਕਰਦਾ ਚਲਿਆ ਗਿਆ ਸੀ।

ਉਦੋਂ ਹੀ ਭੀੜ 'ਚੋਂ ਗੋਲੀ ਚੱਲੀ ਸੀ। ਹਵਾਈ ਫਾਇਰ।ਕਲੋਨੀ ਵਿਚੋਂ ਇਕ ਬੱਚੇ ਦੀ ਡਰੀ ਹੋਈ ਚੀਕ ਉਹਦੇ ਸਾਰ ਪਾਰ ਨਿਕਲ ਗਈ ਸੀ।

"ਰੋਕੋ ਇਹਨਾ ਨੂੰ", ਉਹਨੂੰ ਆਪਣੀ ਆਵਾਜ਼ ਸੁਣੀ ਸੀ।ਯਕੀਨ ਨਹੀਂ ਸੀ ਆਇਆ।

ਸਿਪਾਹੀ ਭਵੰਤਰ ਗਏ ਸਨ। ਇਹ ਕੀ! ਹੁਕਮ ਤਾਂ ਬਿਲਕੁਲ ਹੀ ਹੋਰ ਸੀ।ਉਹ ਥਾਏਂ ਖੜ੍ਹੇ ਰਹੇ।

ਭੀੜ ਹੋਰ ਅੱਗੇ ਵਧ ਆਈ।

"ਰੁਕੋ।ਰੋਕੋ!! ਆਈ ਸੇ ਸਟਾਪ!" ਉਹਨੇ ਪਿਸਟਲ ਕੱਢ ਲਿਆ।ਇਸ਼ਾਰੇ ਨਾਲ ਸਿਪਾਹੀ ਸੜਕ ਤੇ ਫੈਲਾ ਦਿੱਤੇ।

"ਜੇ ਮੈਂ ਆਡਰ ਕਰਾਂ, ਸ਼ੂਟ ਦੈੱਮ", ਉਹ ਚੀਕਿਆ।ਸ਼ਸ਼ੋਪੰਜ ਵਿਚ ਫਸੇ ਸਿਪਾਹੀਆਂ ਨੇ ਪੁਜ਼ੀਸ਼ਨਾ ਲੈ ਲਈਆਂ। ਕਲੋਨੀ ਵਾਲੇ ਪਾਸੇ ਇਕ ਦਮ ਸੰਨਾਟਾ ਛਾ ਗਿਆ।

ਵਧੀ ਆਉਂਦੀ ਭੀੜ ਜਮਾਂ ਉੱਤੇ ਆ ਚੜ੍ਹੀ। ਉਹਨੇ ਪਿਸਟਲ ਲਹਿਰਾਇਆ ਅਤੇ ਭੀੜ ਦੇ ਮੂਹਰੇ ਜਾ ਡਟਿਆ। ਭੀੜ ਥਾਏਂ ਰੁਕ ਗਈ।

ਇਕ ਪਲ ਦੀ ਖਾਮੋਸ਼ੀ ਤੋਂ ਬਾਅਦ, ਅੱਗੇ ਵਧੇ ਲੀਡਰ ਫਿਰ ਨਾਹਰੇ ਮਾਰਨ ਲੱਗ ਪਏ।ਉਹ ਜਾਣਦੇ ਸਨ ,ਰੋਕਣ ਦਾ ਸਿਰਫ ਡਰਾਮਾ ਕੀਤਾ ਜਾ ਰਿਹਾ ਹੈ। ਭੀੜ ਨੂੰ ਇਕ ਥਾਂ ਇਕੱਠੀ ਹੋ ਕੇ, ਇਕਦਮ ਹੱਲਾ ਬੋਲਣ ਦਾ ਸਮਾਂ ਦਿੱਤਾ ਜਾ ਰਿਹਾ ਹੈ। ਸ਼ਿਕਾਰ ਦੇ ਅਵੇਸਲੇ

ਹੋ ਜਾਣ ਲਈ ਭਰਮ ਸਿਰਜਿਆ ਜਾ ਰਿਹਾ ਹੈ। ਹਰ ਗੱਲ ਨਕਸ਼ੇ ਤੇ ਡਿਸਕਸ ਕੀਤੀ ਗਈ ਸੀ। ਪਾਣੀ ਵਾਂਗ ਸਾਫ।

"ਸਟਾਪ!" ਉਹਨੇ ਪਿਸਟਲ ਭੀੜ ਵੱਲ ਸਿੱਧਾ ਕੀਤਾ, "ਇਕ ਕਦਮ ਵੀ ਕੋਈ ਅੱਗੇ ਵਧਿਆ, ਆਈ'ਲ ਓਪਨ 'ਦ ਫਾਇਰ!"

ਭੀੜ ਰੁਕ ਗਈ। ਆਗੂ ਕਈ ਕਦਮ ਅੱਗੇ ਵਧ ਆਏ।

"ਆਈ ਸੇ ਸਟਾਪ!" ਉਹ ਕਲੋਨੀ ਅਤੇ ਭੀੜ ਦੇ ਦਰਮਿਆਨ ਕੰਧ ਵਾਂਗ ਖੜ੍ਹ ਗਿਆ ਸੀ।

"ਅਟੈਕ!" ਉਹਨੂੰ ਧੱਕਾ ਦੇਕੇ ਆਗੂ ਸਪੀਕਰ 'ਚੋਂ ਗਰਜਿਆ।

"ਗੱਡ ਦੇ ਹੁਣ ਬਰਛਾ! ਉਹਨੇ ਲੈਨ ਟੱਪ! ਜਾਣੈ", ਉਹਦੇ ਅੰਦਰ ਚੰਨਣ ਗਰਜਿਆ ਸੀ।

"ਫਾਇਰ!" ਉਹਦਾ ਪਿਸਟਲ ਵਾਲਾ ਹੱਥ ਉੱਪਰ ਉੱਠਿਆ।

ਉਹਦਾ ਹੁਕਮ ਪੂਰਾ ਹੋਣ ਤੋਂ ਪਹਿਲਾਂ ਹੀ 'ਕਾਲੀ ਭੇਡ' ਦੀ ਗੋਲੀ, ਲਲਕਾਰੇ ਮਾਰਦੇ ਆਗੂ ਦੀ ਛਾਤੀ 'ਚ ਜਾ ਧਸੀ ਸੀ।303 ਦੀ ਗੋਲੀ ਪਿੱਠ ਪਾੜ ਕੇ ਨਿਕਲੀ। ਭੀੜ ਠਠੰਬਰ ਕੇ ਚੁੱਪ ਕਰ ਗਈ। ਆਗੂ ਦੇ ਹੱਥ 'ਚੋਂ ਛੁੱਟਿਆ ਮਾਈਕ ਉਹਦੇ ਪੈਰੀਂ ਆ ਪਿਆ ਸੀ।ਇਕ ਹਵਾਈ ਫਾਇਰ ਹੋਰ, ਤੇ ਕਿਰਾਏ 'ਤੇ ਲਿਆਂਦੀ ਭੀੜ ਤੜਪਦੇ ਆਗੂ ਨੂੰ ਛੱਡ ਤਿੱਤਰ ਹੋ ਗਈ ਸੀ।

ਜਮਨਾ ਦਾਸ ਚੁੱਪ ਕਰ ਗਿਆ। ਸਾਂ ਸਾਂ ਕਰਦੀ 'ਉਹ' ਸ਼ਾਮ ਕਿੰਨਾ ਚਿਰ ਥੜ੍ਹੇ, ਤੇ ਉਹਦੇ ਵਿਚਕਾਰ ਠਹਿਰੀ ਰਹੀ। ਪੈੜ ਚਾਲ ਹੋਈ। ਜਮਨਾ ਦਾਸ ਨੇ ਦੇਖਿਆ ਕਿ ਤਿੰਨ ਜਣੇ ਉਹਦੇ ਵੱਲ ਆ ਰਹੇ ਸਨ-

"ਤੁਸੀਂ!?" ਪਹਿਲਾਂ ਆ ਕੇ ਮੁੜੇ ਦੋ ਬੰਦਿਆਂ 'ਚੋਂ ਇਕ ਨੇ ਸ਼ੱਕੀ ਜਿਹਾ ਸਵਾਲ ਕੀਤਾ ਸੀ। ਜਮਨਾ ਦਾਸ ਨੂੰ ਕਦੋਂ ਦਾ ਚਿਤਾ ਦੇ ਨੇੜੇ ਫਿਰਦਾ ਦੇਖਦੇ ਦੋ ਜਣੇ ਹੋਰ ਉਹਦੇ ਨਾਲ ਸਨ-

"ਮੈਂ!" ਜਮਨਾ ਦਾਸ ਨੇ ਮੱਥੇ ਤੋਂ ਪਸੀਨਾ ਪੂੰਝਿਆ, "ਮੈਂ ਜਮਨਾ ਦਾਸ। ਰਘੂਨਾਥ ਦਾ ਪੁੱਤ!"

ਗੱਲ ਕਰਕੇ ਉਹਨੇ ਪਹਿਲਾਂ ਉਨ੍ਹਾਂ ਲੋਕਾਂ ਵੱਲ ਤੇ ਫੇਰ ਮੁੜ ਕੇ ਥੜ੍ਹੇ ਵੱਲ ਦੇਖਿਆ ਜਿਵੇਂ ਉਹਨੇ ਪਿਤਾ ਜੀ ਦਾ ਮਸਾਣ ਜਗਾ ਲਿਆ ਹੋਵੇ...

## 'ਮਸਾਣ' ਉੱਤੇ ਹੋਈ ਵਿਚਾਰ-ਚਰਚਾ

**ਕੁਲਵੰਤ ਸੰਧੂ**: ਬਲਵਿੰਦਰ ਗਰੇਵਾਲ ਨੇ ਹੁਣ ਤੱਕ ਜਦੋਂ ਵੀ ਕਹਾਣੀ ਲਿਖੀ ਹੈ, ਉਹ ਚਰਚਾ ਦਾ ਵਿਸ਼ਾ ਬਣੀ ਹੈ। ਇਸ ਕਹਾਣੀ ਦੇ ਕਈ ਪੱਖ ਨੇ। ਕਹਾਣੀ ਵਿਚ ਇਕ ਪਾਸੇ ਤਾਂ 1947 ਹੈ, ਦੂਜੇ ਪਾਸੇ ਸਮਕਾਲ ਵੀ ਹੈ। ਇਸ ਵਿਚ ਸਿੱਖ ਇਤਿਹਾਸ ਦੇ ਕੁਝ ਉਹ ਸਰੋਕਾਰ ਵੀ ਨੇ, ਜਿਹੜੇ ਸਾਡੇ ਮਨਾਂ ਵਿਚ ਬੈਠੇ ਹੋਏ ਨੇ। ਭਾਵੇਂ ਇਸ ਕਹਾਣੀ ਦਾ ਕੇਂਦਰੀ ਪਾਤਰ ਸਿੱਖ ਨਹੀਂ, ਪਰੰਤੂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਬੰਦਾ ਆਪਣੇ ਧਰਮ ਮੁਤਾਬਕ ਨਹੀਂ, ਬਲਕਿ ਆਲੇ-ਦੁਆਲੇ ਵਿਚ ਭਾਰੂ ਸਮਾਜਕ ਕਦਰਾਂ ਕੀਮਤਾਂ ਦੇ ਹਿਸਾਬ ਨਾਲ



ਜਿਉਂਦਾ ਹੈ, ਤੇ ਇਨ੍ਹਾਂ ਸਮਾਜਕ ਕਦਰਾਂ ਕੀਮਤਾਂ ਵਿਚ ਧਾਰਮਕ ਕਦਰਾਂ ਵੀ ਘੁਲੀਆਂ-ਮਿਲੀਆਂ ਹੁੰਦੀਆਂ ਹਨ। ਕਹਾਣੀ ਵਿਚ ਇਕ ਬੰਦਾ ਦੱਸ ਰਿਹਾ ਹੈ ਕਿ ਉਹ ਜ਼ਿੰਦਗੀ ਦੇ ਇਸ ਮੋੜ ਤੱਕ ਕਿਵੇਂ ਪਹੁੰਚਿਆ। ਉਹਦੇ ਪਿਛੋਕੜ ਵਿਚ ਹੈ ਕਿ ਬੰਦੇ ਦੇ ਮਨ ਵਿਚ ਬੈਠੀ ਹੋਈ ਜਿਹੜੀ ਹਿੰਸਾ ਹੈ, ਉਹਦੇ ਕਿਹੜੇ ਪੱਖ ਨੇ। ਹਿੰਸਕ ਹੋ ਕੇ ਬੰਦਾ ਸਿਰਫ ਦੂਜੇ ਨੂੰ ਹੀ ਨਹੀਂ ਮਾਰਦਾ, ਉਹ ਖੁਦ ਵੀ ਓਸ ਹਿੰਸਾ ਦਾ ਸ਼ਿਕਾਰ ਹੁੰਦਾ ਹੈ। ਹਿੰਸਾ ਕਰ ਕੇ ਬੰਦਾ ਭਾਵੇਂ ਬਾਹਰੋਂ-ਬਾਹਰੋਂ ਸ਼ੇਰ ਬਣ ਕੇ ਵਿਖਾਂਦਾ ਹੈ, ਪਰੰਤੂ ਅੰਦਰੋ-ਅੰਦਰੀ ਗੁਨਾਹ ਦਾ ਅਹਿਸਾਸ ਵੀ ਹੈ। ਫੇਰ ਜਮਨਾ ਦਾਸ ਹਿੰਸਾ ਦਾ ਹਿੱਸਾ ਬਣਨ ਦੀ ਪੂਰੀ ਤਿਆਰੀ ਕਰ ਕੇ ਵੀ ਐਨ ਮੌਕੇ 'ਤੇ ਪਿੱਛੇ ਹਟ ਜਾਂਦਾ ਹੈ। ਅਗਲਾ ਬਹੁਤ ਮਹੱਤਵਪੂਰਨ ਪੱਖ ਹੈ ਭਰੋਸੇ ਵਾਲਾ। ਜਦੋਂ ਉਹ ਮੁਸਲਮਾਨ ਨੂੰ ਵਰਛਾ ਮਾਰਦਾ, ਤਾਂ ਉਸ ਮੁਸਲਮਾਨ ਦਾ ਭਰੋਸਾ ਗੁਰੂ ਗੋਬਿੰਦ ਸਿੰਘ ਉੱਤੇ ਸੀ। ਇਸ ਬੰਦੇ ਨੂੰ ਅਹਿਸਾਸ ਹੁੰਦਾ ਹੈ ਕਿ ਇਸਨੂੰ ਆਪਣੇ ਗੁਰੂ ਉੱਤੇ ਭਰੋਸਾ ਨਹੀਂ ਸੀ, ਪਰ ਇਕ ਗੈਰ-ਸਿੱਖ ਨੂੰ ਸੀ। ਰਘੂਨਾਥ ਵਾਂਗ ਹੀ ਜਮਨਾ ਦਾਸ ਨੂੰ ਵੀ ਭਰੋਸਾ ਤੋੜਨ ਦੀ ਸਜਾ ਭੁਗਤਣੀ ਪੈਂਦੀ ਹੈ।

**ਰਜਨੀਸ਼ ਬਹਾਦਰ ਸਿੰਘ**: ਤੀਜੀ ਅਤੇ ਚੌਥੀ ਪੀੜ੍ਹੀ ਵਿਚ ਹਿੰਸਾ ਦਾ ਵਿਸ਼ਾ ਇਕ ਸੂਤਰ ਵਜੋਂ ਸਾਡੇ ਸਨਮੁਖ ਹੁੰਦਾ ਹੈ। ਵਰਿਆਮ ਸੰਧੂ ਦੀ ਕਹਾਣੀ 'ਪਰਛਾਵੇਂ' ਅਤੇ ਗੁਰਦੇਵ ਰੁਪਾਣਾ ਦੀ ਕਹਾਣੀ 'ਸ਼ੀਸ਼ਾ'। ਇਕ ਪੱਧਰ 'ਤੇ ਹਿੰਸਾ ਮਨੁੱਖ ਦੇ ਅੰਦਰ ਇਕ ਪ੍ਰਵਿਰਤੀ ਵਜੋਂ ਦਿਸਦੀ ਹੈ, ਉਸਦੀਆਂ ਸਥਿਤੀਆਂ ਪੈਦਾ ਕਰਨ ਵਿਚ ਇਕ ਤਾਂ ਸਟੇਟ ਦੀ ਭੂਮਿਕਾ ਹੈ, ਦੂਜਾ ਧਰਮ ਦਾ ਸਹਾਰਾ ਲੈ ਕੇ। ਜਿਹੜੇ ਸਿੱਖਾਂ ਨੇ ਮਲੇਰਕੋਟਲੇ ਨੂੰ ਹਿੰਸਾ ਤੋਂ ਬਚਾਉਣਾ ਸੀ, ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦਾ ਸਾਰੀ ਮਾਨਵਤਾ ਦੇ ਰਾਖੇ ਵਜੋਂ ਚਿਹਰਾ ਸਾਹਮਣੇ ਲਿਆਂਦਾ, ਅਤੇ ਜਿਨ੍ਹਾਂ ਨੇ ਬੰਦੇ ਮਾਰਨੇ ਸੀ, ਉਨ੍ਹਾਂ ਨੇ ਆਪਣੇ ਆਪ ਹੀ ਇਲਾਕੇ ਦੀ ਹੱਦ ਵੀ ਨਿਰਧਾਰਤ ਕਰ ਲਈ। ਬਲਵਿੰਦਰ ਇਸ ਸਭ ਕੁਝ ਨੂੰ ਕਹਾਣੀ ਵਿਚ ਬਹੁਤ ਖ਼ੂਬਸੂਰਤ ਨੈਰੇਟਿਵ ਰਾਹੀਂ ਲੈ ਕੇ ਆਉਂਦਾ ਹੈ। ਕਹਾਣੀ ਦੇ ਸੁਹਜ ਸ਼ਾਸਤਰ ਦੇ ਪੱਖ ਤੋਂ ਬਲਵਿੰਦਰ ਇਤਿਹਾਸ, ਸੰਸਕ੍ਰਿਤੀ ਅਤੇ ਵਰਤਮਾਨ ਰਾਜਨੀਤੀ ਨੂੰ ਜਿਵੇਂ ਨੈਰੇਟਿਵ ਵਿਚ ਢਾਲਦਾ ਹੈ, ਉਹ ਖ਼ੂਬਸੂਰਤ ਹੈ। ਫੇਰ ਇਹ ਕਹਾਣੀ ਦ੍ਰਿਸ਼ਾਂ ਨਾਲ ਭਰੀ ਪਈ ਹੈ। ਜਮਨਾ ਦਾਸ ਦੇ ਮਨ ਵਿਚ ਉਹਦੇ ਬਾਪ ਅਤੇ ਫੁੱਫੜ ਵਿਚਕਾਰਲਾ ਦਵੰਦ ਨਾਲੋ ਨਾਲ ਚਲਦਾ ਹੈ। ਉਸਨੂੰ ਕਦੇ ਵਰਤਮਾਨ ਅਤੇ ਕਦੇ ਅਤੀਤ ਵਿਚ ਲਿਜਾ ਕੇ ਤਣਾਅ ਸਿਰਜ ਰਿਹਾ ਹੈ। ਭਾਰਤ ਦੀ ਜਿਹੜੀ ਵਰਤਮਾਨ ਰਾਜਨੀਤਕ ਸਥਿਤੀ ਹੈ, ਜਿਸ ਵਿਚ ਮੁਸਲਮਾਨਾਂ ਦੇ ਖਿਲਾਫ ਨੈਰੇਟਿਵ ਸਿਰਜਿਆ ਜਾ ਰਿਹੈ, ਇਹਦੇ ਬੀਜ ਬਹੁਤ ਪੁਰਾਣੇ ਹਨ। ਜਦੋਂ ਆਰ ਐਸ ਐਸ ਵਾਲੇ ਬੰਦੇ ਮਾਤਰਮ ਦੀ ਗੱਲ ਕਰਦੇ ਹਨ, ਤਾਂ ਉਹਦੇ ਪਿੱਛੇ 'ਆਨੰਦ ਮਠ' ਵਿਚਲੀ ਉਹ ਗੱਲ ਵੀ ਨਾਲ ਰਲਦੀ ਹੈ, ਜਿਸ ਵਿਚ ਇਹ ਨੁਕਤਾ ਬਣਾਇਆ ਜਾ ਰਿਹਾ ਸੀ ਕਿ ਹਿੰਦੂਆਂ ਦੀ ਲੜਾਈ ਅੰਗਰੇਜ਼ਾਂ ਨਾਲ ਨਹੀਂ, ਇਹ ਤਾਂ ਵਪਾਰੀ ਨੇ, ਜਿਥੇ ਇਨ੍ਹਾਂ ਨੂੰ ਵਪਾਰ ਮਿਲੂ, ਉਥੇ ਚਲੇ ਜਾਣਗੇ। ਸਾਡੀ ਅਸਲੀ ਲੜਾਈ ਤਾਂ ਮੁਸਲਮਾਨਾਂ ਨਾਲ ਹੈ। ਹੁਣ ਇਸਨੂੰ ਕੌਮ-ਪ੍ਰਸਤੀ ਦੇ ਨਾਲ ਜੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਹਥਲੀ ਕਹਾਣੀ ਵਿਚ ਉਹ ਤੱਤ ਪਏ ਨੇ, ਜਿਹੜੇ ਇਤਿਹਾਸ ਦੇ ਲੰਮੇ ਕਲੇਵਰ ਨੂੰ ਨਾਲ ਲੈ ਕੇ ਚਲਦੀ ਹੈ। ਦ੍ਰਿਸ਼ਟੀ ਦੇ ਪੱਖ ਤੋਂ ਵੀ ਇਹ ਕਹਾਣੀ ਮਹੱਤਵਪੂਰਨ ਹੈ। ਖਾਸ ਤੌਰ 'ਤੇ ਇਹ ਗੱਲ ਕਿ ਸਮਾਜਕ ਏਕਤਾ ਨੂੰ ਬਣਾਈ ਰੱਖਣ ਲਈ ਇਤਿਹਾਸ ਵਿਚ ਪਈਆਂ ਗਲਤ ਧਾਰਨਾਵਾਂ ਅਤੇ ਵਿਆਖਿਆਵਾਂ ਨੂੰ ਰੱਦ ਕਰ ਕੇ ਚੱਲਣਾ ਹੋਊ। ਇਸ ਹਿਸਾਬ ਨਾਲ ਇਹ ਇਸ ਦੌਰ ਦੀ

ਬਿਹਤਰੀਨ ਕਹਾਣੀ ਹੈ।

**ਬਲਬੀਰ ਪਰਵਾਨਾ**: ਇਸ ਕਹਾਣੀ ਦੀ ਸਭ ਤੋਂ ਮਹੱਤਵਪੂਰਨ ਗੱਲ ਮੈਨੂੰ ਇਹ ਲੱਗੀ ਕਿ ਇਸ ਵਿਚ ਬਹੁਤ ਕੁਝ ਅਣਕਿਹਾ ਛੱਡਿਆ ਗਿਆ ਹੈ। ਇਹ ਬਰਛਾ ਮਾਰਨ ਦੀ ਗੱਲ ਕਰਦਾ ਹੈ, ਪਰੰਤੂ ਤੁਹਾਡੇ ਮਨ ਵਿਚ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਤ ਹੋਰ ਕਈ ਦ੍ਰਿਸ਼ ਉਭਰਦੇ ਹਨ। ਇੰਝ ਹੀ ਜਮਨਾ ਦਾਸ ਦੀ ਦੁਵਿਧਾ ਦੇ ਨਾਲ ਨਾਲ ਕਈ ਹੋਰ ਦੁਵਿਧਾਵਾਂ ਤੁਹਾਡੇ ਮਨ ਵਿਚ ਚਲ ਰਹੀਆਂ ਹੁੰਦੀਆਂ ਨੇ। ਦੂਜੀ ਗੱਲ ਇਹ ਕਿ ਇਕ ਬੰਦਾ ਵੀ ਜੇ ਕੁਝ ਕਰਨਾ ਚਾਹਵੇ, ਤਾਂ ਬਹੁਤ ਕੁਝ ਕਰ ਸਕਦਾ ਹੈ। ਸਮੂਹਿਕਤਾ ਦੇ ਮੁਕਾਬਲੇ ਇਕ ਵਿਅਕਤੀ ਦੀ ਭੂਮਿਕਾ ਨੂੰ ਫੋਕਸ ਵਿਚ ਲਿਆਉਂਦਾ ਹੈ। ਅਗਲੀ ਗੱਲ, ਕਿ ਸੱਤਾ ਅਤੇ ਧਰਮ ਦਾ ਗੱਠਜੋੜ ਕਿਵੇਂ ਕੰਮ ਕਰਦਾ, ਇਹ ਵੀ ਇਸ ਕਹਾਣੀ ਵਿਚ ਬੜੀ ਖੂਬਸੂਰਤੀ ਨਾਲ ਪੇਸ਼ ਹੋਇਆ। ਬਾਕੀ, ਮਲੇਰਕੋਟਲੇ ਬਾਰੇ ਇਕ ਤਾਂ ਮਿੱਥ ਗੁਰੂ ਗੋਬਿੰਦ ਸਿੰਘ ਨਾਲ ਜੁੜੀ ਹੋਈ ਹੈ, ਦੂਜਾ ਪੱਖ ਇਹ ਵੀ ਸੀ ਕਿ ਲੁਟੇਰਿਆਂ ਨੂੰ ਮਲੇਰਕੋਟਲੇ ਦੀ ਫੌਜ ਦਾ ਵੀ ਡਰ ਸੀ।

**ਮਹਿਲ ਸਿੰਘ**: ਇਸ ਕਹਾਣੀ ਦੀਆਂ ਬਹੁਤ ਪਰਤਾਂ ਨੇ। ਬਲਵਿੰਦਰ ਬਹੁਤ ਸੁਚੇਤ ਹੋ ਕੇ ਹਰ ਲਫਜ਼ ਲਿਖਦਾ ਹੈ। ਕਦੋਂ ਜਮਨਾ ਦਾਸ ਲਿਖਣਾ ਤੇ ਕਦੋਂ ਜੇ ਡੀ। ਕੁਝ ਵਾਕ ਫਲਸਫੇ ਦੀ ਪੱਧਰ 'ਤੇ ਸਾਨੂੰ ਝੰਜੋੜ ਜਾਂਦੇ ਹਨ, ਜਿਵੇਂ ਜ਼ੁਬਾਨ ਭਾਵੇਂ ਚੁੱਪ, ਪਰ ਸਰੀਰ ਡੋਲ ਜਾਂਦਾ। ਕਹਾਣੀ ਦੀ ਬੁਣਤੀ ਵੀ ਕਮਾਲ ਦੀ ਹੈ, ਤੇ ਦਿੱਖ ਦੇ ਪੱਖੋਂ ਵੀ।

**ਸ਼ਰਨਜੀਤ ਕੌਰ**: ਬਲਵਿੰਦਰ ਹੁਰਾਂ ਦੀ ਇਹ ਕਹਾਣੀ ਇਨ੍ਹਾਂ ਦੀ ਕਹਾਣੀ 'ਖੰਡੇ ਦੀ ਧਾਰ' ਨੂੰ ਅਗਲੇਰਾ ਵਿਸਥਾਰ ਦੇਂਦੀ ਹੈ। ਉਸ ਕਹਾਣੀ ਵਿਚ ਧਰਮ ਕੇਂਦਰ ਵਿਚ ਹੈ, ਇਥੇ ਧਰਮ ਦਾ ਗਿਲਾਫ ਚਾੜ੍ਹ ਕੇ ਵਿਚਰ ਰਿਹਾ ਬੰਦਾ ਕੇਂਦਰ ਵਿਚ ਹੈ। ਇਹ ਕਹਾਣੀ ਕਾਲ ਦੇ ਕਈ ਬਿੰਦੂਆਂ ਨੂੰ ਇਕੋ ਵੇਲੇ ਨਾਲ ਲੈ ਕੇ ਚਲਦੀ ਹੈ। ਕਹਾਣੀ ਵਿਚ ਸੁਭਾਵਕਤਾ ਦੀ ਲੜੀ ਵੀ ਬਰਕਰਾਰ ਰਹਿੰਦੀ ਹੈ। ਇਨ੍ਹਾਂ ਦੀਆਂ ਬਾਕੀ ਕਹਾਣੀਆਂ ਵਾਂਗ ਏਸ ਕਹਾਣੀ ਵਿਚ ਵੀ ਫਲਸਫਈ ਛੋਹਾਂ ਮੌਜੂਦ ਨੇ। ਇਸ ਕਹਾਣੀ ਵਿਚ ਮੈਨੂੰ ਇਨ੍ਹਾਂ ਦੀਆਂ ਹੀ ਬਾਕੀ ਕਹਾਣੀਆਂ ਦੇ ਮੁਕਾਬਲੇ ਵਿਚ ਕਥਾਰਸ ਦੀ ਕਮੀ ਮਹਿਸੂਸ ਹੋਈ ਹੈ।

**ਰਾਮਿੰਦਰ ਕੌਰ**: ਇਸ ਕਹਾਣੀ ਦਾ ਨਾਂਅ ਹੀ ਬਹੁਤ ਢੁਕਵਾਂ ਹੈ। ਜਿਵੇਂ ਹੱਡੀ ਕੱਢ ਕੇ ਮਸਾਣ ਜਗਾਏ ਜਾ ਸਕਦੇ ਹਨ, ਉਵੇਂ ਜੇ ਬੰਦਾ ਗਲਤ ਰਾਹੇ ਜਾ ਰਿਹਾ ਹੋਵੇ, ਤਾਂ ਉਸਦੀ ਜਮੀਰ ਨੂੰ ਜਗਾ ਕੇ ਉਸਨੂੰ ਸਹੀ ਰਾਹ 'ਤੇ ਲਿਆਂਦਾ ਜਾ ਸਕਦਾ ਹੈ। ਪਹਿਲਾਂ ਰਘੂ ਵਲੋਂ ਪਛਤਾਵੇ ਦੀ ਗੱਲ, ਫੇਰ ਫੁੱਫੜ ਵਲੋਂ ਧਰਮ ਦੇ ਨਾਂਅ ਹੇਠ ਅਤੇ ਤਰੱਕੀ ਦਾ ਲਾਲਚ ਦੇ ਕੇ ਜਮਨਾ ਦਾਸ ਨੂੰ ਫਿਰਕੂ ਪਾਠ ਪੜ੍ਹਾਉਣਾ। ਪਰੰਤੂ ਐਨ ਵਕਤ ਸਿਰ ਜੇ ਡੀ ਦੀ ਜ਼ਮੀਰ ਜਾਗ ਜਾਣੀ ਅਤੇ ਉਸ ਵਲੋਂ ਦੰਗੇ ਰੋਕਣ ਲਈ ਐਕਸ਼ਨ ਲੈ ਲੈਣਾ। ਕਹਾਣੀ ਵਿਚ ਇਤਿਹਾਸ, ਮਿਥਿਆਸ, ਲੋਕਧਾਰਾ, ਸਮਾਜ ਸ਼ਾਸਤਰ, ਫਲਸਫੇ ਆਦਿ ਦੀ ਵਧੀਆ ਵਰਤੋਂ ਕੀਤੀ ਗਈ ਹੈ। ਇਸ ਵਿਚ ਦੁਵਿੱਧਾ ਅਤੇ ਤਨਾਅ ਵੀ ਮੌਜੂਦ ਹੈ। ਭਾਸ਼ਾ ਦੀ ਵੀ ਬੜੀ ਢੁਕਵੀਂ ਵਰਤੋਂ ਕੀਤੀ ਹੈ। ਪ੍ਰਤੀਕ, ਅਲੰਕਾਰ, ਬਿੰਬ ਅਤੇ ਦ੍ਰਿਸ਼ ਵੀ ਕਮਾਲ ਦੇ ਹਨ। ਮੇਰੀ ਆਖਰੀ ਗੱਲ: ਆਮ ਪਾਠਕ, ਤੇ ਵਿਸ਼ੇਸ਼ ਕਰਕੇ ਸਾਡੇ ਵਿਦਿਆਰਥੀਆਂ ਨੂੰ ਇਹ ਕਹਾਣੀ ਵਿਰਕ ਜਾਂ ਨਾਨਕ ਸਿੰਘ ਦੀਆਂ ਕਹਾਣੀਆਂ ਵਾਂਗ ਪਹਿਲੀ ਪੜ੍ਹਤ ਵਿਚ ਸਮਝ ਨਹੀਂ ਆਉਣ ਵਾਲੀ। ਇਹਦੇ ਲਈ ਤੀਜੀ ਚੌਥੀ ਪੰਜਵੀਂ ਪੜ੍ਹਤ ਦੀ ਲੋੜ ਪਵੇਗੀ। 'ਖੰਡੇ ਦੀ ਧਾਰ', 'ਯੁੱਧ ਖੇਤਰ' ਜਾਂ



'ਸੂਰਜ ਦੀ ਪਿੱਠ ਨਹੀਂ ਹੁੰਦੀ' ਕਮਾਲ ਦੀਆਂ ਕਹਾਣੀਆਂ ਨੇ, ਪਰੰਤੂ ਸਿਲੇਬਸ ਵਿਚ ਲਾਉਣ ਵੇਲੇ ਸਾਡੇ ਲਈ ਸਮਸਿਆ ਆਉਂਦੀ ਹੈ। ਹਥਲੀ ਕਹਾਣੀ ਮੇਰੇ ਖਿਆਲ ਵਿਚ ਨਾਵਲੀ ਕਹਾਣੀ ਹੈ। ਇਹ ਇਕ ਪੂਰੇ ਨਾਵਲ ਦਾ ਵਿਸ਼ਾ ਸਮੋਈ ਬੈਠੀ ਹੈ।

**ਜਿੰਦਰ**: ਬਲਵਿੰਦਰ ਦੀ ਕਹਾਣੀ ਸੁਣਨ ਨਾਲੋਂ ਪੜ੍ਹਨ ਵਾਲੀ ਜ਼ਿਆਦਾ ਹੈ। ਅਰਾਮ ਨਾਲ ਬਹਿ ਕੁ ਪੜ੍ਹੀ ਜਾਵੇ, ਤੇ ਜਿਥੇ ਕਿਤੇ ਰੁਕ ਕੇ ਵਿਚਾਰ ਕਰਨੀ ਪਵੇ, ਉਥੇ ਰੁਕਿਆ ਜਾਵੇ।

**ਜਸ ਮੰਡ**: ਮੈਨੂੰ ਤਾਂ ਇਸ ਗੱਲ ਦੀ ਹੈਰਾਨੀ ਹੁੰਦੀ ਹੈ ਕਿ ਬਲਵਿੰਦਰ ਵਾਲੀ ਪੀੜ੍ਹੀ, ਜਿਸ ਵਿਚ ਅਸੀਂ ਅਜਮੇਰ ਸਿੱਧੂ ਅਤੇ ਸਾਂਵਲ ਧਾਮੀ ਨੂੰ ਵੀ ਸ਼ਾਮਲ ਕਰਦੇ ਹਾਂ, ਇਨ੍ਹਾਂ ਦੀ ਪੈਦਾਇਸ਼ 1947 ਤੋਂ ਬਾਅਦ ਦੀ ਹੈ, ਪਰੰਤੂ ਇਨ੍ਹਾਂ ਦੀਆਂ ਕਹਾਣੀਆਂ ਵਿਚ 1947 ਇੰਝ ਮੌਜੂਦ ਹੈ, ਜਿਵੇਂ ਇਨ੍ਹਾਂ ਨੇ ਇਸਨੂੰ ਖੁਦ ਹੰਢਾਇਆ ਹੋਵੇ! ਇਨ੍ਹਾਂ ਦੇ ਮੁਕਾਬਲੇ ਹੁਣ ਵਾਲੀ ਪੀੜ੍ਹੀ ਇਸ ਦੌਰ ਤੋਂ ਵਾਕਫ ਨਹੀਂ। ਇਵੇਂ ਹੀ ਕੁਝ ਲਫਜ਼ ਨੇ: ਜਿਵੇਂ ਹੁਣ ਵਾਲੀ ਪੀੜ੍ਹੀ ਸਫਾਜੰਗ ਦੀ ਜਗ੍ਹਾ ਸ਼ਾਇਦ ਟਕੂਆ ਆਖੇਗੀ, ਸਫਾਜੰਗ ਦੇ ਫਾਲ ਦੀ ਥਾਂ ਲਫਜ਼ ਧਾਰ ਲਿਖੇਗੀ। ਇੰਝ ਹੀ ਬੰਦਾ ਮਾਰਨ ਨੂੰ ਇਹ 'ਲੋਹਾ ਰੰਗ ਲਿਆ' ਆਖਦੇ ਹਨ। ਕਹਾਣੀ ਦੀ ਜੁਗਤ ਵੀ ਕਮਾਲ ਦੀ ਹੈ। ਸ਼ੁਰੂਆਤ ਵਿਚ ਕੇਂਦਰੀ ਪਾਤਰ ਆਪਣੇ ਪਿੰਡ ਦੀ ਸ਼ਮਸ਼ਾਨ ਵਿਚ ਪਹੁੰਚਦਾ ਹੈ। "ਵੱਡੇ ਸਾਰੇ ਗੇਟ ਦੇ ਮੱਥੇ 'ਤੇ ਸੋਹਣਾ ਕਰਕੇ 'ਸਵਰਗਪੁਰੀ' ਲਿਖਿਆ ਹੋਇਆ ਸੀ। ਹੈਰਾਨੀ ਹੋਈ ਕਿ ਉਹ ਅਜੇ ਵੀ ਪੰਜਾਬੀ ਰਵਾਂ ਰਵੀਂ ਪੜ੍ਹ ਸਕਦਾ ਸੀ। ਇਸ ਅਹਿਸਾਸ ਨੇ ਜੇ.ਡੀ.ਕੁਮਾਰ ਦੀ ਕਾਇਆ ਪਲਟ ਦਿੱਤੀ। ਅੰਦਰ ਲੰਘਣ ਤੋਂ ਪਹਿਲਾਂ ਹੀ ਉਹ ਜਮਨਾ ਦਾਸ ਬਣ ਗਿਆ।" ਇਨ੍ਹਾਂ ਦੋ ਫਿਕਰਿਆਂ ਤੋਂ ਹੀ ਤੁਹਾਨੂੰ ਪਤਾ ਲੱਗ ਜਾਂਦਾ ਕਿ ਇਹ ਬੰਦਾ ਕੋਈ ਵੱਡਾ ਅਫਸਰ ਹੈ, ਜਿਹੜਾ ਚਿਰਾਂ ਤੋਂ ਆਪਣੀ ਭੋਂ ਨਾਲੋਂ ਟੁੱਟਾ ਹੋਇਆ, ਜਿਸਦਾ ਇਥੇ ਆ ਕੇ ਸਾਰਾ ਗਰੂਰ ਉਤਰ ਜਾਂਦਾ ਹੈ। ਇਹ ਹੈ ਉਹ ਅਣਕਿਹਾ ਜਿਸਦਾ ਬਲਬੀਰ ਪਰਵਾਨਾ ਜ਼ਿਕਰ ਕਰ ਚੁੱਕਾ ਹੈ। ਕਹਾਣੀ ਵਿਚ ਸਿੱਖ ਫਲਸਫਾ ਵੀ ਹੈ, ਰਵਾਇਤਾਂ, ਮਿਥਾਂ ਵੀ, ਦੰਗੇ ਵੀ, ਸ਼ਾਖਾ ਵੀ, ਧਰਮ ਅਤੇ ਰਾਜਨੀਤੀ ਦਾ ਗੱਠਜੋੜ, ਆਦਿ ਬੜੇ ਸਾਰੇ ਮਸਲੇ ਆਉਂਦੇ ਹਨ, ਪਰੰਤੂ ਇਸ ਵਿਚ ਪਾਤਰਾਂ ਦਾ ਘੜਮੱਸ ਨਹੀਂ ਪੈਂਦਾ। ਜਮਨਾ ਦਾਸ, ਰਘੂ ਅਤੇ ਫੁੱਫੜ, ਇਹੋ ਤਿੰਨ ਪਾਤਰਾਂ ਦਾ ਵੱਡਾ ਰੋਲ ਹੈ, ਇਹ ਤਿੰਨੋਂ ਤੁਹਾਡੇ ਚੇਤਿਆਂ ਵਿਚ ਵਸ ਜਾਂਦੇ ਹਨ। ਇੰਝ ਹੀ ਕਹਾਣੀ ਦੀ ਘੁੰਡੀ ਅੰਤ ਵਿਚ ਜਾ ਕੇ ਖੁਲਦੀ ਹੈ, ਜਿਵੇਂ ਹੋਣਾ ਹੀ ਚਾਹੀਦਾ, ਜਿਵੇਂ ਮੰਟੋ ਜਾਂ ਵਿਰਕ ਕਰਦਾ ਹੈ। ਸਾਰੀ ਕਹਾਣੀ ਵਿਚ ਹਿੰਸਾ ਦੀ ਗੱਲ ਚਲਦੀ ਹੈ, ਪਰੰਤੂ ਅੰਤ ਸੁਖਾਵਾਂ ਅਤੇ ਆਸ਼ਾਜਨਕ ਹੈ। ਸਾਡੇ ਕੋਲ ਇਕ ਬਲਵਿੰਦਰ ਗਰੇਵਾਲ ਹੈ, ਦੂਜਾ ਸੁਕੀਰਤ, ਜਿਨ੍ਹਾਂ ਨੇ 14-14, 15-15, ਕਹਾਣੀਆਂ ਲਿਖੀਆਂ ਨੇ ਪਰੰਤੂ ਵਧੀਆ ਕਹਾਣੀਆਂ ਲਿਖੀਆਂ ਨੇ। ਇਹ ਦੋ ਪੈਰ ਘੱਟ, ਪਰ ਮੜ੍ਹਕ ਦੇ ਨਾਲ ਤੁਰਨ ਵਾਲੇ ਕਹਾਣੀਕਾਰ ਨੇ।

**ਕੁਲਵੰਤ ਸੰਧੂ**: ਇਕ ਦੋ ਗੱਲਾਂ ਕਰਨੀਆਂ ਮੈਥੋਂ ਰਹਿ ਗਈਆਂ। ਪਹਿਲੀ ਗੱਲ, ਇਸ ਕਹਾਣੀ ਵਿਚ ਆਰ ਐਸ ਐਸ ਦੇ ਓਸ ਏਜੰਡੇ ਵਾਲੀ ਵੀ ਆਉਂਦੀ ਹੈ, ਜਿਸ ਮੁਤਾਬਕ ਹਿੰਦੂਆਂ ਅਤੇ ਸਿੱਖਾਂ ਨੂੰ ਇਕ ਧਿਰ ਵਜੋਂ ਪੇਸ਼ ਕਰਨਾ ਅਤੇ ਮੁਸਲਮਾਨਾਂ ਪ੍ਰਤੀ ਨਫਰਤ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੂਜਾ, ਇਸ ਕਹਾਣੀ ਵਿਚ ਵਿਅੰਗ ਬਹੁਤ ਤਿੱਖਾ ਹੈ: ਬੰਦਾ ਮਾਰਨ ਲਈ ਜਾਂਦੇ ਹੋਏ ਉਹ ਸਰਬੱਤ ਦੇ ਭਲੇ ਦੀ ਅਰਦਾਸ ਕਰ ਕੇ ਜਾਂਦੇ ਹਨ। ਫੇਰ:

ਦੁਨੀਆਂ ਦਾ ਕੋਈ ਦੀਨ ਧਰਮ ਹੀ ਨਹੀਂ, ਮਾਰੇ ਹੈ ਹੀ ਨਹੀਂ, ਲੁੱਟ ਕੇ ਛੱਡ ਦਿੱਤੇ। ਇਹ ਵਿਅੰਗ ਕੇਵਲ ਯੁਗਤ ਵਜੋਂ ਨਹੀਂ, ਵਿਚਾਰਧਾਰਾ ਵਜੋਂ ਵੀ ਪੇਸ਼ ਹੁੰਦਾ ਹੈ।

**ਰਜਨੀਸ਼ ਬਹਾਦਰ ਸਿੰਘ**: ਇਕ ਤਾਂ ਰਾਮਿੰਦਰ ਨੇ ਗੱਲ ਕੀਤੀ ਮਸਾਣ ਜਗਾਉਣ ਬਾਰੇ। ਮਸਾਣ ਜਗਾਉਣ ਵਾਲੀ ਗੱਲ ਤਾਂਤਰਿਕ ਵਿਦਿਆ ਨਾਲ ਜੁੜੀ ਹੋਈ ਹੈ, ਜਿਹੜੀ ਹਿੰਦੂਆਂ ਵਿਚ ਵੀ ਹੈ, ਮੁਸਲਮਾਨਾਂ ਅਤੇ ਬੋਧੀਆਂ ਦੇ ਕੁਝ ਫਿਰਕਿਆਂ ਵਿਚ ਵੀ, ਕਿ ਚਿਤਾ ਵਿਚੋਂ ਇਕ ਹੱਡੀ ਕੱਢ ਕੇ ਤੁਸੀਂ ਆਤਮਾ ਉੱਤੇ ਕਾਬੂ ਪਾ ਲੈਂਦੇ ਹੋ। ਜਮਨਾ ਦਾਸ ਆਪਣੇ ਪਿਓ ਦਾ ਮਸਾਣ ਜਗਾਉਣਾ ਚਾਹੁੰਦਾ ਹੈ, ਜਿਸਦੀ ਪਰੰਪਰਾ ਸਮਾਜਕ ਏਕਤਾ ਨਾਲ ਜੁੜਦੀ ਹੈ, ਨਾ ਕਿ ਫਿਰਕੂ ਮਾਨਸਕਤਾ ਵਾਲੇ ਫੁੱਫੜ ਦੀ। ਜਿਹੜੀ ਗੱਲ ਜਸ ਮੰਡ ਨੇ ਕਹੀ ਹੈ, ਇਹ ਕਹਾਣੀਕਾਰ ਸਮਾਜਕ ਏਕਤਾ ਦੇ ਨੁਕਤੇ-ਨਿਗਾਹ ਤੋਂ 1947 ਦੀ ਗੱਲ ਕਰਦੇ ਹਨ, ਇਹ ਇਸ ਗੱਲ ਤੋਂ ਸੁਚੇਤ ਨੇ ਕਿ ਪੰਜਾਬ ਵਿਚ ਮੁੜ ਵੰਡੀਆਂ ਪਾਉਣ ਦੀਆਂ ਕੋਸ਼ਿਸ਼ਾਂ ਹੁਣ ਵੀ ਹੋ ਰਹੀਆਂ ਨੇ। ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਦੇ ਇਕ ਗਰੁੱਪ ਨੇ ਇਹ ਨੈਰੇਟਿਵ ਸਿਰਜਿਆ (ਕੁਝ ਚੌਥੀ ਪੀੜ੍ਹੀ ਵਾਲਿਆਂ ਨੇ ਇਸਨੂੰ ਅੱਗੇ ਤੋਰਿਆ) ਕਿ ਸਮਾਜਕ ਰਿਸ਼ਤਿਆਂ ਦੇ ਕੋਈ ਅਰਥ ਨਹੀਂ ਹੁੰਦੇ, ਬੰਦਾ ਇਕ ਇਕਾਈ ਦੇ ਤੌਰ 'ਤੇ ਵਰਤਾਓ ਕਰਦਾ। ਤੀਵੀਂ ਕਦੋਂ ਬਦਚਲਣ ਹੋ ਜਾਵੇ, ਕੋਈ ਪਤਾ ਨਹੀਂ। ਇਸਦੀ ਤੁਲਨਾ ਵਿਚ ਬਲਵਿੰਦਰ ਦੀ ਸਮਾਜਕ ਸਰੋਕਾਰਾਂ ਨਾਲ ਜੁੜੀ ਕਹਾਣੀ ਬਹੁਤ ਮਹੱਤਵਪੂਰਨ ਬਣਦੀ ਹੈ।

**ਮਹਿਲ ਸਿੰਘ**: ਇਹ ਗੱਲ ਸਹੀ ਹੈ ਕਿ ਸੱਤਾ 'ਤੇ ਕਾਬਜ਼ ਲੋਕ ਧਰਮ ਨੂੰ ਆਪਣੇ ਹਿਤਾਂ ਲਈ ਵਰਤਦੇ ਹਨ, ਪਰੰਤੂ ਲੋਕਾਂ ਦੇ ਆਪਸੀ ਰਿਸ਼ਤਿਆਂ ਨੂੰ ਮਾਰਨਾ ਏਨਾ ਸੌਖਾ ਵੀ ਨਹੀਂ ਹੁੰਦਾ। ਗਿਆਰਵੀਂ ਸਦੀ ਵਿਚ ਮੁਸਲਮਾਨ ਹਿੰਦੋਸਤਾਨ 'ਤੇ ਕਾਬਜ਼ ਹੋ ਕੇ ਬਹਿ ਗਏ। ਜੇ ਸੱਤਾ ਹੀ ਸਭ ਕੁਝ ਕਰ ਸਕਦੀ ਹੁੰਦੀ, ਤਾਂ ਫੇਰ ਹਿੰਦੂ ਧਰਮ ਤਾਂ ਖਤਮ ਹੋ ਗਿਆ ਹੁੰਦਾ। ਇਸੇ ਦੌਰਾਨ ਸਿੱਖ ਧਰਮ ਪੈਦਾ ਹੋਇਆ, ਵਧਿਆ, ਅਤੇ ਰਾਜ ਤੱਕ ਪਹੁੰਚਿਆ।

**ਆਤਮ ਰੰਧਾਵਾ**: ਇਸ ਕਹਾਣੀ ਵਿਚ ਬਹੁਤ ਸਾਰਾ ਅੰਤਰ ਪਾਠ ਪਿਆ ਹੈ। ਹਰ ਲਫਜ਼ ਜਾਂ ਕਥਨ ਵਿਚ ਵਿਸਥਾਰ ਛੁਪਿਆ ਹੋਇਆ ਹੈ, ਜਿਹੜਾ ਸਾਡੇ ਧਰਮ, ਪਰੰਪਰਾ, ਇਤਿਹਾਸ ਜਾਂ ਮਿਥਿਆਸ ਵਿਚ ਪਿਆ ਹੈ। ਇਹਦੇ ਨਾਲ ਕਹਾਣੀ ਸੰਘਣੀ ਹੋਈ ਹੈ, ਪਰੰਤੂ ਨੌਜਵਾਨ ਪਾਠਕ ਨੂੰ ਸ਼ਾਇਦ ਪਹਿਲੇ ਪਾਠ ਵਿਚ ਸਮਝ ਨਾ ਆਵੇ।

**ਜਨਮੀਤ**: ਜਿਵੇਂ ਕਿ ਏਥੇ ਗੱਲ ਆਈ ਸੀ, ਇਹ ਕਹਾਣੀ ਦ੍ਰਿਸ਼ਾਂ ਨਾਲ ਭਰੀ ਪਈ ਹੈ। ਇਸ ਕਹਾਣੀ ਉੱਤੇ ਬਹੁਤ ਸੁਹਣੀ ਨਿੱਕੀ ਫਿਲਮ ਬਣ ਸਕਦੀ ਹੈ। ਜਗਦੀ ਹੋਈ ਚਿਤਾ ਦੀਆਂ ਲਾਟਾਂ, ਉਸ ਵਿਚੋਂ ਹੱਡੀ ਕੱਢਣ ਵਾਲਾ ਐਕਟ। ਇਸ ਦੇ ਥੀਏਟਰੀਕਰਨ ਨੂੰ ਕਿਆਸ ਕਰ ਕੇ ਵੇਖੋ ! ਇੰਝ ਹੀ ਸਫਾਜੰਗ ਵਰਗੇ ਹਥਿਆਰ ਜਦੋਂ ਦਰਸ਼ਕਾਂ ਮੂਹਰੇ ਪੇਸ਼ ਕੀਤੇ ਜਾਣਗੇ। ਬਰਛਾ ਮਾਰਨ ਵਾਲਾ ਦ੍ਰਿਸ਼ ਹੈ। ਅਜਿਹੀਆਂ ਸੰਭਾਵਨਾਵਾਂ ਨੂੰ ਵਰਤ ਕੇ ਇਸ ਵਰਗੀਆਂ ਕਹਾਣੀਆਂ ਨੂੰ ਵਡੇਰੇ ਵਰਗ ਤੱਕ ਲਿਜਾਇਆ ਜਾ ਸਕਦਾ ਹੈ। ਬਾਕੀ ਕਹਾਣੀਕਾਰ ਨੇ ਤਾਂ ਵਧੀਆ ਕਹਾਣੀ ਲਿਖ ਦਿੱਤੀ ਹੈ, ਉਸਨੂੰ ਆਪਣੇ ਵਿਦਿਆਰਥੀਆਂ ਨੂੰ ਸਮਝਾਉਣਾ ਅਧਿਆਪਕਾਂ ਦਾ ਕੰਮ ਹੈ।

***



**ਕਹਾਣੀ**

# ਕੜਿੱਕੀ

**-ਜਿੰਦਰ**

'ਮੇਰੀ ਜਾਨ ਕੜਿੱਕੀ 'ਚ ਫਸੀ', ਇਹ ਪੰਜ ਅੱਖਰ ਲਿਖ ਕੇ ਮੈਂ ਕਾਪੀ ਤੇ ਪੈੱਨ ਮੇਜ਼ 'ਤੇ ਸੁੱਟ ਦਿੱਤੇ। ਪੂਰੇ ਜ਼ੋਰ ਨਾਲ। ਜਿੱਦਾਂ ਇਨ੍ਹਾਂ ਨੂੰ ਮੁੜ ਚੁੱਕਣਾ ਨਾ ਹੋਵੇ। ਮੇਰਾ ਇਨ੍ਹਾਂ ਨਾਲ ਇੰਨਾ ਕੁ ਹੀ ਵਾਹ ਹੋਵੇ।

ਡਰਾਇੰਗ-ਰੂਮ 'ਚ ਬੈਠੀ ਨੇ ਆਪਣੇ ਆਲੇ-ਦੁਆਲੇ ਗੌਰ ਨਾਲ ਦੇਖਿਆ। ਜਿੱਦਾਂ ਆਖਿਰੀ ਵਾਰ ਦੇਖ ਰਹੀ ਹੋਵਾਂ। ਮੇਰੇ ਬਿਲਕੁਲ ਸਾਹਮਣੇ ਸ਼ੋਭਾ ਸਿੰਘ ਦੀ ਬਣਾਈ ਹੋਈ ਸੋਹਣੀ-ਮਹੀਂਵਾਲ ਦੀ ਪੇਂਟਿੰਗ ਸੀ, ਜਿਹੜੀ ਮੈਂ ਹਰਿਮੰਦਰ ਸਾਹਿਬ ਮੱਥਾ ਟੇਕਣ ਗਈ ਹਾਲ ਬਾਜ਼ਾਰ 'ਚੋਂ ਖਰੀਦ ਕੇ ਲਿਆਈ ਸੀ। ਉੱਥੋਂ ਹੀ ਸੁਖਵੰਤ ਨੇ ਕ੍ਰਿਸ਼ਨ-ਮੁਰਾਰੀ ਦੀ ਫੋਟੋ ਪਸੰਦ ਕਰਦੇ ਹੋਏ ਮੈਨੂੰ ਪੁੱਛਿਆ ਸੀ, "ਇਹ ਆਪਣੇ ਡਰਾਇੰਗ-ਰੂਮ 'ਚ ਕਿੱਦਾਂ ਦੀ ਲੱਗੇਗੀ ?" ਨਵੀਂ ਬਣਾਈ ਕੋਠੀ ਨੂੰ ਭਰੀ-ਭਰੀ ਦੇਖਣ ਦੀ ਉਸ ਦੀ ਚਾਹਤ ਸੁਪਨਿਆਂ ਭਰੀ ਸੀ। ਇਹ ਉਸ ਦੀ ਆਦਤ ਹੈ ਕਿ ਕੋਈ ਵੀ ਚੀਜ਼ ਖਰੀਦਣ ਤੋਂ ਪਹਿਲਾਂ ਮੇਰੀ ਰਾਏ ਅਵੱਸ਼ ਲੈਂਦਾ। ਮੈਨੂੰ ਪਤਾ ਕਿ ਉਸ ਦਾ ਕ੍ਰਿਸ਼ਨ ਭਗਵਾਨ 'ਚ ਅਥਾਹ ਵਿਸ਼ਵਾਸ ਹੈ। ਮੈਂ ਕਿਹਾ ਸੀ, "ਬਹੁਤ ਵਧੀਆ। ਪਰ ਇਹ ਆਪਣੇ ਡਰਾਇੰਗ-ਰੂਮ 'ਚ ਨ੍ਹੀਂ ਚੱਲੇਗੀ ?" ਉਸ ਫੋਟੋ ਨੂੰ ਮੁੜ ਪਹਿਲਾਂ ਵਾਲੀ ਥਾਂ 'ਤੇ ਰੱਖਦਿਆਂ ਪੁੱਛਿਆ ਸੀ, "ਕੋਈ ਖਾਸ ਗੱਲ ਕਰਕੇ ?" ਮੈਂ ਫੋਟੋ ਨੂੰ ਚੁੱਕ ਕੇ ਦੁਕਾਨਦਾਰ ਨੂੰ ਦਿੰਦਿਆਂ ਹੋਇਆਂ ਕਿਹਾ ਸੀ, "ਇਸ ਨੂੰ ਵੀ ਅਖ਼ਬਾਰ 'ਚ ਪੈਕ ਕਰ ਦਿਓ।" ਫੇਰ ਨੇੜੇ ਹੋ ਕੇ ਉਸ ਦੇ ਕੰਨ 'ਚ ਕਿਹਾ ਸੀ, "ਆਪਾਂ ਧਰਮ ਨੂੰ ਡਰਾਇੰਗ-ਰੂਮ 'ਚ ਥਾਂ ਨ੍ਹੀਂ ਦੇਣੀ। ਇਹ ਤੁਹਾਡੇ ਮੰਦਰ 'ਚ ਹੀ ਚੰਗੀ ਲੱਗੇਗੀ।" ਉਸ ਨੇ ਸ਼ੁਕਰਾਨੇ ਵਜੋਂ ਮੇਰੇ ਨਾਲ ਨਜ਼ਰਾਂ ਮਿਲਾਈਆਂ ਸਨ। ਮੈਨੂੰ ਉੱਥੋਂ ਪਿਆਰ ਤੇ ਵਿਸ਼ਵਾਸ ਬਿਨਾਂ ਕੁਝ ਹੋਰ ਨਹੀਂ ਦਿੱਸਿਆ ਸੀ।

ਡਰਾਇੰਗ-ਰੂਮ 'ਚ ਸੋਹਣੀ ਮਹੀਂਵਾਲ ਤੋਂ ਬਿਨਾਂ ਕੋਈ ਹੋਰ ਪੇਂਟਿੰਗ ਨਹੀਂ ਲੱਗੀ। ਇਸ ਨੂੰ ਡੈਕੋਰੇਟ ਮੈਂ ਕੀਤਾ। ਦੀਵਾਰਾਂ 'ਤੇ ਕੀਤੀ ਪਲਾਸਟਿਕ ਪੇਂਟ ਦਾ ਰੰਗ, ਪਰਦਿਆਂ ਦਾ ਕੱਪੜਾ, ਦਰਵਾਜ਼ਿਆਂ 'ਤੇ ਕੀਤੀ ਮੀਨਾਕਾਰੀ, ਕੌਫੀ ਰੰਗ ਦਾ ਸੋਫਾ, ਸ਼ੀਸ਼ੇ ਦਾ ਵੱਡਾ ਮੇਜ਼, ਇਟੈਲੀਅਨ ਟਾਈਲਾਂ ਦਾ ਫ਼ਰਸ਼। ਹਰ ਪਸੰਦ 'ਚ ਮੇਰੀ ਆਪਣੀ ਚੋਣ ਦੀ ਮੋਹਰ ਲੱਗੀ ਹੋਈ। ਜੇ ਮੈਂ ਕਦੇ ਸੁਖਵੰਤ ਨੂੰ ਪੁੱਛਿਆ ਤਾਂ ਉਸ ਕਹਿ ਦਿੱਤਾ, "ਬਲੀਜੀਤ ਇਹ ਸਭ ਕੁਸ਼ ਤੂੰ ਦੇਖਣਾ। ਕਰਨਾ। ਆਪਾਂ ਅਜਿਹਾ ਕੋਈ ਕੰਮ ਨ੍ਹੀਂ ਕਰਨਾ ਜਾਂ ਹੋਣ ਦੇਣਾ, ਜਿੱਥੇ ਇਕ ਦੂਜੇ ਦਾ ਕਲੈਸ਼ ਹੋਵੇ। ਇਕ ਦੂਜੇ ਦੀ ਨਾ-ਪਸੰਦਗੀ ਹੋਵੇ। ਮੈਂ ਤੈਨੂੰ ਕਈ ਵਾਰ ਦੱਸਿਆ ਕਿ ਮੰਮੀ ਤੇ ਡੈਡੀ ਦੀ ਅੱਧੀ ਉਮਰ ਜੁੱਤੀ-ਪਤਾਣ 'ਚ ਹੀ ਬੀਤ ਗਈ। ਉਨ੍ਹਾਂ ਐਨਾ ਸੰਤਾਪ ਨ੍ਹੀਂ ਹੰਢਾਇਆ ਹੋਣਾ ਜਿੰਨਾ ਮੈਂ ਹੰਢਾਇਆ। ਤੂੰ ਖੁਸ਼ ਆਂ ਤਾਂ ਮੈਂ ਖੁਸ਼ ਹਾਂ। ਮੈਂ ਖੁਸ਼ ਹਾਂ ਤਾਂ ਤੈਨੂੰ ਖੁਸ਼ ਰਹਿਣਾ ਚਾਹੀਦਾ।"

ਮੈਂ ਸੋਫੇ ਤੋਂ ਉੱਠ ਕੇ ਡਰਾਇੰਗ-ਰੂਮ 'ਚ ਦੋ ਤਿੰਨ ਗੇੜੇ ਕੱਢੇ। ਰਸੋਈ 'ਚ ਜਾ ਕੇ

ਠੰਢੇ ਪਾਣੀ ਦਾ ਗਲਾਸ ਪੀਤਾ। ਮੁੜ ਪਹਿਲਾਂ ਵਾਲੀ ਥਾਂ 'ਤੇ ਆ ਬੈਠੀ। ਮਨ 'ਚ ਉੱਠੇ ਤੂਫਾਨ ਨੂੰ ਕੁਝ ਪਲਾਂ ਲਈ ਰੋਕਣ ਲਈ ਕਾਪੀ ਤੇ ਪੈੱਨ ਮੁੜ ਚੁੱਕ ਪਿਆ। ਪਹਿਲਾਂ ਲਿਖਿਆ ਕੱਟ ਦਿੱਤਾ। ਨਵਾਂ ਲਿਖਿਆ, 'ਮੈਂ ਕਿਉਂ ਆਪਣੀ ਜਾਨ ਕੜਿੱਕੀ 'ਚ ਫਸਾ ਲਈ ?' ਮੈਨੂੰ ਇਹ ਠੀਕ ਲੱਗਿਆ। ਰਸੋਈ ਵੱਲੋਂ ਕੜੱਕ ਦੇਣੀ ਉੱਚੀ ਆਵਾਜ਼ ਆਈ ਤਾਂ ਮੇਰਾ ਧਿਆਨ ਉੱਧਰ ਚਲੇ ਗਿਆ। 'ਮਰ ਜਾਣੀ ਇਕ ਹੋਰ ਫਸ ਗਈ।' ਮੇਰੇ ਮੂੰਹੋਂ ਨਿਕਲਿਆ। ਕਾਪੀ ਤੇ ਪੈੱਨ ਮੁੜ ਰੱਖ ਦਿੱਤਾ। ਰਸੋਈ 'ਚੋਂ ਚੂਹੇ ਫੜ੍ਹਣ ਵਾਲੀ ਕੁੜਿੱਕੀ ਚੁੱਕ ਲਿਆਈ। ਉਪਰਲੇ ਪਾਸੇ ਲੱਗੀ ਜਾਲੀ 'ਚੋਂ ਦੀ ਚੂਹੀ ਨੂੰ ਦੇਖਿਆ। ਉਹ ਵਾਰ-ਵਾਰ ਬਾਹਰ ਨਿਕਲਣ ਦਾ ਯਤਨ ਕਰ ਰਹੀ ਸੀ। ਆਪਣੀ ਬੂਥੀ ਨੂੰ ਜਾਲੀ ਦੀਆਂ ਮੋਰੀਆਂ ਥਾਣੀਂ ਬਾਹਰ ਕੱਢਣ ਦਾ ਯਤਨ ਕਰਦੀ। ਨਾਸਾਂ ਦਾ ਮੋਹਰਲਾ ਪਾਸਾ ਬਾਹਰ ਨੂੰ ਆ ਜਾਂਦਾ। ਫੇਰ ਕਾਲੀਆਂ ਸ਼ਾਹ ਅੱਖਾਂ ਨਾਲ ਮੇਰੇ ਵੱਲ ਦੇਖ ਕੇ ਪਿਛਾਂਹ ਨੂੰ ਭੱਜਦੀ। ਨੁੱਕਰ 'ਚ ਦੁੱਬਕ ਕੇ ਲੁਕ ਜਾਂਦੀ। ਮੈਂ ਕੜਿੱਕੀ ਹਿਲਾਉਂਦੀ। ਟੇਢਾ ਕਰਦੀ। ਇਕ ਪਲ ਲਈ ਉਹਨੂੰ ਦੇਖਦੀ। ਉਹ ਅੱਖਾਂ ਨਾ ਝਮਕਦੀ। ਉਹ ਫੇਰ ਲੁਕਣ ਦੀ ਕੋਸ਼ਿਸ਼ ਕਰਦੀ। ਮੇਰੇ ਮਨ 'ਚ ਆਇਆ ਕਿ ਪਹਿਲਾਂ ਇਹਨੂੰ ਬਾਹਰ ਛੱਡ ਆਵਾਂ। ਪਰ ਇਸ ਵੇਲੇ ਕਿੱਥੇ ? ਇਹਨੂੰ ਤਾਂ ਕਿਤੇ ਵੀ ਛੱਡਿਆ ਜਾ ਸਕਦਾ। ਮੈਂ ਲਾਨ 'ਚ ਛੱਡਿਆ ਤਾਂ ਇਸ ਮੁੜ ਕੇ ਫੇਰ ਅੰਦਰ ਆ ਜਾਣਾ। ਸਾਡੀ ਕੋਠੀ 'ਚ ਜਾਲੀ ਵਾਲੇ ਦਰਵਾਜ਼ੇ ਲੱਗੇ ਹੋਏ ਹਨ। ਪਰ ਇਹ ਪਤਾ ਨਹੀਂ ਕਿੱਥੋਂ ਦੀ ਅੰਦਰ ਆਉਣ ਦਾ ਰਾਹ ਲੱਭ ਲੈਂਦੀਆਂ।

ਰੁਕ-ਰੁਕ ਕੇ ਚੂਹੀ ਦੇ ਟੱਪਣ ਦੀਆਂ ਆਵਾਜ਼ਾਂ ਨੇ ਮੈਨੂੰ ਸੋਚਣ ਵਾਲੇ ਪਾਸਿਉਂ ਮੁਕਤ ਕਰ ਦਿੱਤਾ। ਮੈਂ ਬੈੱਡ-ਰੂਮ 'ਚ ਆ ਖੜ੍ਹੋਈ। ਸੁਖਵੰਤ ਦੇ ਸੱਜੇ ਪਾਸੇ ਕਮਲ ਆਪਣੇ ਡੈਡੀ ਦੀ ਬਾਂਹ 'ਤੇ ਸਿਰ ਰੱਖ ਕੇ ਸੁੱਤੀ ਪਈ ਸੀ। ਰਵਿੰਦਰ ਮੇਰੇ ਨਾਲ ਸੌਂਦਾ। ਸੁਖਵੰਤ ਕਮਲ ਨੂੰ ਸੁਲਾਉਂਦਾ-ਸੁਲਾਉਂਦਾ ਆਪ ਵੀ ਝਟਪਟ ਸੌਣ ਦੀ ਕਰਦਾ। ਮੈਂ ਪੁੱਛਾਂ ਤਾਂ ਕਹਿ ਦਿੰਦਾ, "ਜਿਹਨੂੰ ਸਾਡੇ ਸੰਤ ਮਹਾਤਮਾ ਸਵਰਗ ਕਹਿੰਦੇ ਨੇ, ਕੀ ਇਹ ਇਸ ਤੋਂ ਜ਼ਿਆਦਾ ਅਨੰਦਮਈ ਹੁੰਦਾ। ਜਦੋਂ ਮੇਰੇ ਨਾਲ ਕਮਲ ਤੇ ਰਵਿੰਦਰ ਖੇਡਦੇ ਨੇ-ਮੇਰੇ ਉਹ ਪਲ ਸਵਰਗ ਜਿਹੇ ਹੁੰਦੇ ਨੇ। ਮੇਰੀ ਇਹ ਦੁਨੀਆ ਤੁਹਾਡੇ ਤਿੰਨਾਂ ਤੱਕ ਹੀ ਸੀਮਤ ਰਹਿ ਗਈ।" ਮੇਰੀ ਆਪਣੀ ਦੁਨੀਆ ਵੀ ਇਨ੍ਹਾਂ ਦੁਆਲੇ ਘੁੰਮਦੀ ਹੈ। ਇਨ੍ਹਾਂ ਬਿਨਾਂ ਮੈਨੂੰ ਚੌਥਾ ਜੀਅ ਦਿੱਸਦਾ ਹੀ ਨਹੀਂ ਸੀ। ਅਸੀਂ ਚਾਰੇ ਜਣੇ ਬੈਠੇ ਹੋਈਏ ਤਾਂ ਮੈਂ ਆਪਣੇ ਆਪ ਨੂੰ ਸੰਪੂਰਣ ਸਮਝਦੀ। ਸੁਖਵੰਤ ਆਪਣੀ ਫੈਕਟਰੀ 'ਚ ਚਲੇ ਜਾਂਦਾ। ਬੱਚੇ ਸਕੂਲੇ। ਕਮਲ ਪੰਜਵੀਂ 'ਚ ਪੜ੍ਹਦੀ। ਰਵਿੰਦਰ ਤੀਜੀ 'ਚ ਹੋਇਆ। ਉਹ ਤਿੰਨੇ ਚਲੇ ਜਾਂਦੇ ਤਾਂ ਮੈਨੂੰ ਘਰ ਵੱਢ-ਵੱਢ ਖਾਂਦਾ। ਬੱਚਿਆਂ ਨੇ ਪੰਜ-ਛੇ ਘੰਟਿਆਂ ਤੋਂ ਪਹਿਲਾਂ ਨਹੀਂ ਆਉਣਾ ਹੁੰਦਾ। ਸੁਖਵੰਤ ਤਾਂ ਆਉਂਦਾ ਹੀ ਰਾਤ ਨੂੰ। ਕਾਂਤਾ ਕੰਮ ਨਬੇੜਣ ਮਗਰੋਂ ਸਰਵਿੰਟ ਕੁਆਟਰ 'ਚ ਚਲੇ ਜਾਂਦੀ। ਮੈਂ ਬਿਲਕੁਲ ਵਿਹਲੀ ਹੋ ਜਾਂਦੀ। ਸੁਖਵੰਤ ਨੇ ਕਈ ਵਾਰ ਕਿਹਾ ਸੀ ਕਿ ਮੈਂ ਰੋਟੀ ਵੀ ਕਾਂਤਾ ਕੋਲੋਂ ਪੱਕਵਾ ਲਿਆ ਕਰਾਂ ਪਰ ਮੈਂ ਉਸ ਦੀ ਇਸ ਗੱਲ ਨਾਲ ਸਹਿਮਤ ਨਾ ਹੋਈ। ਸਾਰੇ ਦਿਨ 'ਚ ਅੱਠ ਰੋਟੀਆਂ ਪਕਾਉਣੀਆਂ ਹੁੰਦੀਆਂ। ਬੱਚੇ ਤਾਂ ਰੋਟੀ ਵੱਲ ਮੂੰਹ ਹੀ ਨਹੀਂ ਕਰਦੇ। ਚਿੱਪਸ, ਕੋਕ, ਬਰਗਰ ਤੇ ਪੀਜ਼ੇ ਬਿਨਾਂ ਕਿਸੇ ਹੋਰ ਚੀਜ਼ ਨੂੰ ਮੂੰਹ ਹੀ ਨਹੀਂ ਲਾਉਂਦੇ। ਫਲ ਵੀ ਮੈਂ ਧੱਕੇ ਨਾਲ ਖਿਲਾਉਂਦੀ। ਰਵਿੰਦਰ ਤਾਂ ਉਹ ਫਲ ਖਾ ਕੇ ਹੀ ਨਹੀਂ ਖੁਸ਼ ਜਿਸ ਨਾਲ ਉਸ ਦੇ ਹੱਥ ਲਿਬੜਣ।



ਕਮਲ ਨੇ ਕਦੇ-ਕਦੇ ਮਠਿਆਈ ਖਾਣੀ ਹੁੰਦੀ। ਉਹ ਵੀ ਅੱਧ ਪੱਚਦੀ। ਉਹ ਸਕੂਲੋਂ ਆਉਂਦੇ। ਖਾ-ਪੀ ਕੇ ਮੋਬਾਇਲ 'ਤੇ ਗੇਮਾਂ ਖੇਡਦੇ। ਦੋ ਕੁ ਘੰਟਿਆਂ ਮਗਰੋਂ ਟਿਊਸ਼ਨ 'ਤੇ ਜਾਣ ਲਈ ਪਿਆਰੂ ਡਰਾਈਵਰ ਆਵਾਜ਼ਾਂ ਮਾਰਨ ਲੱਗ ਜਾਂਦਾ। ਦੋ ਘੰਟਿਆਂ ਮਗਰੋਂ ਮੁੜਦੇ। ਫੇਰ ਸੌਂ ਜਾਂਦੇ। ਅਲਾਰਮ ਬੋਲਦਾ ਤਾਂ ਮੈਂ ਉਨ੍ਹਾਂ ਨੂੰ ਉਠਾਲਦੀ। ਦੁੱਧ ਦਾ ਕੱਪ-ਕੱਪ ਪਿਲਾਉਂਦੀ। ਫੇਰ ਅਸੀਂ ਤਿੰਨੇ ਮੋਬਾਇਲ 'ਤੇ ਗੇਮਾਂ ਖੇਡਦੇ।

ਮਹੀਨੇ 'ਚ ਇਕ ਵਾਰ ਤਾਂ ਸੁਖਵੰਤ ਅਵੱਸ਼ ਹੀ ਮਲਟੀਪਲੈਕਸ 'ਚ ਨਵੀਂ ਲੱਗੀ ਫਿਲਮ ਦੀਆਂ ਟਿਕਟਾਂ ਬੁੱਕ ਕਰਵਾ ਕੇ ਮੈਨੂੰ ਸੌਂਪ ਦਿੰਦਾ। ਇਹ ਮੇਰੀ ਮਰਜ਼ੀ ਹੁੰਦੀ ਸੀ ਕਿ ਕਿਸ ਨੂੰ ਨਾਲ ਲੈ ਕੇ ਜਾਣਾ ਹੈ। ਮੈਂ ਅਕਸਰ ਆਪਣੀ ਗੁਆਂਢਣ ਗੁਰਪ੍ਰੀਤ ਨੂੰ ਨਾਲ ਲੈ ਜਾਂਦੀ। ਉਹ ਆਪਣੀ ਕਾਰ ਲੈ ਆਉਂਦੀ। ਕਦੇ-ਕਦੇ ਅਸੀਂ ਪਰਿਵਾਰ ਸਮੇਤ ਫਿਲਮ ਦੇਖਣ ਜਾਂਦੇ। ਰਾਤ ਦਾ ਸ਼ੋਅ। ਇਕ ਦਿਨ ਮੈਂ ਗੁਰਪ੍ਰੀਤ ਨੂੰ ਕਿਹਾ, "ਅੜੀਏ, ਤੇਰੇ ਘਰ ਤਾਂ ਤੇਰਾ ਸੱਸ-ਸਹੁਰਾ ਤੇ ਮੁਟਿਆਰ ਨਨਾਣ ਆ। ਤੇਰਾ ਜੀ ਲੱਗਾ ਰਹਿੰਦਾ। ਮੈਂ ਦਿਨੇ ਇਕੱਲੀ ਰਹਿਣੀਂ। ਦੋ ਸੀਰੀਅਲ ਦੇਖ ਲੈਣੀਂ। ਫੇਰ ਸਮਾਂ ਨ੍ਹੀਂ ਬੀਤਦਾ।"

"ਤੂੰ ਆਪਣੇ ਭੈਣ-ਭਰਾ ਜਾਂ ਮੰਮੀ ਨੂੰ ਫੋਨ ਕਰ ਲਿਆ ਕਰ," ਗੁਰਪ੍ਰੀਤ ਨੇ ਸੁਝਾਅ ਦਿੱਤਾ ਸੀ।

"ਰੋਜ਼-ਰੋਜ਼ ਬੰਦਾ ਕੀ ਗੱਲਾਂ ਕਰ ਲਊ। ਤੈਨੂੰ ਮੇਰੀ ਆਦਤ ਦਾ ਪਤਾ ਕਿ ਮੈਥੋਂ ਸੁਖਵੰਤ ਬਿਨਾਂ ਕਿਸੇ ਦੂਜੇ ਨਾਲ ਬਹੁਤੀਆਂ ਗੱਲਾਂ ਨ੍ਹੀਂ ਕਰ ਹੁੰਦੀਆਂ।"

"ਮੋਬਾਇਲ 'ਤੇ ਇੰਨਾ ਕੁਸ਼ ਦੇਖਣ ਵਾਲਾ।"

"ਉਹ ਵੀ ਕੋਈ ਕਿੰਨਾ ਕੁ ਦੇਖ ਸਕਦਾ।"

"ਫੇਰ ਕਿਤਾਬਾਂ ਪੜ੍ਹ ਛੱਡਿਆ ਕਰ।"

"ਮੇਰੀ ਦਾਦੀ ਤੀਰਥ ਸਥਾਨਾਂ 'ਤੇ ਬਹੁਤ ਜਾਂਦੀ। ਜਿੱਥੇ ਵੀ ਜਾਵੇ, ਪੰਜ-ਸੱਤ ਕਿਤਾਬਾਂ ਖਰੀਦ ਲਿਆਉਂਦੀ। ਇਕ-ਦੋ ਮੈਨੂੰ ਵੀ ਭੇਜ ਦਿੰਦੀ। ਪਿਛਲੇ ਮਹੀਨੇ ਹਰਿਦੁਆਰ ਤੇ ਰਿਸ਼ੀਕੇਸ਼ ਗਈ ਸੀ। ਉੱਥੋਂ ਗੀਤਾ ਪ੍ਰੈੱਸ ਵਾਲਿਆਂ ਦਿਉਂ ਪੱਚੀ ਕਿਤਾਬਾਂ ਖਰੀਦ ਲਿਆਈ। ਮੈਨੂੰ 'ਪੌਰਾਣਿਕ ਕਹਾਣੀਆਂ' ਦੀ ਕਿਤਾਬ ਕੋਰੀਅਰ ਕੀਤੀ। ਨਾਲ ਲਿਖ ਦਿੱਤਾ ਕਿ ਪਹਿਲਾਂ ਪੰਨਾ ਨੰ: 94 ਵਾਲੀ ਕਹਾਣੀ ਪੜ੍ਹੀਂ। ਮੈਨੂੰ ਪੜ੍ਹਨਾ ਚੰਗਾ ਲੱਗਦਾ। ਉਹ ਵੀ ਪੁਰਾਣਾ ਸਾਹਿਤ। ਲੈ-ਤੂੰ ਵੀ ਸੁਣ ਲੈ ਕਹਾਣੀ ਸੈਵਆਂ ਦੀ। ਉਸ ਦੇ ਘਰਵਾਲੇ ਨੂੰ ਕੋਹੜ ਹੋਇਆ ਸੀ। ਪਰ ਉਹ ਫੇਰ ਵੀ ਸੈਵਆਂ ਨੂੰ ਗਾਲ੍ਹਾਂ ਕੱਢਦਾ ਰਹਿੰਦਾ। ਅੱਗੋਂ ਉਹ ਹੱਸ ਛੱਡਦੀ। ਇਕ ਦਿਨ ਉਸ ਦੇ ਘਰ ਵਾਲੇ ਨੇ ਇਕ ਕੰਜਰੀ ਨੂੰ ਜਾਂਦਿਆਂ ਹੋਇਆਂ ਦੇਖਿਆ। ਕੰਜਰੀ ਐਨੀ ਸੋਹਣੀ ਸੀ ਕਿ ਕੋਹੜੀ ਵਾਰ-ਵਾਰ ਹੌਂਕੇ ਲੈਣ ਲੱਗਾ। ਸੈਵਆਂ ਨੇ ਹੌਂਕਿਆਂ ਬਾਰੇ ਪੁੱਛਿਆ ਤਾਂ ਉਸ ਦੱਸਿਆ, 'ਹੁਣੇ-ਹੁਣੇ ਇੱਥੋਂ ਦੀ ਇਕ ਕੰਜਰੀ ਲੰਘੀ ਆ। ਮੈਨੂੰ ਉਹ ਚਾਹੀਦੀ। ਨ੍ਹੀਂ ਤਾਂ ਮੈਂ ਮਰ ਜਾਣਾਂ।' ਉਸਨੇ ਘਰਵਾਲੇ ਨਾਲ ਵਾਇਦਾ ਕੀਤਾ ਕਿ ਉਹ ਹਰ ਹਾਲ 'ਚ ਉਸਦੀ ਇੱਛਾ ਪੂਰੀ ਕਰੇਗੀ। ਪਹਿਲਾਂ ਉਸ ਨੇ ਕੰਜਰੀ ਦਾ ਘਰ-ਬਾਰ ਲੱਭਿਆ। ਫੇਰ ਉਸ ਦੇ ਵਿਹੜੇ ਤੇ ਗਲੀ 'ਚ ਝਾੜੂ ਮਾਰਨ ਲੱਗੀ। ਇਹ ਸਿਲਸਿਲਾ ਕਿੰਨੇ ਦਿਨ ਚਲਿਆ। ਕੰਜਰੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਸ ਤੋਂ ਬੜੀ ਪ੍ਰਭਾਵਿਤ ਹੋਈ। ਉਸ ਪੁੱਛਿਆ, 'ਭੈਣੇ ਮੈਂ ਤੇਰੇ ਲਈ

ਕੀ ਕਰ ਸਕਦੀ ਆਂ ?' ਉਸ ਨੇ ਆਪਣੇ ਘਰਵਾਲੇ ਦੀ ਇੱਛਾ ਦੱਸੀ । ਕੰਜਰੀ ਨੇ ਨਾਂਹ ਕਰ ਦਿੱਤੀ। ਬਹੁਤਾ ਜ਼ੋਰ ਪਾਉਣ 'ਤੇ ਉਹ ਇਕ ਰਾਤ ਕੋਹੜੀ ਨਾਲ ਬਿਤਾਉਣ ਲਈ ਮੰਨ ਗਈ। ਸੈਵਆਂ ਨੇ ਆਪਣੇ ਘਰਵਾਲੇ ਨੂੰ ਪਿੱਠ 'ਤੇ ਚੁੱਕਿਆ। ਹਨੇਰੀ ਰਾਤ ਸੀ। ਬੇਧਿਆਨੇ 'ਚ ਕੋਹੜੀ ਦਾ ਕੋਈ ਅੰਗ ਮਾਣਡਵਯ ਰਿਸ਼ੀ ਦੇ ਜਿਸਮ ਨਾਲ ਟਕਰਾ ਗਿਆ। ਰਿਸ਼ੀ ਦੀ ਸਮਾਧੀ ਭੰਗ ਹੋ ਗਈ। ਉਸ ਨੇ ਸਰਾਪ ਦਿੱਤਾ, 'ਜਿਸ ਨੇ ਮੇਰੀ ਸਮਾਧੀ ਭੰਗ ਕੀਤੀ ਆ, ਸੂਰਜ ਚੜ੍ਹਦਿਆਂ ਹੀ ਉਹ ਭਸਮ ਹੋ ਜਾਏ।' ਸਰਾਪ ਮਿਲਦਿਆਂ ਹੀ ਕੋਹੜੀ ਹੇਠਾਂ ਡਿੱਗ ਕੇ ਬੇਹੋਸ਼ ਹੋ ਗਿਆ। ਸੈਵਆਂ ਕੋਲੋਂ ਆਪਣੇ ਘਰਵਾਲੇ ਦੀ ਇਹ ਹਾਲਤ ਦੇਖੀ ਨਾ ਗਈ। ਉਸ ਕਿਹਾ, 'ਅੱਜ ਤੋਂ ਸੂਰਜ ਚੜ੍ਹੇਗਾ ਨ੍ਹੀਂ।' ਸੂਰਜ ਨਾ ਚੜ੍ਹਣ ਕਰਕੇ ਦੁਨੀਆ 'ਚ ਹਾਹਾਕਾਰ ਮਚ ਗਈ। ਬ੍ਰਹਮਾ ਜੀ ਦੇਵਤਿਆਂ ਨਾਲ ਸੈਵਆਂ ਕੋਲ ਆਏ। ਉਨ੍ਹਾਂ ਨੇ ਪੁੱਛਿਆ ਕਿ ਤੂੰ ਵਿਨਾਸ਼ ਦੀ ਗੱਲ ਕਿਉਂ ਸੋਚੀ। ਸੈਵਆਂ ਨੇ ਆਪਣੇ ਘਰਵਾਲੇ ਦੀ ਸਮੱਸਿਆ ਦੱਸੀ। ਬ੍ਰਹਮਾ ਜੀ ਨੇ ਉਸ ਦੇ ਘਰਵਾਲੇ ਨੂੰ ਨੌਂ-ਪੁਰ ਨੌਂ ਕਰ ਦਿੱਤਾ....।"

"ਸਾਡੀਆਂ ਜ਼ਨਾਨੀਆਂ ਐਦਾਂ ਦੀਆਂ ਹੀ ਹੁੰਦੀਆਂ ਨੇ।"

"ਜਦੋਂ ਮੇਰੀ ਦਾਦੀ ਆਈ ਤਾਂ ਤੈਨੂੰ ਫੋਨ ਕਰ ਕੇ ਬੁਲਾ ਲਵਾਂਗੀ। ਉਹ ਸਿਰ ਦੇ ਸਾਈਂ ਤੋਂ ਗੱਲ ਕਰਦੀ-ਸਿਰ ਦੇ ਸਾਈਂ ਨਾਲ ਹੀ ਖਤਮ ਕਰਦੀ। ਮੈਨੂੰ ਆਪ ਲੱਗਦਾ ਕਿ ਪਤੀ ਬਿਨਾਂ ਔਰਤ ਅਧੂਰੀ ਹੁੰਦੀ ਆ।"

"ਤੂੰ ਇਹ ਵੀ ਦੇਖਿਆ ਕਰ ਕਿ ਪਤਨੀ ਬਿਨਾਂ ਪਤੀ ਵੀ ਅਧੂਰਾ ਹੁੰਦਾ।"

ਕੁਝ ਪਲ ਦੋਹਾਂ 'ਚ ਚੁੱਪ ਪਸਰੀ ਗਈ।

"ਮੈਂ ਤੈਨੂੰ ਫੋਨ 'ਤੇ ਕੁਸ਼ ਕਿਹਾ ਸੀ," ਮੈਂ ਉਸ ਨੂੰ ਯਾਦ ਕਰਾਵਾਇਆ।

"ਤੇਰੀ ਸਮੱਸਿਆ ਹੱਲ ਹੋ ਜਾਊ," ਮੇਰੇ ਹੱਥ 'ਤੇ ਹੱਥ ਮਾਰ ਕੇ ਉਹ ਬੋਲੀ।

"ਅੜੀਏ, ਕਈ ਵਾਰ ਤਾਂ ਮੈਂ ਬਹੁਤ ਜ਼ਿਆਦਾ ਬੋਰ ਹੋ ਜਾਂਦੀ ਆਂ। ਸੁਖਵੰਤ ਨੂੰ ਫੋਨ ਕਰਾਂ ਤਾਂ ਉਹ ਬਿਜੀ ਹੁੰਦਾ। ਇਕ-ਅੱਧ ਗੱਲ ਕਰਕੇ ਫੋਨ ਬੰਦ ਕਰ ਦਿੰਦਾ। ਐਡੀ ਵੱਡੀ ਫੈਕਟਰੀ। ਦੋ ਸੌ ਤੋਂ ਜ਼ਿਆਦਾ ਵਰਕਰ ਕੰਮ ਕਰਦੇ ਨੇ। ਹੈਂਡ ਟੂਲਜ਼ ਦਾ ਸਾਰਾ ਸਾਮਾਨ ਐਕਸਪੋਰਟ ਹੁੰਦਾ। ਉਹ ਘਰੇ ਆ ਕੇ ਫੋਨ ਸਵਿਚ ਆਫ ਕਰ ਦਿੰਦਾ। ਜੇ ਲੈਂਡ ਲਾਈਂਡ 'ਤੇ ਰਿੰਗ ਹੋਵੇ ਤਾ ਰਸੀਵਰ ਚੁੱਕਣ ਲਈ ਮੈਨੂੰ ਕਹਿੰਦਾ। ਕਿਸ ਦਾ ਫੋਨ ਅਟੈਂਡ ਕਰਨਾ ਹੁੰਦਾ, ਇਹ ਉਸ ਮੈਨੂੰ ਸਮਝਾ ਦਿੱਤਾ ਹੋਇਆ।"

"ਆਹ ਜਿੱਦਾਂ ਮੇਰੇ ਨਾਲ ਗੱਲਾਂ ਕਰਦੀ ਹੈਂ ਨਾ, ਬਾਕੀਆਂ ਨਾਲ ਵੀ ਐਦਾਂ ਕਰਨੀਆਂ ਸ਼ੁਰੂ ਕਰ ਦੇ। ਆਪਣੀ ਸਾਂਝ ਦਾ ਘੇਰਾ ਵਧਾ। ਫੇਸਬੁੱਕ 'ਤੇ ਦੋਸਤ ਬਣਾ।"

"ਫੇਰ ਉਹੀ ਗੱਲਾਂ। ਉੱਥੇ ਬਹੁਤੇ ਤਾਂ ਠਰਕ ਭੋਰਣ ਵਾਲੇ ਹੁੰਦੇ।"

"ਤੇਰਾ ਕੀ ਘਸਦਾ...ਤੂੰ ਵੀ ਭੋਰ ਲਿਆ ਕਰ।"

"ਮੈਥੋਂ ਨ੍ਹੀਂ ਇਹ ਲੁਚਪੁਣਾ ਹੁੰਦਾ।"

"ਪਹਿਲਾਂ-ਪਹਿਲਾਂ ਤੈਨੂੰ ਲੁਚਪੁਣਾ ਲੱਗਣਾ-ਮੈਨੂੰ ਵੀ ਲੱਗਦਾ ਹੁੰਦਾ ਸੀ। ਦੋ ਮਹੀਨਿਆਂ 'ਚ ਹੀ ਤੈਨੂੰ ਸੁਆਦ ਆਉਣ ਲੱਗ ਜਾਣਾ। ਫੇਰ ਤਾਂ ਉੱਠਦੀ-ਬੈਠਦੀ ਦੀਆਂ ਨਜ਼ਰਾਂ ਮੋਬਾਇਲ 'ਤੇ ਹੀ ਲੱਗੀਆਂ ਰਹਿਣੀਆਂ।"



"ਕਿਸੇ ਦੀਆਂ ਗੱਲਾਂ-ਮੈਂ ਕਿਉਂ ਦੇਖਾਂ। ਆਹ ਜੀ ਫਲਾਣੇ ਦਾ ਬਰਥਡੇਅ। ਆਹ ਫਲਾਣਾ ਉੱਥੇ ਗਿਆ। ਵਾਹ, ਕਿੰਨੀ ਸੁਹਣੀ ਆ ਤੇਰੀ ਸੀਰਤ। ਨਾਈਸ। ਮੂੰਹ 'ਚ ਪਾਣੀ ਆ ਗਿਆ। ਤੇਰੇ ਵਰਗੀ ਦੋਸਤ ਮਿਲ ਜਾਵੇ ਤਾਂ ਜ਼ਿੰਦਗੀ ਰੰਗੀਨ ਹੋ ਜਾਂਦੀ.....ਲੋਕਾਂ ਦਾ ਕੀ ਆ-ਉਹ ਤਾਂ ਪੱਦ ਵੀ ਮਾਰਨ ਤਾਂ ਉਹਦੀ ਬੂਅ ਫੇਸਬੁੱਕ 'ਤੇ ਚੜ੍ਹਾ ਦਿੰਦੇ। ਮੈਂ ਤਾਂ ਇਸ ਸਿੜੀ-ਸਿਆਪੇ 'ਚੋਂ ਦਸ ਦਿਨਾਂ 'ਚ ਬਾਹਰ ਨਿਕਲ ਗਈ ਸੀ। ਕੋਈ ਹੋਰ ਤਰੀਕਾ ਦੱਸ।"

"ਫੇਰ ਫੀਸ ਲੱਗੂ।"

"ਮੈਨੂੰ ਕੁਦਰਤ ਨੇ ਬਹੁਤ ਦਿੱਤਾ। ਮਹੱਲ ਜਿੱਡੀ ਕੋਠੀ। ਸ਼ਹਿਨਸ਼ਾਹ ਹਸਬੈਂਡ। ਬਸ ਚਿੜੀਆਂ ਦਾ ਦੁੱਧ ਨਾ ਮੰਗ ਲਵੀਂ। ਬਾਕੀ ਜੋ ਕੁਸ਼ ਮਰਜ਼ੀ ਮੰਗ ਲੈ।"

"ਮਾਲ ਰੋਡ 'ਤੇ ਲਾਇਰੈਂਸ ਪਬਲਿਕ ਸਕੂਲ ਆ। ਉਨ੍ਹਾਂ ਨੂੰ ਫਰਾਟੇਦਾਰ ਇੰਗਲਿਸ਼ ਬੋਲਣ ਵਾਲੀ ਮੈਡਮ ਚਾਹੀਦੀ।"

"ਮੇਰੀ ਐੱਮ. ਏ. ਇੰਗਲਿਸ਼ 'ਚੋਂ ਫਸਟ ਡਿਵੀਜ਼ਨ ਆਈ ਸੀ। ਯੂਨੀਵਰਸਿਟੀ ਦੀ ਗੋਲਡ ਮੈਡਲਿਸਟ ਆਂ।"

"ਚੱਲ ਫੇਰ ਅਗਲੇ ਹਫ਼ਤੇ ਤੋਂ ਤਿਆਰ ਹੋ ਜਾ। ਮੈਂ ਆਪਣੇ ਹਸਬੈਂਡ ਨੂੰ ਅੱਜ ਪੁੱਛਾਂਗੀ। ਸਮਝ ਲੈ। ਡਨ।"

ਰਾਤ ਨੂੰ ਮੈਂ ਇਸ ਬਾਰੇ ਸੁਖਵੰਤ ਨਾਲ ਗੱਲ ਛੇੜੀ ਤਾਂ ਉਸ ਕਿਹਾ ਸੀ, "ਉਹ ਤੈਨੂੰ ਵੱਧ ਤੋਂ ਵੱਧ ਪੰਦਰ੍ਹਾਂ ਹਜ਼ਾਰ ਦੇਣਗੇ। ਇਹ ਮੇਰੀ ਇਕ ਦਿਨ ਦੀ ਕਮਾਈ ਆ।"

"ਮੈਂ ਪੈਸਿਆਂ ਲਈ ਨ੍ਹੀਂ, ਬੋਰੀਅਤ ਘਟਾਉਣ ਲਈ ਜੌਬ ਕਰਨੀ।"

"ਅੱਛਾ ਇਹ ਗੱਲ ਆ," ਸੁਖਵੰਤ ਦੀ ਆਦਤ ਹੈ ਕਿ ਉਹ ਇਕਦਮ ਫੈਸਲਾ ਲੈ ਲੈਂਦਾ ਹੈ। ਉਸ ਦੀ ਆਦਤ ਫੈਕਟਰੀ 'ਚੋਂ ਪਈ ਹੈ। ਉਹ ਮੈਨੂੰ ਦੱਸਦਾ, "ਜੇ ਮੈਂ ਫੈਸਲੇ ਟਾਲੀ ਜਾਵਾਂ ਤਾਂ ਇਨ੍ਹਾਂ ਦਾ ਘੜਮਸ ਪੈ ਜਾਵੇ। ਮੈਂ ਕੋਈ ਅਜਿਹੀ ਗੱਲ ਨ੍ਹੀਂ ਕਰਦਾ ਜਿਸ ਨਾਲ ਮੇਰੇ ਦਿਮਾਗ 'ਤੇ ਸਟਰੇਨ ਪਵੇ।"

"ਮੈਂ ਤੇਰੀ ਗੱਲ ਮੰਨ ਲਈ। ਹੁਣ ਤੈਨੂੰ ਮੇਰੀ ਗੱਲ ਮੰਨਣੀ ਪਏਗੀ," ਉਸ ਗੰਭੀਰ ਹੁੰਦਿਆਂ ਕਿਹਾ। ਅਜਿਹਾ ਪਹਿਲੀ ਵਾਰ ਹੋ ਰਿਹਾ ਸੀ ਕਿ ਉਸ ਕਿਸੇ ਗੱਲ 'ਤੇ ਸ਼ਰਤ ਰੱਖੀ ਹੋਵੇ। ਮੈਂ ਥੋੜ੍ਹੀ ਕੁ ਹੈਰਾਨ ਹੋਈ ਸੀ, "ਦੱਸੋ।"

"ਪਹਿਲਾਂ ਕਾਰ ਚਲਾਉਣੀ ਸਿੱਖ। ਐਡੇ ਵੱਡੇ ਘਰ ਦੀ ਬਹੂ ਰਿਕਸ਼ੇ 'ਤੇ ਜਾਂਦੀ ਚੰਗੀ ਨ੍ਹੀਂ ਲੱਗੇਗੀ ਦੁਨੀਆ ਨੂੰ। ਜਾਂ ਮੈਨੂੰ ਇਕ ਹੋਰ ਡਰਾਇਵਰ ਰੱਖਣਾ ਪਊ....।"

"ਪੁੱਟਿਆ ਪਹਾੜ ਤੇ ਵਿਚੋਂ ਨਿਕਲਿਆ ਚੂਹਾ," ਮੈਂ ਹੱਸਦੀ ਹੱਸਦੀ ਨੇ ਉਸ ਨੂੰ ਆਪਣੇ ਨਾਲ ਘੁੱਟ ਲਿਆ ਸੀ। ਮੈਂ ਤਨਾਓਮੁਕਤ ਹੋ ਗਈ।

ਚੂਹੀ ਨੇ ਫੇਰ ਤੋਂ ਕੜਿੱਕੀ 'ਚ ਟੱਪਣਾ ਸ਼ੁਰੂ ਕਰ ਦਿੱਤਾ। ਕਈ ਵਾਰ ਉਹ ਬਾਹਰ ਨਿਕਲਣ ਲਈ ਇੰਨਾ ਜ਼ੋਰ ਲਾਉਂਦੀ ਕਿ ਕੜਿੱਕੀ ਇੰਚੀ ਕੁ ਇੱਧਰ-ਉੱਧਰ ਹੋ ਜਾਂਦੀ। ਮੈਂ ਦੇਖਿਆ ਕਿ ਜਿਸ ਰੋਟੀ ਦੇ ਟੁਕੜੇ ਲਈ ਉਹ ਕੜਿੱਕੀ 'ਚ ਫਸੀ ਸੀ, ਹੁਣ ਉਸ ਵੱਲ ਉਸ ਨੇ ਧਿਆਨ ਹੀ ਨਹੀਂ ਸੀ ਦਿੱਤਾ। ਥੱਕ ਹਾਰ ਕੇ ਉਹ ਕੜਿੱਕੀ ਦੇ ਮੂੰਹ ਵਾਲੇ ਪਾਸੇ 'ਚ ਜਾ ਬੈਠਦੀ।

‘ਕਿਉਂ ਔਖੀ ਹੁਨੀ ਏਂ ਮਰਜਾਣੀਏ। ਇਕ ਸੁੱਕੀ ਰੋਟੀ ਦੇ ਟੁਕੜੇ ਲਈ ਆਪਣੀ ਜਾਨ ਫਸਾ ਲਈ। ਰਾਤ ਨੂੰ ਰਸੋਈ ’ਚ ਬਥੇਰਾ ਪਿਆ ਰਹਿੰਦਾ। ਬੱਚੇ ਉੱਨਾ ਖਾਂਦੇ ਨ੍ਹੀਂ-ਜਿੰਨਾ ਛੱਡਦੇ ਨੇ। ਸਭ ਕੁਸ਼ ਸਿੰਕ ’ਚ ਪਿਆ ਹੁੰਦਾ। ਕਾਂਤਾ ਨੇ ਤਾਂ ਸਵੇਰ ਨੂੰ ਭਾਂਡੇ ਮਾਜਣੇ ਹੁੰਦੇ..... ਤੁਹਾਨੂੰ ਇਸ ਸੁੱਕੀ ਰੋਟੀ ’ਚ ਪਤਾ ਨ੍ਹੀਂ ਕੀ ਦਿੱਸਦਾ ਆਪਣੇ ਆਪ ਨੂੰ ਜਾਲ ’ਚ ਫਸਾ ਲੈਣੀ ਆਂ। ਹੁਣ ਸਬਰ ਕਰ। ਮੈਂ ਤੈਨੂੰ ਮਾਰਣ ਨ੍ਹੀਂ ਲੱਗੀ। ਸਵੇਰ ਨੂੰ ਆਪ ਬਾਹਰ ਛੱਡ ਕੇ ਆਊਂਗੀ। ਤੈਨੂੰ ਤਾਂ ਮੈਂ ਛੱਡ ਆਊਂਗੀ-ਮੈਨੂੰ ਕੌਣ ਛੱਡ ਕੇ ਆਊ।’ ਮੈਂ ਚੂਹੀ ਵੱਲ ਦੇਖਦਿਆਂ ਹੋਇਆਂ ਉਸ ਕੋਲੋਂ ਪੁੱਛਿਆ। ਇਹ ਗੱਲ ਮੈਂ ਕਿਸ ਕੋਲੋਂ ਪੁੱਛ ਸਕਦੀ ਸੀ। ਨਾ ਆਪਣੀ ਭੈਣ ਕੋਲੋਂ। ਨਾ ਗੁਰਪ੍ਰੀਤ ਕੋਲੋਂ। ਕੋਈ ਹੋਰ ਗੱਲ ਹੁੰਦੀ ਤਾਂ ਸੁਖਵੰਤ ਨਾਲ ਸਾਂਝੀ ਕਰ ਲੈਂਦੀ। ਉਸ ਦਾ ਦਿਮਾਗ ਕੰਪਿਊਟਰ ਵਰਗਾ। ਬੜਾ ਤੇਜ਼। ਮੇਰੇ ਮਨ ’ਚ ਕੀ ਆ, ਝੱਟਪਟ ਬੁਝ ਲੈਂਦਾ। ਅਕਸਰ ਕਹਿੰਦਾ, “ਜਦੋਂ ਅਸੀਂ ਫਾਲਤੂ ਜਿਹੀਆਂ ਗੱਲਾਂ ਨੂੰ ਦਿਮਾਗ ’ਚੋਂ ਨ੍ਹੀਂ ਕੱਢਦੇ ਤਾਂ ਇਹ ਸਾਨੂੰ ਪ੍ਰੇਸ਼ਾਨ ਕਰਦੀਆਂ ਨੇ। ਆਹ ਜਿਹੜਾ ਕਿਸੇ ਨੂੰ ਬਲੱਡ ਪ੍ਰੈਸ਼ਰ ਹੋ ਗਿਆ, ਕਿਸੇ ਨੂੰ ਸ਼ੂਗਰ ਨੇ ਘੇਰ ਲਿਆ। ਇਨ੍ਹਾਂ ਦਾ ਮੁੱਖ ਕਾਰਨ ਸਾਡੀਆਂ ਚਿੰਤਾਵਾਂ ਨੇ। ਫ਼ਿਕਰ ਨੇ। ਇਨ੍ਹਾਂ ’ਚੋਂ ਕੱਢਣ-ਪਾਉਣ ਨੂੰ ਕੁਸ਼ ਨ੍ਹੀਂ ਹੁੰਦਾ। ਐਵੀਂ ਬੇਮਤਲਬ ਸੋਚਾਂ ਦਿਮਾਗ਼ ਦੀ ਭੰਬੀਰੀ ਘੁਮਾਈ ਰੱਖਦੀਆਂ। ਫੈਸਲਾ ਕਰਨ ’ਚ ਜਿੰਨੀ ਦੇਰੀ ਲਾਉਂਗੇ, ਉੱਨੇ ਹੀ ਔਖੇ ਹੋਵੋਂਗੇ..।” ਮੈਂ ਕਦੇ-ਕਦੇ ਸੋਚਦੀ ਕਿ ਉਹ ਫਲਾਣੀ ਗੱਲ ਕਿੱਦਾਂ ਬੁਝ ਲੈਂਦਾ ਹੈ। ਮੈਂ ਤਾਂ ਉਹ ਇਸ ਨਾਲ ਸ਼ੇਅਰ ਕੀਤੀ ਹੀ ਨਹੀਂ। ਉਹ ਦੱਸਦਾ, “ਮੈਂ ਬੰਦੇ ਦੇ ਚਿਹਰੇ ਨੂੰ ਦੇਖ ਕੇ ਹੀ ਅੰਦਾਜਾ ਲਾ ਲੈਣਾ ਕਿ ਉਸ ਦੇ ਮਨ ’ਚ ਕੀ ਆ। ਇਹ ਗੁਣ ਮੈਂ ਫੈਕਟਰੀ ਦੇ ਫੋਰਮੈਨ ਬਚਿੱਤਰ ਸਿੰਘ ਕੋਲੋਂ ਸਿੱਖਿਆ। ਮੈਂ ਫੈਕਟਰੀ ’ਚ ਛੋਟੇ-ਵੱਡੇ ’ਚ ਕੋਈ ਫਰਕ ਨ੍ਹੀਂ ਰੱਖਦਾਂ। ਸਾਰਿਆਂ ਨੂੰ ਇਕੋ ਜਿਹੇ ਸਮਝਦਾਂ। ਮੈਂ ਆਪਣੇ ਕਿਸੇ ਵਰਕਰ ਦੀ ਕਦੇ ਜਸੂਸੀ ਨ੍ਹੀਂ ਕੀਤੀ। ਨਾ ਹੀ ਦੂਜੇ ਮਾਲਕਾਂ ਵਾਂਗ ਘੁਰਗੇ ਪਾਲੇ ਹੋਏ। ਮੈਂ ਉਨ੍ਹਾਂ ਦਾ ਵਿਸ਼ਵਾਸ ਜਿੱਤਦਾਂ। ਇਸੇ ਵਿਚੇ ਹੀ ਮੇਰੀ ਕਾਮਯਾਬੀ ਲੁਕੀ ਹੋਈ ਹੈ।”

ਪਰ ਉਹ ਮੇਰੇ ਮਾਮਲੇ ’ਚ ਧੋਖਾ ਖਾ ਗਿਆ।

ਮੈਂ ਫਰਿਜ ’ਚੋਂ ਚੀਕੂ ਕੱਢ ਲਿਆਈ। ਛੋਟੇ-ਛੋਟੇ ਟੁਕੜੇ ਕਰਕੇ ਜਾਲੀ ਥਾਣੀਂ ਕੜਿੱਕੀ ’ਚ ਸੁੱਟੇ ਪਰ ਚੂਹੀ ਨੇ ਉਨ੍ਹਾਂ ਵੱਲ ਧਿਆਨ ਹੀ ਨਾ ਦਿੱਤਾ।

ਪਲ ਦੀ ਪਲ ਮੈਨੂੰ ਇਹ ਕੋਠੀ ਵੀ ਕੜਿੱਕੀ ਵਰਗੀ ਲੱਗੀ। ਜਿੱਦਾਂ ਚੂਹੀ ਕੜਿੱਕੀ ’ਚ ਟੱਪ ਕੇ, ਹੰਭ ਕੇ ਇਕ ਪਾਸੇ ਦੁਬਕ ਕੇ ਲੁਕ ਜਾਂਦੀ, ਉੱਦਾਂ ਹੀ ਮੈਂ ਡਰਾਇੰਗ-ਰੂਮ ’ਚ ਕਾਹਲੀ-ਕਾਹਲੀ ਦਸ-ਪੰਦਰ੍ਹਾਂ ਗੇੜੇ ਕੱਢੇ। ਕਾਪੀ ’ਤੇ ਪੈੱਨ ਚੁੱਕਣ ਨੂੰ ਰੂਹ ਰਾਜ਼ੀ ਨਾ ਹੋਈ। ਮੈਂ ਮੋਬਾਇਲ ਚੁੱਕ ਕੇ ਸਮਾਂ ਦੇਖਿਆ। ਤਿੰਨ ਵੱਜਣ ’ਚ ਪੰਜ ਮਿੰਟ ਰਹਿੰਦੇ ਸਨ। ਮੈਂ ਮੈਸਿੰਜਰ ਖੋਲ੍ਹ ਕੇ ਰਣਜੀਤ ਦਾ ਮੈਸਜ ਇਕ ਵਾਰ ਫੇਰ ਪੜ੍ਹਣ ਲੱਗੀ: ਤੈਨੂੰ ਇਕ ਜਣੇ ਦੀ ਚੋਣ ਕਰਨੀ ਪੈਣੀ ਹੈ। ਮੇਰੀ ਜਾਂ ਸੁਖਵੰਤ ਦੀ। ਮੈਂ ਸ਼ਾਦੀ ਕਰਨ ਦਾ ਫੈਸਲਾ ਕਰ ਲਿਆ। ਮੈਂ ਸ਼ਾਦੀ ਤੇਰੇ ਨਾਲ ਹੀ ਕਰਨੀ ਚਾਹੁੰਦਾ ਹਾਂ। ਇਹ ਤਾਂ ਹੀ ਸੰਭਵ ਹੈ ਜੇ ਤੂੰ ਪਹਿਲਾਂ ਸੁਖਵੰਤ ਨੂੰ ਤਲਾਕ ਦੇਵੇਂ। ਜੇ ਤੂੰ ਸੁਖਵੰਤ ਨੂੰ ਮਹੀਨੇ ’ਚ ਤਲਾਕ ਦੇਣ ਦਾ ਫੈਸਲਾ ਨਾ ਕੀਤਾ ਤਾਂ ਮੇਰੇ ਡੈਡੀ ਨੇ ਕੁੜੀ ਲੱਭ ਰੱਖੀ ਹੈ। ਮੇਰੇ ਕੋਲ ਉਨ੍ਹਾਂ ਨੂੰ ਹਾਂ ਕਰਨ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ।



ਆਖਿਰ ਸ਼ਾਦੀ ਕਰਨੀ ਹੀ ਪੈਣੀ ਹੈ। ਮੈਂ ਉਸ ਦੇ ਮੈਸਜ ਪੜ੍ਹਦੀ। ਪੜ੍ਹ ਕੇ ਡੀਲੀਟ ਕਰ ਦਿੰਦੀ। ਟੈਲੀਫੋਨ ਕਰਦੀ ਜਾਂ ਆਉਂਦਾ ਤਾਂ ਡਿਲੀਟ ਕਰ ਦਿੰਦੀ। ਮੈਥੋਂ ਇਹ ਮੈਸੇਜ ਡੀਲੀਟ ਨਹੀਂ ਕਰ ਹੋਇਆ ਸੀ। ਇਸ ਵਾਰਨਿੰਗ ਨੂੰ ਦਿੱਤਿਆਂ ਦਸ ਦਿਨ ਬੀਤ ਗਏ ਹਨ। ਮੈਂ ਟੋਟਿਆਂ ’ਚ ਮਰ ਰਹੀ ਹਾਂ। ਮੈਂ ਆਪਣੇ ਆਪ ਤੋਂ ਵਾਰ-ਵਾਰ ਪੁੱਛਦੀ ਹਾਂ, ‘ਤੈਨੂੰ ਸੁਖਵੰਤ ਤੋਂ ਕਿਸ ਗੱਲ ਦੀ ਤਕਲੀਫ ਆ। ਉਸ ਤੈਨੂੰ ਰੱਜਵਾਂ ਪਿਆਰ ਦਿੱਤਾ। ਦੋ ਬੱਚੇ ਨੇ। ਸੁਸਾਇਟੀ ’ਚ ਇੱਜ਼ਤ ਮਾਣ ਆ। ਸੁਖਵੰਤ ਦੇ ਪਿਆਰ ਅੱਗੇ ਤਾਂ ਤੇਰੇ ਲਈ ਹਰ ਚੀਜ਼ ਬੌਣੀ ਹੋ ਜਾਂਦੀ। ਉਹ ਤੈਨੂੰ ਇੰਨਾ ਪਿਆਰ ਕਰਦਾ। ਉਹ ਤੇਰੇ ਬਾਰੇ ਗਲਤ ਸੋਚ ਹੀ ਨ੍ਹੀਂ ਸਕਦਾ। ਮਨ ’ਚ ਗਲਤ ਖਿਆਲ ਲਿਆ ਹੀ ਨ੍ਹੀਂ ਸਕਦਾ। ਤੇਰੇ ਸਾਹਾਂ ’ਚ ਜਿਊਂਦਾ। ਦੱਸ, ਦੁਨੀਆ ਦਾ ਕਿਹੜਾ ਸੁਖ-ਅਰਾਮ ਹੈ ਜਿਹੜਾ ਉਸ ਤੈਨੂੰ ਨ੍ਹੀਂ ਦਿੱਤਾ। ਤੂੰ ਇਕ ਚੀਜ਼ ਮੰਗੇ ਉਹ ਚਾਰ ਲਿਆ ਦਿੰਦਾ। ਜਦੋਂ ਫੈਕਟਰੀ ਤੋਂ ਘਰੇ ਆ ਜਾਂਦਾ, ਉਹ ਤੇਰੇ ਆਲੇ-ਦੁਆਲੇ ਘੁੰਮਦਾ ਰਹਿੰਦਾ। ਇਕ ਪਲ ਵੀ ਨਜ਼ਰਾਂ ਤੋਂ ਦੂਰ ਨ੍ਹੀਂ ਹੋਣ ਦਿੰਦਾ। ਫੇਰ ਤੂੰ ਰਣਜੀਤ ਵੱਲ ਨੂੰ ਕਿਉਂ ਐਨਾ ਝੁਕ ਗਈਂ।’ ਮੈਨੂੰ ਆਪ ਨਹੀਂ ਪਤਾ ਕਿ ਮੈਂ ਰਣਜੀਤ ਵੱਲ ਇੰਨਾ ਕਿਉਂ ਝੁਕੀ। ਉਸ ਪ੍ਰਤੀ ਇੰਨੀ ਉਲਾਰ ਕਿਉਂ ਹੋ ਗਈ। ਮੈਨੂੰ ਤਾਂ ਉਦੋਂ ਹੀ ਸੁਰਤ ਆਈ ਜਦੋਂ ਉਸ ਨੇ ਵਿਆਹ ਦੀ ਸ਼ਰਤ ਰੱਖੀ। ਉਸ ਕਿਹਾ ਸੀ, “ਮੇਰੀ ਉਮਰ ਅਠਾਈ ਸਾਲਾਂ ਦੀ ਹੋ ਗਈ। ਹੁਣ ਸਾਨੂੰ ਵਿਆਹ ਕਰਵਾ ਲੈਣਾ ਚਾਹੀਦਾ।”

“ਮੈਂ ਤੇਰੀ ਗੱਲ ਨਾਲ ਸਹਿਮਤ ਹਾਂ।” ਮੈਨੂੰ ਉਸ ਦੇ ਵਿਆਹ ਕਰਵਾਉਣ ’ਚ ਕੋਈ ਮਾੜੀ ਗੱਲ ਨਹੀਂ ਦਿੱਸੀ ਸੀ।

“ਫੇਰ ਡਰ ਕਿਸ ਗੱਲ ਦਾ?”

“ਮੈਂ ਸਮਝੀ ਨ੍ਹੀਂ?”

“ਮੈਂ ਤੈਨੂੰ ਅੱਜ ਅੱਠ ਪੰਜਤਾਲੀ ’ਤੇ ਮੈਸੇਜ ਕੀਤਾ ਸੀ। ਤੂੰ ਦੇਖਿਆ ਨ੍ਹੀਂ?”

ਮੈਂ ਮੈਸੇਜ ਪੜ੍ਹ ਕੇ ਸਿੱਧੀ ਹੀ ਆਪਣੀ ਕੋਠੀ ’ਚ ਆ ਗਈ ਸੀ। ਕਿੱਦਾਂ ਕਾਰ ਚਲਾਈ-ਮੈਨੂੰ ਕੁਝ ਨਹੀਂ ਪਤਾ। ਟੱਕਰ ਕਿੱਦਾਂ ਲੱਗੀ-ਇਹ ਵੀ ਨਹੀਂ ਪਤਾ। ਮੈਂ ਕਾਂਤਾ ਨੂੰ ਫੋਨ ਕਰਕੇ ਆਪਣੇ ਬੈੱਡ-ਰੂਮ ’ਚ ਬੁਲਾਇਆ ਸੀ। ਉਸ ਨੂੰ ਕਿਹਾ ਸੀ ਕਿ ਜਿੰਨਾ ਚਿਰ ਮੈਨੂੰ ਨੀਂਦ ਨਹੀਂ ਆਉਂਦੀ, ਉੱਨਾ ਚਿਰ ਮੇਰਾ ਸਿਰ ਝਸਣੋਂ ਨਾ ਹਟੀਂ। ਉਹ ਦਸ-ਪੰਦਰ੍ਹਾਂ ਮਿੰਟਾਂ ਮਗਰੋਂ ਦੇਖਦੀ ਕਿ ਕੀ ਮੈਂ ਸੌਂ ਗਈ ਹਾਂ ਜਾਂ ਨਹੀਂ। ਫੇਰ ਪੱਕ ਕਰਨ ਲਈ ਪੁੱਛ ਲੈਂਦੀ, “ਮੈਡਮ ਜਾਗਦੇ ਹੋ?” ਮੈਂ ਪਾਸਾ ਲੈ ਲੈਂਦੀ ਤਾਂ ਉਸ ਨੂੰ ਪੱਕ ਹੋ ਜਾਂਦਾ ਕਿ ਮੈਂ ਜਾਗਦੀ ਹੀ ਹਾਂ। ਜਦੋਂ ਉਸ ਦੇ ਝਸਣ ਨਾਲ ਫਰਕ ਨਾ ਪਿਆ ਤਾਂ ਐਡਵਿਲ ਦੀ ਗੋਲੀ ਖਾਧੀ। ਮਨ ’ਚ ਆਇਆ ਕਿ ਇਕੋ ਵਾਰ ਦੋ ਖਾ ਲਵਾਂ। ਇਸ ਨਾਲ ਛੇਤੀ ਆਰਾਮ ਆ ਜਾਵੇਗਾ। ਪਰ ਸੈਰੀਡੋਨ ਦੀ ਗੋਲੀ ਵਾਲੀ ਗੱਲ ਯਾਦ ਕਰਕੇ ਮੈਂ ਇਕ ਹੀ ਲਈ। ਮੈਂ ਬੀ. ਏ. ਪਾਰਟ ਸੈਕਿੰਡ ’ਚ ਪੜ੍ਹਦੀ ਸੀ। ਇਕ ਦਿਨ ਇੰਨਾ ਸਿਰ ਦੁਖਿਆ ਕਿ ਇਸ ਨੇ ਮੇਰੀ ਕਾਈਂ-ਬਾਈਂ ਭੁਲਾ ਦਿੱਤੀ। ਮੈਂ ਸੈਰੀਡੋਨ ਦੀ ਗੋਲੀ ਖਾ ਕੇ ਨਾਲ ਹੀ ਚਾਹ ਪੀ ਲਈ। ਇਸ ਨਾਲ ਆਰਾਮ ਨਾ ਆਇਆ। ਮੈਂ ਅੱਧੇ ਕੁ ਘੰਟੇ ਬਾਅਦ ਇਕ ਹੋਰ ਗੋਲੀ ਖਾ ਲਈ। ਸਿਰ ਤਾਂ ਦੁਖਣੋਂ ਹੱਟ ਗਿਆ ਪਰ ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ ਸੀ। ਅਜੀਬ ਜਿਹੀ ਘਬਰਾਹਟ ਹੁੰਦੀ ਰਹੀ ਸੀ। ਐਡਵਿਲ ਦੀ ਗੋਲੀ ਖਾਣ ਤੋਂ

ਵੀਹ ਕੁ ਮਿੰਟ ਬਾਅਦ ਮਨ ਨੂੰ ਕੁਝ ਟਿਕਾ ਆਇਆ। ਮੈਂ ਰਣਜੀਤ ਨੂੰ ਫੋਨ ਕਰ ਕੇ ਪੁੱਛਿਆ ਸੀ, "ਤੂੰ ਕਿਤੇ ਮਜਾਕ ਤਾਂ ਨ੍ਹੀਂ ਕਰ ਰਿਹਾ?"

"ਐਦਾਂ ਦੀਆਂ ਗੱਲਾਂ ਮਜਾਕ ਕਰਨ ਵਾਲੀਆਂ ਥੋੜ੍ਹੇ ਹੁੰਦੀਆਂ?"

"ਪਹਿਲਾਂ ਤਾਂ ਤੈਨੂੰ ਕਦੇ ਵਿਆਹ ਦਾ ਖਿਆਲ ਨ੍ਹੀਂ ਆਇਆ?"

"ਖਿਆਲ ਤਾਂ ਆਉਂਦਾ ਸੀ। ਪਰ ਇੰਨੀ ਗੱਲ ਕਹਿਣ ਲਈ ਮੈਂ ਤਿਆਰ ਨ੍ਹੀਂ ਹੋ ਰਿਹਾ ਸੀ। ਅੱਜ ਕੱਲ੍ਹ ਮੇਰੀ ਮੰਮੀ ਨੇ ਘਰ 'ਚ ਤੂਫਾਨ ਚੁੱਕ ਰੱਖਿਆ ਕਿ ਜੋ ਮਰਜ਼ੀ ਹੋ ਜਾਵੇ, ਇਨ੍ਹਾਂ ਸਿਆਲਾਂ 'ਚ ਤੇਰਾ ਵਿਆਹ ਕਰਨਾ ਹੀ ਕਰਨਾ ਆ। ਅਗਲੇ ਸਾਲ ਪੋਤਾ ਜਾਂ ਪੋਤੀ ਖਿਡਾਉਣੀ ਆ। ਫੇਰ ਮੈਂ ਪਤਾ ਨ੍ਹੀਂ ਇਸ ਦੁਨੀਆ 'ਚ ਹੋਣਾ ਆ ਕਿ ਨ੍ਹੀਂ। ਉਨ੍ਹਾਂ ਦੀ ਖੱਬੀ ਛਾਤੀ 'ਚ ਕੈਂਸਰ ਆ।"

"ਆਪਾਂ ਵਿਆਹ ਤੋਂ ਬਿਨਾਂ ਵੀ ਮਿਲ ਸਕਦੇ ਹਾਂ।"

"ਨ੍ਹੀਂ, ਮੈਥੋਂ ਇਹ ਨ੍ਹੀਂ ਹੋਣਾ। ਜੇ ਮੈਂ ਆਪਣੀ ਬੀਵੀ ਪ੍ਰਤੀ ਸਨਸੀਅਰ ਨਾ ਹੋਇਆ ਤਾਂ ਉਹ ਕਿੱਦਾਂ ਹੋਵੇਗੀ। ਇਸ ਗੱਲ ਨੂੰ ਲੈ ਕੇ ਮੈਂ ਕਈ ਪਰਿਵਾਰ ਟੁੱਟਦੇ ਦੇਖੇ ਨੇ। ਮੈਂ ਗਰੀਬ ਨੇ ਤਾਂ ਇਕੋ ਵਾਰ ਵਿਆਹ ਕਰਵਾ ਕੇ ਕਰਜ਼ਈ ਹੋ ਜਾਣਾਂ। ਆਹ ਸਕੂਲ ਵਾਲੇ ਕੀ ਦਿੰਦੇ ਬਾਰ੍ਹਾਂ ਹਜ਼ਾਰ। ਐਨੇ ਕੁ ਮੈਂ ਟਿਊਸ਼ਨਾਂ ਪੜ੍ਹਾ ਕੇ ਕਮਾਉਣਾਂ। ਇਸ ਨਾਲ ਘਰ ਦਾ ਗੁਜ਼ਾਰਾ ਮਸਾਂ ਚਲਦਾ।"

"ਦੱਸ ਤੈਨੂੰ ਕਿੰਨੇ ਪੈਸੇ ਚਾਹੀਦੇ ਨੇ?"

"ਤੂੰ ਗੱਲ ਸਮਝਦੀ ਕਿਉਂ ਨ੍ਹੀਂ। ਮੇਰੀ ਤੂੰ ਕਿੰਨਾ ਚਿਰ ਮੱਦਦ ਕਰ ਸਕਦੀ ਆਂ?"

"ਮੇਰੇ ਕੋਲ ਪੈਸਿਆਂ ਦੀ ਕਮੀ ਨ੍ਹੀਂ।"

"ਮੈਂ ਦੋ ਹਰਫੀ ਗੱਲ ਕੀਤੀ ਆ। ਹੈਮਲਿਟ ਵਾਂਗ ਟੂ ਬੀ ਔਰ ਨੌਟ ਟੂ ਬੀ ਵਰਗੀ ਸਥਿਤੀ ਪੈਦਾ ਨਾ ਕਰ," ਇੰਨਾ ਕਹਿ ਕੇ ਉਸ ਫੋਨ ਬੰਦ ਕਰ ਦਿੱਤਾ ਸੀ। ਮੈਂ ਤੜਫ ਕੇ ਰਹਿ ਗਈ ਸੀ। ਬੜਾ ਸਪੱਸ਼ਟਵਾਦੀ ਬੰਦਾ ਹੈ ਰਣਜੀਤ। ਮੈਂ ਉਸ ਨਾਲ ਵਿਆਹ ਨਹੀਂ ਕਰਵਾ ਸਕਦੀ। ਉਸ ਬਿਨਾਂ ਰਹਿ ਵੀ ਨਹੀਂ ਸਕਦੀ। ਜੇ ਉਹ ਦੋ ਦਿਨ ਨਾ ਮਿਲੇ ਜਾਂ ਉਸ ਦਾ ਫੋਨ ਨਾ ਆਵੇ ਤਾਂ ਮੇਰੀ ਹਾਲਤ ਬਿਨ ਪਾਣੀ ਮੱਛੀ ਵਰਗੀ ਹੋ ਜਾਂਦੀ ਹੈ। ਦੂਜੇ ਦਿਨ ਮੈਂ ਉਸ ਕੋਲੋਂ ਪੁੱਛਿਆ ਸੀ ਜਿੱਦਾਂ ਪਹਿਲਾਂ ਵੀ ਔਖੀ ਘੜੀ 'ਚ ਪੁੱਛਦੀ ਹੁੰਦੀ, "ਮੈਂ ਕਿਸ ਵਜ੍ਹਾ ਨਾਲ ਸੁਖਵੰਤ ਕੋਲੋਂ ਤਲਾਕ ਲਵਾਂ? ਉਸ ਤਾਂ ਕਦੇ ਮੈਨੂੰ ਗਿਲਾ ਜਾਹਿਰ ਕਰਨ ਦਾ ਵੀ ਮੌਕਾ ਨ੍ਹੀਂ ਦਿੱਤਾ। ਮੈਂ ਉਸ ਨੂੰ ਬੇਇੰਤਹਾ ਪਿਆਰ ਕਰਦੀ ਆਂ।"

"ਤੂੰ ਮੇਰੇ ਨਾਲ ਨਵੀਂ ਜ਼ਿੰਦਗੀ ਸ਼ੁਰੂ ਕਰਨੀ, ਇਸ ਤੋਂ ਵੱਡੀ ਵਜ੍ਹਾ ਕਿਹੜੀ ਹੋ ਸਕਦੀ। ਤੈਨੂੰ ਦੋਹਾਂ 'ਚੋਂ ਇਕ ਦੀ ਚੋਣ ਕਰਨੀ ਹੀ ਪੈਣੀ।"

ਇਹ ਆਦਮ ਜਾਤ ਵੀ ਬੜੀ ਕੁੱਤੀ ਸ਼ੈਅ ਹੈ। ਇਸ ਬਿਨਾਂ ਰਿਹਾ ਵੀ ਨਹੀਂ ਜਾਂਦਾ। ਛੱਡਿਆ ਵੀ ਨਹੀਂ ਜਾਂਦਾ। ਮੈਂ ਸ਼ਹਿਰ 'ਚ ਉਸ ਨਾਲ ਕਿੱਥੇ-ਕਿੱਥੇ ਨਹੀਂ ਗਈ। ਇਕੱਠਿਆਂ ਨੇ ਕਿੰਨੀਆਂ ਫਿਲਮਾਂ ਦੇਖੀਆਂ। ਹੋਟਲਾਂ 'ਚ ਰਾਤਾਂ ਕੱਟੀਆਂ। ਮੈਂ ਜਦੋਂ ਉਸ ਵੱਲ ਦੇਖਦੀ, ਮੇਰੀ ਸੁਰਤ ਹੀ ਮਾਰੀ ਜਾਂਦੀ। ਦਿਲ ਉਛਲ-ਉਛਲ ਕੇ ਜਾਂਦਾ। ਦਿਮਾਗ ਸੁੰਨ ਹੋਣ ਲੱਗਦਾ। ਉਸ ਦੀਆਂ ਨਜ਼ਰਾਂ 'ਚ ਪਤਾ ਨਹੀਂ ਕਿਹੋ ਜਿਹੀ ਕਸ਼ਿਸ਼ ਸੀ ਕਿ ਕਮਬਖਤ ਮਦਹੋਸ਼ ਹੀ ਕਰ



ਦਿੰਦੀਆਂ। ਫੇਰ ਇੰਨਾ ਬੁੱਧੀਮਾਨ। ਗਿਆਨਵਾਨ। ਮੈਂ ਤਾਂ ਉਸ ਦੇ ਮੋਹ ਜਾਲ 'ਚ ਅਜਿਹੀ ਉਲਝੀ ਜਿੱਥੋਂ ਬਾਹਰ ਨਿਕਲਣ ਦੇ ਸਾਰੇ ਦਰਵਾਜ਼ੇ ਬੰਦ ਹੋ ਗਏ।

ਅੱਜ ਰਣਜੀਤ ਨੇ ਰਜ਼ੀਆ ਸੁਲਤਾਨਾ ਦੀ ਪ੍ਰੇਮ ਕਹਾਣੀ ਵਾਲਾ ਪੰਨਾ ਮੈਸੰਜ਼ਰ 'ਤੇ ਭੇਜਿਆ ਸੀ। ਪਤਾ ਨਹੀਂ ਕਿੰਨੀ ਵਾਰ ਪੜ੍ਹ ਚੁੱਕੀ ਹਾਂ। ਫੇਰ ਪੜ੍ਹਣ ਲੱਗੀ।

ਰਜ਼ੀਆ ਦੇ ਸਾਹਮਣੇ ਅਲਤੂਨੀਆ ਤੇ ਯਾਕੂਤ ਦੋਵੇਂ ਆ ਗਏ। ਅਲਤੂਨੀਆ ਬਹਾਦੁਰ, ਮਿੱਠੜਾ, ਯੋਗ ਤੇ ਸੂਝ-ਬੂਝ ਵਾਲਾ ਸੀ। ਉਹ ਉਸ ਦੇ ਦਿਮਾਗ ਨੂੰ ਹਲੂਣਦਾ। ਉਸ ਦੇ ਮਨ 'ਚ ਅਲਤੂਨੀਆ ਪ੍ਰਤੀ ਸ਼ਰਧਾ ਤੇ ਸਨਮਾਨ ਦੀ ਭਾਵਨਾ ਪੈਦਾ ਹੁੰਦੀ। ਪਰ ਯਾਕੂਤ! ਉਹ ਕੁਝ ਹੋਰ ਹੀ ਸੀ। ਕਾਲਾ ਪਰ ਖੂਬਸੂਰਤ, ਖੁਸ਼ਮਿਜ਼ਾਜ, ਹੱਟਾ-ਖਟਾ ਨੌਜੁਆਨ। ਉਹ ਉਸ ਦੇ ਦਿਲ ਨੂੰ ਧੂ ਪਾਉਂਦਾ। ਮਦਹੋਸ਼ ਕਰਦਾ। ਉਹ ਯਾਕੂਤ ਨਾਲ ਪੰਛੀ ਵਾਂਗ ਆਜ਼ਾਦ ਮਹਿਸੂਸ ਕਰਦੀ। ਇਕ ਗੋਰਾ ਚਿੱਟਾ। ਦੂਜਾ ਰੱਜ ਕੇ ਕਾਲਾ। ਇਕ ਬਠਿੰਡੇ ਦਾ ਗਵਰਨਰ। ਦੂਜਾ ਉਸ ਦਾ ਸੈਨਾਪਤੀ। ਉਸ ਦਾ ਮੁਲਾਜ਼ਮ ਰਜ਼ੀਆ ਆਪ ਦਿੱਲੀ ਦੀ ਸੁਲਤਾਨ। ਅਲਤੂਨੀਆ ਨਾਲ ਜੁੜਣ ਦੇ ਫਾਇਦੇ ਹੀ ਫਾਇਦੇ। ਯਾਕੂਤ ਵਾਲਾ ਸੌਦਾ ਘਾਟੇ ਵਾਲਾ। ਪਰ ਰਜ਼ੀਆ ਨੇ ਦਿਲ ਦੀ ਆਵਾਜ਼ ਨੂੰ ਤਰਜੀਹ ਦਿੱਤੀ। ਆਪਣੀ ਮੁਹੱਬਤ ਨੂੰ ਅਮਰ ਕਰ ਦਿੱਤਾ।

ਮੈਂ ਮੇਜ਼ ਉਰਾਂ ਨੂੰ ਘੜੀਸ ਲਿਆ। ਦੋਵੇਂ ਕੂਹਣੀਆਂ ਮੇਜ਼ 'ਤੇ ਟਿਕਾ ਕੇ ਹੱਥਾਂ 'ਤੇ ਠੋਢੀ ਟਿਕਾਈ। ਚੂਹੀ ਫੇਰ ਪਰ੍ਹਾਂ ਨੂੰ ਖਿਸਕ ਗਈ। ਮੈਨੂੰ ਯਾਦ ਆਇਆ ਕਿ ਮੇਰੇ ਪੇਕਿਆਂ ਦੇ ਘਰੇ ਬੈੱਡ-ਰੂਮ 'ਚ ਅਲਮਾਰੀ ਪਈ ਹੁੰਦੀ ਸੀ। ਮੈਂ ਤੇ ਮੰਮੀ ਇਕੱਠੀਆਂ ਕਮਰੇ 'ਚ ਸੌਂਦੀਆਂ ਸੀ। ਇਕ ਦਿਨ ਕੱਪੜੇ ਕੱਢਣ ਲਈ ਮੰਮੀ ਨੇ ਅਲਮਾਰੀ ਖੋਲ੍ਹੀ। ਚੀਕ ਮਾਰ ਕੇ ਮੈਨੂੰ ਬੁਲਾਇਆ, "ਕੁੜੇ ਬਲੀਜੀਤ ਦੌੜ ਕੇ ਆ। ਆਹ ਦੇਖ ਚੂਹੀ ਨੇ ਕਿੱਥੇ ਬੱਚੇ ਦਿੱਤੇ ਨੇ।" ਚਾਰ ਬੱਚੇ ਸਨ ਜਿਨ੍ਹਾਂ ਦੀਆਂ ਅਜੇ ਅੱਖਾਂ ਨਹੀਂ ਖੁੱਲ੍ਹੀਆਂ ਸਨ। ਅਸੀਂ ਮਾਂ-ਧੀ ਹੈਰਾਨ ਸੀ ਕਿ ਚੂਹੀ ਅੰਦਰ ਕਿੱਦਾਂ ਵੜ੍ਹ ਗਈ। ਲੋਹੇ ਦੀ ਅਲਮਾਰੀ ਨੂੰ ਕਿੱਦਾਂ ਟੁੱਕ ਛੱਡਿਆ। ਗੁਆਂਢੀਆਂ ਦੇ ਨੌਕਰ ਨੂੰ ਬੁਲਾ ਕੇ ਮੰਮੀ ਨੇ ਬੱਚੇ ਬਾਹਰ ਸੁੱਟਵਾ ਦਿੱਤੇ। ਅਲਮਾਰੀ ਦਾ ਹੇਠਲਾ ਖਾਨਾ ਦੇਖਿਆ ਤਾਂ ਸੱਜੇ ਪਾਸੇ ਹੇਠਾਂ ਚਾਦਰ ਗਲੀ ਹੋਈ ਸੀ। ਮੰਮੀ ਨੇ ਉੱਥੇ ਲੋਹੇ ਦਾ ਪੱਤਰਾ ਰੱਖ ਕੇ ਉਪਰ ਅੱਧੀ ਇੱਟ ਦਾ ਟੋਟਾ ਰੱਖ ਦਿੱਤਾ। ਚੂਹੀ ਹਫ਼ਤਾ ਭਰ ਆਪਣੇ ਬੱਚਿਆਂ ਨੂੰ ਲੱਭਦੀ ਰਹੀ। ਰਾਤ ਨੂੰ ਉਸ ਦੀ ਟਿਕ-ਟਿਕ ਸੁਣਦੀ। ਮੰਮੀ ਰੋਣਹਾਕੀ ਹੋ ਜਾਂਦੀ। ਕਹਿੰਦੀ, "ਦੇਖ ਇਸ ਦੀ ਮਮਤਾ। ਇਹਨੇ ਕਿਹੜੀ ਆਪਣੇ ਬੱਚਿਆਂ ਦੀ ਕਮਾਈ ਖਾਣੀ। ਇਹਨੂੰ ਕਹਿੰਦੇ ਨੇ ਆਪਣੇ ਢਿੱਡੋਂ ਜਾਇਆਂ ਦਾ ਦੁੱਖ। ਆਪਣੇ ਖੂਨ ਦੀ ਸਾਂਝ। ਜੇ ਇਸ ਦਾ ਇਹ ਹਾਲ ਆ ਤਾਂ ਜੇ ਅਜਿਹੇ ਹਾਲਤ ਕਿਸੇ ਜਨਾਨੀ ਨੂੰ ਦਰਪੇਸ਼ ਆਉਣ ਤਾਂ ਉਹ ਤਾਂ ਸੋਚ-ਸੋਚ ਕੇ ਪਾਗਲ ਹੋ ਜਾਊਗੀ। ਜਾਹ ਮੇਰਿਆ ਦਾਤਿਆ, ਕਿਸੇ ਮਾਂ ਕੋਲੋਂ ਉਸ ਦੇ ਬੱਚੇ ਨਾ ਦੂਰ ਹੋਣ।"

ਮੇਰੇ ਢਿੱਡ 'ਚ ਤੇਜ਼ ਵੱਟ ਉੱਠਿਆ। ਮੈਂ ਬਾਥਰੂਮ ਵੱਲ ਦੌੜ ਹੀ ਪਈ। ਫਾਰਿਗ ਹੋ ਕੇ ਆਪਣੇ ਬੈੱਡਰੂਮ 'ਚ ਗਈ। ਕਮਲ ਤੇ ਰਵਿੰਦਰ ਘੂਕ ਸੁੱਤੇ ਪਏ ਸਨ। ਸੁਖਵੰਤ ਦਾ ਉਨ੍ਹਾਂ ਵੱਲ ਨੂੰ ਮੂੰਹ ਸੀ। ਉਹ ਕਦੇ ਵੀ ਬੱਚਿਆਂ ਵੱਲ ਪਿਛਾੜੀ ਕਰਕੇ ਨਹੀਂ ਸੌਂਦਾ। ਉਹ ਕਹਿੰਦਾ, 'ਮੈਂ ਸੌਂ ਹੀ ਨ੍ਹੀਂ ਸਕਦਾ। ਮੈਨੂੰ ਐਦਾਂ ਪਿਆਂ ਨੀਂਦ ਨ੍ਹੀਂ ਆਉਂਦੀ। ਬੱਚਿਆਂ ਨੂੰ ਵੀ ਸਾਥੋਂ ਬਿਨਾਂ

ਨੀਂਦ ਨ੍ਹੀਂ ਆਉਂਦੀ। ਉਹ ਆਪਣੇ ਮਾਂ-ਪਿਓ ਦੇ ਸਰੀਰਾਂ 'ਚੋਂ ਆਉਂਦੀ ਗੰਧ ਦੇ ਆਦੀ ਹੋ ਜਾਂਦੇ ਨੇ।'

ਚਾਹ ਦਾ ਕੱਪ ਪੀ ਕੇ ਮੈਂ ਕੜਿੱਕੀ ਨੂੰ ਚੁੱਕ ਕੇ ਆਪਣੇ ਪੱਟਾਂ 'ਤੇ ਰੱਖ ਲਿਆ। ਦੂਜੇ ਪਲ ਫੇਰ ਮੇਜ਼ 'ਤੇ ਰੱਖ ਦਿੱਤਾ-ਇਸ ਡਰ ਨਾਲ ਕਿਤੇ ਇਹ ਦੰਦੀ ਨਾ ਵੱਢ ਦੇਵੇ। ਮੈਂ ਉਸ ਨਾਲ ਗੱਲਾਂ ਕਰਨ ਲੱਗੀ, "ਮਰਜਾਣੀਏ ਮੇਰੀ ਗੱਲ ਤਾਂ ਸੁਣ। ਸੁਖਵੰਤ ਨੇ ਮੈਨੂੰ ਪਿਆਰ ਕੀਤਾ। ਰਣਜੀਤ ਨੇ ਸਮਝਿਆ। ਇਹ ਸਮਝਣਾ ਪਿਆਰ ਤੋਂ ਵੱਡਾ ਹੁੰਦਾ ਹੈ ਨਾ ? ਹੁਣ ਤੈਨੂੰ ਕਿੱਦਾਂ ਸਮਝਾਵਾਂ। ਤੂੰ ਕਿਹੜਾ ਬੋਲ ਕੇ ਦੱਸਣਾ। ਚੱਲ ਕੋਈ ਗੱਲ ਨ੍ਹੀਂ। ਤੂੰ ਦੋ ਘੜੀਆਂ ਮੇਰਾ ਸਾਥ ਦਿੱਤਾ-ਤੇਰਾ ਕੋਟੀ-ਕੋਟੀ ਥੈਂਕਸ......।"

ਗੁਰਦਵਾਰਿਉਂ ਭਾਈ ਜੀ ਦੀ ਆਵਾਜ਼ ਆਉਣੀ ਸ਼ੁਰੂ ਹੋਈ, "ਸਾਧ ਸੰਗਤ ਜੀ, ਉੱਠੋ। ਅੰਮ੍ਰਿਤ ਵੇਲਾ ਹੋ ਗਿਆ। ਪਾਠ ਸਿਮਰਨ ਕਰੋ।"

"ਹੈਂ। ਪੰਜ ਵੱਜ ਗਏ।"

ਚੂਹੀ ਨੇ ਕੜਿੱਕੀ 'ਚੋਂ ਬਾਹਰ ਨਿਕਲਣ ਲਈ ਫੇਰ ਛੜਪਾ ਮਾਰਿਆ। ਮੈਥੋਂ ਉਸ ਦੀ ਦਸ਼ਾ ਦੇਖੀ ਨਾ ਗਈ। "ਚੱਲ ਨ੍ਹੀਂ ਵੱਡੀਏ ਕਾਹਲੀਏ। ਚੱਲ ਤੈਨੂੰ ਪਹਿਲਾਂ ਬਾਹਰ ਛੱਡ ਆਵਾਂ। ਆਪਣੀ ਮੈਂ ਆਪੇ ਨਬੇੜ ਲੈਣੀ....।" ਮੈਂ ਕੜਿੱਕੀ ਚੁੱਕ ਕੇ ਬਾਹਰ ਆ ਗਈ। ਬਾਹਰਲੇ ਗੇਟ ਦਾ ਜਿੰਦਰਾ ਖੋਲ੍ਹਿਆ। ਲੰਬੇ-ਲੰਬੇ ਸਾਹ ਲਏ। ਬਾਹਰੋਂ ਜਿੰਦਰਾ ਮਾਰ ਕੇ ਚਾਬੀ ਪੋਸਟ-ਬੌਕਸ ਦੇ ਅੰਦਰ ਵੱਲ ਨੂੰ ਖਿਸਕਾ ਦਿੱਤੀ।

## 'ਕੜਿੱਕੀ' ਉੱਤੇ ਹੋਈ ਵਿਚਾਰ-ਚਰਚਾ

**ਜਨਮੀਤ**: ਜਿੰਦਰ ਦੀ ਕਹਾਣੀ ਵਿਚ ਕਈ ਗੰਭੀਰ ਮਸਲੇ ਹਨ, ਜਿਨ੍ਹਾਂ ਨੂੰ ਹਲਕੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹਦੇ ਵਿਚ ਵਿਆਹ ਦੀ ਸੰਸਥਾ ਦਾ, ਉਹਦੇ 'ਚੋਂ ਨਿਕਲਣ ਦਾ, ਅੰਤਰਜਾਤੀ ਵਿਆਹ ਦਾ, ਵਿਆਹ ਤੋਂ ਬਾਹਰੇ ਸੰਬੰਧਾਂ ਦਾ, ਇਹ ਸਾਰੇ ਮੁੱਦੇ ਸਾਹਮਣੇ ਆਏ ਹਨ। ਜਿੰਦਰ ਵਲੋਂ ਪ੍ਰਤੀਕਾਂ ਦੀ ਵਰਤੋਂ ਸੋਚ ਸਮਝ ਕੇ ਕੀਤੀ ਜਾਪਦੀ ਹੈ। ਕੁੜੀ ਸੋਹਣੀ-ਮਹੀਵਾਲ ਦੀ ਤਸਵੀਰ ਖਰੀਦਦੀ ਹੈ, ਉਹਦਾ ਪਤੀ ਕ੍ਰਿਸ਼ਨ ਦੀ, ਤੇ ਫੈਸਲਾ ਹੁੰਦਾ ਹੈ ਕਿ ਧਰਮ ਨਾਲ ਜੁੜੀ ਤਸਵੀਰ ਡਰਾਇੰਗ ਰੂਮ ਵਿਚ ਨਹੀਂ ਲੱਗੇਗੀ। ਕਹਾਣੀਕਾਰ ਚੂਹੀ ਦੇ ਕੁੜਿੱਕੀ ਵਿਚ ਫਸਣ ਦੇ ਪ੍ਰਤੀਕ ਨੂੰ ਵੀ ਵਰਤਦਾ ਹੈ, ਹਾਲਾਂਕਿ ਉਹ ਚੂਹੀ ਹੀ ਹੈ, ਇਸਦੀ ਪਛਾਣ ਪਤਾ ਨਹੀਂ ਉਸਦੀ ਪਾਤਰ ਕਿਵੇਂ ਕਰਦੀ ਹੋਊ! ਪਤੀ ਤਾਂ ਆਪਣੇ ਬਿਜ਼ਨਿਸ ਅਤੇ ਬੱਚਿਆਂ ਵਿਚ ਖੁਸ਼ ਹੈ, ਪਰੰਤੂ ਪਤਨੀ ਸੰਤੁਸ਼ਟ ਨਹੀਂ। ਸਰੀਰਕ ਭੁੱਖ ਦੀ ਸਤਾਈ ਹੋਈ। ਅਚਾਨਕ ਵਿਆਹੋਂ ਬਾਹਰੇ ਸੰਬੰਧਾਂ ਵਿਚ ਬੱਝ ਜਾਂਦੀ ਹੈ, ਅਤੇ ਇਕ ਦਿਨ ਬੱਚਿਆਂ ਅਤੇ ਪਤੀ ਨੂੰ ਛੱਡ ਕੇ ਆਪਣੇ ਆਪ ਨੂੰ ਕੁੜਿੱਕੀ ਵਿਚੋਂ ਕੱਢ ਲੈਂਦੀ ਹੈ। ਕੰਜਰੀ ਵਾਲੀ ਕਹਾਣੀ ਅਤੇ ਰਜ਼ੀਆ ਸੁਲਤਾਨਾ ਵਾਲੀ ਕਹਾਣੀ ਨੂੰ ਸ਼ਾਮਲ ਕਰ ਕੇ ਕਹਾਣੀਕਾਰ ਆਪਣੀ ਨਾਇਕਾ ਦੇ ਵਿਹਾਰ ਲਈ ਤਰਕ ਖੜ੍ਹਾ ਕਰਦਾ ਹੈ। ਪਰ ਇਸਦੀ ਕੋਈ ਸਾਰਥਕਤਾ ਬਣਦੀ ਨਹੀਂ। ਜਿੰਦਰ ਦੇ ਦਿਮਾਗ ਵਿਚ ਮਸਲੇ ਘੁੰਮ ਰਹੇ ਸਨ, ਪਰ ਇਸ ਕਹਾਣੀ ਉਨ੍ਹਾਂ ਦਾ ਨਿਭਾਅ ਬੜਾ ਪੇਤਲਾ ਜਿਹਾ ਹੈ।



**ਬਲਵਿੰਦਰ ਗਰੇਵਾਲ**: ਜਦੋਂ ਅਸੀਂ ਕਹਾਣੀ ਦਾ ਸਿਰਲੇਖ ਪੜ੍ਹ ਕੇ ਕਹਾਣੀ ਪੜ੍ਹਨ ਲਗਦੇ ਹਾਂ ਅਤੇ ਕਹਾਣੀ ਦੇ ਸ਼ੁਰੂ ਵਿਚ ਹੀ ਚੂਹੀ ਕੜਿੱਕੀ ਵਿਚ ਫਸ ਜਾਂਦੀ ਹੈ, ਤਾਂ ਸਾਰੀ ਕਹਾਣੀ ਉਦੋਂ ਹੀ ਸਮਝ ਆ ਜਾਂਦੀ ਹੈ, ਕਹਾਣੀ ਵਿਚ ਕੋਈ ਰਹੱਸ ਨਹੀਂ ਰਹਿ ਜਾਂਦਾ।

**ਕੁਲਵੰਤ ਸਿੰਘ ਸੰਧੂ**: ਕਹਾਣੀ ਜਿਸ ਮਸਲੇ ਨੂੰ ਪੇਸ਼ ਕਰਦੀ ਹੈ, ਉਸਦੇ ਨਿਭਾਅ ਲਈ ਜਿਹੜੇ ਹਵਾਲੇ ਦਿੱਤੇ ਜਾ ਰਹੇ ਹਨ, ਚਾਹੇ ਉਹ ਮਿੱਥ ਹੋਵੇ, ਤੇ ਚਾਹੇ ਚੂਹੀ ਦਾ ਫਸਣਾ, ਇਹ ਦੋਵੇਂ ਹਵਾਲੇ ਕਹਾਣੀ ਦੇ ਹੱਕ ਵਿਚ ਨਹੀਂ ਭੁਗਤਦੇ। ਮਿੱਥ ਮੁਤਾਬਕ ਆਪਣੇ ਪਤੀ ਦੀ ਖੁਸ਼ੀ ਖਾਤਰ ਉਹ ਔਰਤ ਇਕ ਕੰਜਰੀ ਦੀ ਨੌਕਰ ਬਣਨ ਨੂੰ ਤਿਆਰ ਹੈ। ਦੂਜੇ ਪਾਸੇ ਉਹ ਚੂਹੀ ਵੀ ਆਪਣੇ ਬੱਚਿਆਂ ਨੂੰ ਲੱਭਦੀ ਰੋਂਦੀ ਰਹਿੰਦੀ ਹੈ। ਉਸ ਔਰਤ ਦੇ ਵਿਵਹਾਰ ਨਾਲ ਇਨ੍ਹਾਂ ਹਵਾਲਿਆਂ ਦਾ ਕੋਈ ਸੰਬੰਧ ਬਣਦਾ ਹੀ ਨਹੀਂ। ਸ਼ਾਇਦ ਚੈਖੋਵ ਦਾ ਇਹ ਕਥਨ ਹੈ, ਕਿ ਜੇ ਕਹਾਣੀਕਾਰ ਆਪਣੀ ਕਹਾਣੀ ਵਿਚ ਦੀਵਾਰ ਵਿਚ ਕੋਈ ਕਿੱਲ ਗੱਡ ਰਿਹਾ ਹੈ, ਅਤੇ ਇਹ ਕਿੱਲ ਬਾਕੀ ਕਹਾਣੀ ਵਿਚ ਕਿਸੇ ਕੰਮ ਨਹੀਂ ਆ ਰਿਹਾ, ਤਾਂ ਕਹਾਣੀਕਾਰ ਨੂੰ ਉਸ ਕਿੱਲ ਨਾਲ ਟੰਗ ਦੇਣਾ ਚਾਹੀਦਾ।

**ਜਸ ਮੰਡ**: ਮੈਨੂੰ ਇਹ ਬਹੁਤ ਹੀ ਸਧਾਰਨ ਜਿਹੀ ਕਹਾਣੀ ਲੱਗੀ ਹੈ। ਜਿੰਦਰ ਦੇ ਮਿਆਰ ਦੀ ਤਾਂ ਬਿਲਕੁਲ ਨਹੀਂ। ਮਿਥਿਹਾਸਕ ਜਾਂ ਇਤਿਹਾਸਕ ਕਹਾਣੀਆਂ ਜਬਰਦਸਤੀ ਘੁਸਾ ਕੇ ਕੋਈ ਕਹਾਣੀ, ਕਹਾਣੀ ਨਹੀਂ ਬਣ ਜਾਂਦੀ।

**ਰਜਨੀਸ਼ ਬਹਾਦਰ ਸਿੰਘ**: ਪ੍ਰੇਮ ਪ੍ਰਕਾਸ਼ ਕਹਿੰਦਾ ਹੈ ਕਿ ਸੱਚ ਉਹੀ ਹੁੰਦਾ ਹੈ, ਜਿਹੜਾ ਪ੍ਰਸਥਿਤਿਆਂ ਸਾਡੇ ਸਾਹਮਣੇ ਰਖਦੀਆਂ ਹਨ। ਇਕ ਸਾਡੇ ਕੋਲ ਰਾਧਾ-ਕ੍ਰਿਸ਼ਨ ਦੀ ਪਰੰਪਰਾ ਹੈ। ਗੀਤ ਗੋਵਿੰਦ ਵਿਚ ਰਾਧਾ ਦਾ ਕ੍ਰਿਸ਼ਨ ਨਾਲ ਪਿਆਰ ਭਗਤੀ ਵਾਲਾ ਹੈ। ਕਿੱਸਾ ਕਾਵਿ ਵਾਲੀ ਪਰੰਪਰਾ ਵਿਚ ਵੀ ਸਰੀਰ ਦੀ ਨਹੀਂ, ਆਤਮਾਵਾਂ ਦੇ ਮੇਲ ਦੀ ਗੱਲ ਹੁੰਦੀ ਹੈ। ਜਿੰਦਰ ਆਪਣੀ ਕਹਾਣੀ ਵਿਚ ਸੋਹਣੀ ਮਹੀਵਾਲ ਨੂੰ ਪ੍ਰਤੀਕ ਦੇ ਤੌਰ 'ਤੇ ਲੈ ਕੇ ਤਾਂ ਆਉਂਦਾ ਹੈ। ਉਸਦੀ ਨਾਇਕਾ ਸੋਹਣੀ ਮਹੀਵਾਲ ਖਰੀਦ ਕੇ ਲਿਆਉਂਦੀ ਹੈ, ਨਾਇਕ ਕ੍ਰਿਸ਼ਨ ਖਰੀਦ ਕੇ ਲਿਆਉਂਦਾ ਹੈ। ਅਗਲੀ ਗੱਲ ਹੈ ਵੈਸ਼ਿਆ ਦੀ ਕਥਾ ਵਾਲੀ। ਔਰਤ ਆਪਣੇ ਪਤੀ ਦੀ ਖੁਸ਼ੀ ਖਾਤਿਰ ਇਕ ਵੈਸ਼ਿਆ ਦੀ ਨੌਕਰੀ ਕਰਨ ਲਈ ਤਿਆਰ ਹੈ। ਪਰੰਤੂ ਜਦੋਂ ਰਜ਼ੀਆ ਸੁਲਤਾਨ ਦੀ ਗੱਲ ਆਉਂਦੀ ਹੈ, ਤਾਂ ਉਥੇ ਅਲਤੂਨੀਆ ਦੇ ਕੋਈ ਅਰਥ ਨਹੀਂ, ਔਰਤ ਦੀ ਭਗਤੀ ਵਾਲੀ ਗੱਲ ਟੁਟਦੀ ਹੈ। ਹਾਲਾਂਕਿ ਨਾਇਕਾ ਸੋਹਣੀ ਵਾਲਾ ਰਾਹ ਚੁਣਦੀ ਦਿਸਦੀ ਹੈ। ਜਿਸ ਮੁੰਡੇ ਨਾਲ ਉਹ ਚਲੀ ਜਾਂਦੀ ਹੈ, ਉਹਦਾ ਵੀ ਵਰਤਾਓ ਸਮਝ ਨਹੀਂ ਆਉਂਦਾ। ਉਹ ਵਿਆਹੀ ਵਰੀ, ਬੱਚੇਦਾਰ ਔਰਤ ਨਾਲ ਵਿਆਹ ਕਰਨ 'ਤੇ ਬਜ਼ਿਦ ਹੈ। ਕਹਾਣੀ ਦਾ ਗਾਲਪਨਿਕ ਤਰਕ ਸਮੁੱਚੀ ਕਹਾਣੀ ਵਿਚੋਂ ਸਮਝ ਨਹੀਂ ਆਉਂਦਾ। ਵਿਸ਼ੇ ਦੇ ਨਿਭਾਅ ਪੱਖੋਂ ਕਹਾਣੀ ਕਮਜ਼ੋਰ ਹੈ।

**ਬਲਬੀਰ ਪਰਵਾਨਾ**: ਕਹਾਣੀ ਦਾ ਅੰਤ ਬਹੁਤ ਖੂਬਸੂਰਤ ਹੈ, ਜਿਵੇਂ ਘਰ ਛੱਡ ਕੇ ਜਾਣ ਵਾਲੀ ਗੱਲ ਲਈ ਪ੍ਰਤੀਕ ਵਰਤੇ ਗਏ ਹਨ। ਪਰੰਤੂ ਕਹਾਣੀ ਵਿਚ ਬਹੁਤ ਗੜਬੜਾਂ ਹਨ। ਇਕ ਤਾਂ ਜਿੰਦਰ ਦੇ ਪਾਤਰ ਰਹਿਣ-ਸਹਿਣ ਅਤੇ ਵਰਤਾਓ ਵਿਚ ਉਚ ਵਰਗ ਵਿਚੋਂ ਨਹੀਂ ਲਗਦੇ, ਮਿਡਲ ਕਲਾਸ ਵਿਚੋਂ ਲਗਦੇ ਹਨ। ਕਹਾਣੀ ਦੇ ਅੰਤਰਪਾਠ ਦਾ ਵੀ ਇਕ

ਡਸਿਪਲਨ ਹੁੰਦਾ ਹੈ, ਜਿਸਨੂੰ ਇਹ ਕਹਾਣੀ ਭੰਗ ਕਰਦੀ ਹੈ, ਤੇ ਇਸੇ ਕਰਕੇ ਗੱਲ ਬਣਦੀ ਨਹੀਂ ਜਾਪਦੀ।

**ਆਤਮ ਰੰਧਾਵਾ**: ਜਿਸ ਤਰਾਂ ਦੀ ਕਹਾਣੀ ਜਿੰਦਰ, ਜਾਂ ਪ੍ਰੇਮ ਪ੍ਰਕਾਸ਼ ਲਿਖ ਰਹੇ ਹਨ। ਮਾਰਕਸਵਾਦ ਅਤੇ ਫਰਾਇਡਵਾਦ ਵਿਚੋਂ ਜਿੰਦਰ, ਜਾਂ ਪ੍ਰੇਮ ਪ੍ਰਕਾਸ਼ ਇਕ ਧਿਰ ਬਣ ਕੇ, ਕਿ ਪਦਾਰਥ ਜਾਂ ਕੈਪੀਟਲ ਕੁਝ ਮਾਇਨੇ ਨਹੀਂ ਰਖਦੀਆਂ। ਅਤੇ ਕਿ ਅਜੋਕੇ ਬੰਦੇ ਨੂੰ ਅਤੇ ਵਿਸ਼ੇਸ਼ ਤੌਰ ‘ਤੇ ਔਰਤ ਨੂੰ ਸਮਝਿਆ ਨਹੀਂ ਜਾ ਸਕਦਾ। ਪਰੰਤੂ ਹਥਲੀ ਕਹਾਣੀ ਬਹੁਤ ਹੀ ਸਧਾਰਣ ਪੱਧਰ ਦੀ ਹੈ। ਅੰਤ ਤਾਂ ਵਾਕਿਆ ਹੀ ਖੂਬਸੂਰਤ ਹੈ, ਪਰੰਤੂ ਕੁੜਿਕੀ ਦੇ ਰੂਪਕ ਸਮੇਤ ਬਾਕੀ ਕੁਝ ਵੀ ਨਵਾਂ ਨਹੀਂ।

**ਹੀਰਾ ਸਿੰਘ**: ਭਾਰਤ ਦੀ ਔਰਤ ਅਜੇ ਵੀ ਕੁੜਿਕੀ ਵਿਚ ਫਸੀ ਹੋਈ ਹੈ। ਅਸੀਂ ਪੱਛਮ ਵਿਚ ਬਰਾਬਰੀ ਬਾਰੇ ਜਾਣਦੇ ਤਾਂ ਹਾਂ, ਪਰੰਤੂ ਅਮਲ ਨਹੀਂ ਕਰਦੇ। ਇਕ ਕੁੜੀ ਪੜ੍ਹ ਲਿਖ ਜਾਂਦੀ ਹੈ, ਪਰੰਤੂ ਫੇਰ ਇਕ ਪਰਾਂਪਰਿਕ ਵਿਆਹ ਵਿਚ ਬੱਝ ਜਾਂਦੀ ਹੈ। ਹਾਲਾਂਕਿ ਉਹ ਸੋਚਦੀ ਹੈ ਕਿ ਉਹ ਬਾਕੀਆਂ ਨਾਲੋਂ ਵੱਖਰੀ ਹੈ। ਉਹਦਾ ਸਹੀ ਮੁੱਲ ਨਹੀਂ ਪਿਆ। ਇਹ ਬੰਦਾ ਮੇਰੇ ਹਾਣ ਦਾ ਨਹੀਂ ਹੈ। ਅਤੇ ਉਹ ਇਸ ਘਾਟ ਨੂੰ ਹੋਰ ਕਿਸੇ ਢੰਗ ਨਾਲ ਪੂਰਾ ਕਰਨਾ ਚਾਹੁੰਦੀ ਹੈ।

**ਰੀਟਾ ਸਵਾਮੀ**: ਮੈਨੂੰ ਵੀ ਕਹਾਣੀ ਦਾ ਅੰਤ ਖੂਬਸੂਰਤ ਲੱਗਿਆ। ਜੇ ਕਹਾਣੀ ਦੀ ਔਰਤ ਦੇ ਕਿਰਦਾਰ ਨੂੰ ਕੁੜਿਕੀ ਵਿਚ ਫਸੀ ਹੋਈ ਚੂਹੀ ਦੀ ਹਾਲਤ ਦੇ ਨਾਲ-ਨਾਲ ਉਸਾਰਿਆ ਜਾਂਦਾ, ਤਾਂ ਗੱਲ ਬਣ ਸਕਦੀ ਸੀ। ਜਿਵੇਂ ਚੂਹੀ ਤੜਪਦੀ ਹੈ, ਬਾਹਰ ਨਿਕਲਣਾ ਚਾਹੁੰਦੀ ਹੈ, ਪਰੰਤੂ ਰੋਟੀ ਦੇ ਲਾਲਚ ਵਿਚ ਵਾਰ-ਵਾਰ ਘਰ, ਜਾਂ ਕੁੜਿਕੀ ਵੱਲ ਮੁੜ ਆਉਂਦੀ ਹੈ।

**ਜਸਵੀਰ ਰਾਣਾ**: ਕਹਾਣੀ ਵਿਚ ਕਈ ਡਾਇਲਾਗਾਂ ਵਿਚ ਨਾਇਕਾ ਕੁੜਿਕੀ ਵਿਚ ਫਸੀ ਜਾਨ ਦੀ ਗੱਲ ਕਰਦੀ ਹੈ। ਉਹ ਕਿਸਨੂੰ ਸੰਬੋਧਤ ਹੋ ਰਹੀ ਹੈ ? ਕੀ ਚੂਹੀ ਰਾਹੀਂ ਉਹ ਆਪਣੇ ਅੰਦਰਲੇ ਜਾਨਵਰ ਨਾਲ ਗੱਲ ਕਰ ਰਹੀ ਹੈ ! ਜਾਂ ਉਹ ਆਪਣੇ ਸਵੈ ਨੂੰ, ਆਪਣੇ ਅੰਦਰਲੇ ਮਨੁੱਖ ਨੂੰ ਸੰਬੋਧਨ ਕਰ ਰਹੀ ਹੈ। ਅੱਗੇ ਜਾ ਕੇ ਉਹ ਕਹਿੰਦੀ ਹੈ ਕਿ ਸੁਖਵੰਤ ਨੇ ਮੈਨੂੰ ਪਿਆਰ ਕੀਤਾ, ਰਣਜੀਤ ਨੇ ਮੈਨੂੰ ਸਮਝਿਆ, ਸਮਝਣਾ ਪਿਆਰ ਤੋਂ ਵੱਡਾ ਹੁੰਦਾ ਹੈ ਨਾ। ਕਹਾਣੀ ਵਿਚ ਸੋਚਣ ਵਾਲੀ ਪਰਤ ਇਹ ਹੈ ਕਿ ਪਤੀ ਪਤਨੀ ਦੇ ਰਿਸ਼ਤੇ ਵਿਚ ਵੱਡਾ ਕੀ ਹੈ: ਪਿਆਰ ਕਿ ਸਮਝਣਾ ? ਪਿਆਰ ਵਿਚ ਸਮਝਣਾ ਵੀ ਸ਼ਾਮਲ ਹੁੰਦਾ, ਜਾਂ ਸਮਝ ਵਿਚ ਪਿਆਰ ਵੀ। ਨਾਇਕਾ ਨੂੰ ਆਪਣੇ ਬੱਚਿਆਂ ਦਾ ਮੋਹ ਵੀ ਘਰੋਂ ਨਿਕਲਣ ਤੋਂ ਰੋਕ ਨਹੀਂ ਸਕਿਆ। ਕਹਾਣੀ ਵਿਚ ਬੱਚੇ ਹਾਸ਼ੀਏ ਉੱਤੇ ਚਲੇ ਗਏ। ਉਹਦੀ ਸਹੇਲੀ ਗੁਰਪ੍ਰੀਤ ਉਹਨੂੰ ਘਰੋਂ ਕੱਢਣ ਦੀ ਜੁਗਤ ਦਸਦੀ ਹੈ। ਉਹ ਉਹਦੀ ਦੋਸਤ ਬਣ ਕੇ ਉਭਰਦੀ ਹੈ ਜਾਂ ਦੁਸ਼ਮਣ। ਇਕ ਹੋਰ ਪਰਤ ਇਕੱਲਤਾ ਵਾਲੀ ਵੀ ਹੈ। ਨਾਇਕਾ ਆਪਣੀ ਇਕੱਲਤਾ ਨੂੰ ਏਕਾਂਤ ਵਿਚ ਬਦਲ ਕੇ ਸਿਰਜਕ ਵੀ ਹੋ ਸਕਦੀ ਸੀ। ਪਰ ਉਹ ਵਿਨਾਸ਼ ਦਾ ਰਾਹ ਚੁਣਦੀ ਹੈ। ਕਹਾਣੀ ਦੇ ਅੰਤ ਵਿਚ ਜਦੋਂ ਉਹ ਚਾਬੀ ਪੋਸਟ ਬਾਕਸ ਵਿਚ ਛੱਡ ਕੇ ਜਾਂਦੀ ਹੈ, ਤਾਂ ਜਾਪਦਾ ਹੈ ਕਿ ਉਸਦਾ ਘਰ-ਪਰਵਾਰ ਪ੍ਰਤੀ ਮੋਹ ਪੂਰੀ ਤਰਾਂ ਭੰਗ ਨਹੀਂ ਹੋਇਆ।

**ਮਹਿਲ ਸਿੰਘ**: ਵਿਆਹ ਨੂੰ ਜੋੜੀ ਰੱਖਣ ਲਈ ਬੱਚਿਆਂ ਦਾ ਵੱਡਾ ਰੋਲ ਹੁੰਦਾ ਹੈ। ਕਹਾਣੀ ਵਿਚ ਨਾਇਕਾ ਦੇ ਮਨ ਵਿਚ ਬੱਚਿਆਂ ਨੂੰ ਲੈ ਕੇ ਕੋਈ ਦੁਵਿਧਾ ਨਹੀਂ। ਜਾਂ ਤਾਂ



ਫਲਸਫੇ ਦੀ ਪੱਧਰ ‘ਤੇ ਇਹ ਗੱਲ ਉੱਭਰ ਕੇ ਆਉਂਦੀ ਕਿ ਬੰਦਾ, ਜੋ ਉਸਨੂੰ ਪ੍ਰਾਪਤ ਹੋ ਗਿਆ, ਉਸ ਨਾਲ ਸੰਤੁਸ਼ਟ ਨਹੀਂ ਹੁੰਦਾ, ਉਸਤੋਂ ਪਰੇ ਕੁਝ ਹੋਰ ਲਭਦਾ ਰਹਿੰਦਾ ਹੈ। ਪਰ ਇਹ ਵੀ ਕਹਾਣੀ ਵਿਚੋਂ ਨਿਕਲ ਕੇ ਨਹੀਂ ਆਉਂਦਾ। ਬਾਪ ਤਾਂ ਬੱਚਿਆਂ ਵੱਲ ਪਿੱਠ ਕਰ ਕੇ ਵੀ ਨਹੀਂ ਸੌਂ ਸਕਦਾ, ਪਰ ਮਾਂ ਉਨ੍ਹਾਂ ਨੂੰ ਛੱਡ ਕੇ ਚਲੇ ਜਾਂਦੀ ਹੈ।

**ਸ਼ਰਨਜੀਤ ਕੌਰ**: ਕਹਾਣੀ ਵਿਚਲੀ ਕੁੜਿੱਕੀ ਮੈਨੂੰ ਓਸ ਦੁਚਿੱਤੀ ਦੀ ਪ੍ਰਤੀਕ ਜਾਪਦੀ ਹੈ, ਜਿਸਨੂੰ ਅੱਜ ਦਾ ਹਰ ਇਨਸਾਨ ਹੰਢਾ ਰਿਹਾ ਹੈ। ਇਹਦੇ ਵਿਚ ਜਿਹੜਾ ਮਰਦ ਪਾਤਰ ਹੈ, ਉਸਨੂੰ ਤਾਂ ਬਹੁਤ ਸੰਤੁਲਿਤ ਅਤੇ ਸੰਤੁਸ਼ਟ ਵਿਖਾਇਆ ਗਿਆ ਹੈ, ਪਰੰਤੂ ਔਰਤ ਪਾਤਰ ਇੱਛਿਤ ਅਤੇ ਅਣ-ਇੱਛਿਤ ਸੰਸਾਰ ਵਿਚ ਘਿਰੀ ਹੋਈ ਹੈ। ਅੰਦਰ ਉਹ ਰਹਿ ਨਹੀਂ ਪਾ ਰਹੀ, ਤੇ ਬਾਹਰ ਉਸ ਤੋਂ ਜਾਇਆ ਨਹੀਂ ਜਾ ਰਿਹਾ। ਔਰਤ ਦੀ ਸ਼ੁਰੂ ਤੋਂ ਹੀ ਇਹ ਹੋਣੀ ਰਹੀ ਹੈ। ਬਹੁਤੀ ਵਾਰੀ ਉਹ ਰਿਸ਼ਤਿਆਂ, ਮਰਿਆਦਾਵਾਂ ਵਿਚ ਬੱਝੀ ਰਹਿੰਦੀ ਹੈ। ਬੜਾ ਕੁਝ ਅੱਖਾਂ ਮੀਟ ਕੇ ਸਹੀ ਜਾਂਦੀ ਹੈ। ਅਖੀਰ ਵਿਚ ਉਹ ਦਹਿਲੀਜ ਟੱਪ ਕੇ ਚਲੇ ਜਾਂਦੀ ਹੈ। ਇਥੇ ਮੈਨੂੰ ਸਪਸ਼ਟ ਨਹੀਂ ਹੋ ਸਕਿਆ ਕਿ ਕਹਾਣੀਕਾਰ ਕੀ ਕਹਿਣਾ ਚਾਹੁੰਦਾ ਹੈ। ਕੀ ਉਹ ਔਰਤ ਵਲੋਂ ਮਨ-ਇੱਛਿਤ ਰਾਹ ਚੁਣਨ ਦਾ ਸੁਨੇਹਾ ਦੇ ਰਿਹਾ, ਕਿ ਜਿਹੜਾ ਰਿਸ਼ਤਿਆਂ ਦਾ ਘਾਣ ਹੋ ਰਿਹਾ, ਉਸ ਵੱਲ ਇਸ਼ਾਰਾ ਕਰ ਰਿਹੈ। ਜਿਹੜੇ ਸੰਚਾਰ ਸਾਧਨ ਅੱਜ ਸਾਨੂੰ ਉਪਲਭਧ ਹਨ, ਅਤੇ ਉਨ੍ਹਾਂ ਦੇ ਥੱਲੇ ਜਿਹੜੀ ਦਲਦਲ ਮੌਜੂਦ ਹੈ, ਉਹਦੇ ਵੱਲ ਜਿਹੜਾ ਇਸ਼ਾਰਾ ਕਹਾਣੀ ਕਰਦੀ ਹੈ, ਉਹ ਧਿਆਨ ਦੇਣ ਯੋਗ ਹੈ। ਮੇਰੀ ਸਾਰੇ ਕਹਾਣੀਕਾਰਾਂ ਨੂੰ ਬੇਨਤੀ ਹੈ ਕਿ ਜੇ ਅਸੀਂ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਫੋਕਸ ਵਿਚ ਲਿਆਉਣ ਦੀ ਬਜਾਏ ਪਰਿਵਾਰ ਵਿਚ ਸੰਤੁਲਨ ਲਿਆਣ ਦਾ ਸੁਨੇਹਾ ਦੇਈਏ, ਤਾਂ ਸ਼ਾਇਦ ਬਿਹਤਰ ਹੋਵੇਗਾ।

**ਰਾਮਿੰਦਰ ਕੌਰ**: ਕਹਾਣੀ ਦਾ ਵਿਸ਼ਾ ਬਹੁਤ ਮਹੱਤਵਪੂਰਨ ਹੈ, ਪਰੰਤੂ ਉਸਦਾ ਨਿਭਾਅ/ਪੇਸ਼ਕਾਰੀ ਨਹੀਂ ਹੋ ਸਕੀ। ਵੈਸੇ ਤਾਂ ਸਾਰਿਆਂ ਰਿਸ਼ਤਿਆਂ ਵਿਚ ਹੀ ਇਕ ਦੂਜੇ ਦਾ ਖਿਆਲ ਰੱਖਣ ਦੀ ਲੋੜ ਹੁੰਦੀ ਹੈ, ਪਰੰਤੂ ਪਤੀ ਪਤਨੀ ਵਿਚਕਾਰ ਇਹ ਨਿਹਾਇਤ ਜ਼ਰੂਰੀ ਹੁੰਦਾ ਹੈ। ਆਮ ਤੌਰ ’ਤੇ ਔਰਤ ਦੀਆਂ ਇੱਛਾਵਾਂ/ਭਾਵਨਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਸੇ ਮੋੜ ’ਤੇ ਆ ਕੇ ਕੋਈ ਔਰਤ ਕਿਹੜਾ ਰਾਹ ਚੁਣਦੀ ਹੈ, ਇਹ ਔਰਤ-ਔਰਤ ’ਤੇ ਨਿਰਭਰ ਕਰਦਾ ਹੈ, ਸਾਰੀਆਂ ਔਰਤਾਂ ਇਕੋ ਤਰ੍ਹਾਂ ਵਿਵਹਾਰ ਨਹੀਂ ਕਰਦੀਆਂ। ਕੋਈ ਔਰਤ ਕੇਵਲ ਦੁਨਿਆਵੀ ਸੁੱਖ ਸਹੂਲਤਾਂ ਜਾਂ ਬੱਚਿਆਂ/ਘਰ ਪਰਵਾਰ ਨਾਲ ਸੰਤੁਸ਼ਟ ਰਹਿ ਸਕਦੀ ਹੈ, ਪਰੰਤੂ ਇਸ ਕਹਾਣੀ ਦੀ ਨਾਇਕਾ ਉਨ੍ਹਾਂ ਵਿਚੋਂ ਨਹੀਂ ਹੈ। ਉਹਦੀ ਸਰੀਰ ਦੀ ਭੁੱਖ ਦਾ ਜ਼ਿਕਰ ਨਹੀਂ ਆਉਂਦਾ, ਉਹਦੀ ਆਤਮਾ ਦੀ ਭੁੱਖ ਬਾਰੇ ਗੱਲ ਹੁੰਦੀ ਹੈ। ਉਹ ਪੜ੍ਹੀ ਲਿਖੀ ਕੁੜੀ ਹੈ, ਹੋ ਸਕਦੈ ਉਹ ਚਾਹੁੰਦੀ ਹੈ ਕਿ ਉਹਦਾ ਪਤੀ ਉਹਦੇ ਕੋਲ ਬਹਿ ਕੇ ਗਿਆਨ ਦੀਆਂ ਗੱਲਾਂ ਕਰੇ। ਪਰੰਤੂ ਇਸ ਕਹਾਣੀ ਵਿਚ ਜਿਹੜਾ ਉਹ ਕਾਰਜ ਕਰਦੀ ਹੈ, ਉਹਦਾ ਕਾਰਨ ਸਪਸ਼ਟ ਨਹੀਂ ਹੁੰਦਾ।

**ਜਿੰਦਰ**: ਆਪਣੀ ਆਲੋਚਨਾ ਨੂੰ ਹਮੇਸ਼ਾ ਮੈਂ ਬੜੇ ਧਿਆਨ ਨਾਲ ਸੁਣਦਾ ਹਾਂ। ਜਿਹੜੀਆਂ ਗੱਲਾਂ ਮੈਨੂੰ ਚੰਗੀਆਂ ਲਗਦੀਆਂ, ਉਨ੍ਹਾਂ ਨੂੰ ਮੈਂ ਅਪਨਾ ਲੈਂਦਾ ਹਾਂ। ਨਾ ਤਾਂ ਕਿਸੇ ਰਚਨਾ ਨੂੰ ਚੰਗਾ ਮਾੜਾ ਕਹਿਣ ਦਾ ਪੈਮਾਨਾ ਹੁੰਦਾ ਹੈ, ਅਤੇ ਨਾ ਹੀ ਲੇਖਕ ਦੀ ਹਰ ਰਚਨਾ ਹਮੇਸ਼ਾ ਇਕੋ ਮਿਆਰ ਦੀ ਹੁੰਦੀ ਹੈ। ਤੁਹਾਡਾ ਸਾਰਿਆਂ ਦਾ ਬਹੁਤ ਧੰਨਵਾਦ ! ✶✶✶

ਕਹਾਣੀ

# ਸਫੈਦ ਦਾੜ੍ਹੀ 'ਤੇ ਬੈਠੀ ਤਿਤਲੀ

-ਜਸਵੀਰ ਰਾਣਾ

ਉਸਦਾ ਨਾਂ ਮਹਿਮੂਦ ਸੀ।

ਮੇਰੀ ਕੁਰਸੀ 'ਤੇ ਬੈਠਾ ਉਹ ਆਸਮਾਨ ਵੱਲ ਵੇਖ ਰਿਹਾ ਸੀ।

ਉਸ ਦੀਆਂ ਅੱਖਾਂ ਵਿਚ ਪਤੰਗ ਉੱਡ ਰਿਹਾ ਸੀ।

"ਦੇਖੋ ਪਾਪਾ!... ਕਿੰਨੇ ਪਤੰਗ ਉੱਡ ਰਹੇ ਨੇ...!" ਸ਼ਾਨਵੀਰ ਦੀ ਪਤਲੀ ਜਿਹੀ ਆਵਾਜ਼ ਸੁਣ ਮੇਰੀ ਸੁਰਤੀ ਟੁੱਟ ਗਈ

ਮੈਂ ਮਹਿਮੂਦ ਦੇ ਖਿਆਲਾਂ ਵਿਚ ਗੁਆਚਾ ਬੈਠਾ ਸੀ। ਉਸਦਾ ਜਾਨਸ਼ੀਨ ਮੇਰੇ ਕੋਲ ਖੜ੍ਹਾ ਸੀ।

ਇਕ ਹੱਥ ਵਿਚ ਡੋਰ ਵਾਲੀ ਚਰਖੜੀ। ਦੂਜੇ ਹੱਥ ਵਿਚ ਪਤੰਗ। ਉਹ ਉੱਡਣਾ ਚਾਹੁੰਦਾ ਸੀ।

"ਪਤੰਗ ਉਡਾਉਣ ਵਾਲਾ ਉਸ ਨਾਲ ਆਪ ਵੀ ਉੱਡਦਾ ਏ...!" ਮਹਿਮੂਦ ਦੀਆਂ ਅਸਮਾਨ ਵਿਚ ਘੁੰਮਦੀਆਂ ਅੱਖਾਂ ਵੱਲ ਵੇਖ ਰਸਕਿਨ ਬੌਂਡ ਕਹਾਣੀ ਬੁਣਨ ਲੱਗਾ

ਉਹ ਭਾਰਤ ਦਾ ਪ੍ਰਸਿੱਧ ਲੇਖਕ ਸੀ। ਜਦੋਂ ਮੈਂ ਸਕੂਲ ਪੜ੍ਹਦਾ ਸੀ। ਅੰਗਰੇਜ਼ੀ ਵਿਚ ਉਸਦੀ ਇਕ ਕਹਾਣੀ 'ਦਾ ਕਾਈਟ ਮੇਕਰ' ਲੱਗੀ ਹੁੰਦੀ। ਉਸ ਕਹਾਣੀ ਦਾ ਮੁੱਖ ਪਾਤਰ ਮਹਿਮੂਦ ਸੀ। ਉਹ ਸਕੂਲ ਟਾਈਮ ਤੋਂ ਹੀ ਮੇਰੇ ਨਾਲ ਕਿਉਂ ਤੁਰਿਆ ਆ ਰਿਹਾ ਸੀ! ਮੈਂ ਬਹੁਤ ਸੋਚਦਾ। ਜਦੋਂ ਸਮਝ ਨਾ ਆਉਂਦੀ।

ਰਸਕਿਨ ਬੌਂਡ ਮੈਨੂੰ ਸਮਝਾਉਣ ਲੱਗ ਪੈਂਦਾ, "ਕਿਉਂਕਿ ਤੁਹਾਡਾ ਦੋਵਾਂ ਦਾ ਸੰਕਟ ਇਕ ਏ...!"

"ਉਂਝ ਤਾਂ ਮੈਂ ਉਹਦੀ ਕਹਾਣੀ ਦਾ ਪਾਤਰ ਹਾਂ!... ਪਰ ਉਹਨੂੰ ਕਹਿਣਾ ਚਾਹੀਦਾ ਸੀ ਤੁਹਾਡੇ ਦੋਵਾਂ ਅੰਦਰ ਇਕ ਬੱਚਾ ਵੱਸਦਾ ਏ...!" ਸਫੈਦ ਦਾੜ੍ਹੀ ਉੱਪਰ ਹੱਥ ਫੇਰਦਾ ਮਹਿਮੂਦ ਸ਼ਾਨਵੀਰ ਵੱਲ ਵੇਖਣ ਲੱਗਾ

ਉਹ ਮੇਰੇ ਹੱਥਾਂ ਵੱਲ ਵੇਖ ਰਿਹਾ ਸੀ। ਮੈਂ ਆਪਣਾ ਧਿਆਨ ਉਸ ਵੱਲ ਮੋੜਿਆ, "ਹਾਂ ਸ਼ਾਨ!... ਦੱਸ ਬੱਚੇ...!"

"ਆ ਜੋ ਪਾਪਾ!... ਪਤੰਗ ਉਡਾਈਏ...!" ਪਤੰਗ-ਚਰਖੜੀ ਦਿਖਾ ਉਹ ਆਸਮਾਨ ਨਾਲ ਗੱਲਾਂ ਕਰਨ ਲੱਗਾ

ਉਸ ਦੀਆਂ ਅੱਖਾਂ ਵਿਚ ਉੱਡਦੀ ਤਿਤਲੀ ਵੇਖ ਮੈਨੂੰ ਆਪਣਾ ਬਚਪਨ ਯਾਦ ਆ ਗਿਆ।

ਬਾਵਾ, ਚਰਨਾ, ਕਾਲਾ, ਮੋਲੀ। ਸਾਡੀ ਪੱਕੀ ਆੜੀ ਸੀ। ਜਦੋਂ ਬਸੰਤ ਰੁੱਤ ਆਉਂਦੀ। ਸਾਡੀਆਂ ਅੱਖਾਂ ਵਿਚ ਵੀ ਤਿਤਲੀ ਉੱਡਣ ਲੱਗਦੀ।

ਅਸੀਂ ਪਤੰਗ ਚੜ੍ਹਾਉਣ ਦੀ ਤਿਆਰੀ ਕਰਨ ਲੱਗਦੇ। ਕਾਲੇ ਓਮੇ ਦੀ ਦੁਕਾਨ ਤੋਂ ਸੂਤ ਦੇ ਧਾਗੇ ਦੀ ਰੀਲ੍ਹ ਲਿਆਉਂਦੇ। ਦੇਬੂ ਦੀ ਦੁਕਾਨ ਤੋਂ ਸੁਰੇਸ਼ ਤੇ ਰੰਗ ਆਉਂਦਾ। ਜਦੋਂ



ਫਿਊਜ਼ ਹੋਏ ਬੱਲਬ ਇਕੱਠੇ ਹੋ ਜਾਂਦੇ। ਉਹਨਾਂ ਨੂੰ ਕੱਪੜੇ ਵਿਚ ਲਪੇਟ ਇੱਟਾਂ ਨਾਲ ਭੰਨ ਕੇ ਚੂਰਾ ਕਰ ਲੈਂਦੇ। ਕੱਚ ਦਾ ਉਹ ਮੋਟਾ ਚੂਰਾ ਮਾਮਜਿਸਤ ਵਿਚ ਪਾ ਮੂਸਲੀ ਨਾਲ ਕੁੱਟਿਆ ਜਾਂਦਾ। ਕੁੱਟ-ਕੁੱਟ ਜਦੋਂ ਬਰੀਕ ਹੋ ਜਾਂਦਾ। ਚੁੰਨੀ ਵਿਚ ਪਾ ਛਾਣਿਆ ਜਾਂਦਾ। ਕਾਗਜ਼ ਉੱਪਰ ਪਾਊਡਰ ਦੀ ਢੇਰੀ ਲੱਗਦੀ ਜਾਂਦੀ।

ਉਸ ਢੇਰੀ ਵੱਲ ਵੇਖ ਇਕ ਜਣਾ ਸਟੋਵ ਬਾਲ਼ਦਾ। ਉਸ ਉੱਪਰ ਪਾਣੀ ਵਾਲਾ ਤੁੱਸਕ ਰੱਖਦਾ। ਪਾਣੀ ਵਿਚ ਸੁਰੇਸ਼, ਰੰਗ ਤੇ ਕੱਚ ਦਾ ਪਾਊਡਰ ਪਾ ਉਬਲਣ ਲਈ ਰੱਖ ਦਿੱਤਾ ਜਾਂਦਾ। ਉਬਲਿਆ ਘੋਲ਼ ਜਦੋਂ ਠੰਡਾ ਹੋ ਜਾਂਦਾ। ਉਸ ਵਿਚ ਰੀਲ੍ਹ ਸੁੱਟ ਸੂਤ ਦੇ ਧਾਗੇ ਦਾ ਇਕ ਸਿਰਾ ਬਾਹਰਲੇ ਗੇਟ ਦੇ ਕੁੰਡੇ ਨਾਲ ਬੰਨ੍ਹ ਦਿੱਤਾ ਜਾਂਦਾ। ਦੂਜਾ ਸਿਰਾ ਸਾਹਮਣੀ ਖਿੜਕੀ ਦੇ ਸਰੀਆਂ ਉੱਪਰਦੀ ਲੰਘਾ ਵਾਪਿਸ ਘੁੰਮਾ ਲਿਆ ਜਾਂਦਾ। ਰੰਗ, ਸੁਰੇਸ਼ ਤੇ ਕੱਚ ਵਿਚ ਡੁੱਬੀ ਡੋਰ ਦਾ ਤਾਣਾ ਤਣਦਾ ਜਾਂਦਾ। ਜਿਸ ਵਕਤ ਉਹ ਧੁੱਪ ਵਿਚ ਸੁੱਕ ਜਾਂਦੀ। ਕਾਗਜ਼ ਦੀ ਖਿੱਦੋ ਬਣਾ ਉਸ ਉੱਪਰ ਡੋਰ ਲਪੇਟ ਗੋਲਾ ਬਣਾ ਲਿਆ ਜਾਂਦਾ। ਕੁਝ ਦਿਨਾਂ ਬਾਅਦ ਸਭ ਕੋਲ ਆਪਣਾ ਗੋਲਾ ਹੁੰਦਾ ਸੀ। ਹਰ ਕੋਈ ਆਖਦਾ, "ਇਹ ਪੱਕੀ ਡੋਰ ਐ!... ਜਿਹੜਾ ਵੀ ਪੇਚਾ ਲਾਊ!... ਅੱਗ ਵਾਂਗ ਚੰਗਿਆੜੇ ਕੱਢ ਦੂ...!"

ਬਚਪਨ ਦੀਆਂ ਅਵਾਜ਼ਾਂ ਸੁਣ ਮੈਨੂੰ ਉੱਠ ਕੇ ਖੜ੍ਹਾ ਹੋਣਾ ਔਖਾ ਹੋ ਗਿਆ। ਮੈਂ ਸ਼ਾਨਵੀਰ ਦਾ ਦਿਲ ਰੱਖਣ ਲਈ ਹੇਠੋਂ ਉੱਪਰਲੀ ਛੱਤ 'ਤੇ ਤਾਂ ਆ ਗਿਆ ਸੀ। ਪਤੰਗ ਚੜ੍ਹਾਉਣ ਲਈ ਦਿਲ ਵੀ ਕਰਦਾ ਸੀ। ਪਰ ਘਰਾਂ ਦੀਆਂ ਛੱਤਾਂ ਉੱਪਰ ਖੜ੍ਹੇ ਮੁੰਡੇ ਕੁੜੀਆਂ ਵੱਲ ਵੇਖ ਮੇਰਾ ਦਿਲ ਬੈਠਣ ਲੱਗਦਾ। ਮਰਦ ਔਰਤਾਂ ਤੋਂ ਇਕ ਲੁਕਵਾਂ ਜਿਹਾ ਭੈਅ ਆਉਂਦਾ। ਸੰਗ ਲੱਗਦੀ। ਮੈਂ ਸਕੂਲ ਦਾ ਕੰਮ ਨਾ ਕਰਨ ਵਾਲੇ ਬੱਚੇ ਵਾਂਗ ਝੂਠਾ ਬਹਾਨਾ ਮਾਰਿਆ, "ਨਹੀਂ ਸ਼ਾਨ ਤੂੰ ਚੜ੍ਹਾ ਲੈ!... ਮੇਰੀ ਸਿਹਤ ਨਹੀਂ ਠੀਕ...!"

"ਕੀ ਗੱਲ!... ਬੁੱਢਾ ਹੋ ਗਿਆ ਏਂ...!" ਮਹਿਮੂਦ ਦਾ ਬੁੱਢਾ ਸਰੀਰ ਸੁੱਕੇ ਪੱਤੇ ਵਾਂਗ ਕੰਬਿਆ

ਉਹ ਹੌਲੀ-ਹੌਲੀ ਕੁਰਸੀ ਤੋਂ ਉੱਠਿਆ। ਪੌੜੀਆਂ ਉੱਤਰਦਾ ਹੇਠਾਂ ਜਾ ਪੁੱਜਾ। ਮੈਂ ਉਸ ਉੱਪਰ ਨਜ਼ਰ ਟਿਕਾ ਲਈ। ਉਹ ਤੰਗ ਗਲੀ ਵਿਚ ਪੁਰਾਣੀ ਮਸੀਤ ਕੋਲ ਜਾ ਬੈਠਾ ਸੀ।

ਮਸੀਤ ਕੋਲ ਇਕ ਪੁਰਾਣਾ ਬੋਹੜ ਦਾ ਰੁੱਖ ਖੜ੍ਹਾ ਸੀ। ਵਕਤ ਦੀ ਮਾਰ-ਧਾੜ ਵਿੱਚ ਉਸਦਾ ਇਕ ਹਿੱਸਾ ਰਹਿ ਗਿਆ ਸੀ। ਤਿੰਨ ਹਿੱਸਿਆਂ ਦੀ ਵੱਢ-ਟੁੱਕ ਹੋ ਚੁੱਕੀ ਸੀ। ਮਹਿਮੂਦ ਉਸਦਾ ਟੁੱਟਾ ਪੱਤਾ ਚੁੱਕੀਂ ਬੈਠਾ ਸੀ।

"ਇਸ ਤੋਂ ਪਹਿਲਾਂ ਕਿ ਪੱਤਾ ਡਿੱਗੇ!... ਤੂੰ ਵੀ ਆਪਣੀ ਗੀਤ ਗਾ ਲੈ...!" ਮੈਨੂੰ ਪੱਤਾ ਦਿਖਾ ਕੰਧ ਨਾਲ ਢੋਅ ਲਾ ਉਸਨੇ ਅੱਖਾਂ ਬੰਦ ਕਰ ਲਈਆਂ

ਜਿਸ ਗਲੀ ਵਿੱਚ ਉਹ ਬੈਠਾ ਸੀ। ਉਸ ਦੇ ਆਖਰੀ ਮੋੜ 'ਤੇ ਖੜ੍ਹਾ ਰਸਕਿਨ ਬੌਂਡ ਰਹੱਸਮਈ ਅੰਦਾਜ਼ ਵਿੱਚ ਹੱਸਿਆ, "ਇਸ ਬੋਹੜ ਦੇ ਟਾਹਣ ਵਿਚ ਮੇਰੇ ਪਾਤਰ ਅਲੀ ਦਾ ਪਤੰਗ ਫਸ ਗਿਆ ਸੀ...!"

"ਹਾਂ ਪਤੰਗ!... ਮੈਂ ਪਤੰਗ ਬਣਾਉਂਦਾ ਸੀ!... ਮੇਰੇ ਬਣਾਏ ਪਤੰਗ ਤਿਤਲੀ ਵਾਂਗ ਉੱਡਦੇ ਸਨ...!" ਮਹਿਮੂਦ ਦੀਆਂ ਬੰਦ ਅੱਖਾਂ ਵਿੱਚ ਦੀ ਗੁਆਚਾ ਵਕਤ ਗੁਜ਼ਰਨ ਲੱਗਾ

ਮੇਰੇ ਵੱਲ ਹੱਥ ਕਰ ਉਹ ਗੁਨ-ਗੁਨਾਉਣ ਲੱਗਾ, "ਘੜੇ ਵਿਚ ਮੱਛੀਆਂ ਰੱਖਣਾ

ਤੁਹਾਨੂੰ ਹੀ ਰਾਸ ਆਉਂਦਾ ਏ, ਮੇਰੇ ਲਈ ਤਾਂ ਕਿਸੇ ਤਿਤਲੀ ਦੇ ਖੰਭ ਝਾੜਨੇ ਵੀ ਔਖੇ...!"

"ਤੇਰੇ ਖ਼ਤ ਸਾਂਭਣੇ ਵੀ ਮੁਸ਼ਕਿਲ, ਤੇਰੇ ਖ਼ਤ ਪਾੜਨੇ ਵੀ ਔਖੇ..!" ਇਕ ਸ਼ੇਅਰ ਗਾ ਉਸਨੇ ਪੱਤਾ ਹੇਠਾਂ ਸੁੱਟ ਦਿੱਤਾ

ਆਸਮਾਨ ਵਿੱਚੋਂ ਇਕ ਪਰ ਕਟਿਆ ਪੰਛੀ ਉਸਦੇ ਪੈਰਾਂ ਵਿਚ ਆ ਡਿੱਗਾ।

ਮਹਿਮੂਦ ਨੇ ਅੱਖਾਂ ਖੋਲ੍ਹੀਆਂ। ਲਹੂ-ਲੁਹਾਣ ਹੋਇਆ ਪੰਛੀ ਚੁੱਕਿਆ। ਉਸ ਦੀ ਪਿੱਠ 'ਤੇ ਹੱਥ ਫੇਰਦਾ ਉਹ ਪਾਣੀ ਵਾਲੀ ਟੂਟੀ ਵੱਲ ਨੂੰ ਤੁਰ ਪਿਆ।

ਪਾਣੀ ਦੀਆਂ ਕੁਝ ਬੂੰਦਾਂ ਅੱਧ-ਖੁੱਲ੍ਹੀ ਚੁੰਝ ਵਿੱਚ ਟਪਕੀਆਂ। ਸਹਿਕਦਾ ਪੰਛੀ ਮਰ ਗਿਆ।

"ਅਸਲੀ ਪਤੰਗਬਾਜ਼ ਪਰਿੰਦਿਆਂ ਦਾ ਕਾਤਿਲ ਨਹੀਂ ਹੁੰਦਾ...!" ਮਸੀਤ ਕੋਲ ਉਸਦੀ ਕਬਰ ਖੋਦ ਮਹਿਮੂਦ ਹੱਥ ਝਾੜ ਉੱਠ ਖੜ੍ਹਿਆ।

ਬੋਹੜ ਦਾ ਪੱਤਾ ਕਬਰ ਉੱਪਰ ਰੱਖ ਉਹ ਅਸਾਮਾਨ ਵੱਲ ਵੇਖਣ ਲੱਗਾ, "ਕਬਰ ਤਿਨਾ ਦੀ ਜੀਵੇ ਹੂ...!"

ਹੰਝੂ ਪੂੰਝ ਉਸਨੇ ਬੋਹੜ ਨਾਲ ਢੋਅ ਲਾ ਲਈ। ਅੱਖਾਂ ਬੰਦ ਕਰ ਲਈਆਂ।

ਇਕ ਉੱਡਦੀ ਹੋਈ ਤਿਤਲੀ ਉਸਦੀ ਸਫੈਦ ਦਾੜ੍ਹੀ 'ਤੇ ਆ ਕੇ ਬੈਠ ਗਈ।

***

"ਸ਼ਾਨ!... ਦੇਖੀਂ ਤੈਨੂੰ ਔਹ ਤਿਤਲੀ ਦਿਸਦੀ ਐ...!" ਸ਼ਾਨਵੀਰ ਦਾ ਹੱਥ ਫੜ ਮੈਂ ਮਸੀਤ ਵੱਲ ਇਸ਼ਾਰਾ ਕੀਤਾ

ਉਹ ਹੱਥ ਛੁਡਾ ਹੱਸਣ ਲੱਗ ਪਿਆ, "ਤੁਸੀਂ ਵੀ ਨਾ ਪਾਪਾ!... ਲੱਗਦੈ ਤੁਹਾਨੂੰ ਮਹਿਮੂਦ ਰੋਗ ਹੋ ਗਿਆ...!"

ਸ਼ਾਇਦ ਉਹ ਠੀਕ ਕਹਿੰਦਾ ਸੀ। ਮੈਨੂੰ ਵੀ ਕਦੀ ਕਦੀ ਇੰਝ ਹੀ ਲੱਗਦਾ। ਜਿਹਨਾਂ ਦਿਨਾਂ ਵਿੱਚ ਬਸੰਤ ਰੁੱਤ ਆਉਂਦੀ। ਮੈਨੂੰ 'ਦਾ ਕਾਈਟ ਮੇਕਰ' ਕਹਾਣੀ ਦਾ ਲੇਖਕ ਤੇ ਪਾਤਰ ਦਿਸਦਾ ਰਹਿੰਦਾ। ਦੋਵਾਂ ਨੇ ਮੇਰੇ ਖਿਆਲਾਂ ਦੀ ਧਰਤੀ ਮੱਲ ਰੱਖੀ ਸੀ। ਮੈਂ ਜਦੋਂ ਆਸਮਾਨ ਵਿਚ ਕੋਈ ਪਤੰਗ ਚੜ੍ਹਦਾ ਵੇਖਦਾ। ਮਹਿਮੂਦ ਦੇ ਖਿਆਲਾਂ ਵਿਚ ਡੁੱਬ ਜਾਂਦਾ। ਉਹ ਸਿਰਫ ਮੈਨੂੰ ਹੀ ਦਿਸਦਾ ਸੀ। ਮੈਂ ਉਸ ਨਾਲ ਗੱਲਾਂ ਕਰਦਾ। ਉਹ ਮੇਰੇ ਨਾਲ ਨਾਲ ਤੁਰਦਾ। ਉੱਠਦਾ-ਬੈਠਦਾ ਤੇ ਪਤੰਗਬਾਜ਼ੀ ਵੇਖਦਾ।

"ਹਾਂ ਬੱਸ!... ਉਹ ਅੱਜ ਕੱਲ੍ਹ ਸਿਰਫ ਵੇਖਦਾ ਏ...!" ਰਸਕਿਨ ਬੌਂਡ ਦੀ ਅਵਾਜ਼ ਸੁਣ ਮੇਰੀ ਸੁਰਤੀ ਪਲਟੀ

ਉਹ ਆਖ ਰਿਹਾ ਸੀ, "ਚੱਲ ਉੱਠ!... ਪਤੰਗ ਉਡਾ...!"

"ਚਲੋ ਉੱਠੋ ਪਾਪਾ!... ਇਸ ਦੀਆਂ ਤੜਾਮਾਂ ਸਹੀ ਨਹੀਂ!... ਤੁਸੀਂ ਦੁਬਾਰਾ ਪਾ ਦੋ...!" ਸ਼ਾਨਵੀਰ ਮੇਰੀ ਬਾਂਹ ਫੜ ਕੁਰਸੀ ਤੋਂ ਉਠਾਉਣ ਲੱਗਾ

ਮੈਂ ਪਤੰਗ ਫੜ ਉਸ ਨਾਲ ਫਰਸ਼ 'ਤੇ ਬੈਠ ਗਿਆ। ਉਹ ਚਰਖੜੀ ਵਿਚੋਂ ਡੋਰ ਮਿਣ ਕੇ ਤੋੜਨ ਲੱਗਾ। ਮੈਂ ਪਤੰਗ ਨੂੰ ਮੂਧਾ ਪਾ ਉਸਦੀ ਪਹਿਲੀ ਤੜਾਮ ਖੋਲ੍ਹਣ ਲੱਗਾ। ਨਵੀਂ ਤੜਾਮ ਪਾ ਜਦੋਂ ਟੁਣਕਾ ਕੇ ਵੇਖਿਆ। ਸ਼ਾਨਵੀਰ ਖੁਸ਼ੀ ਵਿਚ ਝੂਮ ਉੱਠਿਆ, "ਯਾਅ... ਹੂ.. ਹੂ.. ਹੂ..!!.. ਆ ਜੋ ਪਾਪਾ...!!"



ਉਹ ਛਾਲਾਂ ਮਾਰਦਾ ਲੋਹੇ ਦੀ ਗੋਲ ਗੋਲ ਘੁੰਮਦੀ ਪੌੜੀ ਚੜ੍ਹਨ ਲੱਗਾ। ਮੈਂ ਉਸਦਾ ਪਿੱਛਾ ਕਰਨ ਲੱਗਾ।

ਜਦੋਂ ਮੈਂ ਪੌੜੀ ਦੀ ਆਖਰੀ ਪੈੜ ਉੱਪਰ ਸੀ। ਉਹ ਸਿਖਰਲੀ ਛੱਤ ਉੱਪਰ ਪਹੁੰਚ ਚੁੱਕਾ ਸੀ।

ਛੱਤ ਉੱਪ ਪਹੁੰਚ ਮੇਰੀ ਨਜ਼ਰ ਹਵਾ ਵਿਚ ਘੁੰਮਣ ਲੱਗੀ। ਸ਼ਾਨਵੀਰ ਮੈਨੂੰ ਪਤੰਗ ਫੜਾਉਣ ਲੱਗਾ, "ਲਓ ਪਾਪਾ!... ਪਿੱਛੇ ਨੂੰ ਹੋ ਜੋ!... ਤੁਸੀਂ ਕੰਨੀ ਦਿਓ!... ਮੈਂ ਪਤੰਗ ਉਡਾਉਨਾ..!"

ਚਰਖੜੀ ਹੇਠਾਂ ਰੱਖ ਉਸਨੇ ਡੋਰ ਫੜ ਲਈ। ਦੋਵਾਂ ਹੱਥਾਂ ਵਿਚ ਪਤੰਗ ਫੜੀਂ ਪਿੱਛੇ ਨੂੰ ਹੱਟਦਾ ਮੈਂ ਜੰਗਲੇ ਕੋਲ ਜਾ ਖੜ੍ਹਿਆ।

ਤੇਜ਼ ਹਵਾ ਦਾ ਬੁੱਲਾ ਆਇਆ। ਮੈਂ ਦੋਵਾਂ ਕੰਨੀਆਂ ਤੋਂ ਫੜਿਆ ਪਤੰਗ ਉੱਪਰ ਨੂੰ ਉਡਾ ਦਿੱਤਾ। ਸ਼ਾਨਵੀਰ ਡੋਰ ਖਿੱਚਣ ਲੱਗਾ, "ਬੱਸ ਹੁਣ ਪਰ੍ਹੇ ਹੋ ਜੋ ਪਾਪਾ!... ਔਹ ਦੇਖੋ ਉੱਡ ਗਿਆ..!"

ਉਹ ਡੋਰ ਢਿੱਲੀ ਛੱਡ ਤੇਜ਼ੀ ਨਾਲ ਖਿੱਚਣ ਲੱਗਾ। ਤੁਣਕੇ ਖਾਂਦਾ ਪਤੰਗ ਉੱਪਰ ਨੂੰ ਉੱਡਣ ਲੱਗਾ।

"ਵੇਖ ਪੁੱਤ ਦੀ ਗੁੱਡੀ ਚੜ੍ਹਦੀ...!!" ਮੇਰੀ ਨਜ਼ਰ ਮਹਿਮੂਦ ਦੀ ਸਫੈਦ ਦਾੜ੍ਹੀ ਉੱਪਰ ਜਾ ਟਿਕੀ

ਉਹ ਹੇਠਾਂ ਪੌੜੀਆਂ 'ਤੇ ਖੜ੍ਹਾ ਹੱਸ ਰਿਹਾ ਸੀ। ਰਸਕਿਨ ਬੌਂਡ ਮੇਰੀ ਕੁਰਸੀ 'ਤੇ ਬੈਠਾ ਸੀ। ਉਹ ਫਿਲਮ ਨਿਰਦੇਸ਼ਕ ਵਾਂਗ ਬੋਲ ਰਿਹਾ ਸੀ, "ਤੂੰ ਅਜੇ ਇੰਨਜੁਆਏ ਕਰ!.... ਮੈਂ ਬਾਅਦ 'ਚ ਤੈਨੂੰ ਇਕ ਗੱਲ ਦੱਸਾਂਗਾ...!"

"ਤੁਸੀਂ ਫਿਰ ਖਿਆਲਾਂ ਵਿਚ ਡੁੱਬ ਗਏ ਪਾਪਾ!... ਆਲੇ-ਦੁਆਲੇ ਵੇਖੋ...!" ਪਤਲੀ ਆਵਾਜ਼ ਹੋਰ ਤਿੱਖੀ ਕਰ ਸ਼ਾਨਵੀਰ ਡੋਰ ਢਿੱਲੀ ਛੱਡ ਖਿੱਚਣ ਲੱਗਾ

ਉਸ ਦਾ ਜੋਸ਼ ਵੇਖ ਮੈਂ ਜੰਗਲੇ ਨਾਲ ਢੋਅ ਲਾ ਲਈ। ਘਰਾਂ ਦੀਆਂ ਛੱਤਾਂ ਉੱਪਰ ਰੌਣਕ ਲੱਗੀ ਹੋਈ ਸੀ।

ਜਗਮੋਹਨ ਕਨੌਂਜੀਆ 'ਪਤੰਗ ਵਿਲਾ' ਦੀ ਛੱਤ ਉੱਪਰ ਖੜ੍ਹਾ ਸੀ। ਉਸਦੇ ਘਰ ਦੀ ਛੱਤ ਉੱਪਰ ਬਣੀ ਸੀਮਿੰਟ ਦੀ ਵੱਡੀ ਸਾਰੀ ਪਤੰਗ ਦੂਰ ਤੋਂ ਹੀ ਘਰ ਦਾ ਸਿਰਨਾਵਾਂ ਦੱਸ ਰਹੀ ਸੀ।

ਘਰ ਦੇ ਮੇਨ ਗੇਟ ਤੋਂ ਲੈ ਕੇ ਕਮਰਿਆਂ ਦੀਆਂ ਛੱਤਾਂ ਤੱਕ ਰੰਗ ਬਿਰੰਗੇ ਪਤੰਗ ਵਾਹੇ ਹੋਏ ਸਨ। ਐਕਟਿਵਾ ਸਕੂਟਰੀ ਉੱਪਰ ਉਸਦੀ ਪਤੰਗਬਾਜ਼ੀ ਦਾ ਰਿਕਾਰਡ ਦਰਜ਼ ਸੀ। ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਤੋਂ ਲੈ ਕੇ ਅਠੱਤੀ ਰਿਕਾਰਡ ਉਸਦੇ ਨਾਂ ਬੋਲਦੇ। ਬਚਪਨ ਤੋਂ ਹੀ ਪਤੰਗਾਂ ਦਾ ਦੀਵਾਨਾ ਗਲ ਵਿਚ ਸੋਨੇ ਦੀ ਪਤੰਗ ਦਾ ਲੌਕਟ ਪਾ ਕੇ ਰੱਖਦਾ। ਉਸਦੇ ਕੱਪੜਿਆਂ ਉੱਪਰ ਪਤੰਗਾਂ ਦੀ ਕਢਾਈ ਵੇਖ ਮੈਂ ਹੱਸਣ ਲੱਗਦਾ, "ਕਨੌਂਜੀਆ!... ਅੱਜ ਤਾਂ ਪਤੰਗ ਪਤੰਗ ਹੋਈ ਪਈ ਐ...!"

"ਹਾਂ!... ਪਤੰਗ ਹੀ ਮੇਰੀ ਜ਼ਿੰਦਗੀ ਨੇ...!" ਉਹ ਮਾਣ ਨਾਲ ਛਾਤੀ ਤਾਣ ਆਖਦਾ

ਉਸਦੀ ਤਣੀ ਛਾਤੀ ਵੇਖ ਮੈਨੂੰ ਸ਼ਾਨਵੀਰ ਉੱਪਰ ਮਾਣ ਹੋਇਆ। ਉਹ ਕਨੌਂਜੀਆ

ਦੀ ਕੱਚ ਨਾਲ ਸੂਤੀ ਡੋਰ ਨਾਲ ਪਤੰਗ ਚੜ੍ਹਾ ਰਿਹਾ ਸੀ।

ਕਰਨ, ਸੁਹੇਲ, ਲੱਕੀ, ਜੀਨੂ, ਕਾਕਾ ਤੇ ਹਨੀ ਚਾਈਨਾਂ ਡੋਰ ਨਾਲ ਪਤੰਗ ਚੜ੍ਹਾ ਰਹੇ ਸਨ।

"ਔਹ ਜਿਹੜਾ ਲਾਲ ਸ਼ਰਟ ਵਾਲਾ ਮੁੰਡਾ ਏ!... ਉਹਦੇ ਹੱਥਾਂ ਵੱਲ ਵੇਖ...!" ਪੌੜੀਆਂ ਵਿਚ ਖੜ੍ਹਾ ਮਹਿਮੂਦ ਉੱਚੀ ਸਾਰੀ ਖੰਘਿਆ

ਮੈਂ ਜੰਗਲੇ ਦੀ ਢੋਅ ਛੱਡ ਕਰਨ ਕੇ ਘਰ ਵੱਲ ਵੇਖਿਆ। ਉਹ ਫਟਾ-ਫਟ ਡੋਰ ਖਿੱਚ ਰਿਹਾ ਸੀ।

"ਵੇਖ!... ਇਸ ਮੁੰਡੇ ਦੀ ਡੋਰ ਨੂੰ ਖ਼ੂਨ ਲੱਗਾ ਹੋਇਆ ਏ...!" ਉੱਪਰ ਨੂੰ ਇਸ਼ਾਰਾ ਕਰ ਉਹ ਇਕ ਪੈਰ ਹੇਠਾਂ ਹੋ ਗਿਆ

ਹੇਠਾਂ ਕੁਰਸੀ 'ਤੇ ਬੈਠਾ ਰਸਕਿਨ ਬੌਂਡ ਮਸੀਤ ਕੋਲ ਖੋਦੀ ਕਬਰ ਵੱਲ ਹੱਥ ਕਰਨ ਲੱਗਾ, "ਇਸ ਡੋਰ ਨੂੰ ਉਸ ਪਰਿੰਦੇ ਦਾ ਖ਼ੂਨ ਲੱਗਾ ਹੋਇਆ ਏ...!!"

"ਇਹ ਖ਼ੂਨੀ ਡੋਰ ਏ...!" ਜਗੋਮਹਨ ਕਨੌਜੀਆ ਵੱਲ ਮੂੰਹ ਕਰ ਮਹਿਮੂਦ ਉੱਚੀ ਸਾਰੀ ਬੋਲਿਆ।

ਮੈਂ ਕਨੌਜੀਆ ਦੀ ਅਵਾਜ਼ ਸੁਣਨ ਲੱਗਾ। ਮੂੰਹ ਕੋਲ ਦੋਵਾਂ ਹੱਥਾਂ ਦੀ ਓਟ ਬਣਾ ਉਹ ਉੱਚੀ ਉੱਚੀ ਆਖ ਰਿਹਾ ਸੀ, "ਇਹ ਪਰਿੰਦੇ ਡੋਰਾਂ ਦਾ ਫਰਕ ਨਹੀਂ ਜਾਣਦੇ...!"

"ਇਹਨਾਂ ਨੂੰ ਨਾ ਮਾਰੋ...!" ਪਰ ਉਸਦੀ ਗੱਲ ਉੱਚੀ ਅਵਾਜ਼ ਵਿੱਚ ਵੱਜਦੇ ਗੀਤਾਂ ਹੇਠਾਂ ਦੱਬ ਗਈ

ਘਰਾਂ ਦੀਆਂ ਛੱਤਾਂ ਉੱਪਰ ਸਪੀਕਰ ਵੱਜ ਰਹੇ ਸਨ। ਹਵਾ ਵਿਚ ਗੀਤ ਉੱਡ ਰਹੇ ਸਨ, "ਜਦੋਂ ਹਵਾ ਪਿਆਰ ਦੀ ਆਈ!.... ਅਸੀਂ ਦੋਵਾਂ ਨੇ ਪਤੰਗ ਚੜ੍ਹਾਈ ਕਿ ਲੜ ਗਿਆ ਪੇਚਾ...!"

"ਅੱਜ ਫੇਰ ਕੀਹਦੇ ਨਾਲ ਖਹਿ ਕੇ ਆ ਗਿਆ!... ਚਿੱਟਾ ਕੁੜਤਾ ਲਬੇੜਿਆ ਤੂੰ ਖ਼ੂਨ ਨਾਲ ਵੇ...!" ਬੰਤ ਦੀ ਨੂੰਹ ਜੀਨ ਟੀ-ਸ਼ਰਟ ਪਾਈਂ ਘਰ ਦੀ ਛੱਤ ਉੱਪਰ ਨੱਚ ਰਹੀ ਸੀ

ਗੀਤਾਂ ਤੀ ਤਰਜ਼ 'ਤੇ ਨੱਚਦੀ ਉਹ ਪਤੰਗ ਚੜ੍ਹਾ ਰਹੀ ਸੀ। ਛੱਤਾਂ ਉੱਪਰ ਖੜ੍ਹੀਆਂ ਔਰਤਾਂ ਹੱਸ ਰਹੀਆਂ ਸਨ। ਮਰਦ ਉਸਦੇ ਲੱਕ ਦੇ ਹੁਲਾਰੇ ਗਿਣ ਰਹੇ ਸਨ। ਮੁੰਡੇ-ਕੁੜੀਆਂ ਇਸ਼ਕ ਦੀ ਗੁੱਡੀ ਚੜ੍ਹਾ ਰਹੇ ਸਨ।

"ਸਿਰਫ ਬੱਚੇ ਪਤੰਗ ਉਡਾ ਰਹੇ ਨੇ...!" ਰਸਕਿਨ ਬੌਂਡ ਹਵਾ ਦਾ ਬਦਲਿਆ ਰੁੱਖ ਵੇਖਣ ਲੱਗਾ

ਮਹਿਮੂਦ ਮੇਰੀ ਗਰਦਨ ਵੱਲ ਵੇਖਣ ਲੱਗਾ। ਮੈਂ ਜ਼ਖਮ ਉੱਪਰ ਲੱਗੀ ਚੇਪੀ ਸਹਿਲਾਉਣ ਲੱਗਾ।

ਪਰਸੋਂ ਸ਼ਾਮ ਸ਼ਾਨਵੀਰ ਨੂੰ ਡੋਰ ਪਤੰਗ ਦਿਵਾਉਣ ਲਈ ਕਨੌਜੀਆ ਦੇ ਘਰ ਵੱਲ ਨੂੰ ਜਾ ਰਿਹਾ ਸੀ। ਜਿਸ ਵਕਤ ਸਕੂਟਰੀ ਹਰਜੀਤ ਕੇ ਘਰ ਕੋਲ ਮੋੜ ਮੁੜਨ ਲੱਗੀ। ਕੰਧ ਉਹਲੇ ਲੁਕੇ ਬੈਠੇ ਜੀਨੂ ਨੇ ਗਾਟੀ ਮਾਰੀ। ਉਸਦੀ ਡੋਰ ਨਾਲ ਬੰਨ੍ਹਿਆ ਰੋੜਾ ਚੜ੍ਹਦੇ ਪਤੰਗ ਦੀ ਡੋਰ ਉੱਪਰਦੀ ਘੁੰਮ ਹੇਠਾਂ ਲਟਕ ਗਿਆ। ਚਾਈਨਾਂ ਡੋਰ ਹੇਠਾਂ ਲਿਫ ਮੇਰੀ ਗਰਦਨ ਨਾਲ ਘਿਸਰ ਗਈ। ਖ਼ੂਨ ਦੀ ਤਤੀਰੀ ਚੱਲ ਪਈ। ਮੈਂ ਚੀਕ ਮਾਰੀ, "ਮਰ ਗਿਆ ਓਏ ਥੋਡੀ....!"



"ਪਾਪਾ ਸਕੂਟਰੀ ਰੋਕੋ!.... ਥੋਡੀ ਸ਼ਰਟ ਖ਼ੂਨ ਨਾਲ ਲਿੱਬੜ ਗਈ...!" ਸ਼ਾਨਵੀਰ ਰੌਲਾ ਪਾਉਣ ਲੱਗਾ

ਮੈਂ ਬਰੇਕ ਮਾਰ ਸਕੂਟਰੀ ਡਾ. ਸੋਨਿਕ ਦੀ ਦੁਕਾਨ ਵੱਲ ਨੂੰ ਮੋੜ ਲਈ। ਜ਼ਖਮ ਉੱਪਰ ਚੇਪੀ ਲਾ ਉਹ ਅਫਸੋਸ ਵਿਚ ਸਿਰ ਮਾਰਨ ਲੱਗਾ, "ਸ਼ੁਕਰ ਕਰ ਬਚ ਗਿਆ!... ਇਹ ਡੋਰ ਤਾਂ ਗਰਦਨ ਵੱਢ ਦਿੰਦੀ ਐ...!"

"ਸ਼ੁਕਰੀਆ ਡਾ ਸਾਹਿਬ...!" ਉਸ ਨਾਲ ਹੱਥ ਮਿਲਾ ਮੈਂ ਸਕੂਟਰੀ ਫਿਰ ਕਨੌਜੀਆ ਦੇ ਘਰ ਵੱਲ ਨੂੰ ਮੋੜ ਲਈ ਸੀ

ਸ਼ਾਨਵੀਰ ਗੋਤਾ ਮਰਵਾ ਪਤੰਗ ਪਰ੍ਹਾਂ ਨੂੰ ਮੋੜ ਰਿਹਾ ਸੀ। ਸੁਹੇਲ ਵਾਰ ਵਾਰ ਪੇਚਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ

"ਓਏ ਉੱਪਰਦੀ....ਉੱਪਰਦੀ ਲਿਆ ਕੇ ਢਿੱਲ ਛੱਡ...!" ਆਪਣੀ ਛੱਤ 'ਤੇ ਖੜ੍ਹਾ ਕਰਨ ਨਵੀਆਂ ਸਕੀਮਾਂ ਦੱਸ ਰਿਹਾ ਸੀ

ਪਰ ਉਹ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਗੋਤਾ ਮਾਰ ਸ਼ਾਨਵੀਰ ਦਾ ਪਤੰਗ ਫਿਰ ਉੱਪਰ ਉੱਠਣ ਲੱਗਾ। ਸੁਹੇਲ ਡੋਰ ਢਿੱਲੀ ਛੱਡ ਖਿੱਚਣ ਲੱਗਾ। ਇਕ ਉੱਡਦਾ ਪੰਛੀ ਪਰ ਮਾਰਨ ਲੱਗਾ। ਸੁਹੇਲ ਦੀ ਚਾਈਨਾਂ ਡੋਰ ਆਰੀ ਵਾਂਗ ਲਿਸ਼ਕੀ।

"ਖੱਚ...ਚ...ਚ....ਚ...!!" ਹਲਕੀ ਜਿਹੀ ਅਵਾਜ਼ ਨਾਲ ਦੋ ਛੋਟੀਆਂ ਛੋਟੀਆਂ ਲੱਤਾਂ ਧੜ ਤੋਂ ਵੱਖ ਹੋ ਗਈਆਂ

ਡੁਬਕੀਆਂ ਖਾਂਦਾ ਪਰਿੰਦਾ ਧਰਤੀ ਵੱਲ ਨੂੰ ਲੁੜਕਣ ਲੱਗਾ। ਉਸ ਦੀਆਂ ਪਤਲੀਆਂ ਲੱਤਾਂ ਗਲੀ ਵਿਚ ਜਾ ਡਿੱਗੀਆਂ। ਉਹ ਨਾਲੀ ਵਿਚ ਜਾ ਡਿੱਗਾ।

"ਹੁਣ ਤੇਰੀ ਵਾਰੀ ਏ...!" ਮੈਨੂੰ ਰਾਹ ਛੱਡ ਮਹਿਮੂਦ ਰਸਕਿਨ ਬੌਂਡ ਕੋਲਾ ਜਾ ਖੜ੍ਹਿਆ ਸੀ।

ਮੈਂ ਜਗਮੋਹਨ ਕਨੌਜੀਆ ਨਾਲ ਗਲੀ ਵਿਚ ਜਾ ਖੜ੍ਹਿਆ। ਉਸਦੇ ਹੱਥ ਵਿਚ ਮੋਇਆ ਪੰਛੀ ਸੀ। ਮੇਰੇ ਹੱਥ ਵਿਚ ਉਸ ਦੀਆਂ ਲੱਤਾਂ ਸਨ।

ਬੋਹੜ ਦੀਆਂ ਜੜ੍ਹਾਂ ਕੋਲ ਕਬਰ ਖੋਦ ਅਸੀਂ ਅੰਬਰ ਦੀ ਉਡਾਰੀ ਨੂੰ ਧਰਤੀ ਵਿਚ ਦਫ਼ਨ ਕਰ ਦਿੱਤਾ।

ਕਨੌਜੀਆ ਛੱਤ 'ਤੇ ਖੜ੍ਹੇ ਸੁਹੇਲ ਵੱਲ ਵੇਖਣ ਲੱਗਾ। ਉਹ ਡੋਰ ਖਿੱਚ ਫਟਾਫਟ ਪਤੰਗ ਉਤਾਰ ਰਿਹਾ ਸੀ। ਉਸਦੇ ਪੈਰਾਂ ਵਿਚ ਲੱਗੀ ਡੋਰ ਦੀ ਢੇਰੀ ਉਲਝਦੀ ਜਾ ਰਹੀ ਸੀ। ਉਹ ਸੁਲਝਾ ਰਿਹਾ ਸੀ। ਪਰ ਡੋਰ ਗੁੱਛਾ ਬਣ ਚੁੱਕੀ ਸੀ। ਜਦੋਂ ਨਾ ਸੁਲਝੀ। ਉਸਨੇ ਉਲਝੀ ਡੋਰ ਦਾ ਗੁੱਛਾ ਖ਼ਾਲੀ ਪਲਾਟ ਵਿਚ ਵਗਾਹ ਮਾਰਿਆ।

"ਮੈਂ ਤੈਨੂੰ ਇਹੋ ਗੱਲ ਦੱਸਣੀ ਸੀ!... ਇਸ ਨੂੰ ਕਹਿੰਦੇ ਨੇ ਯੂਜ਼ ਐਂਡ ਥਰੋ!... ਵਰਤੋ ਤੇ ਸੁੱਟੋ....!" ਮੇਰੀ ਕੁਰਸੀ 'ਤੇ ਬੈਠਾ ਰਸਕਿਨ ਬੌਂਡ ਗੱਲ ਵਿਚ ਭੇਤ ਸਿਰਜਣ ਲੱਗਾ

ਕਨੌਜੀਆ ਚਾਈਨਾ ਬਜ਼ਾਰ ਦਾ ਭੇਤ ਖੋਲ੍ਹਣ ਲੱਗਾ, "ਇਹ ਚਾਈਨਾ ਡੋਰ ਇਕ ਵਾਰ ਉਲਝ ਜਾਵੇ!... ਫਿਰ ਸੁਲਝਦੀ ਨਹੀਂ!... ਸੁੱਟ ਕੇ ਨਵੀਂ ਲੈਣੀ ਪੈਂਦੀ ਐ...!"

"ਮੇਰੀ ਸੂਤੀ ਡੋਰ ਸੁਲਝ ਜਾਂਦੀ ਐ!.... ਜੇ ਟੁੱਟ ਜਾਵੇ!... ਗੰਢ ਦੇ ਕੇ ਵੀ ਵਰਤੀ ਜਾ ਸਕਦੀ ਐ...!" ਜਿਸ ਵਕਤ ਉਹ ਬੋਲ ਰਿਹਾ ਸੀ

ਮਹਿਮੂਦ ਬੋਹੜ ਦਾ ਪੱਤਾ ਚੁੱਕ ਪੰਛੀ ਦੀ ਕਬਰ ’ਤੇ ਰੱਖਣ ਦਾ ਇਸ਼ਾਰਾ ਕਰ ਰਿਹਾ ਸੀ।

***

ਮੋਏ ਪੰਛੀ ਦੀ ਕਬਰ ’ਤੇ ਪੱਤਾ ਰੱਖ ਜਦੋਂ ਮੈਂ ਹੱਥ ਝਾੜੇ। ਮਿਸਤਰੀਆਂ ਦੀ ਛੱਤ ਵੱਲ ਹੱਥ ਕਰ ਕਨੌਜੀਆ ਚੀਕਿਆ, “ਓਏ ਮੁੰਡਿਆ!... ਦੇਖੀਂ....ਦੇਖੀਂ...ਦੇਖੀਂ.... ਪਿੱਛੇ ਦੇਖੀਂ....!!”

ਉਸਦੇ ਕਹਿੰਦੇ ਕਹਿੰਦੇ ਹੀ ਪਿੱਛੇ ਹੱਟ ਰਿਹਾ ਮੁੰਡਾ ਬਨੇਰੇ ਦਾ ਕਿਨਾਰਾ ਟੱਪ ਗਿਆ। ਹੱਥ ਵਿਚੋਂ ਡੋਰ ਛੁੱਟ ਗਈ। ਪਤੰਗ ਲੰਬੀ ਉਡਾਰੀ ਮਾਰ ਗਿਆ। ਉਹ ਹਵਾ ਵਿਚ ਤੈਰਦਾ ਧੜੱਮ ਗਲੀ ਵਿਚ ਜਾ ਡਿੱਗਾ।

“ਓਏ ਮੁੰਡਾ ਗਿਆ!.... ਜਾਇਓ ਭੱਜ ਕੇ...!” ਛੱਤਾਂ ਉੱਪਰ ਵੱਜਦੇ ਸਪੀਕਰਾਂ ਦੀ ਉੱਚੀ ਅਵਾਜ਼ ਵਿਚ ਮੱਧਮ ਜਿਹੀਆਂ ਅਵਾਜ਼ਾਂ ਉੱਭਰੀਆਂ

ਕਨੌਜੀਆ ਭੱਜ ਕੇ ਗਿਆ। ਮੈਂ ਉਸ ਤੋਂ ਪਹਿਲਾਂ ਹੀ ਮੁੰਡਾ ਬਾਹਾਂ ਵਿਚ ਚੁੱਕ ਲਿਆ। ਨਾਈਆਂ ਦਾ ਭੋਲਾ ਕਾਰ ਕੱਢ ਲਿਆਇਆ। ਗਲੀ ਵਿੱਚ ਹੀ ਸੁਵਿਧਾ ਕੇਂਦਰ ਕੋਲ ‘ਸਿੱਧੂ ਹੱਡੀਆਂ ਦਾ ਹਸਪਤਾਲ’ ਸੀ। ਮੁੰਡਾ ਉਸ ਵਿੱਚ ਲਿਜਾ ਮੈਂ ਸੁੱਖ ਦਾ ਸਾਹ ਲਿਆ। ਉਸਦੀ ਸੱਜੀ ਲੱਤ ਟੁੱਟ ਗਈ ਸੀ। ਜਦੋਂ ਤੱਕ ਘਰਵਾਲੀ ਨਾਲ ਲਾਲ ਮਿਸਤਰੀ ਆਇਆ। ਓਦੋਂ ਤੱਕ ਪਲਸਤਰ ਲੱਗ ਚੁੱਕਾ ਸੀ। ਉਹਨਾਂ ਨੂੰ ਮੁੰਡਾ ਸੰਭਾਲ ਮੈਂ ਕਨੌਜੀਆ ਨਾਲ ਹਸਪਤਾਲ ਤੋਂ ਬਾਹਰ ਆ ਸਭ ਤੋਂ ਪਹਿਲਾਂ ਸ਼ਾਨਵੀਰ ਵੱਲ ਨਜ਼ਰ ਮਾਰੀ। ਉਹ ਸਿਖਰਲੀ ਛੱਤ ਉੱਪਰ ਪਤੰਗ ਚੜ੍ਹਾ ਰਿਹਾ ਸੀ।

“ਸਾਡੇ ਸਮਿਆਂ ਵਿੱਚ ਖੁੱਲ੍ਹੇ ਮੈਦਾਨ ਸਨ!.... ਉੱਥੇ ਪਤੰਗ ਉੱਡਦੇ!... ਵੇਖਣ ਲਈ ਲੋਕਾਂ ਦੀ ਭੀੜ ਇਕੱਠੀ ਹੁੰਦੀ!... ਇਕ ਵਾਰ ਨਵਾਬ ਦੀ ਫਰਮਾਇਸ਼ ’ਤੇ ਮੈਂ ਇਕ ਸਪੈਸ਼ਲ ਪਤੰਗ ਬਣਾਇਆ ਸੀ!... ਜਿਸ ਦਿਨ ਉਹ ਪਤੰਗ ਉਡਾਉਣਾ ਸੀ!... ਨਵਾਬ ਆਪ ਚੱਲ ਕੇ ਵੇਖਣ ਆਇਆ!... ਉਹਨਾਂ ਸਮਿਆਂ ਵਿਚ ਪਤੰਗਬਾਜ਼ੀ ਦੀ ਕਦਰ ਸੀ...!” ਮਹਿਮੂਦ ਆਪਣੀ ਬੇਕਦਰੀ ਦੀ ਕਹਾਣੀ ਸੁਨਾਉਣ ਲੱਗਾ

ਉਸਦੀ ਕਹਾਣੀ ਦਾ ਬਦਲਿਆ ਜ਼ਮਾਨਾ ਮੇਰੇ ਸਾਹਮਣੇ ਸੀ। ਜਦੋਂ ਮੈਂ ਸਕੂਲ ਪੜ੍ਹਦਾ ਸੀ। ਸਾਡੇ ਘਰ ਦੇ ਸਾਹਮਣੇ ਕੋਈ ਵੀ ਘਰ ਨਹੀਂ ਸੀ। ਮੇਨ ਗੇਟ ਅੱਗੇ ਖੜ੍ਹ ਕੇ ਚੌਂਦੇ ਵਾਲੇ ਮੋੜ ਤੱਕ ਸਾਫ ਦਿਸਦਾ। ਦੂਰ-ਦੂਰ ਤੱਕ ਖਾਲੀ ਮੈਦਾਨ। ਨਾ ਕੋਈ ਕਾਲੋਨੀ। ਨਾ ਐਨਾ ਵੱਡਾ ਬਜ਼ਾਰ। ਕੋਈ ਵੀ ਡਰ ਨਹੀਂ ਸੀ। ਅਸੀਂ ਹਰ ਥਾਂ ਪਤੰਗ ਚੜ੍ਹਾਉਂਦੇ। ਪਰ ਨਵਾਂ ਜ਼ਮਾਨਾ ਖੇਤਾਂ-ਮੈਦਾਨਾਂ ਵਿਚ ਉਸਾਰੀ ਕਰ ਬਜ਼ਾਰ ਨੂੰ ਰੇਲ ਗੱਡੀ ਤੋਂ ਵੀ ਲੰਬਾ ਕਰ ਗਿਆ ਸੀ।

ਮੇਰਾ ਉੱਖੜਿਆ ਸਾਹ ਵੇਖ ਰਸਕਿਨ ਬੌਂਡ ਨੇ ਲੰਬਾ ਸਾਹ ਖਿੱਚਿਆ। ਉਹ ਮੈਨੂੰ ਸਮਝਾਉਣ ਲੱਗਾ, “ਤੇਰੀਆਂ ਗੱਲਾਂ ਵੀ ਠੀਕ ਹਨ!... ਪਰ ਮੇਰੀ ਕਹਾਣੀ ਵਿਚ ਤਾਂ ਸਿਰਫ ਸਿਨੇਮਾ ਤੇ ਟੀ.ਵੀ. ਸਨ!.... ਬੱਚੇ, ਬੁੱਢੇ, ਜਵਾਨ ਉਹ ਵੇਖਣ ਲੱਗੇ!... ਉਹਨਾਂ ਦੇ ਵੇਖਦੇ ਵੇਖਦੇ ਹੀ ਮਹਿਮੂਦ ਦੀ ਦੁਕਾਨ ਬੰਦ ਹੋ ਗਈ....!”

“ਨਹੀਂ ਬੰਦ ਨਹੀਂ ਹੋਈ!.... ਉਹ ਹੁਣ ਮੈਂ ਖੋਲ੍ਹ ਲਈ ਐ!... ਮੈਂ ਵੀ ਤੇਰੇ ਵਾਂਗ ਅਸਲੀ ਡੋਰ ਸੂਤਦਾਂ!... ਜਿਹੜਾ ਵੀ ਪੇਚਾ ਲਾਊ!... ਅੱਗ ਵਾਂਗ ਚੰਗਿਆੜੇ ਕੱਢ ਦੂ...!”



ਮੇਰੇ ਨਾਲ ਹੱਥ ਮਿਲਾ ਕਨੌਜੀਆ ਆਪਣੇ ਘਰ ਵੱਲ ਨੂੰ ਤੁਰ ਪਿਆ

ਉਸਦੇ ਘਰ ਵਿੱਚ ਮਹਿਮੂਦ ਦੀ ਫੋਟੋ ਲੱਗੀ ਹੋਈ ਸੀ। ਉਹ ਉਸ ਦੀ ਪੂਜਾ ਕਰਦਾ। ਉਸਦਾ ਕਸਬ ਪਾਲਦਾ। ਸ਼ਾਨਵੀਰ ਜਦੋਂ ਵੀ ਪਤੰਗ ਡੋਰ ਮੰਗਦਾ। ਮੈਂ ਸਕੂਟਰੀ ’ਤੇ ਉਸ ਕੋਲ ਲੈ ਜਾਂਦਾ। ਉਹ ਹਰ ਤਿਉਹਾਰ ਅਨੁਸਾਰ ਪਤੰਗ ਬਣਾਉਂਦਾ ਸੀ। ਨਵੇਂ-ਨਵੇਂ ਡਿਜ਼ਾਈਨ ਪਾਉਂਦਾ। ਲੋਹੜੀ ਵਾਲੇ ਪਤੰਗਾਂ ਉੱਪਰ ਧੂਣੀ ਬਲ਼ਦੀ। ਦੁਸ਼ਹਿਰੇ ਵਾਲੇ ਰਾਮਲੀਲਾ ਦੀ ਬਾਤ ਪਾਉਂਦੇ। ਦੀਵਾਲੀ ਵਾਲੇ ਪਟਾਕਿਆਂ ਫੁੱਲ ਝੜੀਆਂ ਨਾਲ ਸਜੇ ਹੁੰਦੇ। ਛੋਟੇ ਬੱਚਿਆਂ ਲਈ ਪਤੰਗਾਂ ਉੱਪਰ ਕਾਰਟੂਨ ਛਪੇ ਹੁੰਦੇ। ਨੌਜਵਾਨਾਂ ਨੂੰ ਰਿਝਾਉਣ ਲਈ ਉਹ ਫਿਲਮੀ ਐਕਟਰਾਂ, ਗਾਉਣ ਵਾਲਿਆਂ ਤੇ ਖਿਡਾਰੀਆਂ ਦੀਆਂ ਫੋਟੋਆਂ ਵਾਲੇ ਪਤੰਗ ਬਣਾਉਂਦਾ। ਮਾਂ ਬਾਪ ਜਨਮ ਦਿਨ ਮੌਕੇ ਬੱਚਿਆਂ ਦੀਆਂ ਤਸਵੀਰਾਂ ਵਾਲੇ ਪਤੰਗ ਬਣਵਾਉਂਦੇ। ਉਹਨਾਂ ’ਤੇ ਕੇਕ ਮੋਮਬੱਤੀਆਂ ਨਾਲ ਬੱਚੇ ਦਾ ਨਾਂ ਲਿਖਿਆ ਹੁੰਦਾ। ਜਦੋਂ ਮਾਂ ਬਾਪ ਨਾਲ ਬੱਚਾ ਪਤੰਗ ਲੈਣ ਆਉਂਦਾ। ਉਹ ਮੁਸਕਰਾ ਕੇ ਆਖਦਾ, “ਹੈਪੀ ਬਰਥ ਡੇ ਟੂ ਯੂ....!!”

“ਜਿਸ ਦਿਨ ਮੇਰੀ ਮੌਤ ਹੋਈ!.... ਮੇਰਾ ਜਨਾਜ਼ਾ ਵੀ ਪਤੰਗਾਂ ਨਾਲ ਸਜਾ ਕੇ ਕੱਢਿਆ ਜਾਵੇ...!” ਪਤੰਗ ਵਾਂਗ ਉੱਡਦੀ ਨਜ਼ਰ ਨੀਵੀਂ ਕਰ ਕਨੌਜੀਆ ਆਪਣੀ ਦੀਵਾਨਗੀ ਦੀ ਸਿਖਰ ਛੋਹ ਦਿੰਦਾ

ਪਰ ਸ਼ਿਵੂ ਦੀ ਦੁਕਾਨ ਅੱਗੇ ਉਸਦਾ ਸਿਖਰ ਹੇਠਾਂ ਨੂੰ ਖਿਸਕਣ ਲੱਗ ਪਿਆ ਸੀ। ਸ਼ਿਵੂ ਹੱਥੀਂ ਕੁਝ ਨਾ ਬਣਾਉਂਦਾ। ਉਹ ਰੇਡੀਮੇਡ ਸਮਾਨ ਵੇਚਦਾ। ਜਿਹਨਾਂ ਦਿਨਾਂ ਵਿਚ ਚੋਣਾਂ ਹੁੰਦੀਆਂ। ਉਹ ਨੇਤਾਵਾਂ ਦੀਆਂ ਫੋਟੋਆਂ ਵਾਲੇ ਪਤੰਗ ਵੇਚਦਾ। ਅਸਮਾਨ ਵਿਚ ਚੋਣ ਨਿਸ਼ਾਨਾਂ ਵਾਲਾ ਬੇ-ਮੌਸਮੀ ਰੰਗ ਉੱਡਦਾ। ਕੰਪਨੀਆਂ ਦੇ ਇਸ਼ਤਿਹਾਰਾਂ ਨਾਲ ਸਜੇ ਪਤੰਗ ਲੋਕਾਂ ਨੂੰ ਖਰੀਦ ਲੈਣ ਦੀਆਂ ਗੱਲਾਂ ਕਰਦੇ। ਹਵਾ ਵਿਚ ਨਾਈਲੋਨ, ਰੇਸ਼ਮ ਦੀਆਂ ਪਤੰਗਾਂ ਉੱਡਦੀਆਂ ਵੇਖ ਕਨੌਜੀਆ ਉਦਾਸ ਹੋ ਜਾਂਦਾ। ਪਲਾਸਟਿਕ ਦੀ ਚਾਈਨਾ ਡੋਰ ਵੇਖ ਉਸਦੀ ਉਦਾਸੀ ਵਧ ਜਾਂਦੀ, ”ਐਨੀ ਖੂਬਸੂਰਤ ਖੇਡ ਨੂੰ ਚਾਈਨਾ ਦੀ ਨਜ਼ਰ ਲੱਗ ਗਈ ਐ!... ਪਤੰਗਬਾਜ਼ੀ ਦਾ ਮਜ਼ਾ ਹੀ ਕਿਰਕਿਰਾ ਹੋ ਗਿਆ!... ਜਦੋਂ ਇਕ ਡੋਰ ਕੱਟਣੀ ਹੀ ਨਹੀਂ ਤਾਂ ਕੀ ਫਾਇਦਾ ਮੁਕਾਬਲੇ ਦਾ....!”

“ਮੁਕਾਬਲੇ ਤਾਂ ਪਹਿਲਾਂ ਹੁੰਦੇ ਸਨ!... ਹੁਣ ਤਾਂ ਪਤੰਗ ਫਿਕਸਿੰਗ ਹੁੰਦੀ ਐ...!” ਗਲੀ ਵਿਚ ਹਵਾ ਨਾਲ ਗੱਲਾਂ ਕਰਦਾ ਕਨੌਜੀਆ ਘਰ ਨੂੰ ਤੁਰਿਆ ਜਾ ਰਿਹਾ ਸੀ

ਸ਼ਾਨਵੀਰ ਪੂਰੀ ਸ਼ਾਨ ਨਾਲ ਪਤੰਗ ਚੜ੍ਹਾ ਰਿਹਾ ਸੀ। ਮਹਿਮੂਦ ਦੇ ਖਿਆਲਾਂ ਵਿੱਚ ਗੁਆਚਾ ਮੈਂ ਪੌੜੀਆਂ ਚੜ੍ਹ ਉਸ ਕੋਲ ਸਿਖਰ ਜਾ ਪੁੱਜਾ।

ਉਸਦਾ ਪਤੰਗ ਸਿਖਰ ਛੋਂਹਦਾ ਜਾ ਰਿਹਾ ਸੀ। ਸਾਹਮਣੇ ਦਿਸਦਾ ਮੋਬਾਇਲ ਟਾਵਰ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਤੋਂ ਉੱਚਾ ਲੰਘ ਗਿਆ ਸੀ। ਉਸਦੀ ਉਚਾਈ ਦੇ ਹੇਠਾਂ ਮੰਦਰ ਵੱਲ ਪੁਰਾਣਾ ਘੰਟਾ ਘਰ ਸੀ।

“ਇਸਦਾ ਗੋਲ ਚੌੜਾ ਪਿੱਲਰ ਵੇਖ!... ਗੁੰਬਦ-ਕਿੰਗਰੇ ਵੇਖ!.... ਇਸ ਦੀਆਂ ਖਿੜਕੀਆਂ ਦਰਵਾਜ਼ੇ ਵੇਖ!.... ਇਹ ਅੰਗਰੇਜ਼ਾ ਦੇ ਜ਼ਮਾਨੇ ਦਾ ਘੰਟਾ ਘਰ ਏ!... ਉਹ ਜਾਣ ਲੱਗੇ ਪਿੱਛੇ ਆਪਣਾ ਸਮਾਂ ਛੱਡ ਗਏ ਸਨ....!” ਹੇਠਲੀ ਛੱਤ ’ਤੇ ਡਹੀ ਕੁਰਸੀ ਤੋਂ ਰਸਕਿਨ ਬੌਂਡ ਇਤਹਾਸ ਦੇ ਪੰਨੇ ਵਾਂਗ ਪਲਟਿਆ

ਮੈਂ ਜੰਗਲੇ ਤੋਂ ਹੇਠਾਂ ਨਜ਼ਰ ਮਾਰੀ। ਕੁਰਸੀ ਖ਼ਾਲੀ ਸੀ। ਮਹਿਮੂਦ ਵਾਂਗ ਉਹ ਮੇਰੇ ਖਿਆਲਾਂ ਵਿਚ ਆ ਜਾ ਰਿਹਾ ਸੀ।

"ਜਿੰਨੇ ਵੀ ਲੋਕ ਆਉਂਦੇ ਜਾਂਦੇ ਨੇ !... ਸਭ ਇਸ ਘੰਟਾ ਘਰ ਦੀਆਂ ਸੂਈਆਂ ਨਾਲ ਘੁੰਮਦੇ ਨੇ ....!" ਸਫੈਦ ਦਾੜ੍ਹੀ ਉੱਪਰ ਹੱਥ ਫੇਰ ਮਹਿਮੂਦ ਸੂਈਆਂ ਵਾਂਗ ਉਂਗਲੀ ਘੁੰਮਾਉਣ ਲੱਗਾ।

ਕੁਰਸੀ ਤੋਂ ਧਿਆਨ ਹਟਾ ਮੈਂ ਉਸ ਵੱਲ ਵੇਖ ਰਿਹਾ ਸੀ। ਉਹ ਰਸਕਿਨ ਬੌਂਡ ਵਾਂਗ ਘੰਟਾ ਘਰ ਦੀਆਂ ਘੁੰਮਦੀਆਂ ਸੂਈਆਂ ਵੱਲ ਵੇਖ ਰਿਹਾ ਸੀ।

"ਪਾਪਾ ਓਧਰ ਵੇਖੋ !... ਔਹ ਵੇਖੋ ਆਪਣਾ ਪਤੰਗ ਟਾਵਰ ਤੋਂ ਵੀ ਉੱਚਾ ਲੰਘ ਗਿਆ...!" ਸ਼ਾਨਵੀਰ ਦੀ ਅਵਾਜ਼ ਸੁਣ ਮੈਂ ਅੱਖਾਂ ਉੱਪਰ ਹੱਥ ਦੀ ਓਟ ਕਰ ਆਸਮਾਨ ਵੱਲ ਵੇਖਣ ਲੱਗਾ

ਰਸਕਿਨ ਬੌਂਡ ਦੀ ਅਵਾਜ਼ ਨੇ ਮੇਰੀ ਨਜ਼ਰ ਬੰਨ੍ਹ ਦਿੱਤੀ, "ਕੀ ਵੇਖ ਰਿਹਾ ਏਂ !... ਮੋਬਾਇਲ ਟਾਵਰ ਨਿਸ਼ਾਨ ਸਾਹਿਬ ਤੋਂ ਉੱਚਾ ਲੰਘ ਗਿਆ !.... ਸ਼ਾਨ ਦਾ ਪਤੰਗ ਟਾਵਰ ਤੋਂ ਉੱਚਾ ਲੰਘ ਗਿਆ !... ਪਰ ਯਾਦ ਰੱਖੀਂ !.... ਕੋਈ ਕਿਸੇ ਤੋਂ ਉੱਚਾ ਨਹੀਂ ਲੰਘ ਸਕਦਾ...!"

"ਜਦੋਂ ਵੀ ਕੋਈ ਕਿਸੇ ਤੋਂ ਉੱਚਾ ਉੱਡਣ ਦੀ ਕੋਸ਼ਿਸ਼ ਕਰਦਾ !... ਉਹ ਫਸ ਜਾਂਦਾ ਏ !... ਜਿਵੇਂ ਮੇਰੀ ਕਹਾਣੀ ਵਿਚ ਅਲੀ ਦਾ ਪਤੰਗ ਮਸੀਤ ਵਾਲੇ ਬੋਹੜ ਵਿਚ ਫਸ ਗਿਆ ਸੀ...!" ਉਸ ਦੀ ਗੱਲ ਸੁਣ ਮਹਿਮੂਦ ਦੀਆਂ ਅੱਖਾਂ ਵਿਚ ਚਮਕ ਆ ਗਈ

ਉਸਦੀ ਸਫੈਦ ਦਾੜ੍ਹੀ ਉੱਪਰ ਤਿਤਲੀ ਦਾ ਪਰਛਾਵਾਂ ਘੁੰਮਣ ਲੱਗਾ। ਉਹ ਮੁਸਕਰਾਉਣ ਲੱਗਾ।

ਮੈਂ ਸ਼ਾਨਵੀਰ ਵੱਲ ਵੇਖ ਮੁਸਕਰਾਇਆ। ਉਸਦਾ ਪਤੰਗ ਸੱਤਵੇਂ ਆਸਮਾਨ ਨਾਲ ਗੱਲਾਂ ਕਰ ਰਿਹਾ ਸੀ।

ਤਵਾਜ਼ਨ ਗੁਆ ਚੁੱਕਾ ਸੁਹੇਲ ਦਾ ਪਤੰਗ ਘੰਟਾ ਘਰ ਵੱਲ ਨੂੰ ਵਧ ਰਿਹਾ ਸੀ। ਵਕਤ ਦੀਆਂ ਸੂਈਆਂ ਘੁੰਮ ਰਹੀਆਂ ਸਨ। ਗੋਲ-ਗੋਲ ਘੁੰਮਦਾ ਪਤੰਗ ਵੱਡੀ ਸੂਈ ਵਿਚ ਜਾ ਫਸਿਆ। ਵਕਤ ਰੁਕ ਗਿਆ। ਸੁਹੇਲ ਜੋਰ-ਜੋਰ ਦੀ ਝਟਕੇ ਮਾਰਨ ਲੱਗਾ। ਪਤੰਗ ਹੋਰ ਉਲਝਣ ਲੱਗਾ। ਚਾਈਨਾ ਡੋਰ ਸੁਹੇਲ ਦੇ ਹੱਥ ਵੱਢ ਰਹੀ ਸੀ। ਉਸ ਨੂੰ ਫਿਕਰ ਪੈ ਗਿਆ। ਨਾਂ ਲੱਗਣ ਦੇ ਡਰ ਤੋਂ ਉਹ ਭੱਜ ਕੇ ਹੇਠਾਂ ਗਿਆ। ਜਦੋਂ ਛੱਤ ਉੱਪਰ ਆਇਆ। ਉਸਦੇ ਹੱਥ ਵਿਚ ਬਲੇਡ ਸੀ। ਜਿਹੜੀ ਡੋਰ ਟੁੱਟਣ ਦਾ ਨਾਂ ਨਹੀਂ ਲੈ ਰਹੀ ਸੀ। ਉਸ ਉੱਪਰ ਬਲੇਡ ਫੇਰ ਉਹ ਕੱਟੀ ਡੋਰ ਦਾ ਸਿਰਾ ਨਵੇਂ ਪਤੰਗ ਦੀ ਤੜਾਮ ਨਾਲ ਜੋੜਨ ਲੱਗਾ।

"ਇਹ ਬੱਚਾ ਨਹੀਂ ਜਾਣਦਾ ਇਸਨੇ ਕੀ ਕਰ ਦਿੱਤਾ ਏ....!" ਰਸਕਿਨ ਬੌਂਡ ਵਕਤ ਦੀ ਨਬਜ਼ ਫੜਨ ਲੱਗਾ

ਮਹਿਮੂਦ ਮੈਨੂੰ ਸਮਝਾਉਣ ਲੱਗਾ, "ਤੈਨੂੰ ਯਾਦ ਹੋਣਾ !... ਜਦੋਂ ਹਵਾ ਦਾ ਬੁੱਲਾ ਆਇਆ !... ਅਲੀ ਦਾ ਪਤੰਗ ਤਾਂ ਬੋਹੜ ਵਿਚੋਂ ਨਿੱਕਲ ਗਿਆ ਸੀ !... ਪਰ ਇਹ ਨਹੀਂ ਨਿੱਕਲ ਸਕਦਾ !... ਪੁੱਛ ਕਿਉਂ...?"

"ਦੱਸ ਕਿਉਂ...?" ਮੈਂ ਉਸਦੀ ਦਾੜ੍ਹੀ ਉੱਪਰ ਘੁੰਮਦੇ ਪਰਛਾਵੇਂ ਦੀ ਸੇਧ ਵਿਚ ਉੱਡਦੀ ਤਿਤਲੀ ਵੱਲ ਵੇਖਣ ਲੱਗਾ



ਉਹ ਮੇਰੀਆਂ ਅੱਖਾਂ ਵਿਚ ਨਜ਼ਰ ਟਿਕਾ ਬੋਲਿਆ, "ਕਿਉਂਕਿ ਤੇਰੇ ਜ਼ਮਾਨੇ ਦੀ ਹਵਾ ਚਾਈਨਾ ਵੱਲੋਂ ਆ ਰਹੀ ਏ...!"

"ਧਿਆਨ ਨਾਲ ਵੇਖ !... ਘੰਟਾ ਘਰ ਦਾ ਇਤਿਹਾਸਕ ਸਮਾਂ ਰੁਕ ਗਿਆ !... ਪਰ ਸੜਕ 'ਤੇ ਦੁਨੀਆਂ ਬੇਨਿਆਜ਼ ਦੌੜੀ ਜਾ ਰਹੀ ਏ...!" ਇਕ ਪਲ ਰੁਕ ਉਹ ਫਿਰ ਬੋਲਿਆ, "ਉਹ ਵੀ ਸਮਾਂ ਸੀ ਜਦੋਂ ਮੈਂ ਬਿਮਾਰ ਹੋ ਗਿਆ !... ਸਾਰਾ ਗਲੀ ਮੁਹੱਲਾ ਖਬਰ ਲੈਣ ਆਇਆ !... ਹੁਣ ਤੂੰ ਆਪ ਸੋਚ !.. ਜਿਸ ਮੁੰਡੇ ਦੀ ਲੱਤ ਟੁੱਟ ਗਈ !... ਕੋਈ ਉਸਦੀ ਖਬਰ ਲੈਣ ਗਿਆ !... ਵੇਖ ਸਭ ਹਵਾ ਵਿੱਚ ਉੱਡ ਰਹੇ ਨੇ...!"

ਉਸਦੀ ਗੱਲ ਵਿਚ ਵਜ਼ਨ ਸੀ। ਮੇਰੀ ਰੂਹ ਉੱਪਰ ਭਾਰ ਪੈ ਗਿਆ। ਮੈਂ ਪੌੜੀਆਂ ਉੱਤਰ ਲਾਲ ਮਿਸਤਰੀ ਦੇ ਘਰ ਵੱਲ ਨੂੰ ਦੌੜ ਪਿਆ।

ਆਪਣੇ ਘਰ ਦੀ ਛੱਤ 'ਤੇ ਖੜ੍ਹਾ ਜਗਮੋਹਨ ਕਨੌਜੀਆ ਮੈਨੂੰ ਰੁਕਣ ਲਈ ਹੱਥ ਮਾਰ ਰਿਹਾ ਸੀ।

✶✶✶

ਲਾਲ ਮਿਸਤਰੀ ਦਾ ਮੁੰਡਾ ਅੱਧ-ਸੁਰਤੀ ਵਿਚ ਸੀ। ਅੱਖਾਂ ਖੋਲ੍ਹ ਲੈਂਦਾ। ਕਦੀ ਬੰਦ ਕਰ ਲੈਂਦਾ। ਜਦੋਂ ਉਸਦੀ ਮਾਂ ਮੱਥੇ ਉੱਪਰ ਹੱਥ ਫੇਰਦੀ। ਉਹ 'ਪਤੰਗ-ਪਤੰਗ' ਆਖਦਾ ਸੌਂ ਜਾਂਦਾ।

ਉਸ ਨੂੰ ਵੇਖ ਮੇਰੀ ਰੂਹ ਦਾ ਭਾਰ ਘਟ ਗਿਆ ਸੀ। ਮੈਂ ਕਨੌਜੀਆ ਨਾਲ ਘਰ ਤੋਂ ਬਾਹਰ ਆ ਗਿਆ। ਅਜੇ ਕੁਝ ਕਦਮ ਹੀ ਤੁਰਿਆ ਸੀ। ਉਹ ਕੰਨ ਕੋਲ ਮੂੰਹ ਕਰ ਹੌਲੀ ਦੇਣੀ ਬੋਲਿਆ, "ਸਾਹਮਣੇ ਵੇਖ..!"

"ਉਸ ਬੱਚੇ ਦਾ ਹਾਲ ਵੇਖ !... ਵੇਖ ਕੇ ਦੱਸ ਇਹ ਵਿਕਾਸ ਏ ਜਾਂ ਵਿਨਾਸ਼...!" ਦੂਰ ਤੋਂ ਆਉਂਦੀ ਰਸਕਿਨ ਬੌਂਡ ਦੀ ਅਵਾਜ਼ ਸੁਣ ਮੈਂ ਸਾਹਮਣੇ ਮੋੜ ਵੱਲ ਵੇਖਿਆ

ਮੋੜ 'ਤੇ ਅਮਰ ਕਾ ਘਰ ਸੀ। ਉਸਦਾ ਮੁੰਡਾ ਬਾਂਕਾ ਵੀਲ੍ਹ ਚੇਅਰ 'ਤੇ ਬੈਠਾ ਸੀ। ਜਲ਼ਿਆ ਹੋਇਆ ਸਰੀਰ। ਮਰਿਆ ਹੋਇਆ ਇਕ ਪਾਸਾ। ਇਕ ਅੱਖ ਬੰਦ। ਇਕ ਖੁੱਲ੍ਹੀ। ਉਹ ਟੇਢੀ ਹੋਈ ਗਰਦਨ ਨਾਲ ਧਰਤੀ ਵੱਲ ਵੇਖ ਰਿਹਾ ਸੀ। ਨਜ਼ਦੀਕ ਹੀ ਕੰਧ ਕੋਲ ਕੁਝ ਪਤੰਗ ਪਏ ਸਨ। ਵੀਲ੍ਹ ਚੇਅਰ ਦੇ ਪਿੱਛੇ ਖੜ੍ਹਾ ਅਮਰ ਮਾੜੇ ਵਕਤ ਨੂੰ ਕੋਸ ਰਿਹਾ ਸੀ।

ਪਿਛਲੀ ਬਸੰਤ ਰੁੱਤ ਤੱਕ ਬਾਂਕਾ ਮੁਹੱਲੇ ਦਾ ਸਭ ਤੋਂ ਸੋਹਣਾ ਮੁੰਡਾ ਸੀ। ਉਸ ਨੂੰ ਕੱਟਿਆ ਪਤੰਗ ਲੁੱਟਣ ਦਾ ਬਹੁਤ ਸ਼ੌਂਕ ਸੀ। ਕਾਕਾ ਉਸਦਾ ਪੱਕਾ ਆੜੀ ਸੀ। ਉਸ ਨੂੰ ਲੁੱਟੇ ਜਾ ਰਹੇ ਪਤੰਗ ਦੀ ਵੀਡੀਓ ਬਨਾਉਣ ਦਾ ਜਨੂੰਨ ਸੀ। ਜਿਸ ਵਕਤ ਹਨੀ ਦਾ ਪਤੰਗ ਕੱਟਿਆ। ਕੋਠੇ ਟੱਪਦਾ ਬਾਂਕਾ ਉਸਦੇ ਪਿੱਛੇ ਦੌੜ ਪਿਆ। ਕਾਕਾ ਮੋਬਾਇਲ ਨਾਲ ਵੀਡੀਓ ਬਨਾਉਣ ਲੱਗਾ। ਕਲਾਬਾਜ਼ੀਆਂ ਖਾਂਦਾ ਪਤੰਗ ਟਰਾਂਸਫਾਰਮ ਦੀਆਂ ਤਾਰਾਂ ਵਿਚ ਜਾ ਫਸਿਆ। ਬਾਂਦਰ ਵਾਂਗ ਟਪੂਸੀਆਂ ਮਾਰਦਾ ਬਾਂਕਾ ਖੰਭੇ ਉੱਪਰ ਚੜ੍ਹ ਗਿਆ। ਜਦੋਂ ਉਹ ਪਤੰਗ ਲੁੱਟਣ ਲੱਗਾ। ਚਾਈਨਾ ਡੋਰ ਨੇ ਉਸ ਨੂੰ ਲੁੱਟ ਲਿਆ। ਉਹ ਐਸੀ ਉਲਝੀ ਨਾ ਖੁੱਲ੍ਹੀ ਨਾ ਟੁੱਟੀ। ਉਸ ਨਾਲ ਘੁਲ਼ਦੇ ਬਾਂਕੇ ਦੀ ਪਿੱਠ ਬਿਜਲੀ ਦੀਆਂ ਤਾਰਾਂ ਨਾਲ ਜਾ ਲੱਗੀ। ਚੰਗਿਆੜੇ ਨਿੱਕਲੇ। ਜੋਰ ਦੀ ਭੜਾਕਾ ਪਿਆ। ਬਾਂਕੇ ਦੇ ਸਿਰ ਤੋਂ ਪੈਰਾਂ ਤੱਕ ਧੂੰਆਂ ਨਿੱਕਲ ਗਿਆ। ਉਹ ਕਾਲਾ ਹੋ ਹੇਠਾਂ ਜਾ ਡਿੱਗਾ। ਉਸ ਦੀ ਵੀਡੀਓ ਬਣਾ ਰਿਹਾ ਕਾਕਾ ਡਰ ਗਿਆ। ਉਹ ਦੌੜਨ ਲਈ ਪਿਛਾਂਹ ਨੂੰ

ਘੁੰਮਿਆ। ਇਕ ਮੋਟਰ ਸਾਈਕਲ ਵਿਚ ਵੱਜਿਆ। ਉਹ ਛੇ ਮਹੀਨੇ ਬਾਅਦ ਮਸਾਂ ਤੁਰਨ ਲੱਗਾ। ਪਰ ਬਾਂਕਾ ਇਕ ਸਾਲ ਬਾਅਦ ਵੀ ਬੈਠਾ ਸੀ।

"ਚਲੋ ਬੈਠਾ ਤਾਂ ਹੈ!... ਨਹੀਂ ਐਨੀ ਬਿਜਲੀ ਦਾ ਮਾਰਿਆ ਬਚਦਾ ਨੀ ਹੁੰਦਾ...!" ਉਸਦੀ ਬਚੀ ਜਾਨ ਦਾ ਚਮਤਕਾਰ ਵੇਖ ਹਰ ਕੋਈ ਉਸ ਨੂੰ ਵੇਖ ਵੇਖ ਲੰਘਦਾ ਸੀ।

"ਮੈਂ ਕਹਾਣੀ ਵਿਚੋਂ ਨਿੱਕਲ ਇਸੇ ਲਈ ਤੇਰੀ ਕੁਰਸੀ 'ਤੇ ਆ ਕੇ ਬੈਠਾ ਸੀ!... ਤਾਂ ਕਿ ਤੈਨੂੰ ਤੇਰਾ ਜ਼ਮਾਨਾ ਦਿਖਾ ਸਕਾਂ...!" ਖਿਆਲਾਂ ਵਿਚ ਤੁਰਦਾ ਮਹਿਮੂਦ ਮੇਰੇ ਨਾਲ-ਨਾਲ ਤੁਰਨ ਲੱਗਾ

ਕਨੌਂਜੀਆ ਡਰੀ ਹੋਈ ਅਵਾਜ਼ ਵਿੱਚ ਦੱਸਣ ਲੱਗਾ, "ਇਹ ਤਾਂ ਕੁਝ ਵੀ ਨਹੀਂ ਵਾਪਰਿਆ!... ਮੈਨੂੰ ਡਰ ਐ ਕਿਤੇ ਇਸ ਤੋਂ ਵੀ ਮਾੜਾ ਨਾ ਵਾਪਰ ਜਾਵੇ...!"

"ਇਹ ਠੀਕ ਕਹਿ ਰਿਹਾ ਏ!... ਉੱਪਰ ਵੇਖ!... ਆਸਮਾਨ ਵਿਚ ਮੌਤ ਦੀ ਡੋਰ ਘੁੰਮ ਰਹੀ ਏ...!" ਮਹਿਮੂਦ ਮੈਨੂੰ ਉਹ ਦਿਖਾਉਣ ਲੱਗਾ ਜੋ ਨੰਗੀ ਅੱਖ ਨਾਲ ਨਹੀਂ ਦਿਸਦਾ ਸੀ

ਮੈਂ ਉਸਦੀ ਅੱਖ ਦੀ ਸੇਧ ਵਿਚ ਉੱਪਰ ਵੇਖਣ ਲੱਗਾ। ਆਸਮਾਨ ਵਿਚ ਸ਼ਿਵੂ ਦੀ ਦੁਕਾਨ ਤੋਂ ਆਏ 'ਸਿਆਸਤੀ ਪਤੰਗਾਂ' ਦਾ ਕਾਫ਼ਿਲਾ ਉੱਡ ਰਿਹਾ ਸੀ।

ਹਰ ਪਤੰਗ ਉੱਪਰ ਜਾਤ ਲਿਖੀ ਹੋਈ ਸੀ। ਹਰ ਪਤੰਗ ਉੱਪਰ ਧਰਮ ਲਿਖਿਆ ਹੋਇਆ ਸੀ। ਜਿਹਨਾਂ ਹੱਥਾਂ ਵਿਚ ਉਹਨਾਂ ਦੀ ਡੋਰ ਸੀ। ਉਹ ਪਤੰਗਾਂ ਨਾਲ ਇਕ ਦੂਜੇ ਦੀ ਜਾਤ ਕੱਟ ਰਹੇ ਸਨ, "ਔਹ ਕੱਟਤੀ ..!"

"ਔਹ ਚੱਕ...! ...ਕੱਟਤਾ!" ਉਹ ਇਕ ਦੂਜੇ ਦਾ ਧਰਮ ਕੱਟ ਰਹੇ ਸਨ।

ਮੈਨੂੰ ਸ਼ਾਨਵੀਰ ਦੀ ਫਿਕਰ ਹੋਈ। ਉਸਨੂੰ ਜਾਤ ਨਹੀਂ ਸੀ ਪਤਾ। ਉਹ ਧਰਮ ਨਹੀਂ ਸੀ ਜਾਣਦਾ। ਉਹ ਤਾਂ ਸਿਰਫ ਪਤੰਗ ਚੜ੍ਹਾਉਣਾ ਜਾਣਦਾ ਸੀ।

"ਤੂੰ ਉਸਦੀ ਫਿਕਰ ਨਾ ਕਰ!.... ਉਸਦੀ ਫਿਕਰ ਕਰ ਜਿਸ ਨੇ ਸ਼ਾਨਵੀਰ ਦੇ ਪਤੰਗ 'ਤੇ ਪੰਜਾਹ ਹਜ਼ਾਰ ਲਾਇਆ ਹੋਇਆ...!" ਕਨੌਂਜੀਆ ਦੀ ਬੁਝਾਰਤ ਸੁਣ ਮੈਂ ਉਲਝ ਗਿਆ, "ਕੀ ਕਿਹਾ!... ਪੰਜਾਹ ਹਜ਼ਾਰ ਲਾਇਆ ਹੋਇਆ....!"

"ਹਾਂ!... ਪੂਰਾ ਪੰਜਾਹ ਹਜ਼ਾਰ ਰੁਪਈਆ!... ਇਹ ਪਤੰਗ ਫਿਕਸਿੰਗ ਐ ਜਨਾਬ...!" ਉਹ ਬੁਝਾਰਤ ਦੀ ਘੁੰਢੀ ਖੋਲ੍ਹਣ ਲੱਗਾ

ਉਸਦੀ ਗੱਲ ਸੁਣ ਸਾਡੀ ਛੱਤ ਤੋਂ ਤਾੜੀ ਦੀ ਅਵਾਜ਼ ਆਈ। ਮੇਰੀ ਕੁਰਸੀ 'ਤੇ ਬੈਠਾ ਰਸਕਿਨ ਬੌਂਡ ਹੱਸ ਰਿਹਾ ਸੀ, "ਵਾਹ!... ਪਤੰਗ ਫਿਕਸਿੰਗ!... ਕਿਆ ਬਾਤ....!!"

"ਹਾਂ ਸ਼੍ਰੀ ਮਾਨ!... ਅੱਜ ਕੱਲ੍ਹ ਪਤੰਗ ਫਿਕਸਿੰਗ ਹੁੰਦੀ ਐ!.... ਜਿਹੜੀ ਢਾਣੀ ਸੁਸਾਇਟੀ ਘਰ ਵਿਚ ਬੈਠੀ ਤਾਸ਼ ਖੇਡਦੀ ਹੁੰਦੀ ਸੀ!... ਉਹ ਤਾਸ਼ ਦੀ ਆੜ ਹੇਠ ਜੂਆ ਖੇਡਦੀ ਸੀ!.... ਹੁਣ ਉਹੀ ਢਾਣੀ ਪਤੰਗਾਂ ਉੱਪਰ ਦਾਅ ਲਾਉਂਦੀ ਐ!.... ਹਜ਼ਾਰਾਂ ਲੱਖਾਂ ਵਿਚ ਦਾਅ ਲੱਗਦੇ ਨੇ....!" ਘੁੰਢੀ ਦੀ ਆਖਰੀ ਪਰਤ ਖੁੱਲ੍ਹਦੀ ਵੇਖ ਮੇਰੇ ਕੰਨਾਂ ਕੋਲ ਹਵਾ ਸੀਟੀਆਂ ਮਾਰਨ ਲੱਗੀ

ਮੈਂ ਕਾਹਲੇ ਕਦਮੀਂ ਸ਼ਾਨਵੀਰ ਵੱਲ ਨੂੰ ਭੱਜਿਆ। ਕਨੌਂਜੀਆ ਦੀ ਅਵਾਜ਼ ਮੇਰਾ ਪਿੱਛਾ ਕਰ ਰਹੀ ਸੀ, "ਸ਼ਾਨਵੀਰ ਮੇਰੀ ਡੋਰ ਨਾਲ ਪਤੰਗ ਚੜ੍ਹਾ ਰਿਹਾ!... ਜੇ ਉਹਦਾ ਪਤੰਗ ਕੱਟ ਗਿਆ!... ਪੰਜਾਹ ਹਜ਼ਾਰ ਲਾਉਣ ਵਾਲਾ ਬੰਦਾ....!"



ਉਸਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮੈਂ ਛੱਤ 'ਤੇ ਸਿਖਰ ਪਹੁੰਚ ਚੁੱਕਾ ਸੀ। ਮੇਰੇ ਖਿਆਲਾਂ ਵਿਚੋਂ ਨਿੱਕਲ ਮਹਿਮੂਦ ਆਪਣੇ ਖਿਆਲਾਂ ਵਿਚ ਪਹੁੰਚ ਚੁੱਕਾ ਸੀ। ਉਹ ਰਾਮ ਨਾਥਾਂ ਵਾਲੀ ਗਲੀ ਵਿਚ ਬੈਠਾ ਸੀ। ਉਸ ਗਲੀ ਵਿਚ ਵੀ ਪੁਰਾਣੀ ਮਸੀਤ ਸੀ। ਮਸੀਤ ਕੋਲ ਬੋਹੜ ਦਾ ਰੁੱਖ ਖੜ੍ਹਾ ਸੀ। ਉਸਦੇ ਟਾਹਣ ਵਿਚ ਅਲੀ ਦਾ ਪਤੰਗ ਫਸ ਗਿਆ ਸੀ।

ਅਲੀ ਉਸਦਾ ਪੋਤਾ ਸੀ। ਉਹ ਭੱਜ ਕੇ ਕਦੀ ਪਤੰਗ ਵੱਲ ਜਾਂਦਾ। ਕਦੀ ਮਹਿਮੂਦ ਵੱਲ ਆਉਂਦਾ, "ਦਾਦੂ!... ਮੇਰਾ ਪਤੰਗ ਫਸ ਗਿਆ...!"

"ਕੀ ਉਸਦੀ ਡੋਰ ਟੁੱਟ ਗਈ...!" ਮਹਿਮੂਦ ਪਿਆਰ ਨਾਲ ਪੁੱਛਦਾ

ਉਹ ਉਦਾਸ ਸੁਰ ਵਿਚ ਆਖਦਾ, "ਨਹੀਂ ਦਾਦੂ!... ਉਹ ਬੋਹੜ ਵਿਚ ਫਸ ਗਿਆ ਏ...!"

"ਗੁਲਾਬੀ ਰੰਗ ਦਾ ਹਰੀ ਪੂਛ ਵਾਲਾ!... ਉਹ ਪਤੰਗ ਬਣਾ ਜਦੋਂ ਮੈਂ ਅਲੀ ਨੂੰ ਦਿੱਤਾ!... ਉਹ ਮੇਰੀ ਗੱਲ੍ਹ ਚੁੰਮ ਪੰਜਿਆ 'ਤੇ ਦੌੜਿਆ ਸੀ!... ਉਹ ਚੁੰਮਣ ਮੈਨੂੰ ਅਜੇ ਵੀ ਮਹਿਸੂਸ ਹੋ ਰਿਹਾ ਏ..!" ਆਪਣੀ ਗੱਲ੍ਹ ਨੂੰ ਸਹਿਲਾ ਰਹੇ ਮਹਿਮੂਦ ਵੱਲ ਵੇਖ ਮੈਂ ਸ਼ਾਨਵੀਰ ਵੱਲ ਵੇਖਿਆ

ਉਹ ਅਲੀ ਵਾਂਗ ਮੇਰੇ ਸਾਹਮਣੇ ਖੜ੍ਹਾ ਸੀ। ਮੈਂ ਪਿਆਰ ਨਾਲ ਉਸਦੀ ਗੱਲ੍ਹ ਚੁੰਮ ਲਈ। ਉਹ ਸ਼ਰਮਾ ਗਿਆ, "ਪਾਪਾ!... ਵੇਖੋ ਮੈਂ ਅਜੇ ਤੱਕ ਪਤੰਗ ਨਹੀਂ ਕੱਟਣ ਦਿੱਤਾ...!"

"ਪਰ ਜ਼ਿਆਦਾ ਦੇਰ ਪੇਚੇ ਤੋਂ ਨਹੀਂ ਬਚਿਆ ਜਾ ਸਕਦਾ....!" ਰਸਕਿਨ ਬੌਂਡ ਨੇ ਅੱਖਾਂ ਬੰਦ ਕਰ ਕੁਰਸੀ ਦੀ ਪਿੱਠ ਨਾਲ ਸਿਰ ਦੀ ਢੋਅ ਲਾ ਲਈ।

ਮੇਰੇ ਖਿਆਲਾਂ ਵਿਚ ਪਰਤ ਆਇਆ ਮਹਿਮੂਦ ਅਜੇ ਵੀ ਆਪਣੀ ਗੱਲ੍ਹ ਸਹਿਲਾ ਰਿਹਾ ਸੀ, "ਇਹ ਪਤੰਗ ਫਿਕਸਿੰਗ ਵਾਲੇ ਬੱਚੇ ਦਾ ਚੁੰਮਣ ਮਹਿਸੂਸ ਨਹੀਂ ਕਰ ਸਕਦੇ...!"

"ਦਾਅ ਜਿੱਤਣ ਲਈ ਇਹ ਕੁਝ ਵੀ ਕਰ ਸਕਦੇ ਨੇ...!" 'ਪਤੰਗ ਵਿਲਾ' ਦੀ ਛੱਤ ਉੱਪਰ ਖੜ੍ਹਾ ਜਗਮੋਹਨ ਕਨੌਂਜੀਆ ਪੁਲਿਸ ਥਾਣੇ ਵੱਲ ਇਸ਼ਾਰਾ ਕਰ ਰਿਹਾ ਸੀ

ਖਾਕੀ ਵਰਦੀ ਵਾਲਿਆਂ ਦੀ ਠਾਹਰ ਸਾਰੇ ਪਿੰਡ ਤੋਂ ਉੱਚੀ ਸੀ। ਉਸਦੀ ਚੌਥੀ ਮੰਜ਼ਿਲ 'ਤੇ ਖੜ੍ਹਾ ਸੁਹੇਲ ਪਤੰਗ ਚੜ੍ਹਾ ਰਿਹਾ ਸੀ। ਮੈਂ ਉਹ ਆਪਣੇ ਘਰ ਦੀ ਛੱਤ ਤੋਂ ਉੱਤਰਦਾ ਤਾਂ ਵੇਖ ਲਿਆ ਸੀ। ਪਰ ਪੁਲਿਸ ਥਾਣੇ ਦੀ ਉੱਚੀ ਇਮਾਰਤ ਉੱਪਰ ਚੜ੍ਹਦਾ ਨਹੀਂ ਵੇਖਿਆ। ਉਸ ਨੂੰ ਕਿਸੇ ਪੁਲਿਸ ਮੁਲਾਜ਼ਮ ਨੇ ਵੀ ਨਹੀਂ ਵੇਖਿਆ।

"ਨਹੀਂ!... ਸਾਨੂੰ ਸ਼ਿਵੂ ਦੀ ਦੁਕਾਨ ਵਿਚ ਕਿਤੇ ਵੀ ਚਾਈਨਾਂ ਡੋਰ ਨਹੀਂ ਦਿਸੀ!.. ਹੋ ਸਕਦੈ ਤੁਹਾਡੀ ਨਜ਼ਰ ਦਾ ਧੋਖਾ ਹੋਵੇ...!" ਲੋਕਾਂ ਦੀ ਸ਼ਿਕਾਇਤ 'ਤੇ ਮਾਰਿਆ ਪੁਲਿਸ ਛਾਪਾ ਪਿੰਡ ਦੀਆਂ ਅੱਖਾਂ ਵਿਚ ਘੱਟਾ ਪਾ ਗਿਆ ਸੀ

ਪਰ ਮੈਨੂੰ ਥਾਣੇਦਾਰ ਦੀ ਜੇਬ ਵਿਚ ਪਾਏ ਨੋਟ ਦਿਸ ਰਹੇ ਸਨ। ਉਹਨਾਂ ਨੋਟਾਂ ਵੱਲ ਪਿੱਠ ਕਰੀਂ ਮਹਿਮੂਦ ਕੁਝ ਹੋਰ ਵੀ ਦਿਖਾ ਰਿਹਾ ਸੀ, "ਔਹ ਵੇਖ!.. ਇਕ ਬੱਚਾ ਮੋਬਾਇਲ ਟਾਵਰ 'ਤੇ ਚੜ੍ਹ ਰਿਹਾ ਏ!.. ਉਸਦੇ ਹੱਥ ਵਿਚ ਚਾਈਨਾ ਡੋਰ ਦੀ ਗਾਟੀ ਏ....!"

"ਪਾਪਾ!... ਉਹ ਉਹੀ ਜੀਨੂੰ ਐ...!" ਸ਼ਾਨਵੀਰ ਦੀ ਗੱਲ ਸੁਣ ਮੇਰੀ ਗਰਦਨ ਉੱਪਰ ਲੱਗੀ ਚੇਪੀ ਹੇਠਾਂ ਦਰਦ ਹੋਇਆ

ਮੈਂ ਗਰਦਨ ਉੱਪਰ ਹੱਥ ਫੇਰ ਸੁਹੇਲ ਵੱਲ ਵੇਖਿਆ। ਉਹ ਘੇਰਾ ਪਾ ਰਿਹਾ ਸੀ। ਹੱਥ

ਵਿਚ ਗਾਟੀ ਫੜ੍ਹੀਂ ਜੀਨੂੰ ਟਾਵਰ ਦੇ ਸਿਖਰ ਵੱਲ ਨੂੰ ਵਧ ਰਿਹਾ ਸੀ। ਸ਼ਾਨਵੀਰ ਵਧਾ ਘਟਾ ਕੇ ਪਤੰਗ ਨੂੰ ਸੱਜੇ ਖੱਬੇ ਮੋੜ ਰਿਹਾ ਸੀ।

ਜਦੋਂ ਉਹ ਤੇਜ਼ੀ ਨਾਲ ਡੋਰ ਖਿੱਚ ਰਿਹਾ ਸੀ। ਜੀਨੂੰ ਨੇ ਨਿਸ਼ਾਨਾ ਸੇਧ ਗਾਟੀ ਮਾਰੀ। ਸੁਹੇਲ ਨਾਲ ਪੇਚਾ ਲੱਗਣ ਤੋਂ ਪਹਿਲਾਂ ਹੀ ਕੱਚ ਨਾਲ ਸੂਤੀ ਡੋਰ ਕੱਟ ਗਈ।

"ਚੱਲ ਓਏ!... ਚੱਕ ਓਏ!... ਔਹ ਕੱਟਤਾ...!" ਪਰ ਦਾਣਾ ਮੰਡੀ ਤੋਂ ਪਾਰ ਕੱਲਰ ਵਿਚ ਪੈਂਦਾ ਰੌਲ਼ਾ ਸੁਹੇਲ ਦੀ ਜੈ-ਜੈ ਕਾਰ ਕਰਨ ਲੱਗਾ

ਕੱਟਿਆ ਪਤੰਗ ਹਵਾ ਵਿਚ ਲਹਿਰਾਉਂਦਾ ਹੇਠਾਂ ਨੂੰ ਜਾਣ ਲੱਗਾ। ਛੱਤ 'ਤੇ ਖੜ੍ਹਾ ਕਨੌਂਜੀਆ ਮੈਨੂੰ ਹੇਠਾਂ ਆਉਣ ਦਾ ਇਸ਼ਾਰਾ ਕਰਨ ਲੱਗਾ।

"ਸ਼ਾਨ!.. ਤੂੰ ਡੋਰ ਇਕੱਠੀ ਕਰ!... ਮੈਂ ਆਇਆ...!" ਪੌੜੀਆਂ ਉੱਤਰ ਜਦੋਂ ਮੈਂ ਰਸਕਿਨ ਬੌਂਡ ਕੋਲ ਦੀ ਲੰਘਣ ਲੱਗਾ

ਕੁਰਸੀ ਦੀ ਢੋਅ ਤੋਂ ਸਿਰ ਚੁੱਕ ਉਹ ਮੁਸਕਰਾਇਆ, "ਦਿਨ ਦੇ ਚਾਨਣ ਵਿਚ ਜੁਗਨੂੰ ਨੂੰ ਪਰਖਣ ਲੱਗੇ, ਬੱਚੇ ਨਵੀਂ ਨਸਲ ਦੇ ਹੁਸ਼ਿਆਰ ਹੋ ਗਏ ਨੇ...!"

ਉਸ ਕੋਲ ਦੀ ਹਵਾ ਵਾਂਗ ਲੰਘ ਮੈਂ ਹੇਠਾਂ ਜਾ ਪੁੱਜਾ। ਗਲੀ ਵਿਚ ਕਨੌਂਜੀਆ ਸਕੂਟਰੀ ਲਈਂ ਖੜ੍ਹਾ ਸੀ।

"ਜਲਦੀ ਬੈਠ...!" ਪਤੰਗ ਹੇਠਾਂ ਡਿੱਗਣ ਤੋਂ ਪਹਿਲਾਂ ਹੀ ਉਸਦੀ ਸਕੂਟਰੀ ਦਾਣਾ ਮੰਡੀ ਤੋਂ ਪਾਰ ਜਾ ਪੁੱਜੀ

ਕੱਲਰ ਵਿਚ ਬਹੁਤ ਇਕੱਠ ਸੀ। ਪਤੰਗ ਫਿਕਸਿੰਗ ਕਰਨ ਵਾਲੀ ਢਾਣੀ ਆਪਸ ਵਿਚ ਝਗੜ ਰਹੀ ਸੀ, "ਪਤੰਗ ਸੁਹੇਲ ਨੇ ਕੱਟਿਆ!.. ਨਹੀਂ ਜੀਨੂੰ ਦੀ ਗਾਟੀ ਨਾਲ ਕੱਟਿਆ...!"

"ਪਰ ਮੇਰਾ ਤਾਂ ਪੱਤਾ ਕੱਟਿਆ ਗਿਆ...!" ਪੰਜਾਹ ਹਜ਼ਾਰ ਦੀ ਸ਼ਰਤ ਹਾਰਨ ਵਾਲਾ ਬੰਦਾ ਦਿਲ 'ਤੇ ਹੱਥ ਰੱਖ ਧਰਤੀ ਉੱਪਰ ਡਿੱਗ ਪਿਆ

ਸਾਹਾਂ ਦੇ ਪਰਿੰਦੇ ਹਵਾ ਵਿਚ ਉੱਡ ਗਏ। ਹਵਾ ਵਿਚ ਲਹਿਰਾਉਂਦਾ ਪਤੰਗ ਉਸਦੀ ਲਾਸ਼ ਉੱਪਰ ਆ ਡਿੱਗਿਆ।

✱✱✱

"ਕਨੌਂਜੀਆ!... ਤੇਰੀ ਕੱਚੀ ਡੋਰ ਨੇ ਬੰਦਾ ਮਰਵਾਤਾ!... ਕਹਿੰਦਾ ਸੀ ਚਾਈਨਾ ਡੋਰ ਤੋਂ ਵੀ ਪੱਕੀ ਐ....!" ਹਾਰੀ ਹੋਈ ਢਾਣੀ ਕਨੌਂਜੀਆ ਨੂੰ ਘੇਰਾ ਪਾਉਣ ਲੱਗੀ

ਪਰ ਉਸਦਾ ਜਵਾਬ ਘੇਰਾਬੰਦੀ ਤੋੜਨ ਵਾਲਾ ਸੀ, "ਮੈਂ ਤੁਹਾਨੂੰ ਦਾਅ ਲਾਉਣ ਨੂੰ ਤਾਂ ਨਹੀਂ ਕਿਹਾ ਸੀ....!"

"ਇਹ ਠੀਕ ਕਹਿੰਦੈ!.... ਜੇ ਗਲਤ ਐ ਤਾਂ ਬਜ਼ਾਰ 'ਚ ਜਾ ਕੇ ਦੇਖ ਲਓ!... ਡੈਨੀਅਲ ਦੀ ਡੋਰ ਤਾਂ ਇਸ ਪਾਸੋਂ ਨਹੀਂ ਸੀ ਗਈ....!" ਬਜ਼ਾਰ ਵਿਚੋਂ ਆਇਆ ਦਾਗ੍ਹੀ ਹਾਰੀ ਸ਼ਰਤ ਤੋਂ ਵੱਡੀ ਘਟਨਾ ਸੁਨਾਉਣ ਲੱਗਾ

ਉਸਦੀ ਗੱਲ ਸੁਣ ਭੀੜ ਸੜਕ ਉੱਪਰ ਖਿਲਰਨ ਲੱਗੀ। ਹਾਰੀ ਹੋਈ ਢਾਣੀ ਲਾਸ਼ ਸੰਭਾਲਣ ਲੱਗੀ।

ਮੈਂ ਕਨੌਂਜੀਆ ਨਾਲ ਸਕੂਟਰੀ 'ਤੇ ਬੈਠ ਬਜ਼ਾਰ ਵੱਲ ਨੂੰ ਚੱਲ ਪਿਆ।



ਮਸੀਤ ਕੋਲ ਭਾਰੀ ਇਕੱਠ ਸੀ। ਜਾਤੀ ਨਫਰਤ ਸਿਰ ਚੜ੍ਹ ਬੋਲ ਰਹੀ ਸੀ, "ਇਹ ਪਤੰਗ ਨਹੀਂ ਕੱਟੀ!... ਸਾਡੀ ਜਾਤ ਕੱਟੀ ਗਈ ਐ....!"

"ਇਹ ਸਾਡਾ ਧਰਮ ਕੱਟਿਆ ਗਿਆ ਐ...!" ਦਿਲਾਂ ਵਿਚ ਸੁਲਘਦੀ ਅੱਗ ਭੜਕ ਪਈ ਸੀ

ਡੈਨੀਅਲ ਦਾ ਪਤੰਗ ਕੱਟਣ ਵਾਲਾ ਵਿਧੂ ਡਰਿਆ ਖੜ੍ਹਾ ਸੀ। ਉਸਦਾ ਬਾਪ ਹੱਥ ਬੰਨ੍ਹੀ ਖੜ੍ਹਾ ਸੀ, "ਰੱਬ ਦਾ ਵਾਸਤਾ!... ਇਸ ਨੂੰ ਬੱਚਿਆਂ ਦੀ ਖੇਡ ਹੀ ਰਹਿਣ ਦਿਓ...!"

"ਬੱਚਿਆਂ ਦੀ ਖੇਡ ਕਿਵੇਂ ਰਹਿਣ ਦੇਈਏ ਲਾਲਾ!... ਇਹ ਜਾਤੀ ਖੇਡ ਐ!... ਇਹ ਮਜ਼ਹਬੀ ਖੇਡ ਐ....!" ਵਾਰਡ ਦੀਆਂ ਵੋਟਾਂ ਦਾ ਪੱਤਾ ਖੇਡ ਭੜਕੀ ਭੀੜ ਨਾਅਰੇ ਮਾਰਨ ਲੱਗੀ

ਨਾਅਰਿਆਂ ਦਾ ਜਵਾਬ ਨਾਅਰਿਆਂ ਵਿਚ ਆਉਣ ਲੱਗਾ। ਸੜਕ 'ਤੇ ਪੁਲਿਸ ਦੀ ਗੱਡੀ ਦਾ ਸਾਇਰਨ ਵੱਜਣ ਲੱਗਾ।

"ਇਹ ਦੰਗਾ ਕਰਨ ਦਾ ਸਮਾਂ ਨਹੀਂ!... ਹੁਣ ਤੁਸੀਂ ਘਰਾਂ ਨੂੰ ਜਾਓ...!" ਦੋਵਾਂ ਧਿਰਾਂ ਨੂੰ ਸ਼ਾਂਤ ਕਰ ਖਾਕੀ ਵਰਦੀ ਵਾਪਿਸ ਪਰਤ ਗਈ

ਮੈਨੂੰ ਪਿੱਛੇ ਬਿਠਾ ਕਨੌਂਜੀਆ ਨੇ ਕਿੱਕ ਮਾਰੀ, "ਇਹ ਤੂਫਾਨ ਤੋਂ ਪਹਿਲਾਂ ਦੀ ਸ਼ਾਂਤੀ ਐ...!"

"ਮੈਨੂੰ ਐਥੀ ਉਤਾਰ ਦੇ...!" ਉਸਦੀ ਸਕੂਟਰੀ ਤੋਂ ਉੱਤਰ ਮੈਂ ਲੰਬੇ ਕਦਮੀਂ ਘਰ ਵੱਲ ਨੂੰ ਤੁਰ ਪਿਆ।

ਜਿਸ ਮੋੜ 'ਤੇ ਮੈਂ ਉਤਰਿਆ ਸੀ। ਉੱਥੋਂ ਮੇਰੇ ਨਾਲ ਇਕ ਡਰ ਵੀ ਤੁਰ ਪਿਆ ਸੀ।

✱✱✱

"ਉਹੀ ਗੱਲ ਹੋ ਗਈ!... ਜਿਸ ਦਾ ਡਰ ਸੀ...!" ਕਨੌਂਜੀਆ ਦਾ ਫੋਨ ਸੁਣ ਮੇਰੇ ਸਿਰ ਵਿਚ ਸੌ ਘੜਾ ਪਾਣੀ ਦਾ ਪੈ ਗਿਆ

ਹਵਾ ਵਿਚ ਨਾਅਰਿਆਂ ਦੀ ਅਵਾਜ਼ ਗੂੰਜਣ ਲੱਗੀ, "ਵਿਧੂ ਜੈਨ!... ਅਮਰ ਰਹੇ....!"

"ਵਿਧੂ ਦੇ ਕਾਤਿਲਾਂ ਨੂੰ!.... ਗ੍ਰਿਫਤਾਰ ਕਰੋ...!" ਭੀੜ ਦਾ ਗੁੱਸਾ ਬਜ਼ਾਰ ਬੰਦ ਕਰਵਾਉਣ ਲੱਗਾ

ਮੈਨੂੰ ਤਿਤਲੀ ਵਾਂਗ ਉੱਡਦਾ ਵਿਧੂ ਜੈਨ ਦਿਸਣ ਲੱਗਾ। ਆਪਣੇ ਪਾਪਾ ਨੂੰ ਦੁਕਾਨ 'ਤੇ ਚਾਹ ਫੜਾ ਕੇ ਉਹ ਘਰ ਨੂੰ ਪਰਤ ਰਿਹਾ ਸੀ।

ਛਾਲਾਂ ਮਾਰਦਾ ਜਦੋਂ ਪੁਰਾਣੇ ਕਿਲੇ ਕੋਲ ਦੀ ਲੰਘਣ ਲੱਗਾ। ਘਾਤ ਲਾ ਕੇ ਬੈਠੀ ਟੋਲੀ ਨੇ ਘੇਰ ਲਿਆ। ਉਸ ਵਿਚ ਡੈਨੀਅਲ ਵੀ ਸੀ, "ਕਿਉਂ ਓਏ!... ਹੁਣ ਬੋਲ!... ਤੂੰ ਮੇਰਾ ਪਤੰਗ ਕੱਟਿਆ ਸੀ...!"

"ਨਹੀਂ.. ਨਹੀਂ!... ਉਹ ਤਾਂ ਮੈਂ....!" ਵਿਧੂ ਦੀ ਗੱਲ ਅੱਧ-ਵਿਚਕਾਰ ਹੀ ਦਮ ਤੋੜ ਗਈ

ਦੋ ਮੁੰਡਿਆਂ ਨੇ ਉਸ ਨੂੰ ਫੜ ਲਿਆ। ਮੂੰਹ ਵਿਚ ਕੱਪੜਾ ਤੁੰਨ ਦਿੱਤਾ। ਲੱਤਾਂ ਬਾਹਾਂ ਬੰਨ੍ਹ ਦਿੱਤੀਆਂ। ਇਕ ਮੁੰਡੇ ਨੇ ਸਿਰ ਵਿਚ ਇੱਟ ਮਾਰੀ।

ਬੇ-ਸੁਰਤ ਵਿਧੂ ਨੂੰ ਬੋਰੀ ਵਿਚ ਬੰਨ੍ਹ ਉਹਨਾਂ ਬੋਰੀ ਨੂੰ ਅੱਗ ਲਗਾ ਦਿੱਤੀ।

ਵਾਰਦਾਤ ਕਰ ਟੋਲੀ ਭੱਜ ਗਈ। ਪੁਰਾਣੇ ਕਿਲੇ ਕੋਲ ਅੱਧ-ਸੜੀ ਲਾਸ਼ ਦੀਆਂ ਚੱਪਲਾਂ ਡਿੱਗੀਆਂ ਪਈਆਂ ਸਨ।

"ਉਹ ਚੱਪਲਾਂ ਨਹੀਂ ਵਿਧੂ ਦੇ ਪੈਰ ਸਨ...!" ਮੌਤ ਦੀ ਖਬਰ ਸੁਣ ਰਸਕਿਨ ਬੌਂਡ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ।

ਮਹਿਮੂਦ ਉਸਨੂੰ ਰੋਕਣ ਲੱਗਾ, "ਰੁਕੋ!... ਨਵੀਂ ਕਹਾਣੀ ਦਾ ਅੰਤ ਤਾਂ ਵੇਖ ਕੇ ਜਾਵੋ...!"

"ਅੰਤ ਵਿਚ ਤਾਂ ਤੂੰ ਮਰ ਗਿਆ ਸੀ...!" ਰਸਕਿਨ ਬੌਂਡ ਦੀਆਂ ਅੱਖਾਂ ਸੁੰਗੜ ਗਈਆਂ

ਮਹਿਮੂਦ ਉਸਦੀ ਨਜ਼ਰ ਤੋਂ ਬਾਹਰ ਉੱਡਣ ਲੱਗਾ, "ਜਿੱਥੇ ਸ਼ੁਰੂਆਤ ਏ ਨਾ ਅੰਤ ਏ!... ਮੇਰੇ ਅੰਦਰ ਇਕ ਐਸਾ ਵੀ ਬਸੰਤ ਏ...!"

"ਪਤਾ ਨਹੀਂ ਇਹ ਕੈਸੀ ਬਸੰਤ ਰੁੱਤ ਐ...!" ਕਨੌਂਜੀਆ ਦੀ ਆਖਰੀ ਗੱਲ ਸੁਣ ਮੈਂ ਫੋਨ ਕੱਟ ਦਿੱਤਾ।

ਮੇਰੇ ਸਾਹਮਣੇ ਖੜ੍ਹਾ ਸ਼ਾਨਵੀਰ ਗਰਦਨ 'ਤੇ ਲੱਗੀ ਚੇਪੀ ਵੱਲ ਵੇਖ ਰਿਹਾ ਸੀ।

***

ਮੈਂ ਉਸ ਵੱਲ ਧਿਆਨ ਨਾਲ ਵੇਖ ਰਿਹਾ ਸੀ। ਉਸਦੇ ਹੱਥ ਲਿੱਬੜੇ ਹੋਏ ਸਨ। ਉਹ ਉਦਾਸ ਬੈਠਾ ਸੀ।

"ਕੀ ਗੱਲ ਸ਼ਾਨ!... ਅੱਜ ਤੂੰ ਚੀਜੀ ਲੈਣ ਨਹੀਂ ਜਾਣਾ....!" ਉਦਾਸੀ ਦੂਰ ਕਰਨ ਲਈ ਮੈਂ ਉਸਦੀ ਮਨਪਸੰਦ ਗੱਲ ਛੇੜੀ

ਪਰ ਉਸਨੇ ਨਾ-ਪਸੰਦ ਕਰ ਦਿੱਤੀ, "ਨਹੀਂ ਪਾਪਾ...!"

ਉਹ ਹਰ ਸ਼ਾਮ ਮੇਰੇ ਨਾਲ ਸਕੂਟਰੀ 'ਤੇ ਚੀਜੀ ਲੈਣ ਬਜ਼ਾਰ ਜਾਂਦਾ ਸੀ।

ਉਸਦੀ ਨਾਂਹ ਸੁਣ ਮੈਂ ਡਰ ਗਿਆ। ਸ਼ਾਇਦ ਉਹ ਪਤੰਗ ਕੱਟ ਜਾਣ ਕਾਰਨ ਉਦਾਸ ਸੀ।

ਉਸ ਕੋਲ ਜਗਮੋਹਨ ਕਨੌਂਜੀਆ ਦੀ ਸੂਤੀ ਦੇਸੀ ਡੋਰ ਸੀ। ਸ਼ਾਇਦ ਉਹ ਚਾਈਨਾ ਡੋਰ ਨਾਲ ਪਤੰਗ ਚੜ੍ਹਾਉਣਾ ਚਾਹੁੰਦਾ ਸੀ।

"ਸ਼ਾਨ !... ਤੂੰ ਅੱਜ ਦੁਕਾਨ ਵੀ ਨਹੀਂ ਖੋਲ੍ਹੀ!... ਬਜ਼ਾਰ ਵੀ ਨਹੀਂ ਸਜਾਇਆ....!" ਉਸਦੀ ਰਮਜ਼ ਪਛਾਨਣ ਲਈ ਮੈਂ ਗੱਲ ਪਲਟੀ।

ਪਰ ਨਾਂਹ ਵਿਚ ਸਿਰ ਹਿਲਾ ਉਸਨੇ ਨੀਵੀਂ ਪਾ ਲਈ, "ਅੱਜ ਦੁਕਾਨ ਨਹੀਂ ਖੁੱਲ੍ਹੇਗੀ!... ਅੱਜ ਬਜ਼ਾਰ ਨਹੀਂ ਸਜੇਗਾ ਪਾਪਾ...!"

"ਪਰ ਕਿਉਂ ਬੱਚੇ...!" ਮੈਂ ਪਿਆਰ ਨਾਲ ਉਸਦੀ ਠੋਡੀ ਉੱਪਰ ਚੁੱਕੀ

"ਕਿਉਂਕਿ ਅੱਜ ਇਕ ਬੱਚਾ ਮਰ ਗਿਆ ਪਾਪਾ...!" ਉਹ ਹੱਥ ਜੋੜ ਕੇ ਖੜ੍ਹ ਗਿਆ

ਮੈਂ ਉਸਦੇ ਕੰਬਦੇ ਹੱਥ ਫੜ ਲਏ। ਉਹ ਰਾਖ ਨਾਲ ਲਿੱਬੜੇ ਹੋਏ ਸਨ।

"ਇਹ ਤਿਤਲੀਆਂ ਦੀ ਰਾਖ ਏ...!" ਰਸਕਿਨ ਬੌਂਡ ਆਪਣੀਆਂ ਅੱਖਾਂ ਪੂੰਝਣ ਲੱਗਾ

ਮਹਿਮੂਦ ਮੇਰੀਆਂ ਅੱਖਾਂ ਪੂੰਝਣ ਲੱਗਾ।

ਉਸਦੀ ਸਫੈਦ ਦਾੜ੍ਹੀ 'ਤੇ ਬੈਠੀ ਤਿਤਲੀ ਮੇਰੀ ਸਫੈਦ ਦਾੜ੍ਹੀ ਉੱਪਰ ਆ ਬੈਠੀ।

ਮੈਂ ਸ਼ਾਨਵੀਰ ਵੱਲ ਵੇਖਿਆ। ਉਹ ਵਿਧੂ ਦੀਆਂ ਅੱਧ ਸੜੀਆਂ ਚੱਪਲਾਂ ਚੁੱਕੀਂ ਖੜ੍ਹਾ



ਸੀ।

ਉਸ ਦੀਆਂ ਅੱਖਾਂ ਵਿੱਚ ਤਿਤਲੀ ਉੱਡ ਰਹੀ ਸੀ।

***

## 'ਸਫੇਦ ਦਾੜ੍ਹੀ 'ਤੇ ਬੈਠੀ ਤਿਤਲੀ' ਉੱਤੇ ਹੋਈ ਵਿਚਾਰ-ਚਰਚਾ

**ਜਸ ਮੰਡ**: ਕਹਾਣੀ ਦੀ ਸ਼ੁਰੂਆਤ ਰੌਚਕ ਹੈ। ਦੋ ਪਾਤਰ, ਜਿਹੜੇ ਕਹਾਣੀ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਨਾਲ ਚਲਦੇ ਹਨ, ਉਹ ਦੋਵੇਂ ਅਤੀਤ ਦੇ ਪਾਤਰ ਹਨ। ਮਹਿਮੂਦ ਦੇ ਪਾਤਰ ਨੂੰ ਰਸਕਿਨ ਬਾਂਡ ਦੀ ਕਹਾਣੀ ਵਿਚੋਂ ਲਿਆ ਗਿਆ ਹੈ। ਪਰੰਤੂ ਅੱਗੇ ਜਾ ਕੇ ਕਹਾਣੀ ਵਿਚ ਉਪਰੋਥਲੀ ਬਹੁਤ ਸਾਰੇ ਪਾਤਰ ਦਾਖਲ ਹੋਈ ਜਾਂਦੇ ਹਨ, ਬਹੁਤ ਸਾਰੀਆਂ ਘਟਨਾਵਾਂ ਵਾਪਰੀ ਜਾਂਦੀਆਂ ਹਨ। ਚਾਇਨਾ ਡੋਰ ਨਾਲ ਇਕ ਨਹੀਂ, ਤਿੰਨ-ਚਾਰ ਦੁਰਘਟਨਾਵਾਂ ਵਾਪਰਦੀਆਂ ਹਨ। ਮੁੱਦੇ ਵੀ ਅਨੇਕਾਂ ਚੁੱਕੇ ਜਾਂਦੇ ਹਨ। ਪਤੰਗ ਫਿਕਸਿੰਗ ਦਾ, ਧਰਮ ਦਾ, ਜਾਤੀ ਦਾ, ਵੋਟ ਰਾਜਨੀਤੀ, ਪੁਲਿਸ ਕੁਰਪਸ਼ਨ, ਫਿਰਕੂ ਦੰਗੇ। ਫੇਰ ਅੰਤ ਨੂੰ ਸੁਖਾਵਾਂ ਕਰਨ ਲਈ ਬੱਚੇ ਵਲੋਂ ਦੰਗਿਆਂ ਨੂੰ ਗਲਤ ਕਰਾਰ ਦੇਂਦੇ ਵਿਖਾਇਆ ਜਾਂਦਾ ਹੈ। ਇਹ ਸਭ ਕੁਝ ਕਹਾਣੀ ਵਿਚ ਸਹਿਜ ਨਹੀਂ ਜਾਪਦਾ, ਜਬਰਦਸਤੀ ਘਸੋੜਿਆ ਹੋਇਆ ਲਗਦਾ। ਕਦੀ ਲਗਦਾ ਹੈ ਕਿ ਇਹ ਵਿਕਾਸ ਦੇ ਅਜੋਕੇ ਮਾਡਲ ਦੇ ਖਿਲਾਫ ਖੜੋਤੀ ਕਹਾਣੀ ਹੈ। ਚਾਇਨਾ ਡੋਰ ਦੇ ਮੁਕਾਬਲੇ ਦੇਸੀ ਡੋਰ। ਪਹਿਲਾਂ ਆਪਸੀ ਭਾਈਚਾਰਾ ਹੁੰਦਾ ਸੀ, ਹੁਣ ਮੁੰਡੇ ਦੀ ਲੱਤ ਟੁੱਟ ਗਈ ਤਾਂ ਕੋਈ ਖਬਰ ਵੀ ਲੈਣ ਨਹੀਂ ਆਇਆ। ਅਲੀ ਦੇ ਮਹਿਮੂਦ ਦੀ ਗੱਲ੍ਹ ਉੱਤੇ ਚੁੰਮਣ ਦੇ ਮੁਕਾਬਲੇ ਵਿਚ ਪਤੰਗ ਫਿਕਸਿੰਗ ਵਾਲੇ ਦਾ ਚੁੰਮਣ, ਟਾਵਰ ਦਾ ਧਰਮ ਸਥਾਨ ਤੋਂ ਉੱਚਾ ਹੋਣਾ। ਬਾਅਦ ਵਿਚ ਜਾਪਦਾ ਹੈ ਕਿ ਇਹ ਸਾਡੇ ਸਮਾਜ ਅਤੇ ਸਿਸਟਮ ਵਿਚ ਆਏ ਨਿਘਾਰ ਦੀ ਕਹਾਣੀ ਹੈ। ਕਹਾਣੀ ਦਾ ਕੋਈ ਇਕ ਕੇਂਦਰੀ ਮੁੱਦਾ ਨਹੀਂ ਬਣਦਾ। ਘਟਨਾਵਾਂ ਨੂੰ ਲਈਏ ਤਾਂ ਪਤਾ ਹੀ ਨਹੀਂ ਲਗਦਾ ਕਿ ਪਤੰਗ ਕੌਣ ਉਡਾ ਰਿਹਾ ਸੀ, ਪੇਚੇ ਕੌਣ ਲਾ ਰਿਹਾ ਸੀ, ਕਿਹਦਾ ਪਤੰਗ ਕੱਟਿਆ ਗਿਆ ਤੇ ਸ਼ਰਤਾਂ ਕੌਣ ਲਾ ਰਿਹਾ ਸੀ! ਸੰਘਣੇਪਨ ਅਤੇ ਕੇਂਦਰ ਬਿੰਦੂ ਦੀ ਘਾਟ ਸਦਕਾ ਪਾਠਕ ਦਾ ਧਿਆਨ ਭਟਕਦਾ ਰਹਿੰਦਾ। ਕਹਾਣੀ ਦੀ ਯੁਗਤ ਅਤੇ ਸ਼ੈਲੀ ਮਿਆਰੀ ਹੋਣ ਦੇ ਬਾਵਜੂਦ ਕੁੱਲ ਮਿਲਾ ਕੇ ਇਹ ਕਹਾਣੀ ਜਸਵੀਰ ਰਾਣਾ ਦੇ ਮਿਆਰ ਤੋਂ ਊਣੀ ਰਹਿ ਜਾਂਦੀ ਹੈ।

**ਮਹਿਲ ਸਿੰਘ**: ਜਿਵੇਂ ਜਸ ਮੰਡ ਨੇ ਕਿਹਾ ਹੈ ਕਿ ਕਹਾਣੀ ਵਿਚ ਇਕ ਥੀਮ ਨਾਲ ਬੱਝਿਆ ਹੋਇਆ ਨੈਰੇਸ਼ਨ ਨਹੀਂ ਹੈ। ਜਿਹੜੀ ਕਹਾਣੀ ਵਿਚ ਥੀਮਕ ਇਕਾਈ ਜੁੜਵੀਂ ਤੇ ਜੋਰਦਾਰ ਨਾ ਹੋਵੇ, ਉਹ ਚੇਤੇ ਵਿਚ ਵਸਣ ਵਾਲੀ ਕਹਾਣੀ ਨਹੀਂ ਬਣਦੀ। ਪਾਤਰਾਂ, ਥੀਮ ਅਤੇ ਨੈਰੇਸ਼ਨ, ਇਨ੍ਹਾਂ ਦਾ ਆਪੋ ਵਿਚਲੇ ਤਾਲਮੇਲ ਇਸ ਕਹਾਣੀ ਵਿਚ ਬਹੁਤ ਕਮਜ਼ੋਰ ਹੈ।

**ਰਜਨੀਸ਼ ਬਹਾਦਰ**: ਮੇਰੇ ਹਿਸਾਬ ਨਾਲ ਇਹ ਗੱਲ ਠੀਕ ਨਹੀਂ ਕਿ ਕਹਾਣੀ ਵਿਚ ਕੇਂਦਰੀ ਤੰਦ ਦੀ ਕਮੀ ਹੈ। ਜਦੋਂ ਮਸ਼ੀਨਾਂ ਨੇ ਦਸਤਕਾਰੀ ਦੀ ਜਗਾਹ ਲੈਣੀ ਸ਼ੁਰੂ ਕੀਤੀ, ਉਸਨੇ ਸਿਰਫ ਕਲਾ ਨੂੰ ਹੀ ਨਸ਼ਟ ਨਹੀਂ ਕੀਤਾ, ਬਲਕਿ ਭਾਈਚਾਰਕ ਸਾਂਝ ਨੂੰ ਵੀ ਤੋੜਿਆ, ਅਤੇ ਮੈਚ ਫਿਕਸਿੰਗ, ਰਾਜਨੀਤੀ ਅਤੇ ਪ੍ਰਸ਼ਾਸਨ ਵਿਚ ਨਿਘਾਰ, ਜਾਤੀ ਸੰਘਰਸ਼, ਫਿਰਕੂ ਫਸਾਦਾਂ ਆਦਿ ਨੂੰ ਵੀ ਹਵਾ ਦਿੱਤੀ। ਜੀਵਨ ਵਿਚ ਪਏ ਖਲਲ ਨੂੰ ਇਹ ਕਹਾਣੀ ਬਿਆਨ

ਕਰਦੀ ਹੈ। ਕਬਰ ਉੱਤੇ ਡਿਗਦਾ ਪੱਤਾ ਸਿਸਟਮ ਦੇ ਢਹਿ ਢੇਰੀ ਹੋਣ ਦਾ ਪ੍ਰਤੀਕ ਹੈ। ਸ਼ਾਇਦ ਇਸ ਕਹਾਣੀ ਨੂੰ ਰੁਕ-ਰੁਕ ਕੇ, ਹਰ ਨੁਕਤੇ ਵੱਲ, ਹਰ ਪ੍ਰਤੀਕ ਵੱਲ ਧਿਆਨ ਦੇ ਕੇ ਪੜ੍ਹਨ ਦੀ ਜ਼ਰੂਰਤ ਹੈ। ਜਸ ਮੰਡ ਅਤੇ ਮਹਿਲ ਸਿੰਘ ਹੁਰਾਂ ਦੀ ਗੱਲ ਤੋਂ ਇਹ ਲਗਦਾ ਹੈ ਕਿ ਕਹਾਣੀ ਦੇ ਸੰਚਾਰ ਵਿਚ ਕੋਈ ਕਮੀ ਤਾਂ ਹੈ। ਜਦੋਂ ਸੰਚਾਰ ਵਿਚ ਕਮੀ ਹੋਵੇ, ਉਦੋਂ ਦ੍ਰਿਸ਼ਟੀ ਵਿਚ ਵੀ ਧੁੰਦਲਕਾ ਦਿਸਦਾ ਹੈ।

**ਬਲਬੀਰ ਪਰਵਾਨਾ**: ਇਸ ਕਹਾਣੀ ਦੀਆਂ ਦੋ ਗੱਲਾਂ ਖ਼ੂਬਸੂਰਤ ਹਨ: ਇਕ ਤਾਂ ਇਸਦੀ ਭਾਸ਼ਾ ਦੀ ਖ਼ੂਬਸੂਰਤੀ, ਦੂਜਾ ਸਮਕਾਲੀ ਦੌਰ ਦਾ ਚਿਤਰਣ। ਸਾਫ ਦਿਸਦਾ ਹੈ ਕਿ ਕਿਸ ਦੌਰ ਵਿਚ ਕਹਾਣੀ ਲਿਖੀ ਜਾ ਰਹੀ ਹੈ, ਅਤੇ ਇਸ ਦੌਰ ਵਿਚ ਕੀ ਕੁਝ ਵਾਪਰ ਰਿਹਾ ਹੈ। ਬਿਰਤਾਂਤ ਤਾਂ ਹੈ, ਪਰੰਤੂ ਕਹਾਣੀ ਨਹੀਂ ਬਣਦੀ ਲਗਦੀ। ਨਾ ਪਾਤਰਾਂ ਦੇ ਮਨਾਂ 'ਚ ਕੋਈ ਤਣਾਅ ਦਿਸਦਾ ਹੈ, ਤੇ ਨਾ ਹੀ ਪਾਠਕ ਦੇ ਮਨ ਵਿਚ ਕੋਈ ਤਣਾਅ ਉਪਜਦਾ ਹੈ।

ਰੀਟਾ ਸਵਾਮੀ: ਇਕ ਪਾਠਕ ਦੇ ਤੌਰ 'ਤੇ ਮੈਨੂੰ ਇਹ ਕਹਾਣੀ ਬਿਲਕੁਲ ਹੀ ਰੌਚਕ ਨਹੀਂ ਲੱਗੀ। ਤੁਸੀਂ ਸਾਰਿਆਂ ਨੇ ਕਹਾਣੀ ਇਸ ਲਈ ਪੜ੍ਹੀ, ਕਿਉਂਕਿ ਗੋਸ਼ਟੀ ਲਈ ਚੁਣੀ ਗਈ। ਜਿਹੜੀਆਂ ਗੱਲਾਂ ਰਜਨੀਸ਼ ਹੁਰਾਂ ਨੇ ਲੱਭੀਆਂ, ਉਸ ਵਿਚ ਉਨ੍ਹਾਂ ਦਾ ਟੇਲੈਂਟ ਹੈ, ਕਹਾਣੀ ਦਾ ਨਹੀਂ। ਜੇ ਕਹਾਣੀ ਪਾਠਕ ਤਾਈਂ ਪਹੁੰਚਦੀ ਹੀ ਨਹੀਂ, ਤਾਂ ਉਹ ਪੜ੍ਹੇਗਾ ਕਿਉਂ ?

**ਬਲਜੀਤ ਕੌਰ**: ਜਸਵੀਰ ਰਾਣਾ ਵਰਤਾਰਿਆਂ ਪ੍ਰਤੀ ਸੁਚੇਤ ਲੇਖਕ ਹੈ, ਭਵਿਖਮੁਖੀ ਹੈ। ਪਰੰਤੂ ਉਨ੍ਹਾਂ ਵਰਤਾਰਿਆਂ ਨੂੰ ਜਦੋਂ ਕਹਾਣੀ ਵਿਚ ਲੈ ਕੇ ਆਉਣਾ ਤਾਂ ਜਟਿਲਤਾ ਤੋਂ ਬਚਣਾ ਚਾਹੀਦਾ ਹੈ। ਇਸ ਕਹਾਣੀ ਨੂੰ ਪੜ੍ਹ ਕੇ ਇਹ ਗੱਲ ਸਾਫ ਨਹੀਂ ਹੁੰਦੀ ਕਿ ਇਹ ਟੈਕਸਟ ਕੀ ਕਹਿ ਰਹੀ ਹੈ ? ਅੰਦਾਜ਼ਾ ਤਾਂ ਲਗਦਾ ਹੈ ਕਿ ਕਹਾਣੀ ਵਿਸ਼ਵੀਕਰਨ ਦੀਆਂ ਅਲਾਮਤਾਂ ਦੀ ਗੱਲ ਕਰਦੀ ਹੈ, ਪਰੰਤੂ ਕੁੱਲ ਮਿਲਾ ਕੇ ਇਹ ਮੁੱਦਾ ਉਭਰਦਾ ਨਹੀਂ। ਇਕ ਸਵਾਲ ਇਹ ਵੀ ਹੈ ਕਿ ਕੀ ਨਿੱਕੀ ਕਹਾਣੀ ਵਿਚ ਬਹੁਤ ਸਾਰੇ ਵਿਸ਼ਿਆਂ ਨੂੰ ਲੈ ਕੇ ਆਉਣਾ ਠੀਕ ਹੈ, ਜਾਂ ਇਕੋ ਵਿਸ਼ੇ ਉੱਤੇ ਕੇਂਦਰਤ ਰਹਿਣਾ ਹੁੰਦਾ ਹੈ ! ਜਸਵੀਰ ਰਾਣਾ ਕੋਲ ਭਾਸ਼ਾ ਵੀ ਹੈ, ਯੁਗਤ ਵੀ ਹੈ, ਪਰੰਤੂ ਇਹ ਕਹਾਣੀ ਸੰਗਠਨ ਦੇ ਪੱਖ ਤੋਂ ਢਿੱਲੀ ਨਜ਼ਰ ਆਉਂਦੀ ਹੈ।

**ਰਮਿੰਦਰ ਕੌਰ**: ਕਹਾਣੀ ਵਿਚ ਵਿਸ਼ਿਆਂ ਦਾ ਘੜਮੱਸ ਵੇਖੋ: ਸਮਕਾਲ, ਜਾਤ ਬਰਾਦਰੀ, ਆਪਸੀ ਭਾਈਚਾਰਾ, ਮੰਡੀ ਸਭਿਆਚਾਰ, ਕਤਲ, ਮੌਤਾਂ, ਫਿਰਕੂ ਫਸਾਦ, ਨੈਤਿਕਤਾ, ਰਾਜਨੀਤੀ, ਕੁਰਪਸ਼ਨ, ਆਦਿ। ਗਿਆਨ ਤਾਂ ਹੈਗਾ, ਪਰ ਕਹਾਣੀ ਵਿਚ ਬੁਣਿਆ ਨਹੀਂ ਗਿਆ। ਪ੍ਰਤੀਕਾਂ ਦੀ ਵੀ ਭਰਮਾਰ ਹੈ। ਜਸਵੀਰ ਰਾਣਾ ਨੇ ਬਹੁਤ ਵਧੀਆ ਕਹਾਣੀਆਂ ਵੀ ਲਿਖੀਆਂ ਨੇ।

**ਜਿੰਦਰ**: ਮੈਨੂੰ ਇਹ ਕਹਾਣੀ ਚੰਗੀ ਲੱਗੀ। ਮੈਨੂੰ ਪਤਾ ਹੈ ਕਿ ਜਸਵੀਰ ਰਾਣਾ ਪੜ੍ਹਦਾ ਬਹੁਤ ਹੈ। ਇਹ ਜ਼ਰੂਰੀ ਨਹੀਂ ਕਿ ਕਹਾਣੀ ਹਰ ਪਾਠਕ ਨੂੰ ਸਮਝ ਆਵੇ, ਜਾਂ ਚੰਗੀ ਲੱਗੇ। ਤੁਸੀਂ ਇਹ ਨਹੀਂ ਕਰ ਸਕਦੇ ਕਿ ਇਕ ਚੌਖਟਾ ਬਣਾ ਲਿਆ, ਤੇ ਹਰ ਕਹਾਣੀ ਓਸ ਚੌਖਟੇ ਵਿਚ ਫਿੱਟ ਹੋਣੀ ਚਾਹੀਦੀ ਹੈ।

**ਜਨਮੀਤ**: ਗਿਆਨ ਆਪਣੇ ਥਾਂ ਹੈ, ਪਰੰਤੂ ਉਸਨੂੰ ਫਿਕਸ਼ਨ ਵਿਚ ਢਾਲਣਾ ਹੋਰ ਗੱਲ ਹੈ। ਫਿਕਸ਼ਨ ਵਿਚ ਜਿਹੜਾ ਕਥਾ ਰਸ ਹੋਣਾ ਚਾਹੀਦਾ, ਉਸਨੂੰ ਤੁਸੀਂ ਮਨਫੀ ਨਹੀਂ ਕਰ ਸਕਦੇ।



**ਬਲਵਿੰਦਰ ਗਰੇਵਾਲ**: ਕਹਾਣੀ ਵਿਚ ਆਈਆਂ ਘਟਨਾਵਾਂ ਤੋਂ ਅਸੀਂ ਸਾਰੇ ਜਾਣੂ ਹਾਂ, ਪਰੰਤੂ ਇਨ੍ਹਾਂ ਘਟਨਾਵਾਂ ਨੂੰ ਲੈ ਕੇ ਜਿਸ ਤਰ੍ਹਾਂ ਦੇ ਗਲਪੀਕਰਨ ਦੀ ਜ਼ਰੂਰਤ ਸੀ, ਉਹਦੀ ਘਾਟ ਤਾਂ ਰੜਕ ਹੀ ਰਹੀ ਹੈ।

**ਕੁਲਵੰਤ ਸੰਧੂ**: ਇਸ ਕਹਾਣੀ ਵਿਚ ਮਹੱਤਵਪੂਰਨ ਗੱਲ ਇਹ ਹੈ ਕਿ ਕਿਵੇਂ ਮਸੂਮ ਬੱਚਿਆਂ ਦੀ ਇਕ ਖੇਡ ਦਾ ਪਹਿਲਾਂ ਵਪਾਰੀਕਰਨ ਹੁੰਦਾ ਹੈ, ਫੇਰ ਉਸਨੂੰ ਰਾਜਨੀਤੀ ਲਈ ਅਤੇ ਫਿਰਕੂ ਫਸਾਦਾਂ ਲਈ ਵਰਤਿਆ ਜਾਂਦਾ। ਇਹ ਸਭ ਕੁਝ ਸਾਡੇ ਅੰਦਰਲੀ ਮਨੁੱਖਤਾ ਨੂੰ ਤਾਂ ਮਾਰ ਹੀ ਰਿਹਾ ਹੈ, ਬੱਚਿਆਂ ਦੀ ਮਸੂਮੀਅਤ ਨੂੰ ਵੀ ਖਤਮ ਕਰ ਰਿਹਾ ਹੈ। ਬਜ਼ੁਰਗਾਂ ਤੋਂ ਬੱਚੇ ਦਾ ਚੁੰਮਣ ਵੀ ਖੁਸ ਗਿਆ, ਬੱਚੇ ਦੀ ਪਤੰਗ ਨਾਲ ਸੰਬੰਧਤ ਰਚਨਾਤਮਕਤਾ ਵੀ ਖੁਸ ਗਈ। ਸਾਰਿਆਂ ਦੀ ਖੁਸ਼ੀ ਖੋਹੀ ਗਈ ਹੈ, ਦਹਿਸ਼ਤ ਪੈਦਾ ਹੋਈ ਹੈ। ਸੰਗਠਨ ਦੀਆਂ ਕਮੀਆਂ ਦੇ ਬਾਵਜੂਦ ਇਹ ਕਹਾਣੀ ਸਾਨੂੰ ਸਮਕਾਲ ਦੇ ਮਹੱਤਵਪੂਰਨ ਵਰਤਾਰਿਆਂ ਬਾਰੇ ਸੁਚੇਤ ਕਰਦੀ ਹੈ।

**ਬਲਬੀਰ ਪਰਵਾਨਾ**: ਸੰਚਾਰ ਦੀ ਸਮਸਿਆ ਦਾ ਇਕ ਕਾਰਨ ਇਹ ਵੀ ਹੋ ਸਕਦਾ ਕਿ ਰਸਕਿਨ ਬਾਂਡ ਦੀ ਜਿਸ ਕਹਾਣੀ ਨੂੰ ਯੁਗਤ ਵਜੋਂ ਵਰਤਿਆ ਗਿਆ ਹੈ, ਜੇ ਉਸ ਤੋਂ ਪਾਠਕ ਜਾਣੂ ਨਹੀਂ।

**ਸ਼ਰਨਜੀਤ ਕੌਰ**: ਬਹਿਸ ਦੌਰਾਨ ਵਾਰ-ਵਾਰ ਇਹ ਗੱਲ ਆਈ ਹੈ ਕਿ ਥੀਮ ਦੇ ਪੱਖ ਤੋਂ ਵੀ ਅਤੇ ਨਿਭਾਅ ਦੇ ਪੱਖ ਤੋਂ ਵੀ ਇਹ ਕਹਾਣੀ ਕਮਜ਼ੋਰ ਹੈ। ਥੀਮਕ ਪੱਖ ਤੋਂ ਇਹ ਕਹਾਣੀ ਇਕ ਵਿਅਕਤੀ ਦੀ ਬਜਾਏ ਮੰਡੀ ਸਭਿਆਚਾਰ ਵਿਚ ਮੁਕਾਬਲੇ ਦੀ ਪ੍ਰਧਾਨਤਾ ਨੂੰ ਰੂਪਮਾਨ ਕਰ ਰਹੀ ਹੈ। ਪਤੰਗ ਉਡਾਉਣ ਵਿਚ ਵੀ ਮੁਕਾਬਲਾ ਹੈ, ਜਾਤੀਆਂ ਵਿਚ ਵੀ ਮੁਕਾਬਲਾ ਹੈ, ਰਾਜਨੀਤੀ ਵਿਚ ਵੀ ਮੁਕਾਬਲਾ ਹੈ। ਸੱਤਾ, ਸ਼ਕਤੀ, ਪੈਸੇ ਦੀ ਹੋੜ, ਸਾਡੇ ਲਈ ਮਹੱਤਵਪੂਰਨ ਬਣ ਚੁੱਕੇ ਨੇ। ਟੈਕਨੌਲੌਜੀ ਨਾਲ ਸਹੂਲਤਾਂ ਪੈਦਾ ਹੋਣ ਦੇ ਨਾਲ-ਨਾਲ ਇਨਸਾਨੀਅਤ ਛਿੱਕੇ 'ਤੇ ਟੰਗੀ ਜਾ ਰਹੀ ਹੈ। ਇਸ ਵਰਤਾਰੇ ਦਾ ਖ਼ੌਫਨਾਕ ਚਿਤਰਣ ਇਹ ਕਹਾਣੀ ਬਾਕਮਾਲ ਢੰਗ ਨਾਲ ਕਰ ਰਹੀ ਹੈ। ਮੈਨੂੰ ਇਹ ਕਹਾਣੀ ਜਟਿਲ ਨਹੀਂ ਲੱਗੀ। ਹਾਂ, ਕੁਝ ਵਾਧੂ ਵੇਰਵੇ ਜ਼ਰੂਰ ਜਾਪੇ ਹਨ। ਕਹਾਣੀ ਦੇ ਸਿਰਲੇਖ ਮੁਤਾਬਕ ਇਹ ਕਹਾਣੀ ਉਂਝ ਨਹੀਂ ਖੁਲਦੀ, ਜਿਵੇਂ ਜਸਵੀਰ ਰਾਣਾ ਆਮ ਤੌਰ 'ਤੇ ਆਪਣੀਆਂ ਕਹਾਣੀਆਂ ਨੂੰ ਖੋਲ੍ਹਦਾ ਹੈ। ਬਿਰਤਾਂਤ ਭਾਰੂ ਹੋਣ ਕਰਕੇ ਕਥਾਰਸ ਫਿੱਕਾ ਪੈ ਰਿਹਾ ਹੈ। ਹੋ ਸਕਦਾ ਹੈ ਕਿ ਅਸੀਂ ਜਸਵੀਰ ਰਾਣਾ ਨੂੰ ਉਸੇ ਦੀਆਂ ਹੋਰ ਵੱਡੀਆਂ ਕਹਾਣੀਆਂ ਨਾਲ ਜਦੋਂ ਤੋਲਦੇ ਹਾਂ, ਤਾਂ ਇਹ ਹਲਕੀ ਰਹਿ ਜਾਂਦੀ ਹੋਵੇ !

**ਜਸਵੀਰ ਰਾਣਾ**: ਤੁਸੀਂ ਸਾਰਿਆਂ ਨੇ ਬਹੁਤ ਸੁਹਣੀਆਂ ਗੱਲਾਂ ਕੀਤੀਆਂ। ਇਕ ਚੰਗੀ ਕਹਾਣੀ ਦੇ ਕਿਹੜੇ ਗੁਣ ਹੋਣੇ ਚਾਹੀਦੇ ਹਨ, ਇਹਦੇ ਬਾਰੇ ਸਿੱਖਣ ਨੂੰ ਮਿਲਿਆ। ਮੇਰੇ ਕੋਲ ਕਹਿਣ ਵਾਲੀ ਜਿਹੜੀ ਗੱਲ ਸੀ, ਉਸਨੂੰ ਮੈਂ ਆਪਣੇ ਤਰੀਕੇ ਨਾਲ ਲਿਖਿਆ, ਕਿੰਨਾ ਕੁ ਸਮਝ ਆਇਆ, ਇਸ ਉੱਤੇ ਵੀ ਕਹਾਣੀ ਦਾ ਚੰਗਾ-ਮਾੜਾ ਹੋਣਾ ਨਿਰਭਰ ਕਰਦਾ ਹੈ। ਅੱਗੇ ਤੋਂ ਤੁਹਾਡੇ ਸੁਝਾਵਾਂ ਦਾ ਖਿਆਲ ਰੱਖਾਂਗਾ।

***

**ਕਹਾਣੀ**

# ਕੋਈ ਹੋਰ ਨਹੀਂ

**ਬਿੰਦਰ ਬਸਰਾ**

ਮੈਨੂੰ ਸੀਟ ਬੈਲਟ ਲਾਉਂਦਿਆਂ ਦੇਖ ਡਰਾਈਵਰ ਨੇ ਸੈਲਫ ਮਾਰੀ। ਕਾਰ ਹੌਲੀ-ਹੌਲੀ ਤੁਰ ਪਈ। ਮੋੜ-ਘੋੜ ਕੱਟਦਿਆਂ ਪਿੰਡੋਂ ਬਾਹਰ ਨਿਕਲ ਕਾਰ ਨੇ ਚਾਲ ਫੜੀ ਤਾਂ ਮੇਰੀਆਂ ਸੋਚਾਂ ਵੀ ਦੌੜਨ ਲੱਗੀਆਂ। ਸੋਚਾਂ ਦੀ ਇਹ ਦੌੜ ਕਾਰ ਦੀ ਸਪੀਡ ਨਾਲੋਂ ਕਿਤੇ ਵੱਧ ਤਿੱਖੀ ਹੈ। ਹੁਣ ਇਹ ਦੌੜ ਪਹਿਲਾਂ ਵਾਂਗ ਫ਼ਿਕਰ ਵਾਲੀ ਨਹੀਂ ਬਲਕਿ ਤਸੱਲੀ ਵਾਲੀ ਏ। ਮਨ ਪੂਰਾ ਹੁਲਾਰੇ 'ਚ ਹੈ। ਇਹੀ ਮਨ ਕਈ ਚਿਰਾਂ ਤੋਂ ਚਿੰਤਾ ਦੀਆਂ ਘੁੰਮਣਘੇਰੀਆਂ 'ਚ ਫਸਿਆ ਹੋਇਆ ਸੀ। ਇਕ ਚਿੰਤਾ ਰਤਾ ਕੁ ਸਾਹ ਲੈਣ ਦਿੰਦੀ ਤਾਂ ਦੂਜੀ ਮੂੰਹ ਅੱਡੀ ਖੜ੍ਹੀ ਹੁੰਦੀ। ਹਫ਼ਤਾ ਕੁ ਪਹਿਲਾਂ ਬੇਟੇ ਨੂੰ ਜਹਾਜ਼ ਚੜ੍ਹਾ ਕੇ ਮਨ ਥੋੜ੍ਹਾ ਥਾਂ ਸਿਰ ਹੋਇਆ ਹੈ। ਨਹੀਂ ਤਾਂ ਭਟਕਣ ਬੇਲਗਾਮ ਹੋਈ ਫਿਰਦੀ ਸੀ। ਮੇਰਾ ਇਹੋ ਜਿਹਾ ਕੋਈ ਇਰਾਦਾ ਤਾਂ ਨਹੀਂ ਸੀ ਕਿ ਇੱਕੋ ਇਕ ਪੁੱਤ ਨੂੰ ਵਿਦੇਸ਼ ਤੋਰਾਂ ਪਰ ਕਈ ਵਾਰ ਨਿੱਕੀ ਜਿਹੀ ਗੱਲ ਹੀ ਭਟਕਾ ਦਿੰਦੀ ਹੈ। ਅੱਜ ਵੀ ਮੇਰਾ ਕਿੱਧਰੇ ਜਾਣ ਦਾ ਮਨ ਤਾਂ ਨਹੀਂ ਸੀ ਪਰ ਅਮਰੀਕਾ ਰਹਿੰਦਾ ਤਾਏ ਦਾ ਪੁੱਤ ਕੋਈ ਨਾ ਕੋਈ ਕੰਮ ਕੱਢੀ ਰੱਖਦਾ ਏ। ਉਹਦੇ ਅਹਿਸਾਨਾਂ ਕਰਕੇ ਨਾਂਹ ਵੀ ਨਹੀਂ ਹੁੰਦੀ। ਅੱਜ ਵੀ ਉਸ ਵਲੋਂ ਜ਼ਿੰਮੇ ਲਾਏ ਕੰਮ ਹੀ ਜਾ ਰਿਹਾਂ।

ਮੇਰੇ ਦੋਸਤ ਅਮਰੀਕ ਸਿੰਘ ਦੇ ਦੋਵੇਂ ਮੁੰਡੇ ਕੈਨੇਡਾ 'ਚ ਪੱਕੇ ਨੇ। ਉਹ ਜਦੋਂ ਵੀ ਮਿਲਦਾ ਬੱਚਿਆਂ ਨੂੰ ਬਾਹਰ ਭੇਜ ਦੇਣ ਦੀ ਸਲਾਹ ਦਿੰਦਾ। ਗੱਲ ਉਹ ਸਰਕਾਰੀ ਨੌਕਰੀਆਂ ਤੋਂ ਸ਼ੁਰੂ ਕਰਦਾ। ਨੌਕਰੀਆਂ ਅੱਜ ਕੱਲ੍ਹ ਕਿੱਥੇ ਮਿਲਦੀਆਂ। ਫੇਰ ਆਖਦਾ, 'ਸਪਾਰਸ਼ ਹੋਵੇ ਜਾਂ ਪੈਸਾ ਤਾਂ ਜਾ ਕੇ ਕਿਤੇ ਗੱਲ ਬਣਦੀ ਏ। ਸਾਡੇ ਲੋਕਾਂ ਨੂੰ ਤਾਂ ਉਦਾਂ ਹੀ ਕੋਈ ਨੌਕਰੀ ਨ੍ਹੀਂ ਮਿਲਦੀ ਹੁਣ। ਧੁਆਨੂੰ ਅਜੇ ਮਿਲ ਜਾਂਦੀ ਏ। ਫੇਰ ਆਪ ਹੀ ਆਖਦਾ ਧੁਆਡੇ ਲਈ ਵੀ ਹੁਣ ਔਖਾ ਹੋ ਗਿਆ। ਦੁਨੀਆ ਪੜ੍ਹ ਈ ਬਾਹਲੀ ਗਈ ਏ। ਐਮੇਂ ਐਮੇਂ ਤਾਂ ਕਰੀ ਫਿਰਦੇ ਨੇ ਮੁੰਡੇ ਕੁੜੀਆਂ।' ਗੱਲ ਸਾਰੇ ਪਾਸੇ ਘੁੰਮ ਘੁਮਾ ਕੇ ਉਹਦਾ ਆਖ਼ਰੀ ਤੋੜਾ ਦੇਸ਼ ਦੇ ਰਾਜਸੀ ਤੇ ਆਰਥਿਕ ਹਾਲਾਤ 'ਤੇ ਹੁੰਦਾ। ਉਹਦੀ ਗੱਲ ਮੇਰੇ ਵੀ ਮਨ ਨੂੰ ਲੱਗਦੀ ਪਰ ਖ਼ਾਲੀ ਜੇਬ ਕਈ ਤਰ੍ਹਾਂ ਦੇ ਬਹਾਨੇ ਘੜਨ ਲਾ ਦਿੰਦੀ। ਜਦੋਂ ਦੀ ਬੇਟੇ ਦੀ ਡਿਗਰੀ ਮੁਕੰਮਲ ਹੋਈ ਉਦੋਂ ਦਾ ਉਹ ਕੁਝ ਜ਼ਿਆਦਾ ਹੀ ਖਹਿੜੇ ਪੈ ਗਿਆ। ਮੈਂ ਵੀ ਫਿਰ ਸੱਚ ਦੱਸ ਦਿੱਤਾ ਕਿ,'ਮਾਇਆ ਖੁਣੋਂ ਮੇਰੇ ਹੱਥ ਖੜ੍ਹੇ ਆ। ਜਿੰਨਾ ਪੀਐੱਫ ਸੀ ਉਹ ਮੈਂ ਮਕਾਨ ਬਣਾਉਣ 'ਤੇ ਲਾ ਦਿੱਤਾ। ਹੁਣ ਉਨੀ ਵੀਹ ਲੱਖ ਕਿੱਥੋਂ ਲਾਵਾਂ ?'

ਸੁਣ ਕੇ ਉਸ ਕੋਈ ਜਵਾਬ ਨਾ ਦਿੱਤਾ। ਕੁਝ ਚਿਰ ਬੈਠਾ ਰਿਹਾ ਫੇਰ ਚੁੱਪ ਕਰ ਕੇ ਚਲਾ ਗਿਆ। ਉਹਦੀ ਚੁੱਪ ਦੇਖ ਕੇ ਮੈਂ ਵੀ ਸੋਚਿਆ ਕਿ ਹੁਣ ਦੋਬਾਰਾ ਉਸ ਦੀ ਇਹ ਸਲਾਹ ਸੁਣਨ ਨੂੰ ਨਹੀਂ ਮਿਲੇਗੀ।

ਮਹੀਨਾ ਕੁ ਬਿਨਾਂ ਕਿਸੇ ਹਿਲਜੁਲ ਦੇ ਬੀਤ ਗਿਆ। ਇਕ ਦਿਨ ਉਹ ਮੇਰੇ ਉਸ ਸੰਕਟ ਦਾ ਵੀ ਹੱਲ ਲੱਭ ਲਿਆਇਆ। ਉਸ ਨੇ ਆਉਂਦਿਆਂ ਕਿਹਾ,' ਲੈ ਮੁੰਡੇ ਨੂੰ ਕਹਿ ਹੁਣ



ਡਟ ਕੇ ਕਰੇ ਤਿਆਰੀ, ਬਾਕੀ ਕੰਮ ਮੇਰਾ।'

ਮੈਂ ਸੋਚਿਆ ਸ਼ਾਇਦ ਉਸ ਦੇ ਮੁੰਡਿਆਂ ਨੇ ਕੋਈ ਤਰਕੀਬ ਦੱਸੀ ਹੋਵੇ ਜਿਹੜਾ ਉਹ ਏਨੇ ਦਾਅਵੇ ਨਾਲ ਕਹਿ ਰਿਹਾ ਹੈ। ਕੀ ਪਤਾ ਉਨ੍ਹਾਂ ਨੇ ਕਾਗਜ਼ ਬਣਾ ਕੇ ਭੇਜਣ ਬਾਰੇ ਕੁਝ ਕਿਹਾ ਹੋਵੇ।

ਫੇਰ ਮੈਨੂੰ ਲੱਗਾ ਕੀ ਪਤਾ ਉਹ ਖ਼ੁਦ ਪੈਸੇ ਖਰਚਣ ਲਈ ਤਿਆਰ ਹੋ ਗਿਆ ਹੋਵੇ। ਵੈਸੇ ਵੀ ਉਹਨੂੰ ਕੀ ਘਾਟਾ। ਦੋਹਾਂ ਮੁੰਡਿਆਂ ਦੇ ਕੈਨੇਡਾ 'ਚ ਆਪਣੇ ਫਾਰਮ ਨੇ। ਐਧਰ ਖੁੱਲ੍ਹੀ ਪੈਲੀ ਐ। ਲੱਖਾਂ 'ਚ ਤਾਂ ਠੇਕਾ ਹੀ ਆਉਂਦਾ। ਹੋ ਸਕਦਾ ਕਿਤੇ ਮਨ ਪਿਘਲ ਗਿਆ ਹੋਵੇ। ਲੰਮੀ ਦੋਸਤੀ ਦੀ ਸ਼ਰਮ ਆ ਗਈ ਹੋਵੇ।

ਮੈਂ ਭੇਦ ਜਾਣਨ ਲਈ ਪੁੱਛਿਆ, 'ਐਡਾ ਕਿਹੜਾ ਖ਼ਜ਼ਾਨਾ ਲੱਭ ਪਿਆ ਜਿਹੜਾ ਬੜਕਾਂ ਮਾਰਦਾ ਫਿਰਦੈਂ।'

'ਬਸ ਪੈਸੇ ਦੀ ਤੂੰ ਕੋਈ ਚਿੰਤਾ ਨਾ ਕਰ।'

'ਫੇਰ ਵੀ ਪਤਾ ਤਾਂ ਲੱਗੇ।' ਮੈਂ ਅਸਲੀ ਗੱਲ ਜਾਣਨ ਲਈ ਕਾਹਲਾ ਸਾਂ।

'ਕੁੜੀ ਤੁਆਡੀ ਬਰਾਦਰੀ ਦੀ ਮੈਂ ਲੱਭ ਲਈ ਏ।'

'ਮੈਂ ਕੁਝ ਸਮਝਿਆ ਨਹੀਂ। ਮੁੰਡੇ ਆਲੇ ਕੁੜੀਆਂ ਲਈ ਰਕਮਾਂ ਖ਼ਰਚਦੇ ਨੇ ਮੁੰਡੇ 'ਤੇ ਕਿਹੜਾ ਖ਼ਰਚਾ ਕਰਦੂ' ਮੈਥੋਂ ਕਿਹਾ ਗਿਆ।

'ਸਮਝਣ ਨੂੰ ਏਹ ਕੇਹੜਾ ਅਲਜਬਰੇ ਦਾ ਸੁਆਲ ਐ। ਮੁੰਡਾ ਚੰਗੇ ਬੈਂਡ ਲਿਆਵੇ ਕੁੜੀ ਦੀ ਮਾਂ ਖ਼ਰਚ ਕਰਨ ਲਈ ਤਿਆਰ ਐ। ਅੱਜ ਕੁੜੀ ਆਲੇ ਵੀ ਚਾਹੁੰਦੇ ਆ ਕਿ ਉਨ੍ਹਾਂ ਦੀ ਧੀ ਬਾਹਰ ਜਾਵੇ। ਤੈਨੂੰ ਪਤਾ ਈ ਐ ਆਪਣੇ ਤਾਂ ਕੁੜੀਆਂ ਮਾਮੇ-ਮਾਸੀਆਂ ਦੇ ਮੁੰਡਿਆਂ ਨਾਲ ਫ਼ਰਜ਼ੀ ਵਿਆਹ ਕਰਾ ਕੇ ਬਾਹਰ ਚਲੇ ਗਈਆਂ। ਹੁਣ ਤਾਂ ਫੇਰ ਵੀ ਬਾਹਰਲੀਆਂ ਸਰਕਾਰਾਂ ਨੇ ਕਾਨੂੰਨ ਬਣਾ ਕੇ ਰਾਹ ਖੋਲ੍ਹਤੇ।'

'ਕੁੜੀ ਦਾ ਪਿਉ ਹੈ ਨਈਂ ?' ਮੈਂ ਵੈਸੇ ਕੁਝ ਜਾਣਨ ਲਈ ਪੁੱਛਿਆ।

'ਪਿਉ ਮਾਲ ਮਹਿਕਮੇ 'ਚ ਅਫਸਰ ਸੀ। ਉਹਦੀ ਸੜਕ ਹਾਦਸੇ 'ਚ ਮੌਤ ਹੋ ਗਈ। ਘਰਵਾਲੀ ਓਹਦੇ ਜਿੰਨੀ ਪੜ੍ਹੀ ਨਹੀਂ ਸੀ, ਉਹਨੂੰ ਪਟਵਾਰੀ ਦੀ ਨੌਕਰੀ ਉਹਦੀ ਥਾਂ ਮਿਲ ਗਈ। ਨਾਲੇ ਤੈਂਅ ਏਹਦੇ 'ਚੋਂ ਕੀ ਲੈਣਾ, ਆਪਣਾ ਮੁੰਡਾ ਬਾਹਰ ਕੱਢ। ਏਹਦੇ 'ਚ ਦੋਹਾਂ ਧਿਰਾਂ ਦਾ ਫੈਦਾ ?'

ਮੈਨੂੰ ਚੁੱਪ ਦੇਖ ਕੇ ਉਹ ਫਿਰ ਬੋਲਿਆ,'ਏਸ 'ਚ ਤੁਹਾਨੂੰ ਫ਼ੈਦਾ ਹੀ ਫ਼ੈਦਾ। ਪਟਵਾਰਨ ਦੀ ਇੱਕੋ ਇਕ ਧੀ ਐ। ਉਹ ਬਾਹਰ ਚਲੇ ਗਈ ਤਾਂ ਉਹਦਾ ਗੁਜ਼ਾਰਾ ਉਹਦੀ ਪੈਨਸ਼ਨ ਨਾਲ ਚੱਲੀ ਜਾਣਾ। ਮੁੰਡੇ ਸਿਰ ਕੋਈ ਬੋਝ ਨਹੀਂ। ਨਾਲੇ ਕੋਈ ਲੰਬੀ ਚੌੜੀ ਕਬੀਲਦਾਰੀ ਨ੍ਹੀਂ। ਵੱਡੀ ਕਬੀਲਦਾਰੀ ਹੋਵੇ ਤਾਂ ਸਾਲੇ-ਸਾਲੀਆਂ ਦੇ ਵਿਆਹ ਹੀ ਸਾਹ ਨ੍ਹੀਂ ਲੈਣ ਦਿੰਦੇ। ਬਸ ਹੁਣ ਤੂੰ ਪਾਂਧਾ ਨਾ ਪੁੱਛ।' ਉਸ ਤਕੀਦ ਕਰਨ ਵਾਂਗ ਕਿਹਾ ਸੀ।

'ਯਾਰ ਗੱਲ ਤਾਂ ਤੇਰੀ ਮੰਨ ਲਈ ਪਰ....।'

'ਪਰ ਕੀ ?' ਉਹ ਥੋੜ੍ਹਾ ਤਲਖ਼ ਹੋ ਗਿਆ।

'ਸਿਆਣੇ ਕਹਿੰਦਾ ਐ ਜੇ ਭਰਾ ਨਹੀਂ ਤਾਂ ਕੁੜੀ ਦੀ ਕੋਈ ਭੈਣ ਤਾਂ ਹੋਏ। ਆਪਣਿਆਂ

ਦਾ ਸੌ ਆਸਰਾ ਹੁੰਦਾ।'

'ਧੁਆਡੇ ਲੋਕ ਤਦੇ ਈ ਤਰੱਕੀ ਨਹੀਂ ਕਰਦੇ। ਹੁੰਦਾ ਕੋਈ ਮੇਰੇ ਅਰਗਾ ਜੱਟ ਪੁੱਠੀ ਛਾਲ ਮਾਰਦਾ। ਸਾਡੇ ਲੋਕ ਤਾਂ ਇਹੋ ਜਿਹੇ ਰਿਸ਼ਤੇ ਭਾਲਦੇ

ਆ। ਸਾਰਾ ਕੁਝ ਮੁੰਡੇ ਦਾ। ਦੋ ਘਰ ਬਣਦੇ ਆ ਮੁੰਡੇ ਦੇ ਬੈਠੇ ਬਿਠਾਇਆਂ। ਨਹੀਂ ਤਾਂ ਸਾਰੀ ਉਮਰ ਬੰਦਾ ਘਰ ਬਣਾਉਂਦਾ ਰਹਿ ਜਾਂਦਾ।'

'ਅਸੀਂ ਤਾਂ ਮਿਲਣਸਾਰ ਰਿਸ਼ਤੇਦਾਰ ਭਾਲਦੇ ਆਂ। 'ਕੱਲੇ ਬੰਦੇ ਨੇ ਉੱਥੇ ਕੰਧਾਂ ਨਾਲ ਗੱਲਾਂ ਕਰਨੀਆਂ। ਕੋਈ ਚਾਚਾ ਤਾਇਆ ਤਾਂ ਹੋਊਗਾ ਈ ?'

'ਘਰਵਾਲੇ ਦੀ ਮੌਤ ਤੋਂ ਬਾਅਦ ਉਹ ਪੇਕੇ ਰਹਿਣ ਲੱਗ ਪਈ ਸੀ। ਸਹੁਰੇ ਪਤਾ ਨਹੀਂ ਹੁਣ ਮਿਲਦੇ ਆ ਕਿ ਨਹੀਂ। ਮੁੰਡਾ ਕੈਨੇਡਾ ਪਹੁੰਚੇ ਕਿਸੇ ਤਰ੍ਹਾਂ। ਤੈਂਅ ਸਹੁਰਿਆਂ ਤੋਂ ਕੀ ਪਿੰਨੀਆਂ ਲੈਣੀਆਂ। ਮੁੰਡੇ ਨੇ ਸਾਰੀ ਉਮਰ ਬਾਹਰ ਰਹਿਣਾ। ਏਧਰ ਕੌਣ ਹੈ ਕੌਣ ਨਹੀਂ ਐ ਏਹਤੋਂ ਕੀ ਲੈਣਾ। ਤੈਨੂੰ ਤਾਂ ਨਹੀਂ ਕਿਤੇ ਕੁੜਮਣੀ ਨੂੰ ਮਿਲਣ ਦੀ ਝਾਕ ਜਿਹੜਾ ਰਿਸ਼ਤੇਦਾਰੀਆਂ ਦੇ ਗੋਗੇ ਗਾਈ ਜਾਂਦੈਂ।''

ਮੈਂ ਇਸ ਬਾਰੇ ਉਹਦੇ ਨਾਲ ਬਹੁਤੀ ਬਹਿਸ ਨਹੀਂ ਸੀ ਕਰਨੀ ਚਾਹੁੰਦਾ। ਇਸ ਲਈ ਛੇਤੀ ਗੱਲ ਨਿਬੇੜਨ ਲਈ ਮੈਂ ਉਸ ਨੂੰ ਸੋਚ ਕੇ ਦੱਸਣ ਲਈ ਕਹਿ ਦਿੱਤਾ। ਅੱਧੀ ਕੁ ਹਾਮੀ ਤਾਂ ਮੈਂ ਭਰ ਦਿੱਤੀ ਪਰ ਮੁੰਡੇ ਨੂੰ ਇਹ ਸਭ ਕਹਿਣ ਦਾ ਹੌਸਲਾ ਨਹੀਂ ਸੀ ਪੈ ਰਿਹਾ। ਮੈਨੂੰ ਉਹਦੇ ਸੁਭਾਅ ਦਾ ਪਤੈ ਉਹ ਕਿਸੇ ਦੀ ਤੜੀ ਨਹੀਂ ਸਹਿੰਦਾ। ਮੇਰਾ ਡਰ ਸਹੀ ਨਿਕਲਿਆ। ਉਹ ਅੜ ਗਿਆ। ਮੈਂ ਤੁਹਾਡੇ ਕਹੇ 'ਤੇ ਬਾਹਰ ਜਾਣ ਲਈ ਤਿਆਰ ਹਾਂ ਪਰ ਕਿਸੇ ਦੇ ਪੈਸਿਆਂ 'ਤੇ ਕਿਉਂ ਜਾਵਾਂ ? ਫੇਰ ਸਾਰੀ ਉਮਰ ਸਹੁਰਿਆਂ ਦੀ ਗੱਲ ਥੱਲੇ ਰਹਾਂ। ਜੇ ਭੇਜਣਾ ਚਾਹੁੰਦੇ ਹੋ ਤਾਂ ਆਪਣੇ ਸਿਰ ਖ਼ੁਦ ਭੇਜੋ ਨਹੀਂ ਤਾਂ ਚੁੱਪ ਕਰ ਕੇ ਬੈਠੋ। ਐਵੇਂ ਕਿਸੇ ਮਗਰ ਨਹੀਂ ਲੱਗੀਦਾ।'

ਮੈਂ ਸਮਝਾਉਣਾ ਚਾਹਿਆ, 'ਗੱਲ ਥੱਲੇ ਤੂੰ ਕਾਹਤੋਂ ਰਹੇਂਗਾ ਅਗਲਿਆਂ ਨੇ ਵੀ ਤੇਰੇ ਆਸਰੇ ਆਪਣੀ ਕੁੜੀ ਬਾਹਰ ਭੇਜਣੀ ਏਂ।'

ਮੇਰੀ ਗੱਲ ਦਾ ਉਸ 'ਤੇ ਕੋਈ ਅਸਰ ਹੋਇਆ ਕਿ ਨਹੀਂ ਪਰ ਮੈਂ ਦੜ ਵੱਟ ਗਿਆ। ਗੱਲ ਪੁੱਤ ਦੀ ਵੀ ਠੀਕ ਸੀ। ਪਰ ਲੋਕਾਂ ਦੇ ਮੁੰਡੇ ਕੁੜੀਆਂ ਧੜਾਧੜ ਬਾਹਰ ਤੁਰੇ ਜਾਂਦੇ ਦੇਖ ਕੇ ਮੇਰੇ ਮਨ 'ਚ ਵੀ ਉਬਾਲ ਜਿਹੇ ਉਠਦੇ ਕਿਤੇ ਸਾਡਾ ਵੀ ਕੋਈ ਨਿਆਣਾ ਬਾਹਰ ਜਾਵੇ। ਮੁੰਡੇ ਦੀ ਨਾਂਹ ਨੇ ਮੇਰੀ ਉਮੀਦ 'ਤੇ ਪਾਣੀ ਫੇਰ ਦਿੱਤਾ ਜਿਹੜੀ ਮੈਂ ਮਨ ਨਾਲ ਬੜੀ ਜਦੋਜਹਿਦ ਕਰ ਕੇ ਕਾਇਮ ਕੀਤੀ ਸੀ।

ਕਿਸੇ ਮਗਰ ਲੱਗ ਕੇ ਕੋਈ ਫ਼ੈਸਲਾ ਲੈਣਾ ਤਾਂ ਮੈਂ ਵੀ ਨਹੀਂ ਸੀ ਚਾਹੁੰਦਾ। ਪਹਿਲਾਂ ਹੀ ਇਕ ਵਾਰ ਅਜਿਹਾ ਕਰ ਕੇ ਮੈਂ ਕਈ ਵਾਰ ਮੁੰਡੇ ਦੇ ਮਿਹਣੇ ਜਿਹੇ ਸੁਣ ਚੁੱਕਾ ਸੀ। ਉਹ ਪਲੱਸ ਟੂ ਕਰਨ ਤੋਂ ਬਾਅਦ ਮੈਥ-ਇਕਨਾਮਿਕਸ ਵਿਸ਼ੇ ਲੈਣੇ ਚਾਹੁੰਦਾ ਸੀ ਪਰ ਮੈਂ ਆਪਣੇ ਕਿਸੇ ਦੋਸਤ ਦੇ ਕਹੇ 'ਤੇ ਉਹਨੂੰ ਇੰਜੀਨੀਅਰ ਬਣਨ ਦੇ ਰਾਹ ਧੱਕ ਦਿੱਤਾ। ਉਹ ਕਦੇ-ਕਦੇ ਕਵਿਤਾ ਲਿਖਦਾ ਸੀ ਮੈਂ ਉਧਰੋਂ ਵੀ ਵਰਜ ਦਿੱਤਾ। ਮੇਰਾ ਵਿਚਾਰ ਸੀ ਉਹ ਪਹਿਲਾਂ ਕਰੀਅਰ ਬਣਾ ਲਵੇ ਫਿਰ ਜੋ ਦਿਲ ਕਰੇ ਕਰੀ ਜਾਵੇ। ਉਸ ਨੇ ਮਨ ਮਾਰ ਕੇ ਇੰਜੀਨੀਅਰਿੰਗ ਤਾਂ ਕਰ ਲਈ ਪਰ ਪੰਜਾਬ 'ਚ ਨੌਕਰੀ ਦਾ ਕੋਈ ਸਕੋਪ ਨਜ਼ਰ ਨਾ ਅਉਂਦਾ ਤਾਂ ਉਹ ਝੱਟ ਕਹਿ ਦਿੰਦਾ,



'ਮੈਂ ਤੁਹਾਨੂੰ ਪਹਿਲਾਂ ਹੀ ਕਿਹਾ ਸੀ ਮੈਨੂੰ ਆਪਣੀ ਮਰਜ਼ੀ ਦੇ ਸਬਜੈਕਟ ਰੱਖਣ ਦਿਓ ਪਰ ਤੁਸੀਂ ਕਿਸੇ ਮਗਰ ਲੱਗ ਕੇ ਭੱਠਾ ਬਿਠਾ ਦਿੱਤਾ।' ਉਹਦੀ ਸੁਣ ਕੇ ਮੈਂ ਚੁੱਪ ਕਰ ਜਾਂਦਾ। ਹੁਣ ਮੈਂ ਉਸ 'ਤੇ ਕੁਝ ਵੀ ਥੋਪਣਾ ਨਹੀਂ ਸੀ ਚਾਹੁੰਦਾ ਪਰ ਮੇਰਾ ਮਨ ਡਾਵਾਂਡੋਲ ਹੋ ਗਿਆ ਸੀ।

ਕਈ ਦਿਨ ਇਹ ਗੱਲ ਕਿਸੇ ਖੱਲ ਖੂੰਜੇ ਲੱਗੀ ਰਹੀ। ਕਦੇ-ਕਦੇ ਚਿੱਤ ਕਰਦਾ ਮੁੰਡੇ ਨਾਲ ਇਕ ਵਾਰ ਫੇਰ ਗੱਲ ਤੋਰਾਂ ਪਰ ਉਸ ਦੀ ਸਖ਼ਤ ਨਾਂਹ ਕਰਕੇ ਹੌਸਲਾ ਨਾ ਪੈਂਦਾ। ਇਕ ਪਾਸੇ ਮੈਨੂੰ ਨੌਕਰੀ ਤੋਂ ਜਲਦੀ ਹੋਣ ਵਾਲੀ ਸੇਵਾ ਮੁਕਤੀ ਸਤਾ ਰਹੀ ਸੀ ਦੂਜੇ ਪਾਸੇ ਉਹਦੇ ਕਿਸੇ ਤਣ-ਪੱਤਣ ਨਾ ਲੱਗਣ ਦਾ ਝੋਰਾ ਸੀ। ਬੁਰੀ ਤਰ੍ਹਾਂ ਵਿਚਾਲੇ ਫਸ ਗਿਆ ਸੀ। ਮੁੰਡੇ ਨੂੰ ਕੁਝ ਨਾ ਕਹਿਣ ਬਾਰੇ ਮੈਂ ਉਹਦੀ ਮਾਂ ਨੂੰ ਦੱਸਿਆ ਤਾਂ ਉਹ ਪੁਰਾਣੀਆਂ ਘੋੜੀਆਂ ਛੇੜ ਕੇ ਬੈਠ ਗਈ। 'ਤੁਸੀਂ ਪਹਿਲਾਂ ਵੀ ਕੁੜੀ ਵਾਰੀ ਦੋ ਮੌਕੇ ਖੁੰਝਾ ਦਿੱਤੇ ਹੁਣ ਫਿਰ ਉਹ ਕੁਝ ਕਰਨ ਲੱਗੇ ਹੋ ਪਤਾ ਨਹੀਂ ਤੁਹਾਨੂੰ ਜ਼ਮਾਨੇ ਵੱਲ ਵੇਖ ਕੇ ਵੀ ਸਮਝ ਕਿਉਂ ਨਹੀਂ ਆਉਂਦੀ।' ਕਹਿਣਾ ਤਾਂ ਉਹ ਕੁਝ ਹੋਰ ਹੀ ਚਾਹੁੰਦੀ ਸੀ ਪਰ ਉਸ ਨੇ ਬੜੀ ਮੁਸ਼ਕਲ ਨਾਲ ਆਪਣੇ ਸ਼ਬਦ ਰੋਕ ਕੇ ਫੇਰ ਵੀ ਥੋੜ੍ਹੀ ਜਿਹੀ ਭੜਾਸ ਕੱਢ ਦਿੱਤੀ। ਇਹੋ ਜਿਹਾ ਰਿਸ਼ਤਾ ਪਹਿਲਾਂ ਬੇਟੀ ਲਈ ਵੀ ਆਉਂਦਾ ਸੀ ਪਰ ਮੇਰੇ ਵਲੋਂ ਨਾਂਹ ਕਰਨ 'ਤੇ ਬਹੁਤ ਖ਼ਫ਼ਾ ਹੋਈ ਸੀ। ਹੁਣ ਇਕ ਵਾਰ ਫਿਰ ਉਹਦਾ ਕੈਨੇਡਾ ਜਾਣ ਦਾ ਸੁਫਨਾ ਟੁੱਟ ਰਿਹਾ ਸੀ।

'ਤੁਹਾਥੋਂ ਕੁਛ ਨਹੀਂ ਹੋਣਾ ਮੈਂ ਹੀ ਦੇਖਦੀ ਹਾਂ।' ਉਸ ਨੇ ਇਹ ਜ਼ਿੰਮਾ ਆਪਣੇ ਸਿਰ ਲੈ ਲਿਆ ਸੀ।

ਮੇਰੀ ਹਿੰਮਤ ਤਾਂ ਜਵਾਬ ਦੇ ਗਈ ਸੀ ਪਰ ਉਹਦੀ ਮਾਂ ਨੇ ਪਤਾ ਨਹੀਂ ਮੁੰਡੇ ਦੇ ਕੰਨ 'ਚ ਕੀ ਫੂਕ ਮਾਰੀ ਉਸ ਨੇ ਹਾਂ ਤਾਂ ਨਾ ਕੀਤੀ ਪਰ ਭੜਕਿਆ ਵੀ ਨਾ। ਪਤਾ ਨਹੀਂ ਉਹਨੇ ਉਹਦੇ ਖ਼ਾਨੇ ਪਾ ਦਿੱਤੀ ਕਿ ਜੇ ਉਹ ਨਾ ਮੰਨਿਆ ਤਾਂ ਦੋ ਸਾਲਾਂ ਨੂੰ ਮੇਰੇ ਰਿਟਾਇਰ ਹੋਣ ਪਿੱਛੋਂ ਉਹ ਕੀ ਕਰਨਗੇ। ਜਾਂ ਪਤਾ ਨੀਂ ਹੋਰ ਕੀ ਵਾਸਤੇ ਪਾਏ ਕਿ ਕਈ ਦਿਨਾਂ ਦੇ ਘੋਲ ਤੋਂ ਬਾਅਦ ਉਸ ਨੇ ਹਲਕਾ ਜਿਹਾ ਹੁੰਗਾਰਾ ਭਰਿਆ।

ਮੁੰਡੇ ਨੂੰ ਆਈਲੈਟਸ ਕਰਨ ਤੋਰ ਕੇ ਮਨ ਨੂੰ ਓਨੀ ਦੇਰ ਤਕ ਧੁੜਕੂ ਜਿਹਾ ਲੱਗਾ ਰਿਹਾ ਜਿੰਨਾ ਚਿਰ ਉਸ ਦੇ ਸਾਢੇ ਛੇ ਬੈਂਡ ਨਾ ਆ ਗਏ। ਜਿਸ ਦਿਨ ਨਤੀਜਾ ਆਇਆ ਮੈਂ ਓਦਣ ਹੀ ਆਪਣੇ ਦੋਸਤ ਨੂੰ ਫੋਨ ਖੜਕਾ ਦਿੱਤਾ। ਉਹ ਜਿਵੇਂ ਪਹਿਲਾਂ ਹੀ ਤਿਆਰ ਬੈਠਾ ਸੀ ਉਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਚਾਰ ਪੰਜ ਮਹੀਨੇ ਦੀ ਦੌੜ ਭੱਜ ਤੋਂ ਬਾਅਦ ਕਿਤੇ ਸਾਰੀ ਕਾਰਵਾਈ ਨੇਪਰੇ ਚੜ੍ਹੀ। ਕੋਰਟ ਮੈਰਿਜ ਤੋਂ ਬਾਅਦ ਪਿਛਲੇ ਹਫਤੇ ਉਹਨੂੰ ਕੈਨੇਡਾ ਨੂੰ ਤੋਰ ਕੇ ਹੁਣ ਥੋੜ੍ਹਾ ਚੈਨ ਆਇਆ।

ਡਰਾਈਵਰ ਨੇ ਜ਼ੋਰ ਦੀ ਬਰੇਕ ਮਾਰੀ ਤਾਂ ਮੇਰੀ ਸੋਚਾਂ ਦੀ ਤੰਦ ਟੁੱਟੀ। ਅਚਾਨਕ ਕੋਈ ਜਾਨਵਰ ਸਾਹਮਣੇ ਆ ਗਿਆ ਸੀ। ਸੀਟ ਬੈਲਟ ਬੱਝੀ ਹੋਣ ਕਾਰਨ ਬਚਾਅ ਹੋ ਗਿਆ ਨਹੀਂ ਤਾਂ ਜਿੰਨੀ ਜ਼ੋਰ ਦੀ ਬਰੇਕ ਲਾਈ ਸੀ ਮੇਰਾ ਮੱਥਾ ਸਿੱਧਾ ਡੈਸ਼ ਬੋਰਡ 'ਚ ਵੱਜਣਾ ਸੀ। ਪਿੱਛੇ ਵੀ ਕੋਈ ਗੱਡੀ ਨਹੀਂ ਸੀ ਨਹੀਂ ਤਾਂ ਸਿੱਧੀ ਆ ਕੇ ਠੁਕਣੀ ਸੀ। ਹਾਦਸਾ ਹੁੰਦਾ ਮਸਾਂ ਟਲਿਆ ਸੀ। ਇਹ ਤਾਂ ਫ਼ੌਜੀ ਦੀ ਹੁਸ਼ਿਆਰੀ ਕੰਮ ਕਰ ਗਈ ਨਹੀਂ ਤਾਂ ਅੱਜ ਸਾਡੀ ਵੀ ਖ਼ਬਰ ਬਣ ਜਾਣੀ ਸੀ।

ਸਵੇਰੇ ਮੂੰਹ ਨੇਰ੍ਹੇ ਦੇ ਚੱਲੇ ਹੋਣ ਕਾਰਨ ਥੋੜ੍ਹੀ ਭੁੱਖ ਵੀ ਚਮਕ ਪਈ ਸੀ। ਮੈਂ ਉਸ ਨੂੰ ਕਿਸੇ ਸਹੀ ਟਿਕਾਣੇ 'ਤੇ ਰੁਕਣ ਲਈ ਕਿਹਾ। ਉਸ ਨੇ ਥੋੜ੍ਹਾ ਅੱਗੇ ਜਾ ਕੇ ਇਕ ਢਾਬੇ 'ਤੇ ਗੱਡੀ ਰੋਕ ਲਈ। ਉਥੋਂ ਥੋੜ੍ਹਾ ਤਰੋਤਾਜ਼ਾ ਹੋ ਕੇ ਤੁਰੇ ਤਾਂ ਮੈਂ ਫ਼ੌਜੀ ਨੂੰ ਪੁੱਛ ਲਿਆ, 'ਫ਼ੌਜ ਕਦੋਂ ਕੁ ਛੱਡੀ ਸੀ ?'

ਮੇਰੀ ਗੱਲ ਸੁਣ ਉਹ ਖੁੱਲ੍ਹ ਕੇ ਹੱਸਿਆ। ਫੇਰ ਕਹਿਣ ਲੱਗਾ, 'ਫ਼ੌਜ 'ਚ ਮੈਂ ਕਾਹਨੂੰ ਰਿਹਾਂ ਭਾਅ ਜੀ , ਉਹ ਤਾਂ ਨਾਲ ਦੇ ਡਰੈਵਰਾਂ ਨੇ ਪਕਾ 'ਤਾ ਮੇਰਾ ਨਾਂ। ਬਣ ਠਣ ਕੇ ਰਹਿਣ ਅਤੇ ਸਮੇਂ ਸਿਰ ਸਵਾਰੀ ਦੇ ਟਿਕਾਣੇ 'ਤੇ ਪਹੁੰਚਣ ਕਰਕੇ ਉਨ੍ਹਾਂ ਨੇ ਇਹ ਨਾਂ ਪਾ ਦਿੱਤਾ। ਹੁਣ ਇਹ ਪੱਕਾ ਹੀ ਜੁੜ ਗਿਆ। ਟੈਕਸੀ ਸਟੈਂਡ 'ਤੇ ਮੇਰਾ ਅਸਲੀ ਨਾਂ ਤਾਂ ਕੋਈ ਹੀ ਜਾਣਦਾ ਹੋਣਾ।'

ਫ਼ੌਜੀ ਨਾਲ ਸਫ਼ਰ ਤਾਂ ਬਹੁਤ ਵਾਰੀ ਕੀਤਾ ਸੀ ਪਰ ਕਦੇ ਇਸ ਬਾਰੇ ਕੋਈ ਗੱਲਬਾਤ ਨਹੀਂ ਸੀ ਹੋਈ। ਮੇਰੇ ਦਫ਼ਤਰ ਵਾਲੇ ਜਦੋਂ ਵੀ ਕਿਤੇ ਬਾਹਰ ਜਾਣਾ ਹੁੰਦਾ ਉਸ ਦੀ ਗੱਡੀ ਕਰਦੇ। ਫ਼ੌਜੀ ਸੁਭਾਅ ਦਾ ਨਰਮ ਤੇ ਮਿੱਠਬੋਲੜਾ। ਮੈਨੂੰ ਵੀ ਜਦੋਂ ਕਿਤੇ ਘਰ ਦੇ ਕਿਸੇ ਜ਼ਰੂਰੀ ਕੰਮਕਾਰ ਜਾਂ ਕਿਤੇ ਦੂਰ ਦੁਰਾਡੇ ਵਿਆਹ ਸ਼ਾਦੀ 'ਤੇ ਜਾਣ ਦੀ ਲੋੜ ਪਵੇ ਉਸ ਨੂੰ ਹੀ ਕਹਿੰਦਾ ਹਾਂ। ਹੋਰਾਂ ਗੱਡੀਆਂ ਵਾਲਿਆਂ 'ਤੇ ਬਹੁਤਾ ਮੇਰਾ ਵੀ ਯਕੀਨ ਨਹੀਂ। ਉਹ ਜਾਂ ਤਾਂ ਪਿੱਛੇ ਬੈਠੀ ਸਵਾਰੀ 'ਤੇ ਹੀ ਸ਼ੀਸ਼ਾ ਫਿਟ ਕਰਦੇ ਰਹਿਣਗੇ, ਜੇ ਏਹ ਨਾ ਕਰਨ ਤਾਂ ਐਵੇਂ ਹੀ ਫੋਨ ਕੰਨ ਨੂੰ ਲਾ ਕੇ ਆਪਣਾ

ਫੋਨ ਨੰਬਰ ਉੱਚੀ-ਉੱਚੀ ਬੋਲ ਕੇ ਲਿਖਾਉਣ ਦਾ ਡਰਾਮਾ ਕਰਦੇ ਰਹਿੰਦੇ ਨੇ। ਏਹੋ ਜਿਹੇ ਸ਼ੇਖ਼ੀਮਾਰ ਡਰਾਈਵਰ ਤੋਂ ਬਚਣ ਅਤੇ ਹਰ ਵੇਲੇ ਕੋਈ ਹਾਦਸਾ ਵਾਪਰਨ ਦੇ ਡਰੋਂ ਮੈਂ ਫ਼ੌਜੀ ਨੂੰ ਹੀ ਪਹਿਲ ਦਿੰਦਾ।

ਟਾਂਡਾ ਉੜਮੜ ਪਹੁੰਚੇ ਤਾਂ ਫ਼ੌਜੀ ਹੁੱਬ ਕੇ ਦੱਸਣ ਲੱਗਾ ,'ਏਹ ਸਾਰਾ 'ਲਾਕਾ ਬਾਬਾ ਮੱਖਣ ਸ਼ਾਹ ਲੁਬਾਣਾ ਦੇ ਪੈਰੋਕਾਰਾਂ ਦਾ ਆ। ਸਾਡੇ ਪੁਰਖਿਆਂ 'ਤੇ ਗੁਰੂ ਪਾਤਸ਼ਾਹ ਦੀ ਬੜੀ ਮਿਹਰ ਏ। ਵਪਾਰੀ ਕੌਮ ਏ। ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਨਾਲ ਇਹ ਸਾਰਾ 'ਲਾਕਾ ਮਾਇਆ 'ਚ ਖੇਡਦਾ।' ਉਸ ਨੇ ਥੋੜ੍ਹਾ ਚੁੱਪ ਰਹਿ ਕੇ ਇਲਾਕੇ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ, 'ਦਰਿਆ ਬਿਆਸ ਦੇ ਛੰਭ 'ਚੋਂ ਨਿਕਲਦੀ ਕਾਲੀ ਵੇਈਂ ਦੇ ਨੇੜੇ ਤੇੜੇ ਦੇ ਪਿੰਡ ਟਾਂਡਾ ਰਾਮ ਸਹਾਈ, ਮੌਲੀ ਮਹਿੰਦੀ ਪੱਤਣ, ਹਿੰਮਤਪੁਰ ਧਨੋਆ ਸਾਰੇ ਲੁਬਾਣਿਆਂ ਦੇ ਪਿੰਡ ਨੇ। ਏਹਦੇ ਨਾਲ-ਨਾਲ ਲੱਗਦੇ ਪਿੰਡ ਟੇਰਕਿਆਣਾ, ਉੱਚੀ ਬਸੀ, ਮਿਆਣੀ ਲਖਿੰਦਰ, ਬੇਗੋਵਾਲ, ਨਡਾਲਾ, ਭੁਲੱਥ, ਭਟਨੂਰਾ, ਭੋਗਪੁਰ, ਬੋਪਾਰਾਵਾਂ, ਟਾਂਡਾ ਉੜਮੁੜ, ਅਹੀਆਪੁਰ, ਤਲਵੰਡੀ ਡੱਡੀਆਂ, ਜਹੂਰਾ ਸਾਡੇ ਲੋਕਾਂ ਦੀ ਢੇਰੀ ਏ। ਏਨੇ ਪਿੰਡਾਂ ਦੇ ਨਾਂ ਗਿਣ ਕੇ ਸ਼ਾਇਦ ਉਹ ਥੱਕ ਗਿਆ ਸੀ। ਪਲ ਕੇ ਰੁਕ ਕੇ ਫੇਰ ਦੱਸਣ ਲੱਗਾ ਜੰਮੂ, ਕਠੂਆ 'ਚ ਵੀ ਸਾਡੀ ਬਹੁਗਿਣਤੀ ਏ।'

ਮੈਨੂੰ ਏਨਾ ਕੁ ਤਾਂ ਪਤਾ ਸੀ ਕਿ ਜਦੋਂ ਦੇ ਲੋਕ ਪਿੰਡ ਛੱਡ ਕੇ ਸ਼ਹਿਰਾਂ 'ਚ ਵਸਣ ਲੱਗੇ ਆ ਇਸ 'ਲਾਕੇ 'ਚੋਂ ਉਠ ਕੇ ਗਏ ਬਹੁਤੇ ਲੋਕ ਸਾਡੇ ਨੇੜਲੇ ਸ਼ਹਿਰ ਜਲੰਧਰ ਦੇ ਮਕਸੂਦਾਂ ਏਰੀਏ ਅਤੇ ਗੜ੍ਹੇ ਨੇੜੇ ਜਸਵੰਤ ਨਗਰ, ਗੋਲਡਨ ਐਵੇਨਿਊ ਤੇ ਅਰਬਨ ਐਸਟੇਟ 'ਚ ਜਾ



ਟਿਕੇ ਨੇ ਪਰ ਮੇਰੇ ਲਈ ਇਹ ਜਾਣਕਾਰੀ ਨਵੀਂ ਸੀ।

ਮੇਰੇ ਹੁੰਗਾਰੇ ਨੂੰ ਦੇਖਦਿਆਂ ਉਸ ਨੇ ਕਿਹਾ,'ਥੁਆਨੂੰ ਆਪਣੇ 'ਲਾਕੇ ਦੀ ਇਕ ਹਾਸੇ ਵਾਲੀ ਗੱਲ ਸੁਣਾਉਨੈਂ।'

ਉਹ ਦੱਸਣ ਲੱਗਾ, 'ਸਾਡੇ ਬੰਦੇ ਜਦ ਨਵੇਂ-ਨਵੇਂ ਬਾਹਰ ਜਾਣ ਲੱਗੇ ਤਾਂ ਉਨ੍ਹਾਂ ਪੈਸਾ ਖੁੱਲ੍ਹਾ ਕਮਾਇਆ। ਏਸ ਲਈ ਸ਼ਾਹਖ਼ਰਚ ਨੇ। ਖ਼ਰਚ ਕਰਨ ਲੱਗੇ ਬਹੁਤੀ ਪਰਵਾਹ ਨਹੀਂ ਕਰਦੇ। ਮਹਿੰਗੀਆਂ ਗੱਡੀਆਂ 'ਚ ਤਾਂ ਉਹ ਡੰਗਰਾਂ ਲਈ ਪੱਠੇ ਢੋਂਹਦੇ ਫਿਰਦੇ ਨੇ।'

ਫੇਰ ਜਿਵੇਂ ਕੋਈ ਭੁੱਲੀ ਗੱਲ ਚੇਤਾ ਆ ਗਈ ਹੋਵੇ ਕਹਿਣ ਲੱਗਾ ਜਿਹੜੀ ਗੱਲ ਮੈਂ ਤੈਨੂੰ ਦੱਸਣ ਲੱਗਾ ਸੀ ਉਹ ਤਾਂ ਰਹਿ ਈ ਗਈ।

'ਏਸ 'ਲਾਕੇ 'ਚੋਂ ਬਾਹਰ ਗਿਆ ਮੁੰਡਾ ਕਈ ਸਾਲਾਂ ਬਾਅਦ ਵਾਪਸ ਆਇਆ। ਵਿਆਹ ਪਿੱਛੋਂ ਜਦੋਂ ਮੁੜ ਕੇ ਬਾਹਰ ਗਿਆ ਤਾਂ ਚੂੜੇ ਵਾਲੀ ਦੀ ਯਾਦ ਟਿਕਣ ਨਾ ਦੇਵੇ। ਉਦੋਂ ਆਹ ਮੋਬਾਈਲ ਜਿਹੇ ਤਾਂ ਹੁੰਦੇ ਨ੍ਹੀਂ ਸੀ। ਐੱਸਟੀਡੀਆਂ ਨਵੀਆਂ-ਨਵੀਆਂ ਚੱਲੀਆਂ ਸਨ। ਮੀਟਰ ਘੁੰਮਦਾ ਤਾਂ ਮਿੰਟੋ ਮਿੰਟੀ ਕਿੰਨੇ ਪੈਸੇ ਬਣ ਜਾਂਦੇ। ਇਕ ਦਿਨ ਉਹ ਨਵੀਂ ਵਿਆਹੀ ਕੁੜੀ ਘਰਵਾਲੇ ਨਾਲ ਗੱਲ ਕਰਨ ਲਈ ਐੱਸਟੀਡੀ ਬੂਥ 'ਤੇ ਚਲੇ ਗਈ। ਉਦੋਂ ਇਹ ਬੂਥ ਵੀ ਵਿਰਲੇ ਟਾਵੇਂ ਹੀ ਸਨ। ਨਵੇਂ ਵਿਆਹੇ ਜੋੜੇ ਦੀ ਗੱਲਬਾਤ ਸ਼ੁਰੂ ਹੋਈ ਤਾਂ ਮੁੱਕਣ ਦਾ ਨਾਂ ਹੀ ਨਾ ਲਵੇ। ਦੋਹਾਂ ਕੋਲ ਗੱਲਾਂ ਦੇ ਢੇਰ ਸਨ। ਤਾਜ਼ੇ ਵਿਆਹ ਦੀਆਂ ਅਧੂਰੀਆਂ ਖ਼ਾਹਿਸ਼ਾਂ ਉਹ ਫੋਨ ਰਾਹੀਂ ਪੂਰੀਆਂ ਕਰ ਰਹੇ ਸਨ। ਐੱਸਟੀਡੀ 'ਤੇ ਫੋਨ ਕਰਨ ਵਾਲਿਆਂ ਦੀ ਲਾਈਨ ਲੰਬੀ ਹੋਈ ਜਾ ਰਹੀ ਸੀ। ਐੱਸਟੀਡੀ ਵਾਲਾ ਕਦੇ ਮੀਟਰ ਵੱਲ ਦੇਖੇ ਤੇ ਕਦੇ ਗਾਹਕਾਂ ਦੀ ਜੁੜ ਰਹੀ ਭੀੜ ਵੱਲ। ਆਖ਼ਰ ਉਸ ਨੇ ਕੈਬਿਨ ਦਾ ਦਰਵਾਜ਼ਾ ਜਾ ਖੜਕਾਇਆ। ਕੁੜੀ ਨੇ ਮੁੰਡੇ ਨੂੰ ਫੋਨ 'ਤੇ ਦੱਸਿਆ ਤਾਂ ਉਸ ਨੇ ਫੋਨ ਕੱਟਣ 'ਤੋਂ ਮਨ੍ਹਾ ਕਰ ਦਿੱਤਾ। ਪੰਜ ਮਿੰਟ ਹੋਰ ਬੀਤ ਗਏ ਤਾਂ ਐੱਸਟੀਡੀ ਵਾਲੇ ਦਾ ਸਬਰ ਹੀਲਾਂ ਕੱਢ ਗਿਆ। ਉਸ ਨੇ ਇਕ ਵਾਰ ਫਿਰ ਪਹਿਲਾਂ ਨਾਲੋਂ ਜ਼ੋਰ ਦੀ ਦਸਤਕ ਦਿੱਤੀ ਅਤੇ ਮੀਟਰ ਵੱਲ ਇਸ਼ਾਰਾ ਕੀਤਾ। ਇਕ ਵਾਰ ਫਿਰ ਮੁੰਡੇ ਵਲੋਂ ਨਾਂਹ ਕਰਨ 'ਤੇ ਗੱਲਬਾਤ ਜਾਰੀ ਸੀ। ਦੋਵੇਂ ਪਾਸੇ ਹਾਸਾ ਛਣਕ ਰਿਹਾ ਸੀ। ਬਾਹਰ ਬੈਠੇ ਹੋਰ ਗਾਹਕ ਅਤੇ ਮਾਲਕ ਖਿਝ ਰਹੇ ਸਨ। ਕਈ ਬਾਹਲੇ ਕਾਹਲੇ ਤਾਂ ਵਿੱਚੋਂ ਉਠ ਕੇ ਚਲੇ ਵੀ ਗਏ ਸਨ। ਪੱਕੇ ਗਾਹਕਾਂ ਨੂੰ ਨਿਰਾਸ਼ ਜਾਂਦੇ ਦੇਖ ਉਸ ਨੇ ਇਕ ਵਾਰ ਫਿਰ ਬੂਹਾ ਜਾ ਖੜਕਾਇਆ। ਕੁੜੀ ਨੇ ਹੁਣ ਫੋਨ ਕੱਟ ਦੇਣ ਦੀ ਸੂਚਨਾ ਦੂਜੇ ਪਾਸੇ ਦੇ ਦਿੱਤੀ ਤਾਂ ਉਧਰੋਂ ਹੁਕਮ ਹੋਇਆ,'ਐੱਸਟੀਡੀ ਵਾਲੇ ਨੂੰ ਫੋਨ ਚੁਕਾ।' ਕੁੜੀ ਨੇ ਇਸ਼ਾਰਾ ਕਰ ਕੇ ਉਸ ਨੂੰ ਗੱਲ ਕਰਨ ਲਈ ਕਿਹਾ ਤਾਂ ਅੱਗੋਂ ਸੁਣਨ ਨੂੰ ਮਿਲਿਆ,'ਅਸੀਂ ਪੈਸੇ ਹੀ ਦੇਣੇ ਆ ਕੋਈ ਠੀਕਰੀਆਂ ਨ੍ਹੀਂ। ਵਾਰ-ਵਾਰ ਤੰਗ ਕਿਉਂ ਕਰੀ ਜਾ ਰਿਹੈਂ ?

ਬੂਥ ਮਾਲਕ ਨੇ ਘੁੰਮ ਰਹੇ ਮੀਟਰ ਅਤੇ ਵੱਧ ਰਹੇ ਬਿੱਲ ਬਾਰੇ ਕਿਹਾ ਤਾਂ ਮੁੰਡੇ ਨੇ ਲਾਪਰਵਾਰੀ ਨਾਲ ਕਿਹਾ,'ਪੈਸੇ ਅਸੀਂ ਦੇਣੇ ਆ ਤੈਂਅ ਨ੍ਹੀਂ, ਅੱਗੇ ਤੋਂ ਵੀ ਸੁਣ ਲੈ ਜਦੋਂ ਤਕ ਦੋ-ਤਿੰਨ ਹਜ਼ਾਰ ਰੁਪਏ ਬਿੱਲ ਨਾ ਬਣ ਜਾਵੇ ਸਾਨੂੰ ਡਸਟਰਬ ਨਹੀਂ ਕਰਨਾ।'

ਐੱਸਟੀਡੀ ਵਾਲਾ ਸੁਣ ਕੇ ਚੁੱਪ ਚਾਪ ਬੈਠ ਗਿਆ।

ਫ਼ੌਜੀ ਕਹਿਣ ਲੱਗਾ ਏਹੋ ਜਿਹੇ ਸਾਡੇ ਬੰਦਿਆਂ ਦੇ ਲੱਖਾਂ ਲੇਖੇ ਨੇ। ਕਮਾਉਣ ਲਈ

ਗਰਮੀ–ਸਰਦੀ ਨ੍ਹੀਂ ਦੇਖਦੇ ਤੇ ਖਾਣ–ਪੀਣ ਲੱਗੇ ਵੀ ਕਸਰ ਨ੍ਹੀਂ ਛੱਡਦੇ।

ਗੱਲਾਂ ਦੀ ਲੜੀ ਤੋੜ ਕੇ ਆਪਣੇ ਨਿਸ਼ਚਿਤ ਟਿਕਾਣੇ ’ਤੇ ਪਹੁੰਚਣ ਲਈ ਫ਼ੌਜੀ ਨੇ ਇਕ ਮੋੜ ’ਤੇ ਗੱਡੀ ਰੋਕ ਕੇ ਇਕ ਰਾਹੀ ਤੋਂ ਪਿੰਡ ਬਾਰੇ ਪੁੱਛਿਆ। ਜਦੋਂ ਉਸ ਜਾਣਕਾਰੀ ਲੈ ਕੇ ਗੱਡੀ ਤੋਰੀ ਤਾਂ ਮੈਂ ਛੇੜਨ ਲਈ ਕਿਹਾ,‘ ਫ਼ੌਜੀਆ ਸਵੇਰ ਦਾ ਤਾਂ ਸਾਰੇ ਅਲਾਕੇ ਦਾ ਇਤਿਹਾਸ ਭੂਗੋਲ ਛਾਣ ਮਾਰਿਆ ਪਰ ਪਿੰਡ ਬਾਰੇ ਲੋਕਾਂ ਤੋਂ ਪੁੱਛਦਾ ਫਿਰਦੈਂ ?’

‘ਭਾਅ ਜੀ ’ਲਾਕਾ ਭਾਮੇਂ ਆਪਣਾ ਈ ਏ ਪਰ ਬੰਦੇ ਨੇ ਸਾਰੇ ਪਿੰਡ ਥੋੜ੍ਹੋਂ ਦੇਖੇ ਹੁੰਦੇ ਆ। ਅੱਜ ਕੱਲ੍ਹ ਦੇ ਡਰੈਵਰ ਤਾਂ ਉਹ ਨਕਸ਼ਾ ਜਿਹਾ ਲਾ ਕੇ ਪਹੁੰਚ ਜਾਂਦੇ ਨੇ, ਮੇਰੇ ਵਰਗੇ ਦੇਸੀ ਬੰਦੇ ਨੂੰ ਤਾਂ ਏਦਾਂ ਪੁੱਛ ਗਿੱਛ ਕੇ ਹੀ ਪਹੁੰਚਣਾ ਪੈਂਦਾ। ਬੰਦੇ ਦਾ ਤੇ ਉਸ ਨਕਸ਼ੇ ਜਿਹੇ ਦਾ ਬਹੁਤ ਫ਼ਰਕ ਐ। ਬੰਦਾ ਸਹੀ ਜਾਣਕਾਰੀ ਦਊ। ਉਸ ਮਸ਼ੀਨ ਜਿਹੀ ਦਾ ਕੀ ਭਰੋਸਾ ਪਤਾ ਨਹੀਂ ਕਿੱਧਰ ਨੂੰ ਤੋਰ ਦਵੇ। ਦੱਸਦੇ ਆ ਉਹ ਕਈ ਵਾਰ ਨੇੜਲੇ ਟਿਕਾਣੇ ਦਾ ਰਾਹ ਬਹੁਤ ਦੂਰ ਦੀ ਘੁੰਮਾ ਕੇ ਦੱਸਦੀ ਹੈ।’

ਫ਼ੌਜੀ ਨੇ ਰਾਹ ਪੁੱਛਣ ਤੋਂ ਬਾਅਦ ਜਿਸ ਸੜਕ ’ਤੇ ਕਾਰ ਪਾਈ ਉਹ ਕਿਲੋ ਕੁ ਮੀਟਰ ਅੱਗੇ ਜਾ ਕੇ ਏਨੀ ਟੁਟੀ ਹੋਈ ਸੀ ਕਿ ਸਾਹਮਣਿਉਂ ਆ ਰਹੀ ਗੱਡੀ ਜਦ ਨੇੜੇ ਆਉਂਦੀ ਤਾਂ ਡਰ ਲੱਗਦਾ। ਕਦੇ ਲੱਗਦਾ ਕਿ ਕੋਲੋਂ ਲੰਘਦੀਆਂ ਗੱਡੀਆਂ ਝੋਲ ਖਾ ਕੇ ਇਕ ਦੂਜੀ ਨਾਲ ਟਕਰਾ ਹੀ ਨਾ ਜਾਣ। ਫ਼ੌਜੀ ਸੁਚੇਤ ਹੋ ਕੇ ਕਾਰ ਚਲਾਉਣ ਲੱਗਾ ਤਾਂ ਮੈਂ ਮੋਬਾਈਲ ਖੋਲ੍ਹ ਕੋਈ ਨਵੀਂ ਨੋਟੀਫਿਕੇਸ਼ਨ ਦੇਖਣ ਲੱਗਾ। ਫੇਸ ਬੁੱਕ ’ਤੇ ਦੋ ਕੁ ਮਹੀਨੇ ਪੁਰਾਣੀ ਘੁੰਮ ਰਹੀ ਮੁਕਤਸਰ ਨੇੜਲੇ ਕਿਸੇ ਪ੍ਰੋਫੈਸਰ ਦੀ ਆਪਣੇ ਵਿਦੇਸ਼ ਰਹਿੰਦੇ ਪੁੱਤ ਬਾਰੇ ਪਾਈ ਪੋਸਟ ਕਿਸੇ ਨੇ ਦੁਬਾਰਾ ਲਾਈਕ ਕੀਤੀ ਸੀ, ਉਹ ਫਿਰ ਦਿਖਾਈ ਦੇ ਗਈ। ਪੜ੍ਹੀ ਤਾਂ ਮੈਂ ਪਹਿਲਾਂ ਵੀ ਸੀ ਪਰ ਉਦੋਂ ਉਹਦਾ ਕੋਈ ਖ਼ਾਸ ਅਸਰ ਨਹੀਂ ਸੀ ਹੋਇਆ। ਹੁਣ ਆਪਣੇ ਪੁੱਤ ਨੂੰ ਕੈਨੇਡਾ ਤੋਰ ਕੇ ਉਸਦੇ ਭਾਵ ਸਮਝ ਆਉਣ ਲੱਗੇ ਸਨ। ਪੜ੍ਹ ਕੇ ਮਨ ਨੂੰ ਕੁਝ ਘਬਰਾਹਟ ਜਿਹੀ ਹੋਈ। ਉਸ ਨੂੰ ਛੱਡ ਥੋੜ੍ਹਾ ਅੱਗੇ ਵਧਿਆ ਤਾਂ ਬਰਨਾਲੇ ਵੱਲ ਦੀ ਕੈਨੇਡਾ ਗਈ ਇਕ ਕੁੜੀ ਹੱਥੋਂ ਤੰਗ ਆ ਕੇ ਉਸ ਦੇ ਪਤੀ ਵਲੋਂ ਕੀਤੀ ਖ਼ੁਦਕੁਸ਼ੀ ਬਾਰੇ ਛਿੜੀ ਚਰਚਾ ਨੇ ਰੋਕ ਲਿਆ। ਸੋਸ਼ਲ ਮੀਡੀਆ ’ਤੇ ਉਸ ਬਾਰੇ ਛਿੜੇ ਿ ”ਦ ਬਾਰੇ ਜਾਣ ਕੇ ਮਨ ਹੋਰ ਵੀ ਡਰ ਗਿਆ। ਪੜ੍ਹ ਕੇ ਆਪਣੇ ਹੀ ਪੁੱਤ ਬਾਰੇ ਭਰਮ ਜਿਹਾ ਪੈਦਾ ਹੋਣ ਲੱਗਾ ਪਿਆ ਕਿ ਕਿਤੇ ਉਹ ਵੀ ਕੁੜੀ ਨਾਲ ਧੋਖਾ ਨਾ ਕਰ ਬੈਠੇ। ਸੋਚ ਕੇ ਅੰਦਰੋਂ ਮੈਂ ਪੂਰੀ ਤਰ੍ਹਾਂ ਘਬਰਾ ਜਿਹਾ ਗਿਆ।

ਮੈਨੂੰ ਚੁੱਪ ਦੇਖ ਕੇ ਫ਼ੌਜੀ ਨੇ ਐੱਫ ਐੱਮ ਚਲਾ ਲਿਆ। ਰੇਡੀਓ ਮਿਰਚੀ ’ਤੇ ਪੱਕ ਪੱਕ ਦੀਪਕ ਕਿਸੇ ਦਾ ਮੁਰਗਾ ਬਣਾ ਰਿਹਾ ਸੀ। ਘਬਰਾਹਟ ਜਿਹੀ ’ਚ ਮੈਂ ਮੋਬਾਈਲ ਬੰਦ ਕਰ ਦਿੱਤਾ। ਮਨ ਨੂੰ ਹੋਰ ਪਾਸੇ ਲਾਉਣ ਲਈ ਮੈਂ ਵੀ ਗੀਤ–ਸੰਗੀਤ ਸੁਣਨ ਲੱਗਾ। ਕਾਰ ਹੌਲੀ–ਹੌਲੀ ਚੱਲਦੀ ਟਿਕਾਣੇ ਪਹੁੰਚ ਹੀ ਗਈ। ਪਿੰਡ ਪਹੁੰਚ ਘਰ ਬਾਰੇ ਪਤਾ ਕਰ ਅਸੀਂ ਗੇਟ ਅੱਗੇ ਜਾ ਗੱਡੀ ਰੋਕੀ। ਦੁਪਹਿਰ ਟਿਕੀ ਹੋਈ ਸੀ। ਕੋਈ ਵਿਰਲਾ ਟਾਵਾਂ ਹੀ ਬਾਹਰ ਦਿਸਦਾ ਸੀ। ਆਲਾ ਦੁਆਲਾ ਦੇਖ ਗੱਡੀਓਂ ਉਤਰ ਕੇ ਮੈਂ ਗੇਟ ’ਤੇ ਲੱਗੀ ਘੰਟੀ ਦਾ ਬਟਨ ਜਾ ਦਬਾਇਆ। ਸੀ ਤਾਂ ਘਰ ਵਾਲੇ ਅੰਦਰ ਹੀ ਪਰ ਬਾਹਰ ਕੋਈ ਨਾ ਨਿਕਲਿਆ। ਕੁਝ ਪਲ ਉਡੀਕਿਆ। ਕੋਈ ਹਿਲਜੁਲ ਨਾ ਹੋਈ। ਮੈਂ ਥੋੜ੍ਹੀ ਲੰਬੀ ਘੰਟੀ ਮਾਰੀ। ਹੁੰਗਾਰਾ ਫੇਰ ਵੀ ਕੋਈ ਨਾ ਮਿਲਿਆ।



ਡਰਾਈਵਰ ਵੱਲ ਦੇਖਿਆ ਤਾਂ ਉਸ ਨੇ ਗੇਟ ਖੜਕਾਉਣ ਦਾ ਇਸ਼ਾਰਾ ਕੀਤਾ। ਪੋਲੇ ਜਿਹੇ ਗੇਟ ਖੜਕਾਉਣ ’ਤੇ ਵੀ ਕੋਈ ਨਾ ਬਹੁੜਿਆ ਤਾਂ ਮੈਂ ਥੋੜ੍ਹਾ ਜਿਹਾ ਜੋਸ਼ ’ਚ ਆ ਕੇ ਅਰਲ ਖੜਕਾਇਆ।

ਗੇਟ ਦਾ ਖੜਾਕ ਸੁਣ ਕੇ ਗੁਆਂਢ ’ਚੋਂ ਕਿਸੇ ਨੇ ਧੌਣ ਚੁੱਕ ਕੇ ਦੇਖਿਆ ਪਰ ਬੋਲਿਆ ਕੁਝ ਨਾ। ਪਲ ਕੁ ਪਿੱਛੋਂ ਅਚਾਨਕ ਉਪਰਲੀ ਮੰਜ਼ਿਲ ਤੋਂ ਆਵਾਜ਼ ਆਈ,‘ਗੇਟ ਖੋਲ੍ਹ ਕੇ ਲੰਘ ਆਓ।’

ਡਰਾਈਵਰ ਨੇ ਆਸੇ ਪਾਸੇ ਟਿਕਾਣਾ ਜਿਹਾ ਦੇਖ ਕੇ ਗੱਡੀ ਥੋੜ੍ਹਾ ਛਾਵੇਂ ਜਿਹੀ ਖੜ੍ਹੀ ਕਰ ਦਿੱਤੀ। ਅਸੀਂ ਇਕ ਦੋ ਥਾਈਂ ਹੋਰ ਜਾਣਾ ਸੀ ਇਸ ਲਈ ਬਹੁਤੀ ਦੇਰ ਨਹੀਂ ਸੀ ਰੁਕਣਾ। ਗੱਡੀ ਖੜ੍ਹੀ ਕਰ ਅਸੀਂ ਗੇਟ ਖੋਲ੍ਹ ਵਿਹੜੇ ਵੜੇ। ਵਿਹੜੇ ’ਚ ਵੀ ਜਿਵੇਂ ਚੁੱਪ ਦਾ ਛੱਟਾ ਦਿੱਤਾ ਹੋਵੇ। ਆਲੀਸ਼ਾਨ ਕੋਠੀ ’ਚ ਕੋਈ ਵੀ ਰੜਕ ਨਹੀਂ ਸੀ ਰਿਹਾ। ਨਾ ਹੀ ਗੇਟ ’ਤੇ ਕਿਸੇ ਕੁੱਤੇ ਨੇ ਸਾਡੀ ਆਓ ਭਗਤ ਕੀਤੀ। ਨਹੀਂ ਤਾਂ ਇਹੋ ਜਿਹੀਆਂ ਕੋਠੀਆਂ ’ਚ ਇਕ ਦੋ ਕੁੱਤੇ ਹੋਣੇ ਤਾਂ ਮਾਮੂਲੀ ਜਿਹੀ ਗੱਲ ਆ। ਨਵੀਂ ਪੀੜ੍ਹੀ ਲਈ ਤਾਂ ਮਹਿੰਗੇ ਨਸਲੀ ਕੁੱਤੇ ਰੱਖਣੇ ਹੁਣ ਫ਼ੈਸ਼ਨ ਜਿਹਾ ਹੀ ਬਣ ਗਿਆ ਹੈ। ਕੌਰੀਡੋਰ ’ਚ ਲੱਗੇ ਮਾਰਬਲ ’ਤੇ ਜੰਮੀ ਧੂੜ ’ਤੇ ਬਣੇ ਪੈਰਾਂ ਦੇ ਨਿਸ਼ਾਨ ਦੇਖ ਅਸੀਂ ਅੱਗੇ ਵਧੇ। ਪੌੜੀਆਂ ਚੜ੍ਹ ਅਸੀਂ ਉਪਰ ਗਏ ਤਾਂ ਉੱਥੇ ਦਾ ਦ੍ਰਿਸ਼ ਹੋਰ ਵੀ ਭੇਦ ਭਰਿਆ ਸੀ। ਏਥੇ ਆਉਣ ਤੋਂ ਪਹਿਲਾਂ ਅਸੀਂ ਜਿਸ ਪਿੰਡ ਗਏ ਸੀ ਉੱਥੇ ਘਰਦਿਆਂ ਨੇ ਹੱਥੀਂ ਛਾਵਾਂ ਕੀਤੀਆਂ ਸਨ। ਉਹ ਤਾਂ ਦੁਪਹਿਰ ਦੀ ਰੋਟੀ ਖਾ ਕੇ ਜਾਣ ਲਈ ਜ਼ੋਰ ਪਾਉਂਦੇ ਰਹੇ ਪਰ ਅਸੀਂ ਆਪਣੀ ਮਜਬੂਰੀ ਕਾਰਨ ਰੁਕ ਨਾ ਸਕੇ। ਇੱਥੇ ਤਾਂ ਗੱਲ ਹੀ ਹੋਰ ਸੀ। ਮੋਟੇ ਪਾਵਿਆਂ ਵਾਲੇ ਪਲੰਘਾਂ ’ਤੇ ਦੋਵੇਂ ਬਜ਼ੁਰਗ ਤੀਵੀਂ–ਆਦਮੀ ਪਏ ਸਨ। ਸਾਨੂੰ ਦੇਖ ਕੇ ਉਹ ਉੱਠ ਬੈਠੇ। ਮੈਨੂੰ ਲੱਗਾ ਮੇਰੇ ਗੇਟ ਖੜਕਾਉਣ ਸਮੇਂ ਸ਼ਾਇਦ ਉਨ੍ਹਾਂ ਦੀ ਅੱਖ ਲੱਗੀ ਹੋਈ ਸੀ।

‘ਸਾਸਰੀ ’ਕਾਲ’ ਆਖ ਅਸੀ ਬੈਠਣ ਲੱਗੇ ਤਾਂ ਬਜ਼ੁਰਗ ਨੇ ਕਿਹਾ,‘ਕਾਕਾ ਜੋ ਵੀ ਪੀਣਾ ਪਹਿਲਾਂ ਆਪੇ ਹੀ ਸਾਮ੍ਹਣਲੀ ਫਰਿਜ ’ਚੋਂ ਕੱਢ ਲਓ। ਨਾਲੇ ਸਾਨੂੰ ਵੀ ਘੁੱਟ –ਘੁੱਟ ਪਾਣੀ ਪਿਆ ਦਿਓ ਬੋਤਲ ’ਚੋਂ।’ ਏਦਾਂ ਲੱਗਾ ਜਿਵੇਂ ਉਹ ਆਪਣੀ ਚੁੱਪ ਤੋਂ ਅੱਕੇ ਹੋਏ ਹੋਣ ਅਤੇ ਸਾਨੂੰ ਹੀ ਉਡੀਕ ਰਹੇ ਹੋਣ। ਠੰਢਾ ਪੀਂਦਿਆਂ ਪੌੜੀ ਚੜ੍ਹਨ ਸਮੇਂ ਲੱਗੇ ਥੋੜ੍ਹੇ ਜ਼ੋਰ ਕਾਰਨ ਮੈਂ ਪੁੱਛ ਬੈਠਾ,‘ਐਡੀ ਕੋਠੀ ਆ, ਹੇਠ ਕੋਈ ਹੋਰ ਵੀ ਨਹੀਂ ਰਹਿੰਦਾ ਲੱਗਦਾ ਫੇਰ ਤੁਸੀਂ ਉੱਪਰ ਕਿਉਂ ਡੇਰੇ ਲਾਏ ਨੇ ? ਹੇਠਾਂ ਰਹੋ ਤਾਂ ਕੋਈ ਲੰਘਦਾ ਵੜਦਾ ਗੱਲਬਾਤ ਕਰ ਜਾਂਦਾ। ਨਾਲੇ ਰੱਬ ਨਾ ਕਰੇ ਕਦੇ ਬੰਦਾ ਢਿੱਲਾ ਮੱਠਾ ਹੋ ਜਾਵੇ ਤਾਂ ਏਨੀਆਂ ਪੌੜੀਆਂ ਉਤਰਨਾ ਈ ਔਖਾ ਹੋ ਜਾਂਦੈ ਏਸ ਉਮਰ ’ਚ।’

‘ਜੁਆਨਾ ਗੱਲ ਤਾਂ ਤੇਰੀ ਠੀਕ ਐ। ਪਰ ਕੀ ਦੱਸੀਏ। ਸਾਰੀ ਉਮਰ ਮਿਹਨਤਾਂ ਕੀਤੀਆਂ ਨੇ। ਹੱਥੀਂ ਹੱਲ ਵਾਹੇ ਨੇ। ਖ਼ੂਨ ਪਸੀਨਾ ਇਕ ਕੀਤਾ ਏ। ਹੱਡ ਹੁਣ ਉਥੇ ਹੀ ਗਿਝ ਗਏ ਆ। ਆਹ ਏਸੀ ਦੀ ਹਵਾ ਨਾਲ ਹੱਡ ਦੁਖਣ ਲੱਗ ਪੈਂਦੇ ਨੇ। ਉਪਰ ਹਵਾ ਹਾਰਾ ਆ, ਨਾਲੇ ਸਾਹਮਣੇ ਘਰ ਵਾਲੇ ਵੀ ਛੱਤ ’ਤੇ ਈ ਰਹਿੰਦੇ ਆ। ਜੇ ਕਦੇ ਲੋੜ ਪਵੇ ਉਨ੍ਹਾਂ ਨੂੰ ’ਵਾਜ਼ ਮਾਰ ਲਈ ਦੀ ਏ। ਹੇਠਾਂ ਸਾਡੀ ਕਿਹਨੇ ਸੁਣਨੀਏ ?’

ਬਜ਼ੁਰਗ ਦੀ ਗੱਲ ਸੁਣ ਮੈਂ ਕੋਈ ਹੋਰ ਸਵਾਲ ਕਰਨਾ ਠੀਕ ਨਾ ਸਮਝਿਆ। ਉਨ੍ਹਾਂ ਦੇ ਪੁੱਤ ਵਲੋਂ ਭੇਜਿਆ ਜ਼ਰੂਰੀ ‘ਸੁਨੇਹਾ’ ਉਨ੍ਹਾਂ ਦੇ ਸਪੁਰਦ ਕਰ ਅਸੀਂ ਤੁਰਨ ਲੱਗੇ ਤਾਂ ਬਜ਼ੁਰਗ

ਨੇ ਪੁੱਛ ਲਿਆ,'ਕਾਕਾ ਕਿਹੜੇ ਪਿੰਡੋਂ ਓਂ ?

ਬਜ਼ੁਰਗ ਨੂੰ ਜਵਾਬ ਦੇਣ ਲਈ ਸਾਨੂੰ ਰੁਕਣਾ ਹੀ ਪੈਣਾ ਸੀ। ਮੈਂ ਆਪਣੇ ਬਾਰੇ ਦੱਸਿਆ। ਫਿਰ ਗੱਲਾਂ 'ਚੋਂ ਗੱਲ ਨਿਕਲਦੀ ਗਈ। ਮੈਂ ਨਾ ਰੁਕਣਾ ਚਾਹੁੰਦਾ ਵੀ ਰੁਕ ਗਿਆ। ਬਜ਼ੁਰਗ ਦੱਸਣ ਲੱਗਾ,'ਸਾਡਾ ਇਕੋ ਇਕ ਮੁੰਡਾ ਆ ਓਹ ਵੀ ਅਮਰੀਕਾ ਰਹਿੰਦਾ। ਸੁੱਖ ਨਾ' ਉਹਦੇ ਦੋ ਪੁੱਤ ਅਤੇ ਇਕ ਧੀ ਐ। ਉੱਧਰ ਹੀ ਜੰਮੇ ਪਲੇ ਨੇ। ਜਦ ਦੇ ਜੰਮੇ ਨੇ ਬਸ ਇਕ ਆਰ ਏਧਰ ਆਏ ਆ। ਨੂੰਹ ਤਾਂ ਜਿਓਂ ਗਈ ਮੁੜ ਕੇ ਇਕ ਦੋ ਵਾਰੀ ਆਈ ਏ। ਘਾਟਾ ਤਾਂ ਏਧਰ ਈ ਕੋਈ ਨਹੀਂ। ਐਨੀ ਪੈਲੀ ਆ ਸਾਲ ਦਾ ਠੇਕਾ ਈ ਚਾਰ-ਪੰਜ ਲੱਖ ਆ ਜਾਂਦਾ। ਪਤਾ ਨਹੀਂ ਕਿਉਂ ਉਹ ਉੱਥੇ ਟਿਕੇ ਨੇ। ਏਧਰ ਆਉਣ ਦਾ ਨਾਂ ਈ ਨਹੀਂ ਲੈਂਦੇ। ਮੁੰਡਾ ਪੰਜੀਂ-ਸੱਤੀਂ ਮਹੀਨੀਂ ਗੇੜਾ ਮਾਰ ਜਾਂਦਾ। ਜਦ ਆਉਂਦਾ, ਰਿਸ਼ਤੇਦਾਰਾਂ ਦੇ ਜਿੱਥੇ ਕਹੀਏ ਗੱਡੀ 'ਚ ਘੁਮਾ ਲਿਆਉਂਦਾ। ਜੇ ਕਹੀਏ ਤਾਂ ਦਰਬਾਰ ਸਾਹਿਬ ਜਾਂ ਗੁਰਦੁਆਰਾ ਬੇਰ ਸਾਹਿਬ ਦੇ ਦਰਸ਼ਨ ਕਰਵਾ ਲਿਆਉਂਦਾ। ਹੋਰ ਹੁਣ ਅਸੀਂ ਕਿੱਥੇ ਜਾਣਾ ਹੁੰਦਾ।'

ਕੁਝ ਪਲ ਰੁਕ ਕੇ ਬਜ਼ੁਰਗ ਨੇ ਫਿਰ ਲੜੀ ਜੋੜ ਲਈ, 'ਸਾਡੇ ਰੋਟੀ-ਪਾਣੀ ਲਈ ਪਿੰਡ 'ਚੋਂ ਇਕ ਕੁੜੀ ਨੂੰ ਪੱਕਾ ਰੱਖਿਆ ਹੋਇਆ ਐ। ਉਹ ਸਵੇਰੇ ਸ਼ਾਮ ਆ ਕੇ ਰੋਟੀ ਬਣਾ ਜਾਂਦੀ ਹੈ। ਉਹਦੇ ਘਰਵਾਲਾ ਮੁੰਡਾ ਸਾਡੇ ਹੋਰ ਬਾਹਰਲੇ ਕੰਮ ਕਾਰ ਕਰੀ ਜਾਂਦੈ। ਲੋੜ ਪੈਣ 'ਤੇ ਦਾਰੂ ਬੂਟੀ ਲਿਆ ਦਿੰਦਾ। ਸਾਡੇ ਲਈ ਤਾਂ ਇਹੋ ਧੀ-ਪੁੱਤ ਨੇ ਜਿਹੜੇ ਸਾਡੀ ਦੇਖਭਾਲ ਕਰਦੇ ਆ। ਭਾਵੇਂ ਪੈਸੇ ਹੀ ਲੈਂਦੇ ਆ ਪਰ ਵੇਲੇ ਸਿਰ ਬਹੁੜਦੇ ਤਾਂ ਹੈ। ਢਿੱਡੋਂ ਜੰਮਿਆ ਤਾਂ ਸਾਨੂੰ ਸਹੂਲਤਾਂ ਨਾਲ ਤੋਲਦਾ। ਉਹਨੂੰ ਕੀ ਪਤਾ ਬੰਦਿਆਂ ਦੇ ਘਾਟੇ ਪੈਸਿਆਂ ਨਾਲ ਥੋੜ੍ਹੋਂ ਪੂਰੇ ਹੁੰਦੇ ਨੇ। ਪੰਦਰਾਂ ਵੀਹ ਦਿਨ ਰੁਕ ਕੇ ਉਹ ਜਾਣ ਲੱਗਾ ਫਿਰ ਸਾਨੂੰ ਉਪਰਲੀ ਮੰਜ਼ਿਲ 'ਤੇ ਚਾੜ੍ਹ ਜਾਂਦੈ। ਇੱਥੋਂ ਜਿੱਥੇ ਤਕ ਸਾਡੀ ਨਿਗਾਹ ਜਾਂਦੀ ਆ ਓਨੀ ਕੁ ਈ ਸਾਡੀ ਦੁਨੀਆ ਏ।'

ਇਸ ਤੋਂ ਪਹਿਲਾਂ ਕਿ ਬਜ਼ੁਰਗ ਕੋਈ ਹੋਰ ਗੱਲ ਛੇੜਦਾ ਜਾਂ ਮੇਰਾ ਮਨ ਬੇਕਾਬੂ ਹੋ ਜਾਂਦਾ ਮੈਂ ਉਠ ਕੇ ਤੁਰਨਾ ਹੀ ਠੀਕ ਸਮਝਿਆ। ਬਜ਼ੁਰਗ ਦੀ ਗੱਲ ਸੁਣ ਅਤੇ ਆਪਣੇ ਤਾਜ਼ਾ ਹੀ ਕੈਨੇਡਾ ਗਏ ਪੁੱਤ ਬਾਰੇ ਸੋਚ ਕੇ ਮੇਰੇ ਅੰਦਰੋਂ ਕੁਝ ਤਿੜਕਿਆ। ਪੌੜੀਆਂ ਉਤਰਦਿਆਂ ਮੈਨੂੰ ਲੱਗਾ ਪਲੰਘ 'ਤੇ ਕੋਈ ਹੋਰ ਨਹੀਂ ਮੈਂ ਹੀ ਪਿਆ ਹਾਂ।

## 'ਕੋਈ ਹੋਰ ਨਹੀਂ' ਉੱਤੇ ਵਿਚਾਰ-ਚਰਚਾ

**ਰਮਿੰਦਰ ਕੌਰ**: ਵਿਕਾਸਸ਼ੀਲ ਦੇਸ਼ਾਂ ਤੋਂ ਵਿਕਸਤ ਦੇਸਾਂ ਵੱਲ ਲੋਕ ਪਲਾਇਨ ਕਰਦੇ ਹਨ। ਪੰਜਾਬ ਵਿਚੋਂ ਵਿਦੇਸ਼ ਜਾਣ ਵਾਲੇ ਲੋਕਾਂ ਦੇ ਕਾਰਨ ਭਾਵੇਂ ਵੱਖੋ ਵੱਖਰੇ ਹੁੰਦੇ ਹਨ, ਪਰ ਵੱਡੀ ਤਾਦਾਦ ਵਿਚ ਨੌਜਵਾਨ ਬਾਹਰ ਜਾ ਵਸਦੇ ਹਨ। ਕਿਸੇ ਵੀ ਮਾਂ ਬਾਪ ਲਈ ਬੱਚਿਆਂ ਨੂੰ ਬਾਹਰ ਭੇਜਣਾ ਤੇ ਆਪ ਪਿੱਛੇ ਰਹਿ ਜਾਣਾ ਕੋਈ ਸੌਖਾ ਕੰਮ ਨਹੀਂ ਹੁੰਦਾ, ਪਰ ਫਿਰ ਵੀ ਬੱਚਿਆਂ ਦੇ ਭਵਿੱਖ ਖਾਤਿਰ ਉਹ ਇੰਜ ਕਰਦੇ ਹਨ। ਉੱਥੇ ਕੀਤੀ ਕਮਾਈ ਵਿਚੋਂ ਕੁਝ ਹਿੱਸਾ ਉਹ ਆਪਣੇ ਘਰ ਵਾਲਿਆਂ ਨੂੰ ਵੀ ਭੇਜਦੇ ਹਨ, ਜੋ ਇਥੇ ਆ ਕੇ ਕਈ ਗੁਣਾ ਹੋ ਜਾਂਦੇ ਹਨ। ਇਸ ਨਾਲ ਪਿੱਛੇ ਰਹਿ ਗਏ ਲੋਕਾਂ ਦੀ ਆਰਥਕ ਹਾਲਤ ਬਿਹਤਰ ਹੁੰਦੀ। ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਵੀ ਲੋਕ ਪਲਾਇਨ ਕਰਦੇ ਹਨ, ਜਿਹਦੇ ਬਾਰੇ ਕਹਾਣੀ ਵਿਚ ਜ਼ਿਕਰ ਆਉਂਦਾ ਹੈ, ਪਰੰਤੂ ਕਿਸੇ ਵੇਲੇ ਬੱਚੇ ਵੀ ਇਕ ਨਾਲੋਂ ਵਧੇਰੇ ਹੁੰਦੇ ਸਨ ਤੇ ਜ਼ਰੂਰਤ ਪੈਣ 'ਤੇ ਵਿਦੇਸ਼ ਦੇ



ਮੁਕਾਬਲੇ ਸ਼ਹਿਰ ਜਾਂ ਪਿੰਡ ਪਹੁੰਚਣਾ ਅਸਾਨ ਵੀ ਹੁੰਦਾ ਸੀ। ਇਸ ਕਹਾਣੀ ਦੀ ਸ਼ੁਰੂਆਤ ਤਾਂ ਤਸੱਲੀ ਤੋਂ ਹੁੰਦੀ ਹੈ ਪਰੰਤੂ ਅੰਤ ਚਿੰਤਾ ਨਾਲ ਹੁੰਦਾ ਹੈ। ਕਈ ਵਾਰ ਹਥਲਾ ਮਸਲਾ ਹੱਲ ਕਰ ਕੇ ਅਸੀਂ ਸੋਚਦੇ ਹਾਂ ਕੇ ਚਿੰਤਾਮੁਕਤ ਹੋ ਗਏ ਹਾਂ। ਪਰੰਤੂ ਉਹੋ ਹੱਲ ਭਵਿੱਖ ਵਿਚ ਕਿਹੜੀ ਚਿੰਤਾ ਲਿਆ ਕੇ ਸਾਹਮਣੇ ਖੜੀ ਕਰ ਦੇਵੇਗਾ, ਇਸ ਦਾ ਸਾਨੂੰ ਥਹੁ ਹੁੰਦਾ। ਕਹਾਣੀ ਭਾਵੇਂ ਸਰਲ ਜਾਪਦੀ ਹੈ, ਪਰੰਤੂ ਕਹਾਣੀ ਦਾ ਹਰ ਵੇਰਵਾ ਕਹਾਣੀ ਦੇ ਥੀਮ ਨਾਲ ਜੁੜਿਆ ਹੋਇਆ ਹੈ। ਅਸੀਂ ਆਸ ਕਰਦੇ ਹਾਂ ਕਿ ਸਾਡੇ ਬੱਚੇ ਲੋੜ ਵੇਲੇ ਦੀ ਉਮਰ ਵਿਚ ਜਾ ਕੇ ਸਾਡਾ ਖਿਆਲ ਰੱਖਣਗੇ, ਪਰੰਤੂ ਉਦੋਂ ਉਹ ਮੌਜੂਦ ਨਹੀਂ ਹੁੰਦੇ। ਕਹਾਣੀ ਦੇ ਅਖੀਰ ਵਿਚ ਬਜ਼ੁਰਗ ਜੋੜੀ ਨੂੰ ਦੇਖ ਕੇ ਮੈਂ ਪਾਤਰ ਦੇ ਮਨ ਵਿੱਚ ਖਿਆਲ ਆਉਂਦਾ ਹੈ ਇਸ ਹਾਲਤ ਵਿਚ ਰਹਿ ਰਹੇ ਬਜ਼ੁਰਗ ਕੋਈ ਹੋਰ ਨਹੀਂ, ਉਹਦਾ ਆਪਣਾ ਆਪ ਹੀ ਹੈ। ਕਹਾਣੀ ਵਿਚ ਆਏ ਲੋਕਧਾਰਾ ਦੇ ਛੋਟੇ ਛੋਟੇ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਲੇਖਕ ਨੂੰ ਪੰਜਾਬ ਦੀ ਲੋਕਧਾਰਾ ਦੀ ਵੀ ਚੰਗੀ ਸਮਝ ਹੈ।

**ਸ਼ਰਨਜੀਤ ਕੌਰ**: ਇਹ ਕਹਾਣੀ ਇੱਕੋ ਵੇਲੇ ਸਮਾਜਕ, ਆਰਥਕ ਅਤੇ ਧਾਰਮਕ ਮਸਲਿਆਂ ਨੂੰ ਆਪਣੇ ਕਲੇਵਰ ਵਿਚ ਲੈ ਕੇ ਆਉਂਦੀ ਹੈ। ਸਾਡੇ ਲਈ ਵੱਡਾ ਮਸਲਾ ਆਰਥਕ ਹੈ। ਉਹਦੇ ਵਿੱਚੋਂ ਹੀ ਬਾਕੀ ਦੇ ਮਸਲੇ ਖੜ੍ਹੇ ਹੁੰਦੇ ਹਨ। ਆਰਥਕ ਸੰਕਟ ਉਹ ਮੁੱਖ ਕਾਰਨ ਹੈ, ਜਿਸ ਕਰਕੇ ਪਰਵਾਸ ਦਾ ਰੁਝਾਨ ਪੰਜਾਬੀਆਂ ਵਿਚ ਵਧਿਆ ਹੈ। ਪਰਵਾਸ ਨੇ ਕਾਫੀ ਹੱਦ ਤੱਕ ਸਾਡੀ ਸੰਸਕ੍ਰਿਤੀ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਦੋਂ ਤੁਹਾਡੀ ਆਪਣੀ ਧਰਤੀ ਉੱਤੇ ਤੁਹਾਡੇ ਸੁਪਨੇ ਪੂਰੇ ਨਹੀਂ ਹੁੰਦੇ, ਉਦੋਂ ਉਸ ਦੇ ਨਾਲ ਹੀ ਤੁਸੀਂ ਮਰਿਆਦਾਵਾਂ ਵੀ ਛਿੱਕੇ ਟੰਗਣ ਤੋਂ ਗੁਰੇਜ ਨਹੀਂ ਕਰਦੇ। ਰੁਲਦੇ ਬੁਢਾਪੇ ਨੂੰ ਵਿਖਾ ਕੇ ਇਹ ਕਹਾਣੀ ਪੈਸੇ ਦੀ ਹੋੜ ਦਾ ਖੰਡਨ ਕਰਨ ਵੱਲ ਵੀ ਇਸ਼ਾਰਾ ਕਰਦੀ ਹੈ । ਇਹ ਸਵਾਲ ਵੀ ਖੜ੍ਹਾ ਕਰਦੀ ਹੈ ਕਿ ਕੀ ਸਾਨੂੰ ਆਪਣੀਆਂ ਕਦਰਾਂ-ਕੀਮਤਾਂ ਵੱਲ ਮੁੜਨ ਦੀ ਲੋੜ ਹੈ ? ਕਹਾਣੀ ਨੂੰ ਜਟਲ ਬਣਾਏ ਬਗੈਰ ਇਹ ਇਕ ਕਹਾਣੀ ਹੈ।

**ਕੁਲਵੰਤ ਸਿੰਘ ਸੰਧੂ**: ਹਿਜਰਤ ਓਨੀ ਹੀ ਪੁਰਾਣੀ ਹੈ, ਜਿੰਨਾ ਪੁਰਾਣਾ ਮਨੁੱਖ ਹੈ, ਪਰ ਹੁਣ ਦੀ ਹਿਜ਼ਰਤ ਇਕ ਵਿਡੰਬਨਾ ਪੈਦਾ ਕਰਦੀ ਹੈ। ਜਿਸ ਤਰ੍ਹਾਂ ਦੇ ਹੁਣ ਰੁਜ਼ਗਾਰ ਦੇ ਹਾਲਾਤ ਹਨ, ਘਰੋਂ ਨਿਕਲਣ ਨਾਲ ਹੀ ਮਨੁੱਖ ਤਰੱਕੀ ਕਰੇਗਾ। ਇਹ ਕਹਾਣੀ ਮਨੁੱਖ ਦੀ ਉਸ ਵਿਡੰਬਨਾ ਨੂੰ ਪੇਸ਼ ਕਰਦੀ ਹੈ ਕਿ ਜੇ ਬੱਚਾ ਘਰ ਵਿਚ ਬਿਨਾ ਕੰਮ ਤੋਂ ਬੈਠਾ ਹੈ ਤਾਂ ਉਸਨੂੰ ਕਮਾਈ ਕਰਨ ਲਈ ਬਾਹਰ ਭੇਜਣਾ ਹੈ, ਤੇ ਜਦੋਂ ਉਹ ਚਲਾ ਜਾਂਦਾ ਹੈ ਤਾਂ ਲੋੜ ਪੈਣ ਤੇ ਉਹ ਤੁਹਾਡੇ ਕੋਲ ਹੋਣਾ ਚਾਹੀਦਾ ਹੈ। ਇਸ ਵਿਡੰਬਨਾ ਨੂੰ ਇਹ ਕਹਾਣੀ ਬਾਖੂਬੀ ਪੇਸ਼ ਕਰਦੀ ਹੈ

**ਜਸ ਮੰਡ**: ਪਰਵਾਸ ਤਾਂ ਜੁਗਾਂ-ਜੁਗੰਤਰਾਂ ਤੋਂ ਚਲਦਾ ਆ ਰਿਹਾ ਹੈ। ਇਹ ਕੋਈ ਮਾੜਾ ਵਰਤਾਰਾ ਨਹੀਂ। ਉਲਟਾ, ਪਰਵਾਸ ਮਨੁੱਖ ਦੇ ਜੀਵਨ ਦੀ ਬਿਹਤਰੀ ਲਈ ਜ਼ਰੂਰੀ ਹੈ। ਸਾਡੇ ਵਿੱਚੋਂ ਬਹੁਤ ਸਾਰੇ ਮਾਂ-ਬਾਪ ਅਜਿਹੇ ਹਨ ਜਿਨ੍ਹਾਂ ਦੇ ਬੱਚੇ ਭਾਵੇਂ ਵਿਦੇਸ਼ ਗਏ ਹੋਣ ਤੇ ਭਾਵੇਂ ਏਥੋਂ ਦੇ ਕਿਸੇ ਦੁਰਾਡੇ ਸ਼ਹਿਰ ਵਿਚ ਵਸਦੇ ਹੋਣ, ਉਹ ਜ਼ਰੂਰਤ ਪੈਣ ਤੇ ਸਾਡੇ ਕੋਲ ਹੋਣ ਦੇ ਅਸਮਰਥ ਹੁੰਦੇ ਹਨ। ਅਸੀਂ ਇਕ ਅਜਿਹੇ ਟਰਾਂਜ਼ੀਸ਼ਨਲ ਪੀਰੀਅਡ ਵਿਚ ਰਹਿ ਰਹੇ ਹਾਂ ਜਿੱਥੇ ਬਜ਼ੁਰਗ ਇਕੱਲੇ ਤਾਂ ਰਹਿ ਗਏ, ਪਰੰਤੂ ਉਨ੍ਹਾਂ ਦੀ ਦੇਖਭਾਲ ਦਾ ਕੋਈ ਢਾਂਚਾਗਤ ਸਿਸਟਮ ਨਹੀਂ ਬਣਿਆ। ਦੂਜੇ ਪਾਸਿਉਂ ਸਾਨੂੰ ਆਪਣੀ ਇਕੱਲਤਾ ਨੂੰ ਸਿਰਜਨਾਤਮਕ ਦਿਸ਼ਾ ਦੇਣ ਦਾ ਵੱਲ ਨਹੀਂ ਆਉਂਦਾ। ਪਰਵਾਰ ਦੀ ਸੰਸਥਾ ਸਾਡੀ ਆਰਥਿਕਤਾ ਨਾਲ ਜੁੜੀ ਹੋਈ ਹੈ। 50-

60 ਸਾਲ ਪਹਿਲਾਂ ਆਰਥਕਤਾ ਬਦਲੀ, ਤਾਂ ਸਾਂਝਾ ਪਰਿਵਾਰ ਕੁਝ ਸਾਲਾਂ ਵਿਚ ਹੀ ਖੇਰੂ ਖੇਰੂ ਹੁੰਦਾ ਅਸੀਂ ਵੇਖਿਆ। ਆਰਥਕਤਾ ਫੇਰਬਦਲੀ ਤਾਂ ਪਰਵਾਰ ਹੋਰ ਛੋਟਾ ਹੋ ਗਿਆ। ਬਜ਼ੁਰਗਾਂ ਲਈ ਆਰਥਕ ਮਸਲਾ ਹੱਲ ਕਰਨਾ ਫੇਰ ਵੀ ਸੌਖਾ ਹੈ, ਬੱਚੇ ਵੀ ਇਸ ਗੱਲ ਵਿੱਚ ਮਦਦ ਕਰ ਦੇਂਦੇ ਹਨ ਪ੍ਰੰਤੂ ਇਕੱਲਤਾ ਦਾ ਮਸਲਾ ਮੁਸ਼ਕਲ ਹੈ। ਕਹਾਣੀਕਾਰ ਨੇ ਇਸ ਵਰਤਾਰੇ ਦਾ ਚਿਤਰਨ ਤਾਂ ਬਾਖੂਬੀ ਕੀਤਾ ਹੈ, ਪਰੰਤੂ ਇਸਦਾ ਹੱਲ ਉਸਨੂੰ ਵੀ ਕੋਈ ਨਹੀਂ ਦਿਸਦਾ, ਅਤੇ ਅੰਤ ਨਿਰਾਸ਼ਾਜਨਕ ਹੈ। ਜੇ ਮੈਂ ਇਹ ਕਹਾਣੀ ਲਿਖਦਾ ਤਾਂ ਮੈਂ ਲਿਖਦਾ ਕਿ ਬੱਚੇ ਆਪਣੀ ਆਪਣੀ ਜਗ੍ਹਾ ਸੈਟਲ ਹੋ ਗਏ ਹਨ। ਮੈਂ ਹੁਣ ਸੁਰਖ਼ੁਰੂ ਹਾਂ, ਕਿਸੇ ਦੀ ਹਿੜਕ-ਝਿੜਕ ਨਹੀਂ, ਏਕਾਂਤ ਨੂੰ ਮਾਣਦਾ ਹਾਂ, ਆਪਣੀ ਹੌਬੀ ਨੂੰ ਪੂਰਾ ਕਰਨ ਦਾ ਹੁਣ ਪੂਰਾ ਮੌਕਾ ਮਿਲਿਆ ਹੈ।

**ਮਹਿਲ ਸਿੰਘ**: ਜਿਵੇਂ ਜਸ ਮੰਡ ਨੇ ਕਿਹਾ ਹੈ, ਕਿ ਇਸ ਸਮਸਿਆ ਤੋਂ ਅਸੀਂ ਸਾਰੇ ਵਾਕਫ ਹਾਂ। ਕਹਾਣੀ ਨੇ ਉਸਨੂੰ ਬਹੁਤ ਸੁਹਣੇ ਤਰੀਕੇ ਨਾਲ ਸਾਡੇ ਸਾਹਮਣੇ ਰੱਖਿਆ ਹੈ। ਬੱਚੇ ਬਾਹਰ ਚਲੇ ਜਾਂਦੇ ਹਨ, ਬਜ਼ੁਰਗ ਇਥੇ ਇਕੱਲੇ ਰਹਿ ਜਾਂਦੇ ਹਨ। ਆਮ ਤੌਰ 'ਤੇ ਬਜ਼ੁਰਗ ਓਥੇ ਜਾ ਕੇ ਰਹਿਣਾ ਨਹੀਂ ਚਾਹੁੰਦੇ, ਕਈ ਬੱਚੇ ਵੀ ਹਨ, ਜਿਹੜੇ ਮਾਂ-ਬਾਪ ਨੂੰ ਆਪਣੇ ਕੋਲ ਰੱਖਣਾ ਨਹੀਂ ਚਾਹੁੰਦੇ। ਇਹਦੇ ਨਾਲ ਇਕ ਆਈਡੈਂਟਿਟੀ ਕਰਾਈਸਿਸ ਵੀ ਪੈਦਾ ਹੁੰਦਾ ਹੈ। ਪਰੰਤੂ ਇਹ ਸਾਫ ਨਹੀਂ ਕਿ ਕਹਾਣੀ ਸੁਨੇਹਾ ਕੀ ਦੇਣਾ ਚਾਹੁੰਦੀ ਹੈ!

**ਰਜਨੀਸ਼ ਬਹਾਦਰ ਸਿੰਘ**: ਪਰਵਾਸ ਸੱਚਮੁਚ ਕੋਈ ਮਾੜੀ ਗੱਲ ਨਹੀਂ। ਅਸੀਂ ਪਿੰਡਾਂ ਵਿੱਚੋਂ ਨਿਕਲ ਕੇ ਸ਼ਹਿਰਾਂ ਵਿਚ ਨੌਕਰੀ ਕਰਨ ਆਏ, ਇਹ ਵੀ ਪਰਵਾਸ ਸੀ। ਸਾਡੇ ਬੱਚੇ ਹੋਰ ਅੱਗੇ ਪਰਵਾਸ ਕਰ ਗਏ, ਹੋਰ ਬਿਹਤਰ ਜ਼ਿੰਦਗੀ ਦੀ ਭਾਲ ਵਿਚ। ਸਾਡੇ ਪਰਿਵਾਰਾਂ ਦੇ ਮਾਹੌਲ ਮੁਤਾਬਕ ਇਹ ਮਾਂ ਬਾਪ ਆਸ ਰਖਦੇ ਹਨ ਵੱਡੀ ਉਮਰ ਵਿਚ ਉਨ੍ਹਾਂ ਦੇ ਬੱਚੇ ਉਨ੍ਹਾਂ ਦੀ ਸੇਵਾ ਕਰਨਗੇ। ਬੱਚਿਆਂ ਦੇ ਮਨ ਵਿੱਚ ਵੀ ਇੱਛਾ ਹੁੰਦੀ ਹੈ ਕੀ ਉਹ ਆਪਣੇ ਮਾਂ ਬਾਪ ਦੀ ਸੇਵਾ ਕਰਨ, ਪ੍ਰੰਤੂ ਵਰਤਮਾਨ ਸਥਿਤੀਆਂ ਵਿਚ ਇਹ ਗੱਲ ਸਿਰੇ ਨਹੀਂ ਚੜ੍ਹ ਸਕਦੀ। ਇਹ ਕਹਾਣੀ ਇਸ ਗੱਲ ਉੱਤੇ ਫੋਕਸ ਕਰਦੀ ਹੈ ਕਿ ਸਾਡੇ ਕੋਲ ਜੀਵਨ-ਢੰਗ ਪੁਰਾਣਾ ਹੈ , ਪਰੰਤੂ ਹਾਲਾਤ ਬਦਲ ਗਏ ਹਨ। ਪੰਜਾਬ ਦੇ ਲੋਕ ਪਰਵਾਸ ਦੇ ਨਵੇਂ-ਨਵੇਂ ਢੰਗ ਲੱਭਦੇ ਰਹਿੰਦੇ ਹਨ। ਇਹ ਗੱਲ ਪਰਵਾਸੀ ਕਹਾਣੀਆਂ ਵਿਚ ਵੀ ਸਾਹਮਣੇ ਆਈ ਹੈ। ਬਿੰਦਰ ਬਸਰਾ ਸਮਸਿਆ ਨੂੰ ਸਾਡੇ ਸਾਹਮਣੇ ਬਹੁਤ ਸੁਹਣੇ ਤਰੀਕੇ ਨਾਲ ਰਖਦਾ ਹੈ। ਕਹਾਣੀਕਾਰ ਦੇ ਤੌਰ ਤੇ ਉਹ ਕਦੇ ਵੀ ਕਹਾਣੀ ਵਿਚ ਜਟਿਲਤਾ ਪੈਦਾ ਨਹੀ ਕਰਦਾ। ਇਹ ਉਸਦੀ ਵਿਸ਼ੇਸ਼ਤਾ ਹੈ।

**ਬਲਬੀਰ ਪਰਵਾਨਾ**: ਇਹ ਕਹਾਣੀ ਵੇਖਣ ਨੂੰ ਭਾਵੇਂ ਸਰਲ ਅਤੇ ਸੌਖੀ ਲਗਦੀ ਹੈ, ਪ੍ਰੰਤੂ ਇਹ ਕਹਾਣੀ ਇਸ ਗੱਲ ਨੂੰ ਬਹੁਤ ਸੋਹਣੀ ਤਰ੍ਹਾਂ ਪੇਸ਼ ਕਰਦੀ ਹੈ ਕਿ ਅੱਜ ਦਾ ਪੰਜਾਬ ਕਿਧਰ ਨੂੰ ਜਾ ਰਿਹਾ ਹੈ! ਪੰਜਾਬੀ ਲੋਕ ਆਪਣੇ ਬੱਚੇ ਬਾਹਰ ਭੇਜਣ ਲਈ ਕਿਸ ਕਿਸ ਤਰ੍ਹਾਂ ਦੇ ਜੁਗਾੜ ਕਰਦੇ ਹਨ, ਕਿਵੇਂ ਉਹ ਗੈਰ-ਕਨੂੰਨੀ ਢੰਗ ਵੀ ਵਰਤਦੇ ਹਨ, ਅਤੇ ਗੈਰ ਇਖਲਾਕੀ ਵੀ। ਅਤੇ ਨਤੀਜੇ ਦੇ ਤੌਰ 'ਤੇ ਪੰਜਾਬ ਕਿਹੋ ਜਿਹੀ ਟਰੈਜਿਕ ਸਥਿਤੀ ਵੱਲ ਜਾ ਰਿਹਾ ਹੈ, ਇਸ ਕਹਾਣੀ ਰਾਹੀਂ ਸਾਡੇ ਸਾਹਮਣੇ ਪ੍ਰਤੱਖ ਦਿਖਾਈ ਦੇਂਦਾ ਹੈ।

**ਆਤਮ ਰੰਧਾਵਾ**: ਇਹ ਕਹਾਣੀ ਪੰਜਾਬ ਦੇ ਓਸ ਭਵਿਖ ਵੱਲ ਇਸ਼ਾਰਾ ਕਰਦੀ ਹੈ ਜਿਸ ਵਿਚ ਪੰਜਾਬ ਸਿਰਫ ਬੁੱਢਿਆਂ ਦਾ ਪੰਜਾਬ ਰਹਿ ਜਾਏਗਾ। ਦੁਖਾਂਤ ਇਸ ਗੱਲ ਵਿਚ ਹੈ ਕੀ ਹੈ ਨੌਜਵਾਨ ਜੇ ਇੱਥੇ ਰਹਿਣ, ਤਾਂ ਵੀ ਗੱਲ ਨਹੀਂ ਬਣਦੀ, ਤੇ ਜੇ ਉਹ ਬਾਹਰ ਚਲੇ ਜਾਣ, ਤਾਂ



ਮਾਪੇ ਰੁਲ ਜਾਂਦੇ ਹਨ। ਪੰਜਾਬ ਦੀ ਅਜੋਕੀ ਸਥਿਤੀ ਆਪਣੇ ਆਪ ਵਿਚ ਇਕ ਵਰਦਾਨ ਵੀ ਹੈ ਅਤੇ ਸਰਾਪ ਵੀ। ਇਹਦੇ ਲਈ ਢੁਕਵਾਂ ਸ਼ਬਦ ਸ਼ਾਇਦ 'ਸਰਾਪਿਆ ਵਰਦਾਨ' ਹੈ!

**ਰੀਟਾ ਸਵਾਮੀ**: ਇਹ ਕਹਾਣੀ ਸੌਖੀ ਵੀ ਹੈ ਤੇ ਰਵਾਨੀ ਰਵਾਨੀ ਵਾਲੀ ਵੀ। ਇਹ ਸਥਿਤੀ ਪੰਜਾਬ ਤੱਕ ਹੀ ਸੀਮਿਤ ਨਹੀਂ, ਸਾਰੇ ਭਾਰਤ ਵਿੱਚ ਇਹੋ ਹਾਲਤ ਬਣ ਗਈ ਹੈ। ਮੇਰੀ ਲੇਖਕਾਂ ਅਤੇ ਚਿੰਤਕਾਂ ਅੱਗੇ ਬੇਨਤੀ ਹੈ ਕਿ ਉਹ ਇਸ ਗੱਲ ਦਾ ਹੱਲ ਸੁਝਾਉਣ ਵੱਲ ਵੀ ਧਿਆਨ ਦੇਣ ਕਿ ਬਜ਼ੁਰਗਾਂ ਨੂੰ ਰੁਲਣ ਤੋਂ ਕਿਵੇਂ ਬਚਾਇਆ ਜਾਵੇ। ਸ਼ਾਇਦ ਮਾਪਿਆਂ ਨੂੰ ਵੀ ਇਸ ਗੱਲ ਲਈ ਤਿਆਰ ਕਰਨਾ ਹੋਵੇਗਾ ਕਿ ਬੱਚੇ ਆਪਣੇ ਸਿਰ ਖੁਦ ਤਾਂ ਹੋਣ, ਨਾਲ ਹੀ ਅਸੀਂ ਵੀ ਆਪਣੇ ਆਪ ਨੂੰ ਉਨ੍ਹਾਂ ਉੱਤੇ ਨਿਰਭਰ ਨਾ ਰੱਖੀਏ। ਸਾਨੂੰ ਵੀ ਸਿੱਖਣਾ ਪਵੇਗਾ ਕਿ ਇੱਕਲਤਾ ਤੋਂ ਏਕਾਂਤ ਤੱਕ ਦਾ ਪੈਂਡਾ ਕਿਵੇਂ ਤੈਅ ਕਰਨਾ ਹੈ!

**ਜਸਵੀਰ ਰਾਣਾ**: ਇਹ ਕਹਾਣੀ ਮੈਨੂੰ ਪ੍ਰਤੀਕ ਸਿਰਜਣ ਦੇ ਪੱਖੋਂ ਬਹੁਤ ਵਧੀਆ ਕਹਾਣੀ ਲੱਗੀ ਹੈ। ਆਤਮ ਰੰਧਾਵਾ ਨੇ ਬਿਲਕੁਲ ਸਹੀ ਲਫਜ ਵਰਤਿਆ ਹੈ 'ਸਰਾਪਿਆ ਵਰਦਾਨ'। ਕੁਝ ਦਹਾਕੇ ਪਹਿਲਾਂ ਜਦੋਂ ਪੰਜਾਬ ਸਰਾਪਿਆ ਗਿਆ ਸੀ, ਤਾਂ ਉਦੋਂ ਕਿਹਾ ਜਾਂਦਾ ਸੀ ਕੇ ਕਿਸੇ ਕਿਸੇ ਪਿੰਡ ਵਿੱਚ ਕਈ ਕਈ ਸਾਲਾਂ ਤੱਕ ਕੋਈ ਬਾਰਾਤ ਨਹੀਂ ਸੀ ਚੜ੍ਹਦੀ, ਕਿਉਂਕਿ ਨੌਜਵਾਨ ਵੱਡੀ ਪੱਧਰ 'ਤੇ ਖਤਮ ਹੋ ਗਏ ਸਨ। ਉਹੋ ਜਿਹਾ ਵਰਤਾਰਾ ਹੁਣ ਫੇਰ ਵਾਪਰ ਰਿਹਾ ਹੈ। ਇਸ ਕਹਾਣੀ ਦਾ ਵਿਸ਼ਾ ਚਿੰਤਨ ਦਾ ਵੀ ਹੈ ਤੇ ਚਿੰਤਾ ਦਾ ਵੀ। ਗੱਡੀ ਚਲਾਉਣ ਵਾਲੇ ਫੌਜੀ ਦਾ ਪ੍ਰਤੀਕ ਬਹੁਤ ਖੂਬਸੂਰਤ ਹੈ। ਬਜੁਰਗ ਦੇ ਘਰ ਦੀ ਗੱਡੀ ਚਲਾਉਣ ਵਾਲਾ ਆਪਣਾ ਮੁੰਡਾ ਬਾਹਰ ਚਲਾ ਗਿਆ ਹੈ, ਤੇ ਇਕ ਫੌਜੀ ਹੁਣ ਉਸ ਦੀ ਗੱਡੀ ਚਲਾ ਕੇ ਉਸ ਨੂੰ ਓਥੇ ਪੁਚਾਵੇਗਾ, ਜਿਥੇ ਉਸ ਨੂੰ ਆਪਣਾ ਭਵਿੱਖ ਨਜਰੀਂ ਪਵੇਗਾ। ਉਹ ਫੌਜੀ ਵੀ ਨਕਲੀ ਨਿਕਲਦਾ ਹੈ, ਉਸ ਨਕਲੀ ਫੌਜੀ ਦੇ ਸਹਾਰੇ ਉਹਦੀ ਗੱਡੀ ਕਿੰਨੀ ਕੁ ਦੂਰ ਤਕ ਚੱਲੇਗੀ। ਇਸ ਉੱਤੇ ਵੀ ਸਵਾਲੀਆ ਨਿਸ਼ਾਨ ਲਗਦਾ ਹੈ। ਪੌੜੀਆਂ ਦਾ ਪ੍ਰਤੀਕ ਵੀ ਬਿੰਦਰ ਬਸਰਾ ਨੇ ਬਹੁਤ ਸੋਹਣੀ ਤਰਾਂ ਵਰਤਿਆ ਹੈ। ਪਹਿਲਾਂ ਉਹ ਉਪਰ ਵੱਲ ਪੌੜੀਆਂ ਚੜ੍ਹਦਾ ਹੈ, ਜਿਥੇ ਉਸ ਨੂੰ ਆਪਣਾ ਭਵਿੱਖ ਉਡੀਕ ਰਿਹਾ ਹੈ। ਅਤੇ ਫੇਰ ਉਹ ਪੌੜੀਆਂ ਹੇਠਾਂ ਵੱਲ ਉਤਰਦਾ ਹੈ ਜਿਹੜੀਆਂ ਸ਼ਾਇਦ ਉਸਨੂੰ ਮੌਤ ਵੱਲ ਦਾ ਰਾਹ ਵਿਖਾ ਰਹੀਆਂ ਹਨ। ਕਹਾਣੀ ਵਿਚ ਉਪਰਲੀ ਮੰਜ਼ਿਲ ਦਾ ਪ੍ਰਤੀਕ ਵੀ ਇਕ ਪਾਸਿਉਂ ਤਾਂ ਇਹ ਦਰਸਾਉਂਦਾ ਹੈ ਕੇ ਅਸੀਂ ਆਰਥਕ ਤੌਰ 'ਤੇ ਹੇਠਾਂ ਵਾਲੀ ਮੰਜ਼ਲ ਤੋਂ ਉੱਠ ਕੇ ਉਪਰਲੀ ਮੰਜ਼ਲ ਉੱਤੇ ਪਹੁੰਚ ਗਏ ਹਾਂ। ਇਸਦੇ ਨਾਲ ਹੀ ਹੁਣ ਉਪਰਲੀ ਮੰਜ਼ਲ ਵਾਲਿਆਂ ਦਾ ਰਿਸ਼ਤਾ ਸਿਰਫ ਹੋਰਨਾਂ ਉਪਰਲੀ ਮੰਜ਼ਿਲ ਵਾਲਿਆਂ ਨਾਲ ਹੀ ਰਹਿ ਗਿਆ ਹੈ, ਤੇ ਉਨ੍ਹਾਂ ਦੀ ਦੁਨੀਆਂ ਸੀਮਤ ਹੋ ਗਈ ਹੈ। ਉੱਪਰਲੀ ਮੰਜ਼ਿਲ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਹੁਣ ਉਨ੍ਹਾਂ ਨੇ ਉਥੋਂ ਹੋਰ ਉਪਰ ਹੀ ਜਾਣਾ ਹੈ, ਰੱਬ ਨੂੰ ਪਿਆਰੇ ਹੋਣ ਵੱਲ। ਇਸ ਗੋਸ਼ਟੀ ਵਿਚ ਸ਼ਾਮਲ ਹੋਈਆਂ ਕਹਾਣੀਆਂ ਵਿੱਚ ਇੱਕ ਸਾਂਝਾ ਸੂਤਰ ਮੈਨੂੰ ਇਹ ਜਾਪਿਆ ਕਿ ਸਾਰੀਆਂ ਕਹਾਣੀਆਂ ਵਿੱਚ ਹੀ ਬੱਚੇ ਪਾਤਰਾਂ ਵਜੋਂ ਸ਼ਾਮਲ ਹਨ। ਦੂਜਾ ਸਾਂਝਾ ਸੂਤਰ ਇਕੱਲਤਾ ਵਾਲਾ ਵੀ ਲੱਭਦਾ ਹੈ। ਇਹਨਾਂ ਕਹਾਣੀਆਂ ਦੇ ਮਸਲਿਆਂ ਬਾਰੇ ਅੱਗੇ ਜਾ ਕੇ ਕਿਹੋ ਜਿਹਾ ਚਿੰਤਨ ਨਿਕਲ ਕੇ ਆਉਂਦਾ ਹੈ, ਇਹ ਵੇਖਣ ਵਾਲੀ ਗੱਲ ਰਹੇਗੀ।

**ਜਨਮੀਤ**: ਇਹ ਕਹਾਣੀ ਪੜ੍ਹ ਕੇ ਮੈਨੂੰ ਨਿੱਜੀ ਤੌਰ 'ਤੇ ਇਹ ਪ੍ਰਭਾਵ ਮਿਲਿਆ ਹੈ ਕਿ ਜਿਵੇਂ ਕਹਾਣੀਕਾਰ ਇਸ ਸਮੱਸਿਆ ਨੂੰ ਕਿਸੇ ਖਾਸ ਖਿੱਤੇ ਜਾਂ ਜਾਤੀ ਨਾਲ ਜੋੜ ਕੇ ਵੇਖਦਾ ਹੈ,

ਭਾਵੇਂ ਕਿ ਤੁਹਾਡੀਆਂ ਟਿੱਪਣੀਆਂ ਵਿਚ ਇਸ ਤਰਾਂ ਦੀ ਗੱਲ ਨਹੀਂ ਆਈ। ਇਹ ਸਮਸਿਆ ਸਿਰਫ ਇਕ ਖਿੱਤੇ ਦੀ ਨਹੀਂ, ਨਾ ਹੀ ਇਕੱਲੇ ਪੰਜਾਬ ਦੀ ਹੈ। ਵਿਡੰਬਨਾ ਤਾਂ ਬਣੀ ਹੋਈ ਹੈ। ਇਕ ਪਾਸਿਓਂ ਤਾਂ ਗੁਰਦੁਆਰੇ ਵਿਚ ਜਾ ਕੇ ਬਜ਼ੁਰਗ ਅਰਦਾਸ ਕਰਵਾਂਦੇ ਹਨ ਕਿ ਉਨ੍ਹਾਂ ਦੇ ਬੱਚੇ ਵਿਦੇਸ਼ ਵਿਚ ਪੱਕੇ ਤੌਰ 'ਤੇ ਸੈਟਲ ਹੋ ਜਾਣ, ਅਤੇ ਦੂਜੇ ਪਾਸਿਉਂ ਉਨ੍ਹਾਂ ਦੀ ਦੇਖ ਭਾਲ ਕਰਨ ਵਾਲਾ ਕੋਈ ਨਹੀਂ।

ਬਲਜੀਤ ਕੌਰ: ਇਹ ਕਹਾਣੀ ਗਲਪ ਅਨੁਭਵ ਅਤੇ ਦ੍ਰਿਸ਼ਟੀਕੋਣ ਦੇ ਪੱਖ ਤੋਂ ਨਿਵੇਕਲੀ ਕਹਾਣੀ ਹੈ। ਵਿਸ਼ੇ ਅਤੇ ਕਹਾਣੀ ਦੇ ਸੰਗਠਨ ਨੂੰ ਵੀ ਬੜੀ ਸ਼ਿੱਦਤ ਨਾਲ ਨਿਭਾਇਆ ਗਿਆ ਹੈ। ਪਰਵਾਸ ਭਾਵੇਂ ਸਾਡੇ ਫੋਕਲੋਰ ਵਿਚ ਵੀ ਮਿਲਦਾ ਹੈ, "ਬਾਰੀਂ ਬਰਸੀਂ ਖੱਟਣ ਗਿਆ ਸੀ", ਪਰੰਤੂ ਹੁਣ ਇਸਨੇ ਇਕ ਵਿਕਰਾਲ ਰੂਪ ਧਾਰਨ ਕਰ ਲਿਆ ਹੈ। ਹਰ ਬੰਦਾ ਬਿਸਤਰਾ ਬੰਨ੍ਹੀ ਬੈਠਾ, ਆਪਣੀ ਧਰਤੀ ਉਸਨੂੰ ਚੰਗੀ ਹੀ ਨਹੀਂ ਲਗਦੀ। ਕਹਾਣੀਕਾਰ ਕਹਿੰਦਾ ਹੈ ਕਿ ਇਹ ਕੋਈ ਹੋਰ ਨਹੀਂ, ਇਹ ਮੈਂ ਹੀ ਹਾਂ। ਇਸ 'ਮੈਂ' ਵਿਚ ਅਸੀਂ ਸਾਰੇ ਹੀ ਸ਼ਾਮਲ ਹਾਂ। ਸਾਡੇ ਜੀਣ ਦੇ ਪੈਟਰਨ ਟੁੱਟ ਰਹੇ ਨੇ, ਇਕ ਦੁਖਾਂਤਕ ਸਥਿਤੀ ਬਣਦੀ ਜਾ ਰਹੀ ਹੈ। ਸਰਲ ਹੋਣ ਦੇ ਬਾਵਜੂਦ ਇਹ ਕਹਾਣੀ ਸਾਨੂੰ ਸੋਚਣ 'ਤੇ ਮਜਬੂਰ ਕਰਦੀ ਹੈ ਕਿ ਅਸੀਂ ਕਿਥੇ ਅਸਫਲ ਰਹੇ ਹਾਂ! ਕੁੱਲ ਮਿਲਾ ਕੇ ਇਹ ਸਫਲ ਕਹਾਣੀ ਹੈ, ਇਸ ਕਹਾਣੀ ਨੇ ਮੈਨੂੰ ਭਾਵੁਕ ਵੀ ਕੀਤਾ ਹੈ, ਅਤੇ ਚਿੰਤਨ ਲਈ ਵੀ ਉਕਸਾਇਆ ਹੈ।

***

*ਤੈਮਾਸਿਕ 'ਪਵਚਨ' ਪਿਛਲੇ 21 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**Rajnish Bahadur Singh**
Ac. no. 30568250112 IFSC SBIN0008301
STATE BANK OF INDIA,
Harbans Nagar Branch Jalandhar



## ਗੋਸ਼ਟੀ ਦੀਆਂ ਸਥਾਪਨਾਵਾਂ

ਅਦਾਰਾ ਪ੍ਰਵਚਨ ਦੀ ਅਠਾਰਵੀਂ ਤਿੰਨ ਦਿਨਾ ਕਹਾਣੀ ਗੋਸ਼ਟੀ ਪ੍ਰਿੰਸੀਪਲ ਮਹਿਲ ਸਿੰਘ ਦੀ ਅਗਵਾਈ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਈ। ਇਸ ਵਿਚ ਪੰਦਰਾਂ ਕਹਾਣੀਕਾਰਾਂ ਅਤੇ ਕਹਾਣੀ ਆਲੋਚਕਾਂ ਨੇ ਭਾਗ ਲਿਆ। ਇਸ ਤਿੰਨ ਦਿਨ ਚੱਲੀ ਚਰਚਾ ਵਿਚੋਂ ਕੁਝ ਸਿੱਟੇ ਸਥਾਪਨਾਵਾਂ ਦੇ ਰੂਪ ਵਿਚ ਸਾਹਮਣੇ ਆਏ।

- ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਥਾਂ ਕਹਾਣੀ ਉੱਤੇ ਗੱਲ ਤੁਰਨੀ ਚਾਹੀਦੀ ਹੈ। ਇਸ ਨਾਲ ਸਿੱਟੇ ਵੱਧ ਸਾਰਥਿਕ ਨਿਕਲਣਗੇ।
- ਵੀਹਵੀਂ ਸਦੀ ਦੇ ਆਖਰੀ ਦਹਾਕੇ ਤੋਂ ਲੈ ਹੁਣ ਤੱਕ ਚੌਥੀ ਪੀੜ੍ਹੀ ਦੀ ਕਹਾਣੀ ਨਿਰੰਤਰ ਗਤੀਸ਼ੀਲ ਰਹੀ ਹੈ।
- ਇਹ ਪੀੜ੍ਹੀ ਸਿਰਜਣਕਾਰੀ ਦੇ ਉਸ ਖੇਤਰ ਵਿਚ ਪ੍ਰਵੇਸ਼ ਕਰ ਗਈ, ਜਿਹੜੇ ਖੇਤਰ ਪੰਜਾਬੀ ਕਹਾਣੀ ਨੇ ਵਰਜਿਤ ਖੇਤਰ ਐਲਾਨੇ ਹੋਏ ਸਨ।
- ਇਹ ਕਹਾਣੀ ਵਸਤੂ ਅਤੇ ਰੂਪ ਦੇ ਦਵੰਦਾਤਮਕ ਵਰਤਾਰੇ ਕਰਕੇ ਬਿਤਰਾਂਤ-ਵਿਧੀ ਅਤੇ ਬਿਤਰਾਂਤਕ ਪੈਟਰਨ ਵਿਚ ਤਬਦੀਲੀਆਂ ਕਰਦੀ ਰਹੀ।
- ਇਹ ਕਹਾਣੀ ਵਸਤੂ-ਯਥਾਰਥ ਤੋਂ ਲੈ ਕੇ ਵਰਤਾਰੇ ਦੇ ਸੂਖ਼ਮ ਤੱਤਾਂ ਦੀ ਬਾਤ ਪਾਉਂਦੀ ਹੈ।
- ਕਹਾਣੀ ਦੀ ਵਿਧਾ ਨੂੰ ਵੀ ਇਸ ਨੇ ਮੁੜ ਪਰਭਾਸ਼ਿਤ ਕੀਤਾ ਹੈ।
- ਚੌਥੀ ਪੀੜ੍ਹੀ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਆਪਣਾ ਵੱਖਰਾ ਪੰਜਾਬੀ ਸੁਹਜ-ਸ਼ਾਸਤਰ ਉਲੀਕਣ ਵੱਲ ਤੁਰੀ ਹੈ।
- ਚੌਥੀ ਪੀੜ੍ਹੀ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਦਾ ਖੇਤਰ ਵਿਸ਼ਾਲ ਹੋਇਆ ਹੈ।
- ਚੌਥੀ ਪੀੜ੍ਹੀ ਦੀ ਪੰਜਾਬ ਕਹਾਣੀ ਨੇ ਆਪਣੇ ਆਪ ਨੂੰ ਏਸ਼ਿਆਈ ਕਹਾਣੀ ਦੀ ਪਰੰਪਰਾ ਨਾਲ ਜੋੜਿਆ ਹੈ।
- ਚੌਥੀ ਪੀੜ੍ਹੀ ਨੇ ਪੰਜਾਬੀ ਕਹਾਣੀ ਨੂੰ ਸਮਕਾਲੀ ਸਮਾਜ ਦਾ ਦਸਤਾਵੇਜ਼ੀ ਆਧਾਰ ਤਿਆਰ ਕੀਤਾ ਹੈ।
- ਚੌਥੀ ਪੀੜ੍ਹੀ ਨੇ ਵਿਚਾਰਧਾਰਕ ਤੌਰ 'ਤੇ ਪੂਰਵ-ਨਿਸ਼ਚਤ ਧਾਰਨਾਵਾਂ ਤੋਂ ਮੁਕਤ ਕੀਤਾ ਹੈ।

**-ਸੰਪਾਦਕ**

# ਸਮਕਾਲੀ ਸਾਹਿਤ ਨੂੰ ਵਾਚਦਿਆਂ

*-ਕੁਲਵੰਤ ਸਿੰਘ ਸੰਧੂ*

ਸਮਕਾਲੀ ਪੰਜਾਬੀ ਸਾਹਿਤ ਵਿਚ ਵਿਭਿੰਨ ਸਾਹਿਤਕ ਵਿਧਾਵਾਂ ਦੇ ਮਾਧਿਅਮ ਰਾਹੀਂ ਸਮਾਜਕ ਯਥਾਰਥ ਦੇ ਵਿਭਿੰਨ ਪੱਖਾਂ ਨੂੰ ਚਿਤਰਿਆ ਜਾ ਰਿਹਾ ਹੈ। ਹਰ ਲੇਖਕ ਆਪਣੀ ਕਲਾਤਮਿਕ ਸਮਰਥਾ ਨਾਲ ਸਮਾਜ ਵਿਚਲੇ ਵਿਭਿੰਨ ਮਸਲਿਆਂ ਨੂੰ ਚ੍ਰਿਤਣ ਦਾ ਯਤਨ ਕਰਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਦਿਆਂ ਜਿੱਥੇ ਸਮਾਜਕ ਮਸਲਿਆਂ ਦੇ ਵੱਖ-ਵੱਖ ਪੱਖ ਉਜਾਗਰ ਹੁੰਦੇ ਹਨ, ਉੱਥੇ ਲੇਖਕਾਂ ਦੀ ਕਲਾਤਮਕ ਸਮਰਥਾ ਤੇ ਸੀਮਾਵਾਂ ਵੀ ਦ੍ਰਿਸ਼ਟੀਗੋਚਰ ਹੋ ਜਾਂਦੀਆਂ ਹਨ। ਇਹੀ ਸਮਕਾਲੀ ਸਾਹਿਤ ਦੀ ਖ਼ੂਬਸੂਰਤੀ ਹੈ ਕਿ ਇਹ ਆਪਣੀਆਂ ਸੀਮਾਵਾਂ/ਸਮਰਥਾਵਾਂ ਦੇ ਬਾਵਜੂਦ ਭਰਭੂਰ ਮਾਤਰਾ ਵਿਚ ਰਚਿਆ ਜਾ ਰਿਹਾ ਹੈ।

ਇਸ ਵਾਰ ਦੇ 'ਸਮਕਾਲੀ ਸਾਹਿਤ ਨੂੰ ਵਾਚਦਿਆਂ' ਕਾਲਮ ਵਿਚ ਵੱਖ-ਵੱਖ ਵਿਧਾਵਾਂ ਦੀਆਂ ਹੇਠ ਲਿਖੀਆਂ ਪੁਸਤਕਾਂ ਸ਼ਾਮਲ ਹਨ:-

1. ਰਾਮ ਸਿੰਘ, ਸਭ ਕਾਸੇ ਆਲੇ (ਨਾਵਲ) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021
2. ਬਲਬੀਰ ਪਰਵਾਨਾ, ਸਿਆੜ ਦੀ ਕਰਵਟ (ਨਾਵਲ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2021
3. ਡਾ. ਕਰਨੈਲ ਸ਼ੇਰਗਿੱਲ, ਹੁਣ ਮੈਂ ਅਜਨਬੀ ਨਹੀਂ (ਕਵਿਤਾ), ਅੱਖਰ ਪਬਲੀਕੇਸ਼ਨਜ਼, ਅੰਮ੍ਰਿਤਸਰ, 2019
4. ਵੀਰ ਕੌਰ, ਪੰਜਾਬੀ ਗਲਪਕਾਰ: ਸੰਵਾਦ ਤੇ ਸਮੀਖਿਆ (ਆਲੋਚਨਾ) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2021
5. ਧਰਵਿੰਦਰ ਸਿੰਘ ਔਲਖ, ਸਿਰਜਕਾਂ ਸੰਗ ਸੰਵਾਦ (ਮੁਲਾਕਾਤਾਂ) ਸਾਹਿਬਦੀਪ ਪਬਲੀਕੇਸ਼ਨਜ਼, ਪਟਿਆਲਾ, 2021

ਰਾਮ ਸਿੰਘ ਨੇ ਹੁਣ ਤਕ ਕਵਿਤਾ ਤੇ ਵਾਰਤਕ ਲਿਖੀ ਹੈ। ਉਸਦੀ ਵਾਰਤਕ ਨੇ ਪੰਜਾਬੀ ਪਾਠਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉਸਦੀ ਵਾਰਤਕ ਉਸਦੇ ਜੀਵਨ ਸੰਘਰਸ਼ ਦੀ ਕਹਾਣੀ ਨੂੰ ਬਿਆਨ ਕਰਦੀ ਹੈ। 'ਸਭ ਕਾਸੇ ਆਲੇ' ਉਸਦਾ ਪਹਿਲਾ ਨਾਵਲ ਹੈ। ਇਹ ਨਾਵਲ ਦੇ ਕੇਂਦਰੀ ਪਾਤਰ ਖ਼ੁਸ਼ਵੀਰ ਦਾ ਜੀਵਨੀ ਮੂਲਕ ਬਿਰਤਾਂਤ ਹੈ। ਜੀਵਨੀ-ਮੂਲਕ ਬਿਰਤਾਂਤ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ ਵਿਚ ਪੇਸ਼ ਯਥਾਰਥ ਪ੍ਰਮਾਣਿਕ ਹੁੰਦਾ ਹੈ। ਪਰ ਇਹ ਪ੍ਰਮਾਣਿਕਤਾ ਇਸਦੀ ਸੀਮਾ ਵੀ ਬਣ ਜਾਂਦੀ ਹੈ, ਜੇਕਰ ਇਹ ਸਿਰਫ ਜੀਵਨੀ-ਮੂਲਕ ਵੇਰਵਿਆਂ ਤੱਕ ਹੀ ਸੀਮਤ ਰਹਿੰਦਾ ਹੈ ਤੇ ਇਸ ਤੋਂ ਬਾਹਰ ਵੱਲ ਨਹੀਂ ਫੈਲਦਾ। ਨਾਵਲ ਦਾ ਕੇਂਦਰੀ ਪਾਤਰ ਦਲਿਤ ਭਾਈਚਾਰੇ ਨਾਲ ਸੰਬੰਧਿਤ ਹੈ। ਜਿਸਨੂੰ ਇਕ ਪਾਸੇ ਆਪਣੇ ਰੁਜ਼ਗਾਰ ਲਈ ਸੰਘਰਸ਼ ਕਰਨਾ ਪੈਂਦਾ ਹੈ ਤੇ ਦੂਸਰੇ ਪਾਸੇ ਸਮਾਜਕ ਕਦਰਾਂ-ਕੀਮਤਾਂ ਨਾਲ ਵੀ। ਖ਼ੁਸ਼ਵੀਰ, ਦਲਿਤ ਹੁੰਦਿਆ ਹੋਇਆ ਜੱਟ ਪਰਿਵਾਰ ਦੀ ਲੜਕੀ ਨਾਲ ਪਿਆਰ ਵਿਆਹ ਕਰਵਾਉਂਦਾ ਹੈ। ਵਿਆਹ ਹੀ ਇਸ ਘਟਨਾ ਰਾਹੀਂ ਪੰਜਾਬ ਦੀ ਸਮਾਜਕ ਤੇ ਜਾਤ-ਪਾਤ ਵਾਲੀ ਬਣਤਰ ਨੂੰ ਕੇਂਦਰ ਵਿਚ ਰੱਖ ਕੇ ਇਕ ਬਹੁਪੱਖੀ ਬਿਰਤਾਂਤ ਉਸਾਰਿਆ ਜਾ ਸਕਦਾ ਸੀ ਪਰ ਨਾਵਲ ਇਸ ਪਾਸੇ ਵੱਲ ਨਹੀਂ ਫੈਲਦਾ। ਸਿਰਫ਼ ਖ਼ੁਸ਼ਵੀਰ ਦੇ ਜੀਵਨੀ-ਮੂਲਕ ਵੇਰਵਿਆਂ ਦੀ ਪੇਸ਼ਕਾਰੀ ਤੱਕ



ਹੀ ਸੀਮਤ ਰਹਿੰਦਾ ਹੈ। ਨਾਵਲ ਦਾ ਕੇਂਦਰੀ ਪਾਤਰ ਐਮ.ਏ. ਪੰਜਾਬੀ ਕਰਕੇ ਪੀ.ਡਬਲਿਊ.ਡੀ. ਮਹਿਕਮੇ ਵਿਚ ਐਸ.ਡੀ.ਓ ਬਣ ਜਾਂਦਾ ਹੈ, ਜੋ ਕਿ ਸਮਝ ਤੋਂ ਪਰ੍ਹੇ ਹੈ। ਇਹ ਨਾਵਲ ਵੀ ਜੀਵਨੀ ਮੂਲਕ ਵੇਰਵਿਆਂ ਤੱਕ ਸੀਮਤ ਰਹਿ ਕੇ ਨਾਵਲ ਬਣਨ ਤੋਂ ਉਰਾਂ ਦੀ ਵਸਤੂ ਬਣਕੇ ਰਹਿ ਜਾਂਦਾ ਹੈ।

ਬਲਬੀਰ ਪਰਵਾਨਾ ਪੰਜਾਬੀ ਦਾ ਬਹੁ-ਵਿਧਾਈ ਲੇਖਕ ਹੈ, ਪਰ ਪਿਛਲੇ ਕੁਝ ਸਮੇਂ ਤੋਂ ਉਹ ਪੰਜਾਬੀ ਨਾਵਲ 'ਤੇ ਹੀ ਕੇਂਦ੍ਰਿਤ ਹੈ। ਉਸ ਦੇ ਨਾਵਲਾਂ ਦੀ ਵਿਸ਼ੇਸ਼ਤਾ ਪੰਜਾਬ ਦੇ ਸਮਕਾਲ ਨੂੰ ਪੇਸ਼ ਕਰਨ ਨਾਲ ਸੰਬੰਧਿਤ ਹੈ। ਆਜ਼ਾਦੀ ਤੋਂ ਲੈ ਕੇ ਹੁਣ ਤੱਕ ਦੇ ਪੰਜਾਬ ਦੇ ਆਰਥਕ, ਸਮਾਜਕ ਤੇ ਰਾਜਨੀਤਿਕ ਜੀਵਨ ਵਿਚ ਜੋ ਤਬਦੀਲੀਆਂ ਵਾਪਰੀਆਂ ਹਨ, ਪਰਵਾਨਾ ਉਹਨਾਂ ਨੂੰ ਆਪਣੇ ਨਾਵਲ ਦਾ ਵਿਸ਼ਾ ਬਣਾਉਂਦਾ ਆ ਰਿਹਾ ਹੈ। ਉਸ ਦਾ ਨਵਾਂ ਨਾਵਲ 'ਸਿਆੜਾਂ ਦੀ ਕਰਵਟ' ਪਿਛਲੇ ਸਮੇਂ ਚੱਲੇ ਕਿਸਾਨੀ ਦੇ ਸੰਘਰਸ਼ ਦੀ ਪੇਸ਼ਕਾਰੀ ਕਰਦਾ ਹੈ। ਕੇਂਦਰ ਸਰਕਾਰ ਦੁਆਰਾ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਲਈ ਬਣਾਏ ਕਾਨੂੰਨਾਂ ਦੇ ਖਿਲਾਫ਼ ਕਿਸਾਨੀ ਦੇ ਸੰਘਰਸ਼ ਦਾ ਅਸਰ ਸਿਰਫ਼ ਪੰਜਾਬ ਜਾਂ ਦੇਸ਼ ਦੀ ਰਾਜਨੀਤੀ ਤੱਕ ਹੀ ਸੀਮਤ ਨਹੀਂ ਸੀ, ਸਗੋਂ ਇਸ ਦੇ ਪ੍ਰਭਾਵ ਇਸ ਤੋਂ ਕਿਤੇ ਵਧੇਰੇ ਵਧੇਰੇ ਹਨ। ਇਸ ਸੰਘਰਸ਼ ਨੇ ਕਾਰਪੋਰੇਟ ਸੈਕਟਰ ਖਿਲਾਫ਼ ਆਮ ਲੋਕਾਂ ਨੂੰ ਸੁਚੇਤ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਇਸ ਨਾਵਲ ਵਿਚ ਸਿਰਫ਼ ਸੰਘਰਸ਼ ਦੀ ਪੇਸ਼ਕਾਰੀ ਹੀ ਨਹੀਂ ਕੀਤੀ ਗਈ, ਸਗੋਂ ਕਾਰਪੋਰੇਟ ਦੇ ਵਿਕਾਸ ਮਾਡਲ, ਜਿਸ ਨੇ ਕੁਦਰਤੀ ਸਧਨਾਂ ਦੀ ਅੰਨ੍ਹੀ ਲੁੱਟ ਕੀਤੀ ਹੈ, ਉਸਦੇ ਪੈਣ ਵਾਲੇ ਪ੍ਰਭਾਵਾਂ ਪ੍ਰਤਿ ਸੁਚੇਤ ਕਰਕੇ ਇਸ ਵਿਕਾਸ ਮਾਡਲ ਨੂੰ ਵੀ ਰੱਦ ਕਰਦਾ ਹੈ। ਇਸ ਤੋਂ ਇਲਾਵਾ ਬੇਰੁਜ਼ਗਾਰੀ, ਨਵੀਂ ਪੀੜ੍ਹੀ ਦੀ ਵਿਦੇਸ਼ ਜਾਣ ਦੀ ਦੌੜ, ਵਿਦਿਆ ਦੇ ਵਪਾਰੀਕਰਣ ਕਾਰਨ ਪੈਦਾ ਹੋ ਰਹੀਆਂ ਦੁਕਾਨ ਨੁਮਾ ਵਿਦਿਅਕ ਸੰਸਥਾਵਾਂ, ਮੀਡੀਆ, ਲੋਕਾਂ ਤੋਂ ਟੁੱਟ ਰਹੀ ਖੱਬੇ ਪੱਖੀ ਰਾਜਨੀਤੀ ਆਦਿ ਸਾਰੇ ਵਰਤਾਰਿਆਂ ਨੂੰ ਵੀ ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ। ਸਮੁੱਚੇ ਰੂਪ ਵਿਚ ਇਹ ਇਕ ਪੜ੍ਹਨਯੋਗ ਰਚਨਾ ਹੈ।

ਕਰਨੈਲ ਸ਼ੇਰਗਿੱਲ ਦੀ ਕਾਵਿ-ਪੁਸਤਕ 'ਹੁਣ ਮੈਂ ਅਜਨਬੀ ਨਹੀਂ' ਪਹਿਲੀ ਕਾਵਿ-ਪੁਸਤਕ ਹੈ। ਪਰ ਇਸ ਪੁਸਤਕ ਵਿਚ ਸ਼ਾਮਲ ਕਵਿਤਾਵਾਂ ਦਾ ਰਚਨਾ ਕਾਲ ਉਸਦੇ ਸਮੁੱਚੇ ਸਿਰਜਣਾਤਮਕ ਜੀਵਨ ਦੇ ਫੈਲਾਅ ਦੇ ਬਰਾਬਰ ਹੀ ਹੈ। ਲੇਖਕ ਮੁਤਾਬਿਕ ਇਸ ਪੁਸਤਕ ਵਿਚ ਉਸਦੀਆਂ ਸਾਰੀ ਉਮਰ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਹਨ। ਇਸ ਕਰਕੇ ਇਹ ਵਿਭਿੰਨ ਰੰਗ ਵਾਲੀਆਂ ਤੇ ਉਮਰ ਦੇ ਵੱਖ-ਵੱਖ ਪੜਾਵਾਂ ਦੇ ਨਕਸ਼ਾ ਨੂੰ ਇਨ੍ਹਾਂ ਵਿਚੋਂ ਪਛਾਣਿਆ ਜਾ ਸਕਦਾ ਹੈ। ਪੁਸਤਕ ਵਿਚਲੀਆਂ ਬਹੁਤ ਸਾਰੀਆਂ ਕਵਿਤਾਵਾਂ ਦਾ ਸੰਬੰਧ ਪਰਵਾਸ ਨਾਲ ਹੈ। ਪਰ ਪਰਵਾਸੀ ਜੀਵਨ ਦੇ ਰਵਾਇਤੀ ਮਸਲਿਆਂ ਨੂੰ ਉਭਾਰਨ ਦੀ ਥਾਂ ਇਸ ਵਿਚ ਇਕ ਦਾਰਸ਼ਨਿਕ ਸੁਰ ਮੌਜੂਦ ਹੈ। ਜੋ ਕਵੀ ਨੂੰ ਇੱਕ ਵੱਖਰੇ ਧਰਾਤਲ ਤੋਂ ਵੇਖਣੀ ਪਰਖਣ ਲਈ ਪ੍ਰੇਰਦੀ ਹੈ। ਇਹ ਸਫ਼ਰ ਸਿਰਫ਼ ਬਾਹਰ ਵੱਲ ਹੀ ਨਹੀਂ, ਅੰਦਰ ਵੱਲ ਵੀ ਹੈ, ਜੋ ਬ੍ਰਹਿਮੰਡ ਨੂੰ ਜਾਨਣ ਦੀ ਉਤਸੁਕਤਾ 'ਤੇ ਟਿਕਿਆ ਹੋਇਆ ਹੈ। ਆਪੇ ਨੂੰ ਜਾਨਣ ਤੇ ਬ੍ਰਹਿਮੰਡ ਨੂੰ ਜਾਨਣ ਦੀ ਸੁਰ ਇਸ ਕਵਿਤਾ ਨੂੰ ਇਕ ਵੱਖਰਾ ਦਾਰਸ਼ਨਿਕ ਰੰਗਣ ਦੇਂਦੀ ਹੈ, ਪਰ ਜਾਨਣ ਦੀ ਹੋੜ ਮਨੁੱਖ ਨੂੰ ਮ੍ਰਿਗ-ਤ੍ਰਿਸ਼ਨਾ ਵਰਗੀ ਭਟਕਣਾ ਵੱਲ ਤੁਰਨ ਲਈ ਪ੍ਰੇਰਦੀ ਹੈ, ਇਹੀ ਮ੍ਰਿਗ-ਤ੍ਰਿਸ਼ਨਾ, ਮਨੁੱਖੀ ਉਦਰੇਵੇਂ ਜਿਸ ਨੂੰ ਲੇਖਕ 'ਨੋਸਟੈਲਜੀਆ' ਰਹਿੰਦਾ ਹੈ। ਮਨੁੱਖ ਦੀ ਹੋਣੀ

ਬਣਦਾ ਨਜ਼ਰ ਆਉਂਦਾ ਹੈ। ਪਰ ਸਫ਼ਰ ਵੀ ਮਨੁੱਖ ਦੀ ਹੋਣੀ ਦਾ ਇਕ ਅਹਿਮ ਬਾਬ ਹੈ। ਜੋ ਪ੍ਰਾਪਤੀਆਂ ਤੱਕ ਵੀ ਲੈ ਜਾਂਦਾ ਹੈ ਤੇ ਕੁਝ ਇਕ ਕਿਤੇ ਵੀ ਨਹੀਂ ਪਹੁੰਚਦੇ, ਸਿਰਫ 'ਗਿੱਲੇ ਰੁਮਾਲ' ਬਣਕੇ ਰਹਿ ਜਾਂਦੇ ਹਨ। ਦਾਰਸ਼ਨਿਕ ਰੰਗਣ ਵਾਲੀ ਇਹ ਕਵਿਤਾ ਪ੍ਰਭਾਵਿਤ ਕਰਦੀ ਹੈ।

ਵੀਰ ਕੌਰ ਦੀ ਪੁਸਤਕ 'ਪੰਜਾਬੀ ਗਲਪਕਾਰ: ਸੰਵਾਦ ਤੇ ਸਮੀਖਿਆ' ਮੁਲਾਕਾਤਾਂ 'ਤੇ ਆਧਾਰਿਤ ਪੁਸਤਕ ਹੈ। ਇਸ ਪੁਸਤਕ ਵਿਚ ਵੀਰ ਕੌਰ ਨੇ 14 ਗਲਪਕਾਰਾਂ ਨਾਲ ਮੁਲਾਕਾਤਾਂ ਦੇ ਮਾਧਿਅਮ ਰਾਹੀਂ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ, ਸਿਰਜਣ-ਪ੍ਰਕ੍ਰਿਆਤੇ ਰਚਨਾ-ਦ੍ਰਿਸ਼ਟੀ ਬਾਰੇ ਜਾਨਣ ਦਾ ਯਤਨ ਕੀਤਾ ਹੈ। ਆਮ ਮੁਲਾਕਾਤਾਂ ਦੇ ਮੁਕਾਬਲੇ ਕਿਸੇ ਲੇਖਕ ਜਾਂ ਕਲਾਕਾਰ ਨਾਲ ਕੀਤੀਆਂ ਮੁਲਾਕਾਤਾਂ ਵਧੇਰੇ ਗੁੰਝਲਦਾਰ, ਬਹੁ-ਪਰਤੀ ਤੇ ਮੁਸ਼ਕਿਲ ਹੁੰਦੀਆਂ ਹਨ, ਕਿਉਂਕਿ ਮੁਲਾਕਾਤ ਕਰਨ ਤੋਂ ਪਹਿਲਾਂ ਲੇਖਕ ਦੀਆਂ ਰਚਨਾਵਾਂ ਨੂੰ ਪੜ੍ਹਨਾ, ਉਨ੍ਹਾਂ ਬਾਰੇ ਸਮਝ ਬਣਾਉਣੀ ਤੇ ਫਿਰ ਰਚਨਾਵਾਂ ਦੇ ਆਧਾਰ ਤੇ ਪ੍ਰਸ਼ਨਾਵਲੀ ਤਿਆਰ ਕਰਨ ਦਾ ਲੰਮਾ ਹੋਮਵਰਕ ਕਰਨਾ ਪੈਂਦਾ ਹੈ। ਇਸ ਕਰਕੇ ਇਹ ਮੁਲਾਕਾਤਾਂ ਇਕ ਆਲੋਚਨਾਤਮਕ ਕਾਰਜ ਵੀ ਹੋ ਨਿਬੜਦੀਆਂ ਹਨ। ਇਸ ਕਰਕੇ ਅਜੇਹੀਆਂ ਮੁਲਾਕਾਤਾਂ ਵਧੇਰੇ ਗੰਭੀਰਤਾ ਦੀ ਮੰਗ ਕਰਦੀਆਂ ਹਨ। ਇਸ ਪੁਸਤਕ ਵਿਚ ਪੰਜਾਬੀ ਦੇ ਪ੍ਰਸਿੱਧ ਗਲਪਕਾਰਾਂ ਨੇ ਨਾਲ-ਨਾਲ ਮੁਕਾਬਲਤਨ ਘੱਟ ਜਾਣੇ-ਪਛਾਣੇ ਲੇਖਕਾਂ ਦੀਆਂ ਮੁਲਾਕਾਤਾਂ ਵੀ ਸ਼ਾਮਲ ਹਨ। ਇਹ ਪੁਸਤਕ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਕਰਨ ਲਈ ਆਧਾਰ ਬਣ ਸਕਦੀ ਹੈ।

ਧਰਵਿੰਦਰ ਸਿੰਘ ਔਲਖ ਦੀ ਪੁਸਤਕ 'ਸਿਰਜਨਾਂ ਸੰਗ ਸੰਵਾਦ' ਕਲਮਕਾਰਾਂ ਅਤੇ ਕਲਾਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਦੀ ਪੁਸਤਕ ਹੈ। ਪੰਜਾਬੀ ਵਿਚ ਅਜੇਹੀਆਂ ਪੁਸਤਕਾਂ ਦੀ ਇਕ ਪਰੰਪਰਾ ਪਹਿਲਾਂ ਹੀ ਮੌਜੂਦ ਹੈ। ਇਸ ਪੁਸਤਕ ਨੂੰ ਲੇਖਕ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਹਿੱਸੇ ਵਿਚ ਉਨ੍ਹਾਂ ਲੇਖਕਾਂ ਦੀਆਂ ਮੁਲਾਕਾਤਾਂ ਹਨ, ਜੋ ਹੁਣ ਸਾਥੋਂ ਵਿਛੜ ਚੁੱਕੇ ਸਨ। ਦੂਸਰੇ ਹਿੱਸੇ ਵਿਚ ਉਹ ਲੇਖਕ ਸ਼ਾਮਲ ਹਨ ਜੋ ਅੱਜ ਵੀ ਆਪੋ-ਆਪਣੇ ਖੇਤਰਾਂ ਵਿਚ ਸਰਗਰਮ ਹਨ ਤੇ ਤੀਸਰੇ ਵਿਚ ਅਨੀਤਾ ਦੇਵਗਨ ਤੇ ਅਰਵਿੰਦਰ ਕੌਰ ਧਾਲੀਵਾਲ ਨਾਲ ਕੀਤੀਆਂ ਮੁਲਾਕਾਤਾ ਹਨ। ਇਹ ਦੋ ਮੁਲਾਕਾਤਾਂ ਇਸ ਕਰਕੇ ਵੀ ਮਹੱਤਵਪੂਰਣ ਹਨ, ਕਿਉਂਕਿ ਇਹ ਦੋਵੇਂ ਆਪੋ-ਆਪਣੇ ਖੇਤਰਾਂ ਦੇ ਨਾਮਵਰ ਕਲਾਕਾਰ ਤੇ ਲੇਖਕ ਵੀ ਹਨ ਤੇ ਇਨ੍ਹਾਂ ਦੇ ਜੀਵਨ ਸਾਥੀ ਵੀ। ਇਸ ਕਰਕੇ ਇਨ੍ਹਾਂ ਜੋੜਿਆਂ ਦੇ ਘਰੇਲੂ ਮਾਹੌਲ ਤੋਂ ਲੈ ਕੇ ਉਨ੍ਹਾਂ ਦੀ ਸਿਰਜਣਾ ਦੇ ਪਾਸਾਰਾਂ ਨੂੰ ਸਮਝਣ ਦਾ ਯਤਨ ਇਨ੍ਹਾਂ ਮੁਲਾਕਾਤਾਂ ਦੀ ਪ੍ਰਾਪਤੀ ਹੈ। ਮੁਲਾਕਾਤਾਂ ਅਸਲ ਵਿਚ ਕਿਸੇ ਵੀ ਲੇਖਕ ਜਾਂ ਕਲਾਕਾਰ ਨੂੰ ਉਸਦੀ ਸਿਰਜਣਾ ਦੇ ਮਾਧਿਅਮ ਰਾਹੀਂ ਵੀ ਤੇ ਬਾਹਰੋਂ ਵੀ ਸਮਝਣ ਦੀ ਵਿਧਾ ਹੈ, ਜੋ ਉਸਦੀ ਸਿਰਜਣਾ ਦੇ ਗੁੱਝੇ ਪਾਸਾਰਾਂ ਨੂੰ ਸਮਝਣ ਵਿਚ ਸਹਾਈ ਹੁੰਦੀਆਂ ਹਨ ਅਤੇ ਨਾਲ ਹੀ ਪਾਠਕਾਂ ਲਈ ਵੀ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹਨ ਲਈ ਪ੍ਰੇਰਣਾ ਬਣਦੀਆਂ ਹਨ। ਇਸ ਲਿਹਾਜ਼ ਨਾਲ ਹਥਲੀ ਪੁਸਤਕ ਇਕ ਸਾਰਥਿਕ ਯਤਨ ਹੈ, ਕਿਉਂਕਿ ਪਾਠਕ ਰਚਨਾ ਦੇ ਨਾਲ-ਨਾਲ ਰਚਨਾਕਾਰ ਬਾਰੇ ਜਾਨਣ ਲਈ ਵੀ ਹਮੇਸ਼ਾ ਉਤਸੁਕ ਹੁੰਦਾ ਹੈ ਤੇ ਇਸ ਪੁਸਤਕ ਦੀ ਇਹੀ ਸਾਰਥਿਕਤਾ ਤੇ ਪ੍ਰਸੰਗਿਕਤਾ ਹੈ।

***



# ਪਾਠਕ ਪ੍ਰਤੀਕਿਰਿਆ

ਸੰਪਾਦਕ ਸਾਹਿਬ

ਪ੍ਰਵਚਨ ਦਾ ਅੰਕ ਨੰਬਰ 85 ਕਈ ਗੱਲਾਂ ਕਰਕੇ ਮਹੱਤਵਪੂਰਨ ਹੈ। ਇਸ ਵਿਚ ਖੋਜ ਵਿਦਿਆਰਥੀਆਂ ਲਈ ਬਹੁਤ ਕੁਝ ਹੈ। ਸੰਪਾਦਕੀ ਵਿਚ ਭਾਰਤੀ ਨਾਰੀਬਿੰਬ ਬਾਰੇ ਉਹ ਨੁਕਤੇ ਹਨ ਜਿਨ੍ਹਾਂ ਬਾਰੇ ਪੰਜਾਬੀ ਆਲੋਚਨਾਂ ਵਿਚ ਕਦੇ ਗੱਲ ਹੀ ਨਹੀਂ ਹੋਈ। ਭਾਰਤੀ ਨਾਰੀ ਦਾ ਬਿੰਬ ਮਿਥਿਹਾਸ, ਮਹਾਂ-ਕਾਵਿ ਅਤੇ ਲੋਕ ਪਰੰਪਰਾ ਵਿਚ ਕਿਵੇਂ ਵਿਕਸਤ ਹੋਇਆ ਹੈ ਇਹ ਸੰਪਾਦਕੀ ਪੜ੍ਹ ਕੇ ਪਤਾ ਲੱਗਿਆ ਹੈ। ਪੰਜਾਬ ਵਿਚ ਬਹੁਤਾ ਕੰਮ ਕੱਟ ਕਾਪੀ ਪੇਸਟ ਹੋਇਆ ਹੈ। ਦੂਜਾ ਪ੍ਰੇਮ ਪ੍ਰਕਾਸ਼ ਵਾਲਾ ਲੇਖ ਖੋਜ ਭਰਪੂਰ ਹੈ। ਇਸ ਵਿਚ ਪ੍ਰੇਮ ਪ੍ਰਕਾਸ਼ ਉਤੇ ਹੋਏ ਪ੍ਰੇਮ ਦੇ ਮੁਲੰਕਣ ਤੋਂ ਲੈ ਕੇ ਸਵੈ ਪ੍ਰਸੰਗ ਵਿਚ ਉਸ ਦਾ ਮੁਲੰਕਣ ਹੈ। ਸੁਕੀਰਤ ਦੀ ਅਨੁਵਾਦ ਕੀਤੀ ਸੰਥਾਲ ਕਹਾਣੀ 'ਆਦਿ-ਵਾਸੀ ਨਹੀਂ ਨੱਚੇਗਾ' ਕਮਾਲ ਹੈ। ਵਿਦਰੋਹ ਦੀਆਂ ਕਈ ਪਰਤਾਂ ਸਹਿਜ ਰੂਪ ਵਿਚ ਉਭਰਦੀਆਂ ਹਨ। ਸਰੂਪ ਸਿਆਲਵੀ ਦੀ ਫਾਰਮੂਲਾ ਕਹਾਣੀ ਹੈ ਉਹ ਦੇਰ ਤੋਂ ਇਹੀ ਲਿਖ ਰਿਹਾ ਹੈ। ਵਰਿੰਦਰ ਪਰਿਹਾਰ ਦੀ ਕਵਿਤਾ ਧਿਆਨ ਖਿੱਚਦੀ ਹੈ।


**ਉਦੈਬੀਰ ਸਿੰਘ**
**ਫਤਿਆਬਾਦ**

**ਡਾ. ਸਾਹਿਬ।** ਪਰਚਾ ਲਗਾਤਾਰ ਮਿਲ ਰਿਹਾ ਹੈ। ਤੁਹਾਡੀ ਮਿਹਨਤ ਨੂੰ ਸਲਾਮ। ਪੰਜਾਬੀ 'ਚੋਂ ਨਿਰੰਤਰ ਪਰਚਾ ਕੱਢਣਾ ਔਖਾ ਕੰਮ ਹੈ। ਕਹਾਣੀਆਂ ਚੰਗੀਆਂ ਹਨ। ਲੱਗਿਆ ਰਹਿ ਮਿੱਤਰ।

**ਬਲਦੇਵ ਸਿੰਘ**
**ਸਨੌਰੀ ਅੱਡਾ,**
**ਪਟਿਆਲਾ**

ਪ੍ਰਵਚਨ ਅੰਕ 85 ਦਾ ਸਾਰਾ ਮੈਟਰ ਕਮਾਲ ਹੈ। ਸੰਪਾਦਕੀ ਦਾ ਇਕ ਇਕ ਅੱਖਰ ਪੜ੍ਹਨ ਤੇ ਵਿਚਾਰਣਯੋਗ ਹੁੰਦਾ ਹੈ। ਇਸ ਕਰਕੇ ਪ੍ਰਵਚਨ ਦੀ ਉਡੀਕ ਰਹਿੰਦੀ ਹੈ। ਸੁਕੀਰਤ ਦੀ ਅਨੁਵਾਦ ਕੀਤੀ ਕਹਾਣੀ ਵਰਗੀ ਕਹਾਣੀ ਪੰਜਾਬੀ ਵਿਚ ਪੜ੍ਹਨ ਨੂੰ ਨਹੀਂ ਮਿਲਦੀ। ਪੰਜਾਬੀ ਦੇ ਨਵੇਂ ਕਹਾਣੀਕਾਰ ਕਹਾਣੀ ਛਪਦੇ ਹੀ ਫੇਸ-ਬੁੱਕ ਤੇ। ਮਾੜੇ ਕਹਾਣੀਕਾਰ ਮਾੜੀਆਂ ਕਹਾਣੀਆਂ ਲਿਖ ਕੇ ਧੱਕੇ ਨਾਲ ਪੜ੍ਹਾਉਂਦੇ ਹਨ। ਆਪਣੇ ਗਰੁੱਪਾਂ ਤੋਂ ਟਿਪਣੀਆਂ ਕਰਾਉਂਦੇ ਹਨ। ਮਾੜੇ ਟਿਪਣੀਕਾਰ ਬੋਹੇ, ਡਿੰਪਲ ਸਿਤਰੇ ਲਿਖਦੇ ਹਨ। ਪੰਜਾਬੀ ਕਹਾਣੀ ਨੂੰ ਇਹ ਲੋਕ ਕਦੋ ਬਖਸ਼ਣਗੇ। ਕਵਿਤਾ ਵਾਲਾ ਭਾਗ ਠੀਕ ਹੈ। ਰੀਵੀਊ ਦਾ ਨਵਾਂ ਢੰਗ ਵਧੀਆ ਹੈ।

**ਮਨਜੀਤ ਕੌਰ**
**ਮਾਡਲ ਟਾਊਨ, ਲੁਧਿਆਣਾ**




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**
**ਪੰਨੇ,** 208 **ਕੀਮਤ:** 325 **ਰੁਪਏ**



